# Easy Travel Inc.

7191 Camelot Drive, Canton, MI 48187
Fax: 866-908-6663
www.easytravelinc.net info@easytravelinc.net

ਸਸਤੀਆਂ ਹਵਾਈ ਟਿਕਟਾਂ

*Please call us for the lowest fare from your city to india*

Tel:734-451-9526, Toll Free 866-51-INDIA








ਸੁਪਰ ਸਟਾਰ ਧਰਮ ਭਾ ਜੀ ਅਤੇ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ ਅਮਨਟੈਲ

AMANTEL.COM

$100 ’ਚ 120 ਘੰਟੇ (7200 ਮਿੰਟ)
Talk One Minute, Pay For One Minute

ਘਰ, ਸਟੋਰ, ਗੈਸ ਸਟੇਸ਼ਨ, ਟਰੱਕ ਕੰਪਨੀ ਅਤੇ ਕੈਬਾਂ ਵਾਲੇ ਵੀਰ ਟੌਲ ਫਰੀ ਨੰਬਰ ‘ਤੇ ਕਾਲ ਕਰੋ

1-800-717-1510, 732-982-4332/4333

ਯੂ ਐਸ ਏ, ਕੈਨੇਡਾ ਤੇ ਯੂ ਕੇ ‘ਚ 1.8 ਸੈਂਟ ਪ੍ਰਤੀ ਮਿੰਟ ਕਾਲ ਕਰੋ



Eleventh Year in Publication   *ਨਿਊ ਯਾਰਕ ਐਡੀਸ਼ਨ*   Price 50¢

Email:punjabtimes1@sbcglobal.net
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 28, July 10, 2010   20451 N Plum Grove Rd. Palatine, IL 60074   Ph:847-359-0746, Fax:847-705-9388


# 5 ਜੁਲਾਈ ਦੇ ਬੰਦ ਦੇ ਸੱਦੇ ਨੂੰ ਬੇਮਿਸਾਲ ਹੁੰਗਾਰਾ

## ਕੇਂਦਰ ਸਰਕਾਰ ਵਿਚ ਘਬਰਾਹਟ

**ਪੰਜਾਬ ਟਾਈਮਜ਼ ਬਿਊਰੋ**

**ਨਵੀਂ ਦਿੱਲੀ:** ਪੈਟਰੋਲੀਅਮ ਪਦਾਰਥਾਂ ਅਤੇ ਹੋਰ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਿਚ ਵਾਧੇ ਵਿਰੁਧ ਵਿਰੋਧੀ ਧਿਰ ਵਲੋਂ ਦਿੱਤੇ ਗਏ ਭਾਰਤ ਬੰਦ ਦੇ ਸੱਦੇ ਦੌਰਾਨ ਰਾਸ਼ਟਰੀ ਜਮਹੂਰੀ ਗਠਜੋੜ (ਰਾਜਗ) ਅਤੇ ਖੱਬੇ-ਪੱਖੀ ਸ਼ਾਸਤ ਸੂਬਿਆਂ ਵਿਚ ਖਾਸ ਕਰਕੇ ਅਤੇ ਦੇਸ਼ ਦੇ ਬਾਕੀ ਹਿੱਸਿਆਂ ਵਿਚ ਆਮ ਕਰਕੇ, ਜ਼ਿੰਦਗੀ ਚੋਖੀ ਪ੍ਰਭਾਵਿਤ ਹੋਈ। ਸੂਤਰਾਂ ਅਨੁਸਾਰ ਬੰਦ ਦੀ ਆਪਮੁਹਾਰੀ ਸਫਲਤਾ ਨੂੰ ਵੇਖਦਿਆਂ ਕੇਂਦਰ ਸਰਕਾਰ ਦੇ ਹਲਕਿਆਂ ਵਿਚ ਘਬਰਾਹਟ ਵਾਲਾ ਮਾਹੌਲ ਬਣ ਗਿਆ ਹੈ।

ਤਕਰੀਬਨ ਸਮੁੱਚੀ ਵਿਰੋਧੀ ਧਿਰ ਵਲੋਂ ਦਿੱਤੇ ਗਏ 5 ਜੁਲਾਈ ਦੇ ਇਸ ਬੰਦ ਦੇ ਸੱਦੇ ਕਾਰਨ ਦੇਸ਼ ਭਰ ਵਿਚ ਘੱਟੋ-ਘੱਟ 84 ਹਵਾਈ ਉਡਾਨਾਂ ਰੱਦ ਕਰਨੀਆਂ ਪਈਆਂ। ਸੜਕੀ ਆਵਾਜਾਈ ਰੁਕਣ ਕਾਰਨ 50 ਲੱਖ ਟਰੱਕਾਂ ਦੇ ਪਹੀਏ ਜਾਮ ਰਹੇ। ਮਹਾਰਾਸ਼ਟਰ, ਗੁਜਰਾਤ ਅਤੇ ਕਰਨਾਟਕ ਵਿਚ ਹਿੰਸਾ ਦੀਆਂ ਕੁਝ ਘਟਨਾਵਾਂ ਵੀ ਸਾਹਮਣੇ ਆਈਆਂ। ਬੰਦ ਕਾਰਨ ਉਕਤ ਸੂਬਿਆਂ ਵਿਚ ਰੇਲ, ਸੜਕ ਤੇ ਹਵਾਈ ਸੇਵਾਵਾਂ ‘ਤੇ ਅਸਰ ਪਿਆ। ਭਾਜਪਾ ਸਮੇਤ ਕਈ ਵਿਰੋਧੀ ਪਾਰਟੀਆਂ ਦੇ ਵਰਕਰਾਂ ਨੇ ਕਈ ਥਾਈਂ ਪਥਰਾਅ ਕੀਤਾ। ਪੁਲਿਸ ਨਾਲ ਹੱਥੋਪਾਈ ਦੀਆਂ ਖ਼ਬਰਾਂ ਵੀ ਹਨ। ਹਜ਼ਾਰਾਂ ਬੰਦ ਹਮਾਇਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਭਾਜਪਾ ਪ੍ਰਧਾਨ ਨਿਤਿਨ ਗਡਕਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਐਮ.ਪੀ. ਹਰਸਿਮਰਤ ਕੌਰ ਬਾਦਲ ਨੇ ਦਿੱਲੀ ਵਿਚ ਗ੍ਰਿਫਤਾਰੀ ਦਿੱਤੀ। ਰਾਜਗ ਆਗੂਆਂ ਨੇ ਪੈਟਰੋਲੀਅਮ ਵਸਤਾਂ ਦੀਆਂ ਵਧੀਆਂ ਕੀਮਤਾਂ ਵਾਪਸ ਲਏ ਜਾਣ ਤਕ 26 ਜੁਲਾਈ ਤੋਂ ਸ਼ੁਰੂ ਹੋਣ ਵਾਲੇ ਸੰਸਦ ਸਮਾਗਮ ਦੀ ਕਾਰਵਾਈ ਵਿਚ ਵਿਘਨ ਪਾਉਣ ਦੀ ਚਿਤਾਵਨੀ ਵੀ ਦਿੱਤੀ।

ਰਾਜਗ ਸ਼ਾਸਤ ਸੂਬਿਆਂ ਬਿਹਾਰ, ਪੰਜਾਬ ਤੇ ਕਰਨਾਟਕ ਵਿਚ ਬੱਸ ਤੇ ਰੇਲ ਸੇਵਾਵਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਈਆਂ। ਪੱਛਮੀ ਬੰਗਾਲ ਤੇ ਕੇਰਲ ਵਿਚ ਵੀ ਹਵਾਈ, ਸੜਕ ਤੇ ਰੇਲ ਸੇਵਾਵਾਂ ‘ਤੇ ਬਹੁਤ ਮਾੜਾ ਅਸਰ ਪਿਆ। ਮੁੰਬਈ ਵਿਚ ਟੈਕਸੀਆਂ ਤੇ ਆਟੋ ਰਿਕਸ਼ਾ ਨਹੀਂ ਚੱਲੇ। ਭਾਜਪਾ ਹਕੂਮਤ ਵਾਲੇ ਗੁਜਰਾਤ ਵਿਚ ਇਸ ਬੰਦ ਦਾ ਜ਼ਬਰਦਸਤ ਪ੍ਰਭਾਵ ਸੀ।

ਦਿੱਲੀ ਦੀ ਸ਼ਾਨ ਕਹੀ ਜਾਣ ਵਾਲੀ ਮੈਟਰੋ ਟਰੇਨ ਦੇ ਮੁਸਾਫਰਾਂ ਨੂੰ ਵੀ ਭਾਰਤ ਬੰਦ ਕਾਰਨ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਵਿਖਾਵਾਕਾਰੀਆਂ ਨੇ ਰਾਜੀਵ ਚੌਕ, ਕਰੋਲ ਬਾਗ, ਤਿਲਕ ਨਗਰ, ਉਤਮ ਨਗਰ ਅਤੇ ਕਈ ਹੋਰਨੀਂ ਥਾਈਂ ਮੈਟਰੋ ਰੇਲ ਸੇਵਾ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਪੁਲਿਸ ਨੇ ਵਿਖਾਵਾਕਾਰੀਆਂ ਨੂੰ ਖਦੇੜ ਕੇ ਇਹ ਸੇਵਾ ਚਲਦੀ ਰੱਖੀ। ਕਈ ਥਾਈਂ ਮੈਟਰੋ ਟਰੇਨ 15-15 ਮਿੰਟ ਤਕ ਸਟੇਸ਼ਨਾਂ ‘ਤੇ ਰੁਕੀ ਰਹੀ। ਵਿਖਾਵਾਕਾਰੀਆਂ ਨੇ ਮੈਟਰੋ ਦੇ ਦਰਵਾਜ਼ਿਆਂ ਨੂੰ ਬੰਦ ਕਰਨ ਤੋਂ ਵੀ ਰੋਕਿਆ ਜਿਸ ਕਾਰਨ ਟਰੇਨਾਂ ਨਾ ਚਲ ਸਕੀਆਂ। ਪੱਛਮੀ ਦਿੱਲੀ ਵਿਚ ਡੀ.ਟੀ.ਸੀ. ਦੀ ਇਕ ਲੋਅ ਫਲੋਰ ਬੱਸ ਨੂੰ ਬੰਦ ਹਮਾਇਤੀਆਂ ਨੇ ਅੱਗ ਲਾ ਕੇ ਸਾੜ ਦਿੱਤਾ।

ਮੁੰਬਈ ਤੋਂ ਮਿਲੀਆਂ ਖਬਰਾਂ ਮੁਤਾਬਕ ਬੰਦ ਹਮਾਇਤੀਆਂ ਨੇ ਮੁੰਬਈ ਅਤੇ ਪੂਣੇ ਵਿਖੇ 100 ਬੱਸਾਂ ਨੂੰ ਨੁਕਸਾਨ ਪਹੁੰਚਾਇਆ। ਵਿਖਾਵਾਕਾਰੀਆਂ ਨੇ ਇਨ੍ਹਾਂ ਬੱਸਾਂ ‘ਤੇ ਭਾਰੀ ਪਥਰਾਅ ਕੀਤਾ। ਕੁਝ ਆਟੋ ਰਿਕਸ਼ਾ ਵਾਲਿਆਂ ਨੂੰ ਵੀ ਬੰਦ ਹਮਾਇਤੀਆਂ ਨੇ ਨੁਕਸਾਨ ਪਹੁੰਚਾਇਆ। ਖਬਰਾਂ ਮੁਤਾਬਕ ਮੁੰਬਈ ਵਿਚ 80 ਤੇ ਪੂਣੇ ਵਿਚ 20 ਬੱਸਾਂ ਦੀ ਤੋੜ-ਭੰਨ ਕੀਤੀ ਗਈ।

*(ਬਾਕੀ ਸਫਾ 6 ’ਤੇ)*



*ਹਰਿਆਣਾ ’ਚ ਬੰਦ ਨੂੰ ਰਲਵਾਂ-ਮਿਲਵਾਂ ਹੁੰਗਾਰਾ*

## ਬੰਦ ਨਾਲ 13 ਹਜ਼ਾਰ ਕਰੋੜ ਰੁਪਏ ਦਾ ਨੁਕਸਾਨ

**ਨਵੀਂ ਦਿੱਲੀ:** ਵਿਰੋਧੀ ਧਿਰ ਦੀ ਇਕ ਰੋਜ਼ਾ ਦੇਸ਼ ਵਿਆਪੀ ਹੜਤਾਲ ਨਾਲ ਦੇਸ਼ ਦੇ ਅਰਥਚਾਰੇ ਨੂੰ ਲਗਭਗ 13 ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਹੋਇਆ। ਇਹ ਪ੍ਰਗਟਾਵਾ ਉਦਯੋਗ ਜਥੇਬੰਦੀ ਫਿਕੀ ਨੇ ਕੀਤਾ। ਦੇਸ਼ ਦੀ ਆਰਥਕ ਰਾਜਧਾਨੀ ਮੁੰਬਈ ਤੋਂ ਇਲਾਵਾ ਗੁਜਰਾਤ ਵਿਚ ਉਦਯੋਗਿਕ ਇਕਾਈਆਂ ਦੇ ਪੂਰੀ ਤਰ੍ਹਾਂ ਪ੍ਰਭਾਵਤ ਹੋਣ ਅਤੇ ਤਾਮਿਲਨਾਡੂ ਤੇ ਦਿੱਲੀ ਵਿਖੇ ਅੰਸ਼ਕ ਅਸਰ ਨਾਲ ਆਰਥਕ ਨੁਕਸਾਨ ਹੋਇਆ। ਇਸ ਤੋਂ ਪਹਿਲਾਂ ਐਸੋਚੈਮ ਨੇ ਬੰਦ ਕਾਰਨ 10 ਹਜ਼ਾਰ ਕਰੋੜ ਅਤੇ ਸੀ.ਆਈ.ਆਈ. ਨੇ 3 ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਹੋਣ ਦਾ ਅੰਦਾਜ਼ਾ ਲਗਾਇਆ ਸੀ। ਗੋਦਰੇਜ ਗਰੁਪ ਦੇ ਚੇਅਰਮੈਨ ਆਦੀ ਗੋਦਰੇਜ

*(ਬਾਕੀ ਸਫਾ 3 ’ਤੇ)*

## ਪਾਣੀ ਦੇ ਮਸਲੇ ‘ਤੇ ਕੈਪਟਨ ਉਲਟੇ ਰੁਖ

**ਬਿੰਦਰ ਬਸਰਾ**

**ਜਲੰਧਰ:** ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ‘ਤੇ ਰਾਇਲਟੀ ਦੇ ਮਾਮਲੇ ‘ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਉਲਟੇ ਰੁਖ਼ ਪੈਂਤੜਾ ਲੈਣ ਨਾਲ ਇਸ ਮੁੱਦੇ ‘ਤੇ ਰਾਜਸੀ ਪਾਰਟੀਆਂ ਦੀ ਇਕਜੁੱਟਤਾ ਨੂੰ ਸੱਟ ਵੱਜੀ



ਹੈ। ਇਸ ਮੁੱਦੇ ‘ਤੇ ਕੈਪਟਨ ਅਤੇ ਅਕਾਲੀ ਦਲ ਦੇ ਆਹਮੋ-ਸਾਹਮਣੇ ਆਉਣ ਨਾਲ ਖਿੱਚੋਤਾਣ ਵਧ ਗਈ ਹੈ। ਕੈਪਟਨ ਮੁੱਖ ਮੰਤਰੀ ਵਲੋਂ ਰਾਇਲਟੀ ਮੰਗਣ ਨੂੰ ਪੰਜਾਬ ਲਈ ਨੁਕਸਾਨਦੇਹ ਪ੍ਰਭਾਵ ਨਾਲ ਜੋੜ ਕੇ ਦੇਖ ਰਹੇ ਹਨ ਜਦਕਿ ਅਕਾਲੀ ਦਲ ਨੇ ਇਸ ਨੂੰ ਕੈਪਟਨ ਵਲੋਂ ਸੂਬੇ ਦੇ ਹਿੱਤਾਂ ਨਾਲ ਗੱਦਾਰੀ ਕਰਾਰ ਦਿੱਤਾ ਹੈ।

ਅਕਾਲੀ ਦਲ ਦਾ ਮੰਨਣਾ ਹੈ ਕਿ ਹਰਿਆਣਾ ਅਤੇ ਰਾਜਸਥਾਨ ਵਰਗੇ ਰਾਜਾਂ ਨੂੰ ਦਿੱਤੇ ਜਾ ਰਹੇ ਦਰਿਆਈ ਪਾਣੀ ਬਦਲੇ ਰਾਇਲਟੀ ਮੰਗਣਾ ਪੰਜਾਬ ਦਾ ਕਾਨੂੰਨੀ ਅਧਿਕਾਰ ਹੈ ਅਤੇ ਕੈਪਟਨ ਦਾ ਬਿਆਨ ਤਰਕਹੀਣ ਅਤੇ ਤੱਥਹੀਣ ਹੋਣ ਤੋਂ ਇਲਾਵਾ ਸੱਚਾਈ ਤੋਂ ਵੀ ਦੂਰ ਹੈ।

*(ਬਾਕੀ ਸਫਾ 3 ’ਤੇ)*


ਪੰਜਾਬੀ ਖਾਣੇ ਦੇ ਬੇਤਾਜ਼ ਬਾਦਸ਼ਾਹ

Desi Roti | Desi Deli

ਦੇਸੀ ਰੋਟੀ
430 E 14th St., New York, NY 10009
Fax:718-340-3735
Ph:212-982-9200



ਦੇਸੀ ਡੇਲੀ
724 10th Ave., New York, NY 10019
Fax:718-340-3735
Ph:212-399-9007

INFO@DESIROTI.COM
WWW.DESIROTI.COM
WWW.DESIDELI.COM

Ad Space Available
Please Call: 847-359-0746
E-mail:
punjabtimes1@sbcglobal.net

Dhillon Truck Stop
Dhillon Road Service
Interstate 40, exit 356, San Jon, NM
*Gill Manj Gurdaspur Wale*
ਪੰਜਾਬੀ ਢਾਬਾ
ਡੀਜ਼ਲ ਅਤੇ ਰੋਡ ਸਰਵਿਸ



New & Used Tires Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 317-918-6776

# ਗੁਰੂਘਰਾਂ ਦੀਆਂ ਪ੍ਰਧਾਨਗੀਆਂ ਦਾ ਸੱਚ ਕੀ ਹੈ?

## ਗੁਰਮਿੰਦਰ ਗੁਰੀ ਨੇ ਨੰਗਾ ਕੀਤਾ ਆਪਣੇ ਗੀਤ 'ਚ

**ਫਰਿਜ਼ਨੋ (ਐਸ.ਅਸ਼ੋਕ ਭੌਰਾ):** ਪਿਛਲੇ ਕੁਝ ਵਰ੍ਹਿਆਂ ਤੋਂ ਆਪਣੀ ਸਾਫ-ਸੁਥਰੀ ਅਤੇ ਸਮਾਜਿਕ ਵਰਤਾਰੇ



*ਗੁਰਮਿੰਦਰ ਗੁਰੀ*

'ਤੇ ਟਕੋਰਾਂ ਕਰਦੀ ਗਾਇਕੀ ਕਰਕੇ ਨੌਜਵਾਨ ਗਾਇਕ ਗੁਰਮਿੰਦਰ ਗੁਰੀ ਚਰਚਾ ਵਿਚ ਰਿਹਾ ਹੈ। ਇਨ੍ਹਾਂ ਦਿਨਾਂ ਵਿਚ ਉਹ ਆਪਣੇ ਇਕ ਨਿਵੇਕਲੀ ਕਿਸਮ ਦੇ ਐਮ ਪੀ-3 ਨਾਲ ਬੇਹੱਦ ਚਰਚਾ 'ਚ ਹੈ। ਗੁਰਦੁਆਰਿਆਂ ਦੇ ਮੁੱਖ ਸੇਵਾਦਾਰ, ਸੇਵਾਦਾਰ ਤੇ ਇਨ੍ਹਾਂ ਦੇ ਪਿਛੇ ਹੋ ਕੇ ਪਰਦੇ ਓਹਲਿਓਂ ਰਿਮੋਟ ਕੰਟਰੋਲ ਨਾਲ ਪ੍ਰਬੰਧ ਚਲਾਉਣ ਵਾਲੇ ਆਕਾਵਾਂ ਦੇ ਧਰਮ ਤੇ ਕੌਮ ਪ੍ਰਤੀ ਹੇਜ਼ ਦਾ ਨੰਗਾ ਸੱਚ ਇਸ ਐਮ ਪੀ-3 ਵਿਚ ਜੱਗ ਜ਼ਾਹਿਰ ਕਰ ਦਿੱਤਾ ਗਿਆ ਹੈ। ਐਮ ਪੀ-3 ਦੇ ਵੀਡੀਓ ਫਿਲਮਾਂਕਣ ਵਿਚ ਗੁਰੂ ਘਰ ਦੇ ਇਕ ਪ੍ਰਧਾਨ ਨੂੰ ਚੜ੍ਹਾਵੇ ਨੂੰ ਬਾਕੀਆਂ ਦੀ ਅੱਖ ਤੋਂ ਬਚਾ ਕੇ ਜੇਬ ਵਿਚ ਪਾਉਂਦਿਆਂ ਦਿਖਾਇਆ ਗਿਆ ਹੈ। ਗੁਰੀ ਨੇ ਇਸ ਕਥਨ ਨੂੰ ਸੱਚ ਕਰ ਵਿਖਾਇਆ ਹੈ ਕਿ ਅਸਲ ਵਿਚ ਗੁਰੂ ਘਰਾਂ ਦੇ ਪ੍ਰਬੰਧ ਨੂੰ ਚਲਾਉਣ ਤੇ ਪੰਥ ਦੀ ਸੇਵਾ ਹੇਠ ਮਕਸਦ ਨਿੱਜੀ ਮੁਫਾਦ ਦਾ ਹੈ ਤੇ 'ਗੋਲਕ ਚੋਰੀ' ਦੇ ਲਗਦੇ ਇਲਜ਼ਾਮ ਹੁਣ ਗੁੱਝੇ ਨਹੀਂ ਰਹੇ। ਗੀਤ ਦੇ ਬੋਲਾਂ ਦਾ ਵੀ ਜ਼ਿਕਰ ਕਰਦੇ ਹਾਂ:

ਗੁਰਦੁਆਰੇ ਤਾਂ ਜ਼ਰੂਰ ਸਾਡੇ ਵੱਡੇ ਬਣ ਗਏ ਨੇ
ਪਰ ਇਹ ਗੱਲ ਤਾਂ ਜੱਗ ਜਾਣਦਾ
ਕਈ ਲੜਾਈ ਦੇ ਅੱਡੇ ਬਣ ਗਏ ਨੇ
ਅੱਜ ਕੱਲ੍ਹ ਕਈ ਗੁਰਦੁਆਰੇ ਬਣਾਉਣ ਦਾ
ਮਕਸਦ ਹੀ ਕੁਝ ਹੋਰ ਏ
ਬਾਅਦ 'ਚ ਪਤਾ ਲੱਗਦਾ
ਕਿ ਇਹਦਾ ਪ੍ਰਧਾਨ ਹੀ ਚੋਰ ਏ
ਗੁਰੂ ਘਰਾਂ ਦੇ ਅੰਦਰ ਚਲਾਉਂਦੇ ਕਿਰਪਾਨਾਂ ਨੂੰ
ਰੱਬ ਨੂੰ ਲੇਖਾ ਦੇਣਾ ਪੈਣਾ ਇਨ੍ਹਾਂ ਪ੍ਰਧਾਨਾਂ ਨੂੰ
ਨਾਂ ਦੀਆਂ ਪਾਈਆਂ ਕਿਰਪਾਨਾਂ
ਕਈ ਮਤਲਬਖੋਰ ਨੇ
ਬਾਅਦ 'ਚ...
ਕਈ ਪਾਠੀਆਂ ਨੇ ਵੀ ਰਗੜਾ ਲਾਇਆ ਲੋਕਾਂ ਨੂੰ
ਭੂਤ ਪ੍ਰੇਤ ਦੇ ਚੱਕਰਾਂ ਦੇ ਵਿਚ ਪਾਇਆ ਲੋਕਾਂ ਨੂੰ
ਇਨ੍ਹਾਂ ਪਖੰਡੀਆਂ ਦਾ ਅੱਜ ਕੱਲ੍ਹ ਪੂਰਾ ਚਲਦਾ ਜ਼ੋਰ ਏ
ਬਾਅਦ 'ਚ...
ਧਰਮ ਸਾਡੇ ਨੂੰ ਰਾਜਨੀਤੀ ਬਣਾ ਕੇ ਰੱਖ ਦਿੱਤਾ
ਗੁਰੂਘਰਾਂ ਦਾ ਸਾਰਾ ਪੈਸਾ ਕੋਰਟਾਂ 'ਚ ਧੱਕ ਦਿੱਤਾ
ਇਨ੍ਹਾਂ ਲੋਕਾਂ ਨੇ ਹੀ ਕੀਤਾ ਸਾਡਾ ਧਰਮ ਕਮਜ਼ੋਰ ਏ
ਬਾਅਦ 'ਚ...
ਕੈਨੇਡਾ ਵਿਚ ਗੁਰਦੁਆਰਾ ਇੰਜ ਸੇਲ 'ਤੇ ਲਾ ਦਿੱਤਾ
ਗੁਰੀ ਲਗਦੈ ਮੈਨੂੰ ਲੋਕਾਂ ਨੇ ਰੱਬ ਭੁਲਾ ਦਿੱਤਾ
ਗੁਰੂ ਘਰਾਂ ਦੀਆਂ ਖਾ ਗਏ ਗੋਲਕਾਂ ਇਹ ਭੋਰ ਭੋਰ ਏ
ਬਾਅਦ 'ਚ...

ਸਮੁੱਚੇ ਗੀਤ ਦੇ ਵੀਡੀਓ ਫਿਲਮਾਂਕਣ ਵਿਚ ਬੜੀ ਦੇਰ ਤੋਂ ਉਠਦੇ ਵਿਵਾਦਾਂ ਵਿਚਲੇ ਸੱਚ ਨੂੰ ਹੌਂਸਲੇ ਨਾਲ ਪੇਸ਼ ਕਰਨ ਦੀ ਹਿੰਮਤ ਵਿਖਾਈ ਗਈ ਹੈ। ਇਹ ਗੀਤ ਗੁਰੂ ਘਰਾਂ ਦੀ ਪੱਗੋ-ਲੱਥੀ, ਸ਼ਾਤਿਰ ਦਿਮਾਗ ਲੋਕਾਂ ਦੀ ਭਲੇਮਾਣਸ ਵਿਰੋਧੀਆਂ ਨੂੰ ਚਿੱਤ ਕਰਨ ਦੀ ਠਿੱਬੀ ਸਿਆਸਤ ਨੂੰ ਸਮਝਣ ਵਾਲੇ ਪੰਥ ਤੇ ਧਰਮ ਪ੍ਰੇਮੀਆਂ ਨੂੰ ਫਿਕਰ ਕਰਨ ਤੇ ਸੁਚੇਤ ਹੋਣ ਦੀ ਘੰਟੀ ਵਜਾਉਂਦਾ ਹੈ। ਜਿਥੇ ਆਮ ਪੰਥ ਦਰਦੀ ਗੁਰਮਿੰਦਰ ਗੁਰੀ ਦੇ ਇਸ ਗੀਤ ਦੀ ਪ੍ਰਸ਼ੰਸਾ ਕਰ ਰਿਹਾ ਹੈ ਉਥੇ ਇਸ ਗੀਤ ਨੂੰ ਈ ਮੇਲ ਜ਼ਰੀਏ ਵਾਹੋ-ਦਾਹੀ ਅੱਗੇ ਤੋਂ ਅੱਗੇ ਵੀ ਭੇਜਿਆ ਜਾ ਰਿਹਾ ਹੈ। ਸੱਚ ਨੂੰ ਨੇੜਿਓਂ ਦੇਖਣ ਲਈ ਗੁਰੀ ਦੇ ਇਸ ਗੀਤ ਨੂੰ ਯੂ.ਟਿਊਬ 'ਤੇ Gurudawara De Pardhan Chor - Gurminder guri ਰਾਹੀਂ ਵੇਖਿਆ ਜਾ ਸਕਦਾ ਹੈ।










*ਲੰਘੀ 3 ਜੁਲਾਈ ਨੂੰ ਨਿਊ ਯਾਰਕ ਦੇ ਹਿੰਦੂ ਆਡੀਟੋਰੀਅਮ ਵਿਚ ਕਰਵਾਏ ਗਏ ਗੁਲਾਮ ਅਲੀ ਅਤੇ ਸਾ ਰੇ ਗਾ ਮਾ ਪਾ ਗਾਇਕ ਰਸਿਕਾ ਦੇ ਪ੍ਰੋਗਰਾਮ ਮੌਕੇ ਨਿਊ ਯਾਰਕ ਅਸੰਬਲੀ ਦੇ ਸਦਰ ਰਿਚਰਡ ਬਰੌਡਸਕੀ। ਸ੍ਰੀ ਬਰੌਡਸਕੀ ਆ ਰਹੀਆਂ ਚੋਣਾਂ ਵਿਚ ਨਿਊ ਯਾਰਕ ਦੇ ਅਟਾਰਨੀ ਜਰਨਲ ਦੇ ਅਹੁਦੇ ਲਈ ਚੋਣ ਲੜ ਰਹੇ ਹਨ। ਇਹ ਸੰਗੀਤਕ ਮਹਿਫਲ ਪੂਰੀ ਤਰ੍ਹਾਂ ਕਾਮਯਾਬ ਰਹੀ ਅਤੇ ਸਰੋਤਿਆਂ ਨੇ ਇਸ ਦਾ ਭਰਪੂਰ ਅਨੰਦ ਮਾਣਿਆ।*






# ਪਾਣੀਆਂ ਦੇ ਮਸਲੇ 'ਤੇ ਕੈਪਟਨ ਉਲਟੇ ਰੁਖ

*(ਸਫਾ ਇਕ ਦੀ ਬਾਕੀ)*

ਉਧਰ ਦਰਿਆਈ ਪਾਣੀਆਂ ਬਾਰੇ ਡੂੰਘੀ ਸਮਝ ਰੱਖਣ ਵਾਲਿਆਂ ਦਾ ਮੰਨਣਾ ਹੈ ਕਿ ਕੈਪਟਨ ਦੀ ਹਿਮਾਚਲ ਵਲੋਂ ਪੰਜਾਬ ਪਾਸੋਂ ਰਾਇਲਟੀ ਮੰਗਣ ਦੀ ਦਲੀਲ ਗਲਤ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਦਰਿਆਵਾਂ ਦੇ ਪਾਣੀ ਦਾ ਜਿਨ੍ਹਾਂ ਰਾਜਾਂ ਵਿਚ ਕੁਦਰਤੀ ਵਹਾਅ ਚੱਲ ਰਿਹਾ ਹੋਵੇ, ਉਨ੍ਹਾਂ ਸਾਰੇ ਰਾਜਾਂ ਦੀ ਉਨ੍ਹਾਂ ਦਰਿਆਵਾਂ ਉਤੇ ਸਾਂਝੀ ਮਾਲਕੀ ਹੁੰਦੀ ਹੈ ਪਰ ਰਾਇਲਟੀ ਉਦੋਂ ਮੰਗੀ ਜਾਂਦੀ ਹੈ ਜਦ ਕੁਦਰਤੀ ਵਹਾਅ ਦੇ ਉਲਟ, ਮਸਨੂਈ ਜਾਂ ਨਕਲੀ ਨਹਿਰਾਂ ਕੱਢ ਕੇ ਪਾਣੀ ਉਨ੍ਹਾਂ ਰਾਜਾਂ ਨੂੰ ਦਿੱਤਾ ਜਾਵੇ ਜਿਨ੍ਹਾਂ ਵਿਚ ਇਹ ਵਹਾਅ ਕੁਦਰਤੀ ਨਾ ਹੋਵੇ।

ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਸਰਬ ਪਾਰਟੀ ਵਫਦ ਨਾਲ ਪੰਜਾਬ ਦੇ ਦਰਿਆਈ ਪਾਣੀਆਂ ਦੇ ਮੁੱਦੇ 'ਤੇ ਰਾਜ ਦਾ ਪੱਖ ਪੇਸ਼ ਕਰਨ ਲਈ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਮੁਲਾਕਾਤ ਦੀ ਉਡੀਕ ਕਰ ਰਹੇ ਹਨ, ਪਰ ਕੈਪਟਨ ਅਮਰਿੰਦਰ ਸਿੰਘ ਨੇ ਇਸ ਮੌਕੇ ਆਪਣਾ ਵੱਖਰਾ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ ਹੈ। ਕੈਪਟਨ ਦਾ ਮੰਨਣਾ ਹੈ ਕਿ ਪੰਜਾਬ ਸਰਕਾਰ ਪਾਣੀ ਦੇ ਮੁੱਦੇ 'ਤੇ ਸੁਪਰੀਮ ਕੋਰਟ ਦੇ ਫੈਸਲੇ ਦਾ ਇੰਤਜ਼ਾਰ ਕਰੇ। ਉਨ੍ਹਾਂ ਕਿਹਾ ਕਿ ਸ. ਬਾਦਲ ਨੂੰ ਹਰਿਆਣਾ ਤੋਂ ਰਾਇਲਟੀ ਮੰਗਣ ਦੀ ਥਾਂ ਪੰਜਾਬ ਦੇ ਭਵਿੱਖ ਬਾਰੇ ਸੋਚਣਾ ਚਾਹੀਦਾ ਹੈ। ਕੈਪਟਨ ਦਾ ਮੰਨਣਾ ਹੈ ਕਿ ਪਾਣੀਆਂ ਦੀ ਰਾਇਲਟੀ ਦੇ ਮਾਮਲੇ 'ਤੇ ਕਿਸੇ ਤਰ੍ਹਾਂ ਦੀ ਬਿਆਨਬਾਜ਼ੀ ਕਰਨ ਤੋਂ ਪਹਿਲਾਂ ਆਪਣਾ ਪੱਖ ਅਤੇ ਹੱਕ ਸਪੱਸ਼ਟ ਕਰ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੀ ਬੇਸਿਰ-ਪੈਰ ਬਿਆਨਬਾਜ਼ੀ ਨਾਲ ਉਲਟਾ ਭਵਿੱਖ ਵਿਚ ਪੰਜਾਬ ਦਾ ਨੁਕਸਾਨ ਹੋ ਸਕਦਾ ਹੈ।

ਕੈਪਟਨ ਨੇ ਦਲੀਲ ਦਿੰਦਿਆਂ ਕਿਹਾ ਕਿ ਜੇ ਸ. ਬਾਦਲ ਗੁਆਂਢੀ ਸੂਬਿਆਂ ਤੋਂ ਪਾਣੀ ਦੀ ਰਾਇਲਟੀ ਮੰਗਦੇ ਹਨ ਤਾਂ ਫੇਰ ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਵੀ ਪੰਜਾਬ 'ਚ ਆਉਣ ਵਾਲੇ ਪਾਣੀ 'ਤੇ ਰਾਇਲਟੀ ਮੰਗ ਸਕਦੇ ਹਨ। ਅਜਿਹੀ ਸਥਿਤੀ 'ਚ ਲੈਣੇ ਦੇ ਦੇਣੇ ਪੈ ਸਕਦੇ ਹਨ। ਉਨ੍ਹਾਂ ਕਿਹਾ ਕਿ ਰਾਵੀ ਅਤੇ ਬਿਆਸ ਦਰਿਆ ਹਿਮਾਚਲ ਪ੍ਰਦੇਸ਼ ਦੇ ਲਾਹੌਲ ਸਪਿਤੀ ਅਤੇ ਕੁੱਲੂ ਜ਼ਿਲ੍ਹਿਆਂ ਵਿਚੋਂ ਵਗਦੇ ਹੋਏ ਪੰਜਾਬ ਆਉਂਦੇ ਹਨ, ਜਦਕਿ ਸਤਲੁਜ ਤਿੱਬਤ ਵਿਚੋਂ ਨਿਕਲਦਾ ਹੈ। ਇਸ ਲਈ ਕੱਲ੍ਹ ਨੂੰ ਚੀਨ ਵੀ ਪਾਣੀਆਂ ਦੇ ਮਾਮਲੇ 'ਤੇ ਰਾਇਲਟੀ ਦੀ ਮੰਗ ਕਰੇਗਾ।

ਕੈਪਟਨ ਨੇ ਮੁੱਖ ਮੰਤਰੀ ਵਲੋਂ ਮੁੰਬਈ ਜਾ ਕੇ ਕਾਨੂੰਨੀ ਮਾਹਿਰਾਂ ਦੀ ਭਾਲ ਕਰਨ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਜਦੋਂ ਪਾਣੀਆਂ ਬਾਰੇ ਸਮਝੌਤਾ ਰੱਦ ਕਰਨ ਸਬੰਧੀ ਪੰਜਾਬ ਵਲੋਂ ਮਾਮਲੇ ਦੀ ਪੈਰਵੀ ਕਰ ਰਹੇ ਚਾਰੇ ਵਕੀਲ ਦਿੱਲੀ ਵਿਚ ਮੌਜੂਦ ਹਨ ਤਾਂ ਮੁੱਖ ਮੰਤਰੀ ਮੁੰਬਈ ਕੀ ਲੱਭਣ ਗਏ ਸਨ? ਉਨ੍ਹਾਂ ਕਿਹਾ ਕਿ ਸੀਨੀਅਰ ਵਕੀਲ ਫਾਲੀ ਨਾਰੀਮਨ, ਹਰੀਸ਼ ਸਾਲਵੇ, ਰਾਜੀਵ ਧਵਨ ਅਤੇ ਸਟੈਂਡਿੰਗ ਕੌਂਸਲ ਰੁਪਿੰਦਰ ਸੂਰੀ ਕੇਸ ਦੀ ਪੈਰਵੀ ਕਰਦੇ ਆ ਰਹੇ ਹਨ।

ਜ਼ਿਕਰਯੋਗ ਹੈ ਕਿ ਪਾਣੀ ਦੀ ਰਾਇਲਟੀ ਦੇ ਮਾਮਲੇ 'ਤੇ ਪੰਜਾਬ ਅਤੇ ਹਰਿਆਣਾ ਵਿਚਾਲੇ ਤਕਰਾਰ ਚਲ ਰਹੀ ਹੈ। 13 ਜੁਲਾਈ ਨੂੰ ਪੰਜਾਬ ਵਾਟਰ ਟਰਮੀਨੇਸ਼ਨ ਐਕਟ 2004 ਸਬੰਧੀ ਪ੍ਰੈਜ਼ੀਡੈਂਸੀਅਲ ਰੈਫਰੈਂਸ 'ਤੇ ਸੁਪਰੀਮ ਕੋਰਟ ਵਲੋਂ ਕਾਨੂੰਨੀ ਰਾਇ ਪੇਸ਼ ਕੀਤੀ ਜਾਣੀ ਹੈ। ਸ਼ਾਇਦ ਇਸੇ ਲਈ ਮੁੱਖ ਮੰਤਰੀ 13 ਜੁਲਾਈ ਤੋਂ ਪਹਿਲਾਂ ਸਰਬ ਪਾਰਟੀ ਵਫਦ ਨਾਲ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਨੀ ਜ਼ਰੂਰੀ ਸਮਝਦੇ ਹਨ, ਪਰ ਇਸ ਲਈ ਪ੍ਰਧਾਨ ਮੰਤਰੀ ਦਫਤਰ ਤੋਂ ਅਜੇ ਤੀਕ ਸਮਾਂ ਨਹੀਂ ਮਿਲਿਆ।

ਉਧਰ ਅਕਾਲੀ ਦਲ ਦੇ ਜਨਰਲ ਸਕੱਤਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਕੈਪਟਨ ਅਮਰਿੰਦਰ ਸਿੰਘ ਵਲੋਂ ਦਰਿਆਈ ਪਾਣੀ ਬਦਲੇ ਰਾਇਲਟੀ ਦੇ ਅਧਿਕਾਰ ਨੂੰ ਨਕਾਰਨ ਨੂੰ ਰਾਜ ਦੇ ਹਿੱਤਾਂ ਨਾਲ ਗੱਦਾਰੀ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਅਤੇ ਰਾਜਸਥਾਨ ਵਰਗੇ ਰਾਜਾਂ ਨੂੰ ਦਿੱਤੇ ਜਾ ਰਹੇ ਪਾਣੀ ਬਦਲੇ ਰਾਇਲਟੀ ਮੰਗਣਾ ਸਾਡਾ ਕਾਨੂੰਨੀ ਹੱਕ ਹੈ। ਪ੍ਰੋ. ਚੰਦੂਮਾਜਰਾ ਨੇ ਕਿਹਾ ਕੈਪਟਨ ਦਾ ਬਿਆਨ ਤਰਕਹੀਣ, ਤੱਥਹੀਣ ਅਤੇ ਸੱਚਾਈ ਤੋਂ ਦੂਰ ਹੈ ਅਤੇ ਇਸ ਮਾਮਲੇ ਬਾਰੇ ਉਨ੍ਹਾਂ ਦੀ ਨਾਸਮਝੀ ਸਪੱਸ਼ਟ ਝਲਕਦੀ ਹੈ। ਉਨ੍ਹਾਂ ਕਿਹਾ ਕਿ 1947 ਤਕ ਪੰਜਾਬ ਨੂੰ ਬੀਕਾਨੇਰ ਰਾਜ ਤੋਂ ਦਰਿਆਈ ਪਾਣੀ ਬਦਲੇ ਰਾਇਲਟੀ ਇਸਦੇ ਕਾਨੂੰਨ ਅਧਿਕਾਰ ਕਾਰਨ ਹੀ ਮਿਲਦੀ ਰਹੀ ਹੈ। ਪੰਜਾਬ ਦੇ ਇਸ ਹੱਕ ਨੂੰ ਆਜ਼ਾਦੀ ਪਿੱਛੋਂ ਬਣੀਆਂ ਕਾਂਗਰਸੀ ਸਰਕਾਰਾਂ ਨੇ ਦਬਾ ਰੱਖਿਆ ਹੈ। ਅਮਰਿੰਦਰ ਸਿੰਘ ਦਾ ਇਹ ਕਹਿਣਾ ਗ਼ਲਤ ਹੈ ਕਿ ਹਿਮਾਚਲ ਅਤੇ ਜੰਮੂ-ਕਸ਼ਮੀਰ ਵਰਗੇ ਰਾਜ ਵੀ ਪੰਜਾਬ ਤੋਂ ਰਾਇਲਟੀ ਦੀ ਮੰਗ ਕਰ ਸਕਦੇ ਹਨ। ਰਾਇਪੇਰੀਅਨ ਸਟੇਟ ਹੋਣ ਨਾਤੇ ਇਨ੍ਹਾਂ ਰਾਜਾਂ ਦਾ ਆਪਣੇ ਦਰਿਆਈ ਪਾਣੀ 'ਤੇ ਪੂਰਾ ਅਧਿਕਾਰ ਹੈ ਪਰ ਉਹ ਕੁਦਰਤੀ ਰੂਪ ਵਿਚ ਵਗਦੇ ਦਰਿਆ ਲਈ ਰਾਇਲਟੀ ਨਹੀਂ ਮੰਗ ਸਕਦੇ।

ਪ੍ਰੋ. ਚੰਦੂਮਾਜਰਾ ਨੇ ਕੈਪਟਨ ਨੂੰ ਯਾਦ ਕਰਾਇਆ ਕਿ ਹਿਮਾਚਲ ਪ੍ਰਦੇਸ਼ ਬਿਨਾਂ ਕੋਈ ਹਿੱਸਾ ਪਾਏ ਉਨ੍ਹਾਂ ਬਿਜਲੀ ਪ੍ਰੋਜੈਕਟਾਂ ਤੋਂ ਰਾਇਲਟੀ ਦੇ ਰੂਪ 'ਚ 10 ਫੀਸਦੀ ਬਿਜਲੀ ਪ੍ਰਾਪਤ ਕਰਦਾ ਹੈ, ਜੋ ਪੰਜਾਬ ਦੁਆਰਾ ਉਥੇ ਲਗਾਏ ਗਏ ਹਨ। ਉਨ੍ਹਾਂ ਨੇ ਰਾਜ ਦੇ ਹਿਤਾਂ ਅਤੇ ਭਵਿੱਖ ਦੀ ਦੁਹਾਈ ਦਿੰਦੇ ਹੋਏ ਕਾਂਗਰਸੀ ਨੇਤਾਵਾਂ ਨੂੰ ਕਿਹਾ ਕਿ ਉਹ ਰਾਜ ਨੂੰ ਨੁਕਸਾਨ ਪਹੁੰਚਾਉਣ ਦੀ ਕਾਰਵਾਈ ਅਤੇ ਬਿਆਨਬਾਜ਼ੀ ਤੋਂ ਗੁਰੇਜ਼ ਕਰਨ।

ਸ. ਪ੍ਰਕਾਸ਼ ਸਿੰਘ ਬਾਦਲ ਨੇ ਸਰਬ ਪਾਰਟੀ ਮੀਟਿੰਗ 'ਚ ਆਪਣੇ ਵਿਚਾਰ ਰੱਖਦੇ ਹੋਏ ਕਿਹਾ ਕਿ ਪੰਜਾਬ ਕੋਲ ਜਦੋਂ ਪਾਣੀ ਹੀ ਨਹੀਂ ਹੈ, ਫੇਰ ਅਸੀਂ ਪਾਣੀ ਕਿੱਥੋਂ ਲੈ ਕੇ ਆਈਏ। ਉਨ੍ਹਾਂ ਕਿਹਾ ਅੱਜ ਜਿਹੜੇ ਲੋਕ ਅਤੇ ਦੂਜੇ ਰਾਜਾਂ ਦੇ ਸਿਆਸੀ ਨੇਤਾ ਪੰਜਾਬ ਦੇ ਪਾਣੀਆਂ 'ਤੇ ਆਪਣੀ ਅੱਖ ਰੱਖੀ ਬੈਠੇ ਹਨ, ਉਹ ਇਸ ਨਾਲ ਸਿਆਸਤ ਖੇਡ ਰਹੇ ਹਨ। ਸ. ਬਾਦਲ ਨੇ ਕਿਹਾ ਪਾਣੀਆਂ ਦੇ ਮੁੱਦੇ 'ਤੇ ਕੋਈ ਵੀ ਧੱਕੇਸ਼ਾਹੀ ਵਾਲਾ ਫੈਸਲਾ ਸਾਨੂੰ ਮਨਜ਼ੂਰ ਨਹੀਂ ਹੋਵੇਗਾ, ਜੇਕਰ ਕੋਈ ਧੱਕਾ ਕਰਦਾ ਹੈ ਤਾਂ ਇਸ ਨਾਲ ਪੰਜਾਬ ਦੀ ਸ਼ਾਂਤੀ ਭੰਗ ਹੋ ਸਕਦੀ ਹੈ ਅਤੇ ਲਾਅ ਐਂਡ ਆਰਡਰ ਦੀ ਸਥਿਤੀ ਨੂੰ ਭਾਰੀ ਖਤਰਾ ਹੋ ਸਕਦਾ ਹੈ ਕਿਉਂਕਿ ਪੰਜਾਬ ਵਿਚ ਪਾਣੀ ਦਿਨ-ਪਰ-ਦਿਨ ਘਟਦਾ ਹੀ ਜਾ ਰਿਹਾ ਹੈ। ਪੰਜਾਬ ਦੇ ਵਾਸੀਆਂ ਨੂੰ ਜਿੰਨੇ ਪਾਣੀ ਦੀ ਜ਼ਰੂਰਤ ਹੈ, ਉਹ ਪੂਰੀ ਨਹੀਂ ਹੋ ਰਹੀ। ਹਰ ਸਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਹੇਠਾਂ ਹੀ ਹੇਠਾਂ ਜਾ ਰਿਹਾ ਹੈ। ਅੱਜ ਪੰਜਾਬ ਹੀ ਅਜਿਹਾ ਰਾਜ ਹੈ, ਜੋ ਪਾਣੀ ਦੀ ਕਮੀ ਦੇ ਬਾਵਜੂਦ ਕੇਂਦਰੀ ਪੂਲ ਵਿਚ 60 ਫੀਸਦੀ ਅਨਾਜ ਦੇ ਰਿਹਾ ਹੈ। ਜੇਕਰ ਕੋਈ ਪਾਣੀਆਂ ਦੇ ਮੁੱਦੇ 'ਤੇ ਸਿਆਸਤ ਖੇਡਦਾ ਹੈ, ਉਸ ਨਾਲ ਪੰਜਾਬ ਦੀ ਹੋਂਦ ਨੂੰ ਭਾਰੀ ਖਤਰਾ ਪੈਦਾ ਹੋ ਸਕਦਾ ਹੈ।

ਉਧਰ ਪ੍ਰਧਾਨ ਮੰਤਰੀ ਵਲੋਂ ਪੰਜਾਬ ਦੇ ਸਰਬ ਪਾਰਟੀ ਵਫਦ ਨੂੰ ਮਿਲਣ ਦਾ ਸਮਾਂ ਨਾ ਦਿਤੇ ਜਾਣ ਪਿਛੋਂ ਮੁੱਖ ਮੰਤਰੀ ਸ. ਬਾਦਲ ਅਮਰੀਕਾ ਰਵਾਨਾ ਹੋ ਗਏ ਹਨ। ਉਨ੍ਹਾਂ ਦੀ ਵਾਪਸੀ ਦਾ ਪ੍ਰੋਗਰਾਮ ਭਾਵੇਂ 22 ਜੁਲਾਈ ਦਾ ਹੈ, ਪਰ ਪ੍ਰਧਾਨ ਮੰਤਰੀ ਵਲੋਂ ਸਮਾਂ ਮਿਲਣ 'ਤੇ ਉਹ ਪਹਿਲਾਂ ਵੀ ਆ ਸਕਦੇ ਹਨ। ਪ੍ਰਧਾਨ ਮੰਤਰੀ ਨਾਲ ਮੁਲਾਕਾਤ ਸਮੇਂ ਦਿੱਤੇ ਜਾਣ ਵਾਲੇ ਯਾਦ ਪੱਤਰ ਦੇ ਖਰੜੇ ਨੂੰ ਉਘੇ ਕਾਨੂੰਨੀ ਮਾਹਿਰਾਂ ਦੀ ਰਾਇ ਨਾਲ ਤਿਆਰ ਕੀਤਾ ਗਿਆ ਹੈ। ਮੀਡੀਆ ਰਿਪੋਰਟਾਂ ਅਨੁਸਾਰ ਯਾਦ-ਪੱਤਰ 'ਚ ਪਾਣੀਆਂ ਦੀ ਰਾਇਲਟੀ ਦਾ ਮੁੱਦਾ ਨਹੀਂ ਉਠਾਇਆ ਗਿਆ ਬਲਕਿ ਇਹ ਕਿਹਾ ਗਿਆ ਕਿ ਰਾਇਪੇਰੀਅਨ ਕਾਨੂੰਨ ਅਨੁਸਾਰ ਪੰਜਾਬ ਦੇ ਦਰਿਆਈ ਪਾਣੀਆਂ 'ਤੇ ਸਿਰਫ ਪੰਜਾਬ ਦਾ ਹੱਕ ਹੈ।

## *ਬੰਦ ਨਾਲ 13 ਹਜ਼ਾਰ ਕਰੋੜ ਰੁਪਏ ਦਾ ਨੁਕਸਾਨ*

*(ਸਫਾ ਇਕ ਦੀ ਬਾਕੀ)*

ਨੇ ਕਿਹਾ, ''ਬੰਦ ਨੂੰ ਸਹੀ ਨਹੀਂ ਠਹਿਰਾਇਆ ਜਾ ਸਕਦਾ। ਸਿਆਸੀ ਪਾਰਟੀਆਂ ਹਰ ਵਰਗ ਦੇ ਰੋਜ਼ਾਨਾ ਦੇ ਕੰਮ ਵਿਚ ਦਖ਼ਲ ਦੇ ਰਹੀਆਂ ਹਨ। ਰੋਸ ਪ੍ਰਗਟਾਉਣ ਦਾ ਇਹ ਤਰੀਕਾ ਬਿਲਕੁਲ ਫ਼ਜ਼ੂਲ ਹੈ, ਇਸ ਨਾਲ ਉਹ ਆਪਣਾ ਸਿਆਸੀ ਆਧਾਰ ਗਵਾਉਣਗੇ।''

ਐਸੋਚੈਮ ਨੇ ਕਿਹਾ ਕਿ ਦੇਸ਼ ਵਿਚ ਇਕ ਦਿਨ ਦਾ ਕੁਲ ਉਤਪਾਦਨ ਲਗਭਗ 10 ਹਜ਼ਾਰ ਕਰੋੜ ਰੁਪਏ ਬਣਦਾ ਹੈ। ਇਹ ਅੰਕੜਾ ਕੁਲ ਘਰੇਲੂ ਉਤਪਾਦ (ਜੀ.ਡੀ.ਪੀ.) ਦੇ 50 ਲੱਖ ਕਰੋੜ ਰੁਪਏ ਅਤੇ ਵਿਕਾਸ ਦਰ 8 ਫ਼ੀ ਸਦੀ ਹੋਣ ਦੇ ਆਧਾਰ 'ਤੇ ਕੱਢਿਆ ਗਿਆ ਹੈ। ਇਕ ਹੋਰ ਉਦਯੋਗਿਕ ਜਥੇਬੰਦੀ ਸੀ.ਆਈ.ਆਈ. ਨੇ ਹੜਤਾਲ ਕਾਰਨ ਹੋਣ ਵਾਲਾ ਨੁਕਸਾਨ ਤਿੰਨ ਹਜ਼ਾਰ ਕਰੋੜ ਰੁਪਏ ਦੇ ਲਗਭਗ ਦੱਸਿਆ। ਬਜਾਜ ਆਟੋ ਦੇ ਚੇਅਰਮੈਨ ਅਤੇ ਰਾਜ ਸਭਾ ਮੈਂਬਰ ਰਾਹੁਲ ਬਜਾਜ ਨੇ ਕਿਹਾ, ''ਮੈਂ ਸਮਝਦਾ ਹਾਂ ਕਿ ਸਰਕਾਰ ਕੋਲ ਤੇਲ ਕੀਮਤਾਂ ਵਧਾਉਣ ਤੋਂ ਸਿਵਾ ਕੋਈ ਚਾਰਾ ਨਹੀਂ ਸੀ। ਜੇ ਅਜਿਹਾ ਨਾ ਕੀਤਾ ਜਾਂਦਾ ਤਾਂ ਸਰਕਾਰੀ ਤੇਲ ਕੰਪਨੀਆਂ ਮੁਸੀਬਤ ਵਿਚ ਘਿਰ ਜਾਂਦੀਆਂ। ਮੈਂ ਵਿਰੋਧੀ ਧਿਰ ਦੀ ਭਾਵਨਾ ਨੂੰ ਸਮਝ ਸਕਦਾ ਹਾਂ ਪਰ ਬੰਦ ਸਮੱਸਿਆ ਦਾ ਹੱਲ ਨਹੀਂ।''

ਸੀ.ਆਈ.ਆਈ. ਦੇ ਡਾਇਰੈਕਟਰ ਜਨਰਲ ਚੰਦਰਜੀਤ ਬੈਨਰਜੀ ਨੇ ਵੀ ਬੰਦ ਦਾ ਵਿਰੋਧ ਕਰਦਿਆਂ ਕਿਹਾ ਕਿ ਉਦਯੋਗ ਜਗਤ ਤੇਲ ਦੀਆਂ ਘਰੇਲੂ ਕੀਮਤਾਂ ਨੂੰ ਕੌਮਾਂਤਰੀ ਕੀਮਤਾਂ ਨਾਲ ਜੋੜਨ ਦੇ ਪੱਖ ਵਿਚ ਹੈ। ਦੂਜੇ ਪਾਸੇ ਇਕ ਹੋਰ ਉਦਯੋਗਿਕ ਜਥੇਬੰਦੀ ਫਿਕੀ ਨੇ ਬੰਦ ਬਾਰੇ ਕੋਈ ਵੀ ਟਿਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

## ਮਾਲੀ ਮੰਦੇ ਕਾਰਨ ਬੱਸ ਅੱਡਿਆਂ ਦੀ ਉਸਾਰੀ ਰੁਕੀ

**ਚੰਡੀਗੜ੍ਹ:** ਸਰਕਾਰ ਵਲੋਂ ਨਿੱਜੀ ਭਾਈਵਾਲਾਂ ਨਾਲ ਸ਼ੁਰੂ ਕੀਤੇ ਪ੍ਰਾਜੈਕਟ ਹੁਣ ਕੰਪਨੀਆਂ ਵਿਚਾਲੇ ਹੀ ਛੱਡ ਕੇ ਭੱਜ ਰਹੀਆਂ ਹਨ। ਕਈ ਬੱਸ ਅੱਡਿਆਂ ਨੂੰ ਨਿੱਜੀ ਹੱਥਾਂ 'ਚ ਦੇ ਕੇ ਲੋਕਾਂ ਨੂੰ ਵਧੀਆ ਸਹੂਲਤਾਂ ਦੇਣ ਲਈ ਯੋਜਨਾ ਉਲੀਕੀ ਗਈ ਸੀ, ਪਰ ਹੁਣ ਲਗਦਾ ਹੈ ਕਿ ਇਸ ਨੂੰ ਆਰਥਿਕ ਮੰਦੇ ਦਾ ਗ੍ਰਹਿਣ ਲੱਗ ਗਿਆ ਹੈ।

ਟਰਾਂਸਪੋਰਟ ਵਿਭਾਗ ਦੇ ਸੂਤਰਾਂ ਅਨੁਸਾਰ ਪਟਿਆਲਾ 'ਚ ਬਣਨ ਵਾਲੇ ਬੱਸ ਅੱਡੇ ਤੋਂ ਵੀ ਇਕ ਨਿੱਜੀ ਕੰਪਨੀ ਨੇ ਹੱਥ ਖਿੱਚ ਲਿਆ ਹੈ। ਲੋਕਾਂ ਨੂੰ ਵਧੀਆ ਸਹੂਲਤਾਂ ਦੇਣ ਲਈ ਇਸ ਬੱਸ ਅੱਡੇ ਨੂੰ ਏਅਰਕੰਡੀਸ਼ਨ ਮਾਲ 'ਚ ਤਬਦੀਲ ਕਰਨ ਲਈ 2008 'ਚ ਸਪਿਰਟ ਗਲੋਬਲ ਨਾਂਅ ਦੀ ਕੰਪਨੀ ਨੂੰ ਸਰਕਾਰ ਵਲੋਂ ਪ੍ਰਾਜੈਕਟ 27 ਕਰੋੜ 'ਚ ਦਿੱਤਾ ਗਿਆ ਸੀ, ਪਰ ਕੰਪਨੀ ਨੇ ਹੱਥ ਪਿੱਛੇ ਖਿੱਚ ਲਿਆ ਹੈ। ਟਰਾਂਸਪੋਰਟ ਮੰਤਰੀ ਮਾਸਟਰ ਮੋਹਨ ਲਾਲ ਨੇ ਸੰਪਰਕ ਕਰਨ 'ਤੇ ਪੁਸ਼ਟੀ ਕਰਦਿਆਂ ਕਿਹਾ ਕਿ ਪਟਿਆਲਾ ਦਾ ਬੱਸ ਸਟੈਂਡ ਬਣਾਉਣ ਦਾ ਸਮਝੌਤਾ ਹੁਣ ਖਤਮ ਕਰ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਬਠਿੰਡਾ ਤੇ ਮੁਹਾਲੀ ਦੇ ਬੱਸ ਸਟੈਂਡ ਬਣਾਉਣ ਵਾਲੀਆਂ ਕੰਪਨੀਆਂ ਵੀ ਅੱਧ ਵਿਚਾਲੇ ਡੋਬਾ ਦੇ ਗਈਆਂ ਸਨ। ਵਿਭਾਗ ਵਲੋਂ ਹੁਣ ਬੱਸ ਅੱਡਿਆਂ ਦਾ ਆਧੁਨਿਕੀਕਰਨ ਪੀ ਆਰ ਟੀ ਸੀ ਰਾਹੀਂ ਕਰਾਏ ਜਾਣ ਦੀ ਯੋਜਨਾ ਤਿਆਰ ਕੀਤੀ ਜਾ ਰਹੀ ਹੈ।

ਅਲਬਾਮਾ ਵਿਚ ਰੈਸਟੋਰੈਂਟ ਵਿਕਾਊ ਹੈ

ਅਲਬਾਮਾ ਵਿਚ ਬਹੁਤ ਕਾਮਯਾਬੀ ਨਾਲ ਚਲਦਾ
ਇੰਡੀਅਨ ਰੈਸਟੋਰੈਂਟ ਵਿਕਾਊ ਹੈ।

*ਫਰੀ ਸਟੈਂਡਿੰਗ ਬਿਲਡਿੰਗ *ਬਹੁਤ ਵਧੀਆ ਲੋਕੇਸ਼ਨ
*ਵਾਜਬ ਰੈਂਟ *ਲੰਮੇ ਸਮੇਂ ਦੀ ਲੀਜ਼
ਮਾਸਿਕ ਆਮਦਨ 35 ਤੋਂ 40 ਹਜ਼ਾਰ ਡਾਲਰ

ਸੰਪਰਕ ਕਰੋ: ਫੋਨ 850-510-3466

PANNUN THE LAW FIRM
ATTORNEYS & COUNSELLORS
ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ

ਤੁਹਾਡਾ ਇੰਮੀਗ੍ਰੇਸ਼ਨ ਕੇਸ ਬੰਦ ਹੈ ਜਾਂ ਤੁਸੀ ਡੀਪੋਰਟ ਹੋ ਰਹੇ ਹੋ?
ਤੁਹਾਡੀ ਸੇਵਾ ਵਿੱਚ ਹਾਜ਼ਰ



ਇੰਮੀਗ੍ਰੇਸ਼ਨ ਲਾਅ
- ਸਿਟੀਜ਼ਨਸ਼ਿਪ ਅਪੀਲਜ਼
- ਰੀਲੀਜਿਅਸ ਵਰਕਰਜ਼
- ਬੋਨਾਫਾਇਡ ਅਸਾਇਲਮ ਪਟੀਸ਼ਨਜ਼

ਡੀਪੋਰਟੇਸ਼ਨ ਕੇਸਿਜ਼
- ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ
- 9th & 2nd ਸਰਕਿਟ ਅਪੀਲਜ਼
- ਕੈਨਸੇਲੇਸ਼ਨ ਆਫ ਡੀਪੋਰਟੇਸ਼ਨ

NEW YORK
T 718.672.8000
JACKSON HEIGHTS, NY 11370

CALIFORNIA
T 510.796.9000
39300 CIVIC CENTER DR,
SUITE 170 FREMONT, CA 94538
FREMONT, CA 94538

INDO US EXPRESS, INC.
Worlwide Couriers * Freight Forwards
Domestic & Local Delivery
We Thank Our Customers For Their Trust & Loyalty
17 Years of Excellent Customer Service
FOR COMPETITIVE RATES CALL
1-800-870-5845



PICK-UP & DELIVERY
ANYWHERE IN USA
43-50, 11th St., Suite No. 109, LIC, New York, N.Y.11101
Tel: 212-447-5720 • Fax: 212-213-3622
www.indousexpress.com
Email: GSingh9070@aol.com • Cell: 1-347-538-7041
7 Days A Week
CALL ABOUT OUR SPECIAL RATES TO
INDIA

## ਸੁਖਪਾਲ ਖਹਿਰਾ ਨੇ ਖੋਲਿਆ ਪੰਜਾਬ ਦੇ ਕਾਂਗਰਸੀ ਆਗੂਆਂ ਵਿਰੁਧ ਮੋਰਚਾ

**ਚੰਡੀਗੜ੍ਹ:**ਪੰਜਾਬ ਦੇ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਵਿਰੁਧ ਮੋਰਚਾ ਖੋਲ੍ਹਦਿਆਂ ਪ੍ਰਦੇਸ਼ ਕਾਂਗਰਸ ਦੇ ਆਗੂਆਂ 'ਤੇ ਅਕਾਲੀਆਂ ਦੇ 'ਹੱਥਾਂ ਵਿਚ ਖੇਡਣ' ਦਾ ਦੋਸ਼ ਲਾਇਆ ਹੈ। ਸ੍ਰੀ ਖਹਿਰਾ ਜੋ ਭੁਲੱਥ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਤੇ ਕਪੂਰਥਲਾ ਜ਼ਿਲ੍ਹੇ ਦੇ ਕਾਂਗਰਸ ਪ੍ਰਧਾਨ ਵੀ ਹਨ, ਨੇ ਬੀਤੀ 6 ਜੁਲਾਈ ਨੂੰ ਕਿਹਾ ਕਿ ਪਾਰਟੀ ਆਗੂ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਵਿਰੁਧ ਲੋਕ ਮਸਲਿਆਂ 'ਤੇ ਲਾਮਬੰਦੀ ਕਰਨ ਵਿਚ ਪੂਰੀ ਤਰ੍ਹਾਂ ਅਸਫਲ ਹੀ ਨਹੀਂ ਰਹੇ, ਸਗੋਂ ਕਾਂਗਰਸੀ ਵਰਕਰਾਂ ਦੀਆਂ ਭਾਵਨਾਵਾਂ ਮੁਤਾਬਕ ਵੀ ਕੰਮ ਨਹੀਂ ਕਰ ਰਹੇ। ਉਨ੍ਹਾਂ ਪਾਰਟੀ ਦੇ ਲੀਡਰਾਂ 'ਤੇ ਲੋਕਾਂ ਦੀਆਂ ਭਾਵਨਾਵਾਂ 'ਤੇ ਖਰੇ ਨਾ ਉਤਰਨ ਦੇ ਦੋਸ਼ ਵੀ ਲਾਏ। ਉਨ੍ਹਾਂ ਕਿਹਾ ਕਿ ਕਾਂਗਰਸੀ ਆਗੂ ਤਾਂ ਅਕਾਲੀਆਂ ਦੀ ਕਠਪੁਤਲੀ ਹਨ। ਕਾਂਗਰਸੀ ਵਿਧਾਇਕ ਨੇ ਪਾਰਟੀ ਦੇ ਸੂਬਾ ਪ੍ਰਧਾਨ ਮਹਿੰਦਰ ਸਿੰਘ ਕੇ.ਪੀ. ਅਤੇ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਦਾ ਨਾਂਅ ਲਏ ਬਗੈਰ ਇਨ੍ਹਾਂ ਦੋਹਾਂ ਆਗੂਆਂ ਵਿਰੁਧ ਖੁੱਲ੍ਹ ਕੇ ਭੜਾਸ ਕੱਢੀ।

ਉਨ੍ਹਾਂ ਸੀਨੀਅਰ ਆਗੂਆਂ 'ਤੇ ਹਮਲਾ ਕਰਦਿਆਂ ਇਥੋਂ ਤਕ ਕਿਹਾ ਕਿ ਪਾਰਟੀ ਦੀ ਮੌਜੂਦਾ ਲੀਡਰਸ਼ਿਪ ਜੇਕਰ ਪਾਰਟੀ ਵਰਕਰਾਂ ਦੀਆਂ ਭਾਵਨਾਵਾਂ ਮੁਤਾਬਕ ਕੰਮ ਨਹੀਂ ਕਰ ਸਕਦੀ ਤਾਂ ਉਸ ਨੂੰ ਲਾਂਭੇ ਹੋ ਜਾਣਾ ਚਾਹੀਦਾ ਹੈ। ਉਨ੍ਹਾਂ ਅਫਸੋਸ ਪ੍ਰਗਟ ਕੀਤਾ ਕਿ ਸੀਨੀਅਰ ਆਗੂਆਂ ਵਲੋਂ ਹੋਰਨਾਂ ਨੂੰ ਵੀ ਕੰਮ ਨਹੀਂ ਕਰਨ ਦਿੱਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਰ ਫਰੰਟ 'ਤੇ ਫੇਲ੍ਹ ਹੋ ਰਹੀ ਹੈ। ਲੋਕ ਸਰਕਾਰ ਦੀਆਂ ਨੀਤੀਆਂ ਅਤੇ ਭ੍ਰਿਸ਼ਟਾਚਾਰ ਦੇ ਸ਼ਿਕਾਰ ਹਨ। ਬਿਜਲੀ, ਸਿੱਖਿਆ, ਸਿਹਤ ਸਹੂਲਤਾਂ ਤਾਂ ਦੂਰ ਹੈ, ਲੋਕਾਂ ਨੂੰ ਪੀਣ ਵਾਲਾ ਪਾਣੀ ਤਕ ਨਹੀਂ ਮਿਲ ਰਿਹਾ ਪਰ ਵਿਰੋਧੀ ਧਿਰ ਸਰਕਾਰ ਨੂੰ ਘੇਰ ਨਹੀਂ ਸਕੀ। ਪਾਰਟੀ ਆਗੂ ਤਾਂ ਸਿਰਫ ਅਖ਼ਬਾਰਾਂ ਵਿਚ ਬਿਆਨ ਦੇਣ ਤਕ ਹੀ ਸੀਮਤ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਕਿਸੇ ਹੋਰ ਆਗੂ ਦੇ ਕਹਿਣ ਜਾਂ ਕਿਸੇ ਦੇ ਪੱਖ ਵਿਚ ਨਹੀਂ ਬੋਲ ਰਹੇ ਬਲਕਿ ਲੋਕ ਪ੍ਰਤੀਨਿਧ ਹੋਣ ਦੇ ਨਾਮ 'ਤੇ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰ ਰਹੇ ਹਨ।

ਸ੍ਰੀ ਖਹਿਰਾ ਨੇ ਕਿਹਾ ਕਿ ਪੰਜਾਬ ਦੇ ਕਿਸਾਨ ਸੰਗਠਨ ਅਤੇ ਮੀਡੀਆ ਹੀ ਵਿਰੋਧੀ ਧਿਰ ਵਾਲੀ ਭੂਮਿਕਾ ਨਿਭਾਅ ਰਹੇ ਹਨ। ਵਿਧਾਇਕ ਵਲੋਂ ਆਪਣੀ ਹੀ ਪਾਰਟੀ ਦੀ ਲੀਡਰਸ਼ਿਪ ਵਿਰੁਧ ਮੋਰਚਾ ਖੋਲ੍ਹਣਾ ਰਾਜਨੀਤਕ ਨਜ਼ਰੀਏ ਤੋਂ ਅਹਿਮ ਮੰਨਿਆ ਜਾ ਰਿਹਾ ਹੈ ਕਿਉਂਕਿ ਇਹ ਉਹ ਸਮਾਂ ਹੈ ਜਦੋਂ ਪੰਜਾਬ ਪ੍ਰਦੇਸ਼ ਕਾਂਗਰਸ ਦੀਆਂ ਜਥੇਬੰਦਕ ਚੋਣਾਂ ਸਿਰ 'ਤੇ ਹਨ।

## ਬੰਗਾ ਵਿਚ ਮੇਰੇ ਅਤੇ ਇਕਬਾਲ ਸਿੰਘ ਵਿਰੁਧ ਮੁਜਾਹਰਾ ਡੇਰਾਵਾਦੀਆਂ ਦੀ ਸ਼ਰਾਰਤ: ਗੁਰਦਿਆਲ ਸਿੰਘ

**ਨਿਊ ਯਾਰਕ (ਪੰਜਾਬ ਟਾਈਮਜ਼ ਬਿਊਰੋ):** ਗੁਰੂ ਰਵਿਦਾਸ ਦੀ ਦਸਤਾਰ ਵਾਲੀ ਤਸਵੀਰ ਨੂੰ ਵਿਵਾਦ ਦਾ ਮੁੱਦਾ ਬਣਾ ਕੇ ਪੰਜਾਬ ਦੇ ਸ਼ਹਿਰ ਬੰਗਾ ਵਿਚ ਮੇਰੇ ਅਤੇ ਇਕਬਾਲ ਸਿੰਘ ਜੱਬੋਵਾਲ ਵਿਰੁਧ ਮੁਜਾਹਰੇ ਕਰਨ ਵਾਲੀ ਅੰਬੇਦਕਰ ਸੈਨਾ (ਮੂਲਵਾਸੀ) ਦੀਆਂ ਲਗਾਮਾਂ ਅਸਲ ਵਿਚ ਨਿਊ ਯਾਰਕ ਦੇ ਕੁਝ ਲੋਕਾਂ ਵਲੋਂ ਹਿਲਾਈਆਂ ਗਈਆਂ ਹਨ। ਇਹ ਦੋਸ਼ ਗੁਰਦੁਆਰਾ ਗੁਰੂ ਰਵਿਦਾਸ ਸਭਾ ਨਿਊ ਯਾਰਕ ਦੇ ਸਾਬਕਾ ਪ੍ਰਧਾਨ ਸ੍ਰੀ ਗੁਰਦਿਆਲ ਸਿੰਘ ਜੱਬੋ ਨੇ ਇਥੇ ਜਾਰੀ ਇਕ ਬਿਆਨ ਵਿਚ ਲਾਉਂਦਿਆਂ ਆਖਿਆ ਕਿ ਇਹ ਉਹੀ ਡੇਰਾਵਾਦੀ ਲੋਕ ਹਨ ਜਿਨ੍ਹਾਂ ਨੇ ਇਕ ਡੇਰਾ ਮੁਖੀ ਦੀ ਹੱਤਿਆ ਤੋਂ ਬਾਅਦ ਪੰਜਾਬ ਦੇ ਸ਼ਾਂਤਮਈ ਮਾਹੌਲ ਨੂੰ ਅੱਗਾਂ ਲਵਾਈਆਂ ਸਨ।

ਇਥੇ ਜ਼ਿਕਰਯੋਗ ਹੈ ਕਿ ਕੁਝ ਹਫਤੇ ਪਹਿਲਾਂ ਪੰਜਾਬ ਟਾਈਮਜ਼ ਵਿਚ ਸ੍ਰੀ ਗੁਰਦਿਆਲ ਸਿੰਘ ਦੇ ਗੁਰੂ ਰਵਿਦਾਸ ਦੇ ਦਸਤਾਰਧਾਰੀ ਹੋਣ ਬਾਰੇ ਲੇਖ ਅਤੇ ਇਸ ਦੇ ਨਾਲ ਗੁਰੂ ਰਵਿਦਾਸ ਦੀ ਦਸਤਾਰ ਵਾਲੀ ਤਸਵੀਰ ਛਪਣ ਤੋਂ ਨਿਊ ਯਾਰਕ ਦਾ ਇਕ ਧੜਾ ਕਾਫੀ ਖਫਾ ਹੋਇਆ ਸੀ। ਬਿਆਨ ਵਿਚ ਸ੍ਰੀ ਗੁਰਦਿਆਲ ਸਿੰਘ ਨੇ ਆਖਿਆ ਹੈ ਕਿ ਨਿਊ ਯਾਰਕ ਦੇ ਰਵਿਦਾਸੀਆ ਭਾਈਚਾਰੇ ਦੇ ਇਕ ਧੜੇ ਨੇ ਸੁਪਾਰੀ ਦੇ ਕੇ ਇਹ ਅਰਥੀ ਸਾੜ ਮੁਜਾਹਰੇ ਕਰਵਾਏ ਹਨ ਅਤੇ ਇਨ੍ਹਾਂ ਦਾ ਇਕੋ ਇਕ ਮਨੋਰਥ ਸਾਨੂੰ ਤੇ ਸਾਡੇ ਪਰਿਵਾਰਾਂ ਨੂੰ ਡਰਾਉਣਾ ਹੈ। ਉਨ੍ਹਾਂ ਕਿਹਾ ਹੈ ਕਿ ਅਸੀਂ ਅਜਿਹੀਆਂ ਧਮਕੀਆਂ ਤੋਂ ਡਰਨ ਵਾਲੇ ਨਹੀਂ, ਜੇ ਡਰ ਹੈ ਤਾਂ ਇਕੋ ਇਕ ਪਰਮਾਤਮਾ ਦਾ ਹੈ। ਬਿਆਨ ਵਿਚ ਸ. ਗੁਰਦਿਆਲ ਸਿੰਘ ਨੇ ਇਹ ਵੀ ਆਖਿਆ ਕਿ ਜਿਸ ਲੇਖ ਅਤੇ ਤਸਵੀਰ ਤੋਂ ਇਹ ਲੋਕ ਖਫ਼ਾ ਹੋਏ ਹਨ, ਉਸ ਨਾਲ ਇਕਬਾਲ ਸਿੰਘ ਜੱਬੋਵਾਲ ਦਾ ਕੋਈ ਸਬੰਧ ਹੀ ਨਹੀਂ ਹੈ। ਇਹ ਸਾਰਾ ਕੁਝ ਗੁਰਦੁਆਰਾ ਰਵਿਦਾਸ ਸਭਾ ਨਿਊ ਯਾਰਕ ਦੀ ਸਿਆਸਤ ਤੋਂ ਪ੍ਰੇਰਿਤ ਹੈ। ਇਹ ਉਹੀ ਲੋਕ ਹਨ ਜੋ ਰਵਿਦਾਸੀਆ ਭਾਈਚਾਰੇ ਨੂੰ ਸਿੱਖੀ ਨਾਲੋਂ ਤੋੜ ਕੇ ਵਖਰਾ ਪੰਥ ਤੇ ਵਖਰਾ ਗ੍ਰੰਥ ਬਣਾਉਣਾ ਚਾਹੁੰਦੇ ਹਨ। ਇਕ ਵਖਰੇ ਬਿਆਨ ਵਿਚ ਸ੍ਰੀ ਇਕਬਾਲ ਸਿੰਘ ਜੱਬੋਵਾਲ ਨੇ ਵੀ ਇਸ ਸਾਰੇ ਵਿਰੋਧ ਨੂੰ ਗੁਰਦੁਆਰਾ ਰਵਿਦਾਸ ਸਭਾ ਦੀ ਸਿਆਸਤ ਤੋਂ ਪ੍ਰੇਰਿਤ ਦੱਸਿਆ ਹੈ।

ਬਿਆਨ ਵਿਚ ਗੁਰਦਿਆਲ ਸਿੰਘ ਜੱਬੋ ਨੇ ਇਹ ਮੰਨਦਿਆਂ ਕਿ ਗੁਰੂ ਰਵਿਦਾਸ ਜੀ ਦੀ ਕੋਈ ਵੀ ਅਸਲ ਤਸਵੀਰ ਉਪਲਬਧ ਨਹੀਂ ਹੈ, ਆਖਿਆ ਹੈ ਕਿ ਜੇ ਕੁਝ ਲੋਕਾਂ ਨੂੰ ਬ੍ਰਾਹਮਣਵਾਦ ਦੇ ਪ੍ਰਭਾਵ ਹੇਠ ਗੁਰੂ ਜੀ ਦੀ ਨੰਗੇ ਸਿਰ ਤਸਵੀਰ ਵਿਚ ਸ਼ਰਧਾ ਹੈ ਤਾਂ ਐਨ ਉਸੇ ਹੱਕ ਨਾਲ ਸਾਨੂੰ ਉਨ੍ਹਾਂ ਦੀ ਦਸਤਾਰ ਵਾਲੀ ਤਸਵੀਰ ਵਿਚ ਸ਼ਰਧਾ ਹੈ। ਫਿਰ ਇਹ ਤਸਵੀਰ ਕੋਈ ਨਵੀਂ ਨਹੀਂ, ਗੁਰੂ ਜੀ ਦੀਆਂ 1920, 1950 ਅਤੇ ਇਸ ਤੋਂ ਬਾਅਦ ਦੀਆਂ ਦਸਤਾਰ ਵਾਲੀਆਂ ਤਸਵੀਰਾਂ ਛਪਦੀਆਂ ਰਹੀਆਂ ਹਨ। ਕੁਝ ਸਮਾਂ ਪਹਿਲਾਂ ਅਕਾਲ ਤਖਤ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਵੀ ਦਸਤਾਰ ਵਾਲੀ ਤਸਵੀਰ ਹੀ ਜਾਰੀ ਕੀਤੀ ਸੀ।

### ਕ੍ਰਿਕਟਰ ਕਤਲ

**ਪਟਿਆਲਾ:**ਇਥੇ ਅੱਧਾ ਦਰਜਨ ਅਣਪਛਾਤੇ ਨੌਜਵਾਨਾਂ ਨੇ ਬੱਸ 'ਚੋਂ ਉਤਾਰ ਕੇ 18 ਸਾਲਾ ਕ੍ਰਿਕਟਰ ਅਵਤਾਰ ਸਿੰਘ ਦਾ ਬੜੀ ਹੀ ਬੇਰਹਿਮੀ ਨਾਲ ਉਸਦੇ ਪੇਟ ਵਿਚ ਬੋਤਲ ਮਾਰ ਕੇ ਕਤਲ ਕਰ ਦਿੱਤਾ। ਪੁਲਿਸ ਕਾਤਲਾਂ ਦੀ ਭਾਲ 'ਚ ਹੈ।

## ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਵਲੋਂ ਅਣਪਛਾਤੀਆਂ ਲਾਸ਼ਾਂ ਦਾ ਮਾਮਲੇ 'ਚ ਪੰਜਾਬ ਸਰਕਾਰ ਦੀ ਖਿਚਾਈ

**ਚੰਡੀਗੜ੍ਹ:**ਪੰਜਾਬ ਵਿਚ ਅੱਤਵਾਦ ਦੇ ਸਮੇਂ ਪੁਲੀਸ ਵਲੋਂ 'ਖਪਾਏ' ਅਣਗਿਣਤ ਵਿਅਕਤੀਆਂ ਦੀਆਂ ਲਾਸ਼ਾਂ ਦੀ ਪਛਾਣ ਦੇ ਅਮਲ ਨੂੰ ਠੰਢੇ ਬਸਤੇ ਵਿਚ ਪਾਈ ਬੈਠੀ ਪੰਜਾਬ ਸਰਕਾਰ ਦੀ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਜਵਾਬਤਲਬੀ ਕਰ ਲਈ ਹੈ। ਕਮਿਸ਼ਨ ਨੇ ਰਾਜ ਸਰਕਾਰ ਵਲੋਂ ਗਠਿਤ ਤੱਥ ਖੋਜ ਕਮੇਟੀ ਦੇ ਚੇਅਰਮੈਨ ਤੇ ਸੀਨੀਅਰ ਆਈ.ਏ.ਐਸ. ਅਧਿਕਾਰੀ ਨਵਰੀਤ ਸਿੰਘ ਕੰਗ ਨੂੰ ਇਸ ਸੰਵੇਦਨਸ਼ੀਲ ਮਾਮਲੇ ਵਿਚ ਹਲਫਨਾਮਾ ਦਾਇਰ ਕਰਨ ਦੀ ਹਦਾਇਤ ਕੀਤੀ ਹੈ। ਕਮਿਸ਼ਨ ਨੇ ਰਾਜ ਸਰਕਾਰ ਦੀ ਜਵਾਬਤਲਬੀ ਕਰਦਿਆਂ ਕਿਹਾ ਹੈ ਕਿ ਰਾਜ ਸਰਕਾਰ ਸਪੱਸ਼ਟ ਕਰੇ ਕਿ ਹੁਣ ਤਕ ਇਸ ਮਾਮਲੇ ਵਿਚ ਦੇਰੀ ਕਿਉਂ ਹੋਈ ਤੇ ਜੇਕਰ ਕਮੇਟੀ ਵਲੋਂ ਕੁਝ ਕੀਤਾ ਗਿਆ ਹੈ ਤਾਂ ਕਿਸ ਤਰ੍ਹਾਂ ਦੀ ਪ੍ਰਗਤੀ ਹੋਈ ਹੈ। ਕਮਿਸ਼ਨ ਨੇ 9 ਜੁਲਾਈ ਤਕ ਸਾਰੀ ਸਥਿਤੀ ਸਪੱਸ਼ਟ ਕਰਨ ਦੀਆਂ ਹਦਾਇਤਾਂ ਦਿੱਤੀਆਂ ਹਨ। ਮਹੱਤਵਪੂਰਨ ਤੱਥ ਇਹ ਹੈ ਕਿ ਰਾਜ ਸਰਕਾਰ ਵਲੋਂ ਗਠਿਤ ਇਹ ਕਮੇਟੀ 'ਸਿਵਿਆਂ ਦਾ ਸੱਚ' ਜਾਣਨਾ ਤਾਂ ਦੂਰ ਦੀ ਗੱਲ, ਅਜੇ ਫਾਈਲਾਂ ਦੀ 'ਧੂੜ' ਹੀ ਛਾਣ ਰਹੀ ਹੈ। ਇਸ ਕਮੇਟੀ ਨੇ ਲੋਕਾਂ ਤੇ ਅਰਜ਼ੀਆਂ ਲੈ ਕੇ ਇਨ੍ਹਾਂ ਦੀ ਮੁੱਢਲੀ ਪੜਤਾਲ ਤੋਂ ਬਾਅਦ ਮਾਮਲੇ ਨੂੰ ਅਗਾਂਹ ਨਹੀਂ ਤੋਰਿਆ।

ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀਆਂ ਹਦਾਇਤਾਂ ਤੇ ਰਾਜ ਸਰਕਾਰ ਨੇ ਨਵਰੀਤ ਸਿੰਘ ਕੰਗ ਦੀ ਅਗਵਾਈ ਹੇਠ 24 ਜੂਨ 2008 ਨੂੰ ਤੱਥ ਖੋਜ ਕਮੇਟੀ ਦਾ ਗਠਨ ਕੀਤਾ ਸੀ। ਇਸ ਕਮੇਟੀ ਦਾ ਕਨਵੀਨਰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਕਾਹਨ ਸਿੰਘ ਪੰਨੂ ਨੂੰ ਥਾਪਿਆ ਗਿਆ ਸੀ। ਸੇਵਾ ਮੁਕਤ ਜ਼ਿਲ੍ਹਾ ਤੇ ਸੈਸ਼ਨ ਜੱਜ ਕੇ.ਕੇ. ਗਰਗ ਅਤੇ ਡੀ.ਆਈ.ਜੀ. ਪੁਲੀਸ (ਅੰਮ੍ਰਿਤਸਰ ਰੇਂਜ) ਵੀ ਇਸ ਕਮੇਟੀ ਦੇ ਮੈਂਬਰ ਨਾਮਜ਼ਦ ਕੀਤੇ ਗਏ ਸਨ। ਕਮਿਸ਼ਨ ਦੀਆਂ ਸਪੱਸ਼ਟ ਹਦਾਇਤਾਂ ਸਨ ਕਿ ਜਦੋਂ ਕਮੇਟੀ ਕੋਲ ਸਾਰੀਆਂ ਸ਼ਿਕਾਇਤਾਂ ਪਹੁੰਚ ਜਾਂਦੀਆਂ ਹਨ ਤਾਂ ਇਨ੍ਹਾਂ ਦੀ ਪੜਤਾਲ ਕਰਕੇ 4 ਹਫਤਿਆਂ ਵਿਚ ਮੁਕੰਮਲ ਰਿਪੋਰਟ ਕਮਿਸ਼ਨ ਨੂੰ ਸੌਂਪੀ ਜਾਵੇ। ਹੈਰਾਨੀ ਵਾਲੀ ਗੱਲ ਇਹ ਹੈ ਕਿ ਕਮੇਟੀ ਦੇ ਗਠਨ ਨੂੰ ਹੋਇਆਂ ਦੋ ਸਾਲ ਹੋ ਗਏ ਹਨ ਪਰ ਕਮੇਟੀ ਵਲੋਂ ਕਮਿਸ਼ਨ ਨੂੰ ਰਿਪੋਰਟ ਸੌਂਪਣੀ ਤਾਂ ਦੂਰ ਦੀ ਗੱਲ ਸਗੋਂ ਇਹ ਖੁਦ ਹੀ ਕਿਸੇ ਮੁੱਢਲੇ ਸਿੱਟੇ 'ਤੇ ਵੀ ਨਹੀਂ ਪਹੁੰਚੀ। ਮਾਮਲਾ ਸਿਰਫ ਮੀਟਿੰਗਾਂ ਤਕ ਹੀ ਸਿਮਟ ਕੇ ਰਹਿ ਗਿਆ। ਇਸ ਮਾਮਲੇ 'ਚ ਸਰਕਾਰ ਦਾ ਰਵੱਈਆ ਵੀ ਨਾਂਹਪੱਖੀ ਰਿਹਾ।

ਪੁਲੀਸ ਵਲੋਂ 900 ਤੋਂ ਵੱਧ ਮਾਮਲਿਆਂ ਵਿਚ ਵੈਰੀਫਿਕੇਸ਼ਨ ਕਰਨ ਤੋਂ ਬਾਅਦ ਅਗਲੀ ਪੜਤਾਲ ਦਾ ਕੰਮ ਕਮੇਟੀ ਦੇ ਮੈਂਬਰ ਤੇ ਸੇਵਾ ਮੁਕਤ ਸੈਸ਼ਨ ਜੱਜ ਸ੍ਰੀ ਗਰਗ ਨੂੰ ਸੌਂਪਿਆ ਗਿਆ ਸੀ ਪਰ ਸ੍ਰੀ ਗਰਗ ਦੀ ਇਸੇ ਸਾਲ 6 ਜਨਵਰੀ ਨੂੰ ਮੌਤ ਹੋ ਗਈ। ਇਸ ਤੋਂ ਬਾਅਦ ਤਾਂ ਨਵਰੀਤ ਸਿੰਘ ਕੰਗ ਨੇ ਵੀ ਸਰਕਾਰ ਨੂੰ ਲਿਖਤੀ ਰੂਪ ਵਿਚ ਬੇਨਤੀ ਕੀਤੀ ਸੀ ਕਿ ਉਸ ਨੂੰ ਤੱਥ ਖੋਜ ਕਮੇਟੀ ਦੇ ਮੁਖੀ ਦੇ ਜ਼ਿੰਮੇਵਾਰੀ ਤੋਂ ਲਾਂਭੇ ਕਰਕੇ ਕਿਸੇ ਆਜ਼ਾਦ ਜਾਂ ਸੇਵਾ ਮੁਕਤ ਅਧਿਕਾਰੀ ਨੂੰ ਇਹ ਜ਼ਿੰਮੇਵਾਰੀ ਸੌਂਪੀ ਜਾਵੇ।

## ਪੰਜਾਬ ਭਵਨ ਵਾਲੇ ਕਮਰੇ ਨਹੀਂ ਛੱਡ ਰਹੇ ਕਾਂਗਰਸੀ

**ਚੰਡੀਗੜ੍ਹ :** ਪੰਜਾਬ ਦੇ 6 ਕਾਂਗਰਸੀ ਸੰਸਦ ਮੈਂਬਰ ਜਿਨ੍ਹਾਂ 'ਚ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਮਹਿੰਦਰ ਸਿੰਘ ਕੇ.ਪੀ., ਪ੍ਰਤਾਪ ਸਿੰਘ ਬਾਜਵਾ, ਰਵਨੀਤ ਸਿੰਘ ਬਿੱਟੂ, ਮਨੀਸ਼ ਤਿਵਾੜੀ, ਵਿਜੇ ਇੰਦਰ ਸਿੰਗਲਾ ਅਤੇ ਸੰਤੋਸ਼ ਚੌਧਰੀ ਸ਼ਾਮਿਲ ਹਨ, ਦਿੱਲੀ 'ਚ ਸਰਕਾਰੀ ਰਿਹਾਇਸ਼ੀ ਕੋਠੀਆਂ ਮਿਲਣ ਦੇ ਬਾਵਜੂਦ ਪੰਜਾਬ ਭਵਨ 'ਚ ਕਮਰਿਆਂ 'ਤੇ ਆਪਣਾ ਕਬਜ਼ਾ ਜਮਾਈ ਬੈਠੇ ਹਨ। ਇਨ੍ਹਾਂ ਨੂੰ ਕਈ ਵਾਰ ਕਮਰੇ ਖਾਲੀ ਕਰਨ ਲਈ ਰਾਜ ਸਰਕਾਰ ਵਲੋਂ ਕਿਹਾ ਜਾ ਚੁੱਕਾ ਹੈ ਪਰ ਉਹ ਕਮਰੇ ਛੱਡਣ ਨੂੰ ਤਿਆਰ ਨਹੀਂ ਹਨ। ਇਸ ਕਾਰਨ ਪੰਜਾਬ ਸਰਕਾਰ ਕਾਫੀ ਖਫਾ ਦਿਖਾਈ ਦੇ ਰਹੀ ਹੈ।

ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਇਹ ਤਾਂ ਉਥੇ ਘੱਟ ਹੀ ਰਹਿੰਦੇ ਹਨ, ਜਦਕਿ ਹੋਰ ਲੋਕ ਉਥੇ ਰਹਿ ਰਹੇ ਹਨ। ਇਨ੍ਹਾਂ ਕਮਰਿਆਂ ਦੀਆਂ ਚਾਬੀਆਂ ਵੀ ਉਨ੍ਹਾਂ ਆਪਣੇ ਕੋਲ ਰੱਖੀਆਂ ਹੋਈਆਂ ਹਨ। ਰਾਜ ਸਰਕਾਰ ਇਨ੍ਹਾਂ ਸਾਰਿਆਂ ਨੂੰ ਕਈ ਵਾਰ ਪੱਤਰ ਲਿਖ ਚੁੱਕੀ ਹੈ ਕਿ ਕਮਰੇ ਖਾਲੀ ਕੀਤੇ ਜਾਣ ਪਰ ਉਹ ਕਮਰੇ ਖਾਲੀ ਨਹੀਂ ਕਰ ਰਹੇ। ਸੂਤਰਾਂ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਪ੍ਰਕਾਸ਼





ਸਿੰਘ ਬਾਦਲ ਨੇ ਵੀ ਉਨ੍ਹਾਂ ਨੂੰ ਕਮਰੇ ਖਾਲੀ ਕਰਨ ਲਈ ਕਿਹਾ ਹੈ ਕਿ ਜਦੋਂ ਤੁਹਾਨੂੰ ਕਦੇ ਜ਼ਰੂਰਤ ਪਵੇਗੀ ਤਾਂ ਕਮਰਾ ਦੇ ਦਿੱਤਾ ਜਾਵੇਗਾ।

ਇਸ ਮਾਮਲੇ 'ਚ ਜਦੋਂ ਮਹਿੰਦਰ ਸਿੰਘ ਕੇ.ਪੀ. ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਗੁੱਸੇ ਭਰੇ ਲਹਿਜ਼ੇ ਚ ਕਿਹਾ ਕਿ 'ਤੁਸੀਂ ਕੀ ਲੈਣਾ ਹੈ ਮੇਰੇ ਕਮਰੇ ਤੋਂ, ਮੈਂ ਸਰਕਾਰ ਨੂੰ ਜਵਾਬ ਦੇ ਦੇਵਾਂਗਾ'। ਦੂਜੇ ਪਾਸੇ ਜਦੋਂ ਪ੍ਰਤਾਪ ਸਿੰਘ ਬਾਜਵਾ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਉਹ ਇਕ ਹਫਤੇ 'ਚ ਇਹ ਕਮਰਾ ਛੱਡ ਦੇਣਗੇ ਕਿਉਂਕਿ ਉਨ੍ਹਾਂ ਦੀ ਕੋਠੀ ਪੂਰੀ ਤਰ੍ਹਾਂ ਤਿਆਰ ਹੋ ਚੁੱਕੀ ਹੈ। ਜਦੋਂ ਸੰਤੋਸ਼ ਚੌਧਰੀ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਬਤੌਰ ਐਮ.ਪੀ. ਸਰਕਾਰੀ ਰਿਹਾਇਸ਼ ਨਹੀਂ ਲਈ ਹੈ, ਇਸ ਲਈ ਉਹ ਪੰਜਾਬ ਭਵਨ 'ਚ ਰਹਿ ਰਹੀ ਹੈ। ਉਹ ਹੋਰ ਸੰਸਦ ਮੈਂਬਰਾਂ ਦੀ ਤਰ੍ਹਾਂ ਬਿਜਲੀ-ਪਾਣੀ ਦਾ ਖਰਚਾ ਨਹੀਂ ਲੈਣਾ ਚਾਹੁੰਦੀ। ਇਸ ਮਾਮਲੇ 'ਚ ਰਵਨੀਤ ਬਿੱਟੂ, ਮਨੀਸ਼ ਤਿਵਾੜੀ ਤੇ ਵਿਜੇਇੰਦਰ ਸਿੰਗਲਾ ਨਾਲ ਸੰਪਰਕ ਨਹੀਂ ਹੋ ਸਕਿਆ। ਇਸ ਮਾਮਲੇ 'ਚ ਜਦੋਂ ਮੁੱਖ ਸਕੱਤਰ ਐਸ.ਸੀ. ਅਗਰਵਾਲ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਨ੍ਹਾਂ ਸੰਸਦ ਮੈਂਬਰਾਂ ਨੂੰ ਕਈ ਵਾਰ ਕਮਰੇ ਖਾਲੀ ਕਰਨ ਲਈ ਲਿਖਿਆ ਗਿਆ ਹੈ ਪਰ ਉਹ ਕਮਰੇ ਛੱਡਣ ਲਈ ਤਿਆਰ ਨਹੀਂ। ਜਦੋਂ ਕਿ ਹੁਣ ਤਾਂ ਉਨ੍ਹਾਂ ਨੂੰ ਸਰਕਾਰੀ ਰਿਹਾਇਸ਼ ਵੀ ਮਿਲ ਗਈ ਹੈ।

## ਜਸਵੰਤ ਸਿੰਘ ਕੰਵਲ ਦਾ ਸੋਨ ਤਮਗੇ ਨਾਲ ਸਨਮਾਨ

### ਢੁੱਡੀਕੇ ਵਿਖੇ ਮਨਾਇਆ 91ਵਾਂ ਜਨਮ ਦਿਨ



**ਮੋਗਾ:**ਪੰਜਾਬੀ ਦੇ ਪਸਿੱਧ ਵਿਦਵਾਨ, ਸਾਹਿਤਕਾਰ ਅਤੇ ਨਾਵਲਕਾਰ ਜਸਵੰਤ ਸਿੰਘ ਕੰਵਲ ਨੂੰ ਉਨ੍ਹਾਂ ਦੇ 91ਵੇਂ ਜਨਮ ਦਿਨ ਮੌਕੇ ਬੀਤੀ 30 ਜੂਨ ਨੂੰ ਪਿੰਡ ਢੁੱਡੀਕੇ ਵਿਖੇ ਗ੍ਰਾਮ ਪੰਚਾਇਤ, ਪਿੰਡ ਦੀਆਂ ਕਲੱਬਾਂ, ਸਮਾਜ ਸੇਵੀ ਸੰਸਥਾਵਾਂ ਅਤੇ ਪੰਜਾਬ ਦੀਆਂ ਵੱਖ-ਵੱਖ ਸਾਹਿਤਕ ਸਭਾਵਾਂ ਵਲੋਂ ਸੋਨ ਤਮਗੇ ਨਾਲ ਸਨਮਾਨਿਤ ਕੀਤਾ ਗਿਆ। ਪੰਜਾਬੀ ਲੇਖਕ ਮੰਚ ਵਲੋਂ ਕਰਵਾਏ ਇਸ ਸਮਾਗਮ ਦੀ ਪ੍ਰਧਾਨਗੀ ਡਾ. ਤੇਜਵੰਤ ਮਾਨ, ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ, ਪਵਨ ਹਰਚੰਦਪੁਰੀ, ਰਜਿੰਦਰ ਪ੍ਰਦੇਸੀ, ਅਸ਼ੋਕ ਚਟਾਨੀ, ਸੁਰਜੀਤ ਸਿੰਘ ਕਾਉਂਕੇ, ਸਰਪੰਚ ਜਗਤਾਰ ਸਿੰਘ ਧਾਲੀਵਾਲ ਹਰਬੰਸ ਸਿੰਘ ਅਤੇ ਸਤਿਨਾਮ ਸਿੰਘ ਸੰਦੇਸ਼ੀ ਨੇ ਕੀਤੀ।

ਮਾਸਟਰ ਗੁਰਚਰਨ ਸਿੰਘ ਨੇ ਆਏ ਪਤਵੰਤਿਆਂ, ਬੁੱਧੀਜੀਵੀਆਂ ਨੂੰ 'ਜੀ ਆਇਆਂ' ਆਖਿਆ। ਕੰਵਲ ਦੇ ਨਾਵਲਾਂ 'ਤੇ ਹੋਈ ਵਿਚਾਰ-ਚਰਚਾ ਵਿਚ ਡਾ. ਤੇਜਵੰਤ ਮਾਨ, ਪਵਨ ਹਰਚੰਦਪੁਰੀ, ਰਜਿੰਦਰ ਰਾਹੀ, ਪ੍ਰੋ. ਸੁਹੇਲ ਸਿੰਘ ਤੇ ਸਤਿਨਾਮ ਸਿੰਘ ਸੰਦੇਸ਼ੀ ਨੇ ਵਿਚਾਰ ਪ੍ਰਗਟਾਏ। ਇਸ ਮੌਕੇ ਸੰਬੋਧਨ ਕਰਦਿਆਂ ਡਾ. ਤੇਜਵੰਤ ਮਾਨ ਨੇ ਕਿਹਾ ਕਿ ਜਸਵੰਤ ਸਿੰਘ ਕੰਵਲ ਨੇ ਹਮੇਸ਼ਾਂ ਹੀ ਪੰਜਾਬ ਦੇ ਦਰਦ ਨੂੰ ਨਜ਼ਦੀਕ ਹੋ ਕੇ ਵਾਚਿਆ ਹੈ ਅਤੇ ਪੰਜਾਬੀ, ਪੰਜਾਬੀਅਤ ਦੀ ਗੱਲ ਕਰਨ ਲੱਗਿਆਂ ਕਦੇ ਵੀ ਕੋਈ ਝਿਜਕ ਨਹੀਂ ਮੰਨੀ। ਉਨ੍ਹਾਂ ਕਿਹਾ ਕਿ ਆਧੁਨਿਕ ਪੰਜਾਬੀ ਨਾਵਲ ਨੂੰ ਦਸ਼ਾ ਤੇ ਦਿਸ਼ਾ ਪ੍ਰਦਾਨ ਕਰਨ 'ਚ ਜਸਵੰਤ ਸਿੰਘ ਕੰਵਲ ਦਾ ਨਾਂਅ ਮੋਹਰੀ ਕਤਾਰ ਵਿਚ ਆਉਂਦਾ ਹੈ। ਇਸ ਮੌਕੇ ਹਰਪ੍ਰੀਤ ਮੋਗਾ, ਸੁਰਜੀਤ ਸਿੰਘ, ਐਸਪ੍ਰੀਤ, ਬਿਪਨਜੀਤ ਵਲੋਂ ਗੀਤ ਸੁਣਾਏ ਗਏ।

ਨਾਵਲਕਾਰ ਜਸਵੰਤ ਸਿੰਘ ਕੰਵਲ ਨੂੰ ਪਿੰਡ ਵਾਸੀਆਂ ਵਲੋਂ ਸੋਨ ਤਮਗਾ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਕੇਂਦਰੀ ਪੰਜਾਬੀ ਲੇਖਕ ਸਭਾ, ਸਾਹਿਤ ਸਭਾ ਜਗਰਾਉਂ, ਨਵਰਾਹੀ ਘੁਗਿਆਣਵੀ, ਪਿੰਡ ਦੀਆਂ ਵੱਖ-ਵੱਖ ਕਲੱਬਾਂ ਵਲੋਂ ਵੀ ਕੰਵਲ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਇਕ ਕਵੀ ਦਰਬਾਰ ਵੀ ਕਰਵਾਇਆ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਜਸਵੰਤ ਸਿੰਘ ਕੰਵਲ ਨੇ ਪੰਜਾਬ ਅੰਦਰ ਪੈਦਾ ਹੋਈਆਂ ਸਮੱਸਿਆਵਾਂ ਲਈ ਸਮੇਂ ਦੀਆਂ ਸਰਕਾਰਾਂ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਪੰਜਾਬੀਆਂ ਦੀ ਹਾਲਤ 'ਤੇ ਚਿੰਤਾ ਪ੍ਰਗਟ ਕੀਤੀ। ਸਰਪੰਚ ਜਗਤਾਰ ਸਿੰਘ ਧਾਲੀਵਾਲ ਨੇ ਧੰਨਵਾਦ ਦੇ ਸ਼ਬਦ ਕਹੇ।

## 'ਉਲਟੇ ਰੁਖ਼ ਪਰਵਾਜ਼' ਭਰਦੀ ਹੈ ਖਟਕੜ ਦੀ ਕਵਿਤਾ

**ਚੰਡੀਗੜ੍ਹ :** ਸਾਹਿਤ ਚਿੰਤਨ, ਚੰਡੀਗੜ੍ਹ ਵਲੋਂ ਇਥੇ ਸੈਕਟਰ 35 ਵਿਚ ਪ੍ਰਾਚੀਨ ਕਲਾ ਕੇਂਦਰ ਵਿਖੇ ਬੀਤੀ 4 ਜੁਲਾਈ ਨੂੰ ਵਿਦਰੋਹੀ ਸ਼ਾਇਰ ਤੇ ਸਿਆਸਤਦਾਨ ਦਰਸ਼ਨ ਖਟਕੜ ਦੀ ਨਵੀਂ ਛਪੀ ਕਾਵਿ ਪੁਸਤਕ 'ਉਲਟੇ ਰੁਖ਼ ਪਰਵਾਜ਼' ਬਾਰੇ ਗੋਸ਼ਟੀ ਕਰਵਾਈ ਗਈ। ਇਸ ਮੌਕੇ ਮੁੱਖ ਭਾਸ਼ਣ ਡਾ. ਗੁਰਇਕਬਾਲ ਸਿੰਘ (ਲੁਧਿਆਣਾ) ਨੇ ਦਿੱਤਾ।

ਡਾ. ਗੁਰਇਕਬਾਲ ਸਿੰਘ ਨੇ ਕਿਹਾ ਕਿ ਦਰਸ਼ਨ ਖਟਕੜ ਦੀ ਇਹ ਪੁਸਤਕ ਭਾਵੇਂ ਪਹਿਲੀ ਪੁਸਤਕ 'ਸੰਗੀ ਸਾਥੀ' (1973) ਤੋਂ 37 ਸਾਲ ਬਾਅਦ ਛਪੀ ਹੈ ਪਰ ਇਸ ਵਿਚ 'ਸੰਗੀ ਸਾਥੀ' ਵਾਲੀ ਲਗਾਤਾਰਤਾ ਹੈ। ਨਵੀਂ ਪੁਸਤਕ ਵਿਚ ਵੀ ਤਬਦੀਲੀ ਦੀ ਤਾਂਘ ਉਛਾਲੇ ਮਾਰ ਰਹੀ ਹੈ। ਇਹ ਖੜੋਤ ਨੂੰ ਭੰਨਦੀ-ਤੋੜਦੀ ਹੈ ਅਤੇ ਸਥਾਪਤੀ ਖਿਲਾਫ ਤਿੱਖਾ ਵਿਦਰੋਹ ਹੈ। ਉਹ ਆਪਣੇ ਸਮੇਂ ਦੇ ਸੱਚ ਨੂੰ ਸਮਝ ਕੇ ਪਰੰਪਰਾ ਦੀ ਛਾਂਗ-ਛਗਾਂਈ ਵੀ ਨਾਲੋ-ਨਾਲ ਕਰਦਾ ਜਾਂਦਾ ਹੈ। ਇਸ ਕਰਕੇ ਉਹ ਬਾਬਾ ਦੀਪ ਸਿੰਘ ਨੂੰ ਯਾਰ ਦੀਪ ਸਿੰਘ ਲਿਖਦਾ ਹੈ।

ਪ੍ਰੋ. ਐਚ.ਐਸ. ਮਹਿਤਾ ਨੇ ਕਿਹਾ ਕਿ ਦਰਸ਼ਨ ਦੀ ਕਵਿਤਾ ਸਿਆਸੀ ਕਵਿਤਾ ਹੈ। ਸ਼ਾਇਰ ਸੁਰਿੰਦਰ ਗਿੱਲ ਨੇ ਕਿਹਾ ਕਿ ਦਰਸ਼ਨ ਨਵੀਂ ਪੁਸਤਕ ਵਿਚ ਪਹਿਲਾਂ ਦੇ ਮੁਕਾਬਲੇ ਨਵਾਂ ਅੰਦਾਜ਼ ਤੇ ਬੋਲੀ ਲੈ ਕੇ ਆਇਆ ਹੈ। ਸ਼ਬਦੀਸ਼ ਨੇ ਕਵਿਤਾ ਦੇ ਪ੍ਰਸੰਗ ਵਿਚ ਮਾਰਕਸਵਾਦ ਤੇ ਹਿੰਸਾ ਦੇ ਰਿਸ਼ਤੇ ਦੀ ਗੱਲ ਕੀਤੀ। ਡਾ. ਪ੍ਰੇਮ ਸਿੰਘ ਨੇ ਕਿਹਾ ਕਿ ਚੰਗੀ ਕਵਿਤਾ ਲੋਕਾਂ ਨੂੰ ਨਾਲ ਤੋਰਨ ਦੇ ਸਮਰੱਥ ਹੁੰਦੀ ਹੈ ਪਰ ਇਸ ਪੁਸਤਕ ਵਿਚ ਵਿਚਾਰਧਾਰਾ ਤੇ ਕਵਿਤਾ ਦਾ ਸਹੀ ਮਿਸ਼ਰਣ ਨਹੀਂ ਹੋਇਆ। ਇਸ ਮੌਕੇ ਪ੍ਰੋ. ਅਜਮੇਰ ਸਿੰਘ, ਪ੍ਰੀਤਮ ਸਿੰਘ, ਦਿਲਬੀਰ ਕੌਰ, ਸਵਰਨਜੀਤ ਕੌਰ ਮਹਿਤਾ, ਡਾ. ਰੌਣਕੀ ਰਾਮ ਨੇ ਵੀ ਸੰਬੋਧਨ ਕੀਤਾ। ਦਰਸ਼ਨ ਖਟਕੜ ਦੀ ਬੇਟੀ ਰੁਪੇਸ਼ਵਰ ਕੌਰ ਨੇ ਦਰਸ਼ਨ ਖਟਕੜ ਦੀ ਭਰੂਣ ਹੱਤਿਆ ਖਿਲਾਫ ਗਜ਼ਲ ਤਰੰਨਮ ਵਿਚ ਸੁਣਾਈ। ਇਸ ਮੌਕੇ ਦਰਸ਼ਨ ਖਟਕੜ ਨੇ ਆਪਣੀ ਕਵਿਤਾ ਦੇ ਸਰੋਕਾਰਾਂ ਬਾਰੇ ਗੱਲ ਕੀਤੀ। ਉਨ੍ਹਾਂ ਕਿਹਾ ਕਿ ਇਨਕਲਾਬ ਦਾ ਸੁਨੇਹਾ ਸਿੱਧਾ ਸਮਾਜਵਾਦ ਦੇ ਰੂਪ ਵਿਚ ਨਹੀਂ ਆਉਂਦਾ। ਹਾਲਾਤ ਮੁਤਾਬਕ ਗੱਲ ਅਗਾਂਹ ਤੋਰੀ ਜਾਂਦੀ ਹੈ। ਉਨ੍ਹਾਂ ਨਵੀਂ ਪੁਸਤਕ ਵਿਚੋਂ ਆਪਣੀਆਂ ਕਵਿਤਾਵਾਂ ਵੀ ਸੁਣਾਈਆਂ। ਪ੍ਰਧਾਨਗੀ ਭਾਸ਼ਣ ਦੌਰਾਨ ਕਹਾਣੀਕਾਰ ਮੋਹਨ ਭੰਡਾਰੀ ਨੇ ਕਿਹਾ ਕਿ ਸਰਕਾਰਾਂ ਨੇ ਲੋਕਾਂ ਨੂੰ ਦੁੱਖ ਹੀ ਦੁੱਖ ਦਿੱਤੇ ਹਨ। ਦਰਸ਼ਨ ਦੀ ਕਵਿਤਾ ਸਚਮੁੱਚ ਉਲਟੇ ਰੁਖ਼ ਪਰਵਾਜ਼ ਭਰਦੀ ਹੈ।

## ਅਨੰਦ ਮੈਰਿਜ ਐਕਟ ਬਣਾਏਗੀ ਸਰਕਾਰ -ਹੰਸਪਾਲ

**ਕਪੂਰਥਲਾ:**ਕੌਮੀ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਐਚ.ਐਸ. ਹੰਸਪਾਲ ਨੇ ਕਿਹਾ ਕਿ ਕੇਂਦਰ ਸਰਕਾਰ ਅਨੰਦ ਮੈਰਿਜ ਐਕਟ ਬਣਾਉਣ ਲਈ ਤਿਆਰ ਹੈ। ਕੇਂਦਰ ਸਰਕਾਰ ਨੇ ਕੁਝ ਸੁਝਾਅ ਮੰਗੇ ਸਨ, ਜਿਹੜੇ ਭੇਜ ਦਿੱਤੇ ਗਏ ਹਨ। ਹੁਣ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਹੱਥ ਵਿਚ ਹੈ ਕਿ ਉਹ ਕਦੋਂ ਇਸ ਉਪਰ ਸਹੀ ਪਾਉਂਦੀ ਹੈ, ਉਸ ਤੋਂ ਬਾਅਦ ਇਹ ਐਕਟ ਬਣ ਜਾਵੇਗਾ।

ਕਾਲੀ ਸੂਚੀ ਬਾਰੇ ਸ. ਹੰਸਪਾਲ ਨੇ ਕਿਹਾ ਕਿ ਕਾਲੀ ਸੂਚੀ ਵਿਚੋਂ ਸਿੱਖ ਨੌਜਵਾਨਾਂ ਦੇ ਨਾਮ ਕਢਵਾਉਣ ਲਈ ਉਨ੍ਹਾਂ ਵਲੋਂ ਯਤਨ ਕੀਤੇ ਜਾਣਗੇ। ਇਸ ਸਬੰਧੀ ਉਹ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੂੰ ਮਿਲਣਗੇ। ਐਚ.ਐਸ. ਹੰਸਪਾਲ ਨੇ ਬੀਤੀ 30 ਜੂਨ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਕ ਸਵਾਲ ਦੇ ਜਵਾਬ ਵਿਚ ਦਸਿਆ ਕਿ ਸਿੱਖ ਕਤਲੇਆਮ ਦੇ ਪੀੜਤਾਂ ਦੇ ਦੁੱਖ ਨੂੰ ਕਿਸੇ ਤਰ੍ਹਾਂ ਵੀ ਘੱਟ ਤਾਂ ਨਹੀਂ ਕੀਤਾ ਜਾ ਸਕਦਾ ਪਰ ਸਰਕਾਰ ਨੇ ਉਨ੍ਹਾਂ ਨੂੰ ਮਿਲਣ ਵਾਲੀ ਆਰਥਕ ਸਹਾਇਤਾ 10 ਗੁਣਾ ਵਧਾ ਦਿਤੀ ਹੈ। ਉਨ੍ਹਾਂ ਨੇ ਪੰਜਾਬ ਸਰਕਾਰ ਵਲੋਂ ਸੁਲਤਾਨਪੁਰ ਲੋਧੀ ਨੂੰ ਪਵਿੱਤਰ ਸ਼ਹਿਰ ਐਲਾਨਣ ਦਾ ਸਵਾਗਤ ਕੀਤਾ।

## ਨੇਪਾਲ ਦੇ ਪ੍ਰਧਾਨ ਮੰਤਰੀ ਮਾਧਵ ਨੇਪਾਲ ਵਲੋਂ ਅਸਤੀਫ਼ਾ

**ਕਾਠਮੰਡੂ :** ਸੰਕਟਾਂ ਦਾ ਸਾਹਮਣਾ ਕਰ ਰਹੇ ਨੇਪਾਲ ਦੇ ਪ੍ਰਧਾਨ ਮੰਤਰੀ ਮਾਧਵ ਕੁਮਾਰ ਨੇਪਾਲ ਨੇ ਮਾਓਵਾਦੀਆਂ ਦੇ ਭਾਰੀ ਦਬਾਅ ਅੱਗੇ ਗੋਡੇ ਟੇਕਦਿਆਂ ਬੀਤੀ 30 ਜੂਨ ਨੂੰ ਟੀ ਵੀ 'ਤੇ ਕੌਮ ਦੇ ਨਾਂ ਸੰਬੋਧਨ 'ਚ ਆਪਣਾ ਅਸਤੀਫ਼ਾ ਦੇਣ ਦਾ ਐਲਾਨ ਕਰ ਦਿੱਤਾ। ਸੱਤਾਧਾਰੀ ਗੱਠਜੋੜ ਦੇ ਸੀਨੀਅਰ ਆਗੂਆਂ ਨਾਲ ਗੱਲਬਾਤ ਤੋਂ ਬਾਅਦ ਆਪਣੇ ਅਸਤੀਫ਼ੇ ਦਾ ਐਲਾਨ ਕਰਦਿਆਂ ਸ੍ਰੀ ਮਾਧਵ ਨੇ ਕਿਹਾ, "ਆਮ ਸਹਿਮਤੀ ਲਈ ਤੇ ਮੌਜੂਦਾ ਸਿਆਸੀ ਗਤੀਰੋਧ ਨੂੰ ਖ਼ਤਮ ਕਰਨ ਲਈ ਮੈਂ ਆਪਣੇ ਅਸਤੀਫ਼ੇ ਦਾ ਐਲਾਨ ਕਰਦਾ ਹਾਂ।" ਉਨ੍ਹਾਂ ਨਾਲ ਹੀ ਕਿਹਾ ਕਿ ਮੈਨੂੰ ਭਰੋਸਾ ਹੈ ਕਿ ਮੇਰੇ ਅਸਤੀਫ਼ੇ ਤੋਂ ਬਾਅਦ ਮਾਓਵਾਦੀ ਸ਼ਾਂਤੀ ਪ੍ਰਕਿਰਿਆ ਸਬੰਧੀ ਕੀਤੇ ਆਪਣੇ ਵਾਅਦੇ ਨੂੰ ਪੂਰਾ ਕਰਨਗੇ।

ਮਾਧਵ ਕੁਮਾਰ ਨੇ ਆਪਣੇ ਸੰਬੋਧਨ 'ਚ ਜੋ ਸੰਕੇਤ ਦਿੱਤਾ, ਉਸ ਦਾ ਅਰਥ ਸੀ ਕਿ ਮਾਓਵਾਦੀ ਕਬਜ਼ੇ 'ਚ ਕੀਤੀ ਸੰਪਤੀ ਵਾਪਸ ਦੇਣ, ਆਪਣੇ ਅਰਧ ਸੈਨਿਕ ਸੰਗਠਨ ਯੰਗ ਕਮਿਊਨਿਸਟ ਲੀਗ ਨੂੰ ਭੰਗ ਕਰਨ ਅਤੇ ਸਾਬਕਾ ਲੜਾਕਿਆਂ 'ਤੇ ਪਾਬੰਦੀ ਲਗਾਉਣ। ਆਪਣੇ ਸੰਬੋਧਨ 'ਚ ਉਨ੍ਹਾਂ ਇਹ ਵੀ ਸ਼ਿਕਾਇਤ ਕੀਤੀ ਕਿ ਮਾਓਵਾਦੀਆਂ ਵਲੋਂ ਸਹਿਯੋਗ ਨਾ ਮਿਲਣ ਕਾਰਨ ਸ਼ਾਂਤੀ ਪ੍ਰਕਿਰਿਆ ਪ੍ਰਭਾਵਿਤ ਹੋ ਰਹੀ ਹੈ। ਜ਼ਿਕਰਯੋਗ ਹੈ ਕਿ ਮਾਓਵਾਦੀਆਂ ਨੇ ਬੀਤੀ 28 ਮਈ ਨੂੰ ਸੰਵਿਧਾਨ ਸਭਾ ਦਾ ਕਾਰਜਕਾਲ ਵਧਾਉਣ ਮੌਕੇ ਕੀਤੇ ਗਏ ਫ਼ੈਸਲੇ ਦੇ ਦਿਨ ਇਸ ਸਬੰਧ 'ਚ ਤਿੰਨ ਸੂਤਰੀ ਸਮਝੌਤੇ 'ਤੇ ਸਹਿਮਤੀ ਪ੍ਰਗਟਾਈ ਸੀ। ਇਸ ਸਮਝੌਤੇ ਤਹਿਤ ਮਾਧਵ ਕੁਮਾਰ ਜਲਦ ਤੋਂ ਜਲਦ ਅਸਤੀਫ਼ਾ ਦੇਣ ਲਈ ਰਾਜ਼ੀ ਹੋ ਗਏ ਸਨ। ਸੰਬੋਧਨ ਦੌਰਾਨ ਮਾਧਵ ਕੁਮਾਰ ਨੇ ਮਾਓਵਾਦੀਆਂ ਨੂੰ ਮੁੱਖ ਧਾਰਾ 'ਚ ਸ਼ਾਮਲ ਕਰਨ ਤੇ ਮੁੜ ਵਸੇਬਾ ਕੀਤੇ ਜਾਣ ਦੀ ਗੱਲ ਕਹੀ।

## ਵਰਲਡ ਸਿੱਖ ਕੌਂਸਲ ਅਮਰੀਕਾ ਵਲੋਂ ਰੋਚੈਸਟਰ ਗੁਰਦੁਆਰਾ ਟਰੱਸਟੀ ਬੋਰਡ ਦੀ ਆਲੋਚਨਾ

**ਨਿਊਯਾਰਕ :** ਵਰਲਡ ਸਿੱਖ ਕੌਂਸਲ ਅਮਰੀਕਾ ਨੇ ਰੋਚੈਸਟਰ ਗੁਰਦੁਆਰਾ ਦੇ ਟਰੱਸਟੀ ਬੋਰਡ ਦੀ ਨੁਕਤਾਚੀਨੀ ਕਰਦਿਆਂ ਦੋਸ਼ ਲਗਾਇਆ ਕਿ ਉਨ੍ਹਾਂ ਮੈਨੇਜਮੈਂਟ ਦੇ ਅੰਦਰੂਨੀ ਝਗੜੇ ਵਿਚ ਜਿੱਤ ਅਤੇ ਗੁਰਦੁਆਰੇ ਵਿਚ ਅੰਮ੍ਰਿਤਧਾਰੀਆਂ ਦੇ ਦਾਖਲੇ ਦੀ ਪ੍ਰਕਿਰਿਆ ਰੁਕਵਾਉਣ ਦੇ ਮਕਸਦ ਨਾਲ ਆਪਣੇ ਕਾਨੂੰਨੀ ਹਿੱਤਾਂ ਦੀ ਪੂਰਤੀ ਲਈ ਅਦਾਲਤ ਵਿਚ ਕਿਰਪਾਨ ਦੀ ਕਦਰ ਘਟਾਉਣ ਦੀ ਕੋਝੀ ਚਾਲ ਚੱਲੀ।

ਜ਼ਿਕਰਯੋਗ ਹੈ ਕਿ ਗੁਰਦੁਆਰੇ ਵਿਚ ਉਦੋਂ ਤੱਕ ਅੰਮ੍ਰਿਤਧਾਰੀਆਂ ਦੇ ਦਾਖਲੇ 'ਤੇ ਪਾਬੰਦੀ ਲੱਗੀ ਹੋਈ ਹੈ, ਜਦੋਂ ਤਕ ਕਿ ਮਾਮਲਾ ਅਦਾਲਤ ਵਿਚ ਜ਼ੇਰੇ ਗੌਰ ਹੈ। ਵਰਲਡ ਸਿੱਖ ਕੌਂਸਲ ਅਮਰੀਕਾ ਖੇਤਰ ਦੇ ਸਕੱਤਰ ਜਨਰਲ ਮਨਮੋਹਨ ਸਿੰਘ ਨੇ ਕਿਹਾ ਕਿ ਜਿਹੜੀ ਵੀ ਸਿੱਖ ਸੰਸਥਾ ਆਪਣੇ ਭਵਨ ਵਿਚ 5 ਕਕਾਰਾਂ ਦੀ ਆਗਿਆ ਨਹੀਂ ਦਿੰਦੀ, ਉਸਨੂੰ ਗੁਰਦੁਆਰਾ ਨਹੀਂ ਕਿਹਾ ਜਾ ਸਕਦਾ।

ਜ਼ਿਕਰਯੋਗ ਹੈ ਕਿ ਉਕਤ ਗੁਰਦੁਆਰੇ ਦੇ ਟਰੱਸਟੀ ਬੋਰਡ ਵਲੋਂ ਅਦਾਲਤ ਵਿਚ ਦਾਇਰ ਪਟੀਸ਼ਨ 'ਤੇ ਨਿਊਯਾਰਕ ਸਟੇਟ ਦੇ ਸੁਪਰੀਮ ਕੋਰਟ (ਕਾਊਂਟੀ ਆਫ ਮੋਨਰੋਈ) ਦੇ ਜਸਟਿਸ ਕੈਨੀਥ ਫਿਸ਼ਰ ਨੇ 10 ਜੂਨ 2010 ਨੂੰ ਹੁਕਮ ਦਿੱਤਾ ਸੀ ਕਿ ਜਦੋਂ ਤਕ ਝਗੜਾ ਹੱਲ ਨਹੀਂ ਹੋ ਜਾਂਦਾ, ਕੋਈ ਵੀ ਵਿਅਕਤੀ ਗੁਰਦੁਆਰੇ ਅੰਦਰ ਕਿਰਪਾਨ ਜਾਂ ਕੋਈ ਹੋਰ ਹਥਿਆਰ ਲੈ ਕੇ ਦਾਖਲ ਨਹੀਂ ਹੋ ਸਕਦਾ, ਜਿਸ ਨਾਲ ਜ਼ਖ਼ਮੀ ਹੋਣ ਦਾ ਡਰ ਹੋਵੇ।

## ਇਸ਼ਰਤ ਜਹਾਂ ਲਸ਼ਕਰ-ਏ-ਤੌਇਬਾ ਦੀ 'ਮਨੁੱਖੀ ਬੰਬ' -ਹੇਡਲੀ

**ਨਵੀਂ ਦਿੱਲੀ:** ਲਸ਼ਕਰ-ਏ-ਤੌਇਬਾ ਨਾਲ ਜੁੜੇ ਅਮਰੀਕੀ ਦਹਿਸ਼ਤਗਰਦ ਡੇਵਿਡ ਕੋਲਮੈਨ ਹੇਡਲੀ ਨੇ ਕੌਮੀ ਜਾਂਚ ਏਜੰਸੀ (ਐਨ ਆਈ ਏ) ਸਾਹਮਣੇ ਦਾਅਵਾ ਕੀਤਾ ਹੈ ਕਿ ਗੁਜਰਾਤ 'ਚ ਪੁਲਿਸ ਮੁਕਾਬਲੇ ਦੌਰਾਨ ਮਾਰੀ ਗਈ ਮੁੰਬਈ ਦੀ ਇਸ਼ਰਤ ਜਹਾਂ ਲਸ਼ਕਰ ਦੀ 'ਮਨੁੱਖੀ ਬੰਬ' ਸੀ। ਸਰਕਾਰੀ ਸੂਤਰਾਂ ਮੁਤਾਬਕ ਹੇਡਲੀ ਨੇ ਇਹ ਸੂਚਨਾ ਐਨ ਆਈ ਏ ਤੇ ਕਾਨੂੰਨ ਵਿਭਾਗ ਦੇ ਅਧਿਕਾਰੀਆਂ ਦੀ ਚਾਰ ਮੈਂਬਰੀ ਉਸ ਟੀਮ ਨੂੰ ਦਿੱਤੀ, ਜੋ ਇਸ ਸਮੇਂ ਅਮਰੀਕਾ ਦੇ ਸ਼ਿਕਾਗੋ ਸ਼ਹਿਰ 'ਚ ਹੈ। ਮਿਲੀ ਜਾਣਕਾਰੀ ਮੁਤਾਬਕ ਹੇਡਲੀ ਨੇ ਦੱਸਿਆ ਕਿ ਇਸ਼ਰਤ ਲਸ਼ਕਰ-ਏ- ਤੌਇਬਾ ਦੀ ਸਰਗਰਮ ਕਾਰਕੁੰਨ ਸੀ ਅਤੇ ਉਸ ਨੂੰ 2007 ਵਿਚ ਜਥੇਬੰਦੀ ਦੇ ਭਾਰਤ 'ਚ ਮੁਖੀ ਵਜੋਂ ਸਰਗਰਮ ਮੁਜ਼ਾਮਿਲ ਨੇ ਭਰਤੀ ਕੀਤਾ ਸੀ।

ਹੇਡਲੀ ਦਾ ਇਹ ਖੁਲਾਸਾ ਗੁਜਰਾਤ ਤੇ ਕੇਂਦਰ ਸਰਕਾਰ ਦੇ ਉਸ ਦਾਅਵੇ ਨਾਲ ਮੇਲ ਖਾਂਦਾ ਹੈ, ਜਿਸ ਵਿਚ ਇਸ਼ਰਤ ਨੂੰ ਸਰਗਰਮ ਦਹਿਸ਼ਤਗਰਦ ਦੱਸਿਆ ਸੀ। ਜ਼ਿਕਰਯੋਗ ਹੈ ਕਿ ਇਸ਼ਰਤ, ਜਾਵੇਦ ਤੇ ਦੋ ਪਾਕਿਸਤਾਨੀ ਨਾਗਰਿਕਾਂ ਨੂੰ ਇਕ ਮੁਕਾਬਲੇ ਦੌਰਾਨ ਮਾਰ ਦਿੱਤਾ ਗਿਆ ਸੀ। ਗੁਜਰਾਤ ਪੁਲਿਸ ਨੇ ਦੱਸਿਆ ਸੀ ਕਿ ਇਨ੍ਹਾਂ ਚਾਰਾਂ ਨੂੰ ਉਸ ਸਮੇਂ ਮਾਰਿਆ ਗਿਆ, ਜਦੋਂ ਇਹ ਸੂਬੇ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਕਤਲ ਕਰਨ ਦੀ ਸਾਜ਼ਿਸ਼ ਬਣਾ ਰਹੇ ਸਨ। ਦੂਜੇ ਪਾਸੇ ਇਸ਼ਰਤ ਦੀ ਮਾਂ ਸਮੀਮਾ ਕੌਸਰ ਨੇ ਗੁਜਰਾਤ ਹਾਈ ਕੋਰਟ 'ਚ ਇਕ ਅਰਜ਼ੀ ਦਾਖਲ ਕਰਕੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਦੀ ਪੁੱਤਰੀ ਸੈਂਟ ਦੇ ਕਾਰੋਬਾਰੀ ਸ਼ੇਖ ਨਾਲ ਸੇਲਜ਼ਗਰਲ ਵਜੋਂ ਕੰਮ ਕਰਦੀ ਸੀ।

### ਭਾਰਤੀ ਵਿਦਿਆਰਥੀ ਨੂੰ ਅੰਨ੍ਹਾ ਕਰਨ ਵਾਲੇ ਹਮਲਾਵਰਾਂ ਨੂੰ ਮਾਮੂਲੀ ਸਜ਼ਾ

**ਮੈਲਬਰਨ :** ਇਕ ਭਾਰਤੀ ਵਿਦਿਆਰਥੀ ਦੀ ਭਾਰੀ ਕੁੱਟਮਾਰ ਕਰਕੇ ਉਸ ਨੂੰ ਅੰਸ਼ਿਕ ਤੌਰ 'ਤੇ ਦ੍ਰਿਸ਼ਟੀਹੀਨ ਕਰਨ ਵਾਲੇ ਕਿਸੇ ਵੀ ਆਸਟਰੇਲੀਆਈ ਲੜਕੇ ਨੂੰ ਕੋਈ ਕੈਦ ਦੀ ਸਜ਼ਾ ਨਹੀਂ ਹੋਈ। ਇਨ੍ਹਾਂ ਕਿਸ਼ੋਰ ਉਮਰ ਦੇ ਲੜਕਿਆਂ 'ਚੋਂ ਇਕ ਨੂੰ ਜੱਜ ਨੇ 40 ਘੰਟੇ ਕਮਿਊਨਿਟੀ ਕਾਰਜ ਕਰਨ ਲਈ ਕਿਹਾ ਹੈ।

ਮਾਰਚ 2008 ਨੂੰ ਮੈਲਬਰਨ ਸਬ ਅਰਬਨ ਟਰੇਨ ਸਟੇਸ਼ਨ ਦੇ ਬਾਹਰ ਦੁਰਭਾਵਨਾ ਤਹਿਤ ਭਾਰਤੀ ਵਿਦਿਆਰਥੀ 'ਤੇ ਹਮਲਾ ਕਰਨ ਵਾਲੇ ਲੜਕਿਆਂ ਨੂੰ ਲਾਕਅੱਪ 'ਚ ਵੀ ਨਹੀਂ ਰੱਖਿਆ ਗਿਆ ਸੀ। ਇਕ ਕਿਸ਼ੋਰ ਲੜਕੇ ਮਜ਼ਾਂਗ ਨਗੋਰ ਨੂੰ ਇਸ ਹਮਲੇ ਦੇ ਦੋਸ਼ 'ਚ 'ਸਸਪੈਂਡਿਡ ਜੇਲ੍ਹ ਟਰਮ'ਤੇ 'ਕਮਿਊਨਿਟੀ ਕਾਰਜ' ਕਰਨ ਦੀ 'ਸਜ਼ਾ' ਮਿਲੀ ਹੈ। ਇਸ ਗਰੋਹ ਦੇ ਬਾਕੀ ਦੇ ਮੈਂਬਰ, ਜੋ ਘਟਨਾ ਵੇਲੇ 18 ਸਾਲ ਤੋਂ ਘੱਟ ਉਮਰ ਦੇ ਸਨ, ਨੂੰ ਹਾਲ ਹੀ ਵਿਚ ਬਾਲ ਅਦਾਲਤ 'ਚ ਸਜ਼ਾ ਸੁਣਾਈ ਗਈ ਸੀ। ਉਨ੍ਹਾਂ ਨੂੰ ਨੌਂ ਮਹੀਨੇ ਲਈ ਨਿਗਰਾਨੀ 'ਚ ਰਹਿਣ ਦੇ ਹੁਕਮ ਹੋਏ ਸਨ। ਪੀੜਤ ਭਾਰਤੀ ਅਕਾਊਂਟਿੰਗ ਦਾ ਵਿਦਿਆਰਥੀ ਸੀ ਤੇ ਉਹ ਆਪਣੇ ਦੋਸਤ ਨਾਲ ਕੰਮ ਤੋਂ ਪਰਤੀ ਉਸ ਦੀ ਪਤਨੀ ਨੂੰ ਮਿਲਣ ਲਈ ਸਨਸ਼ਾਈਨ ਰੇਲਵੇ ਸਟੇਸ਼ਨ ਜਾ ਰਿਹਾ ਸੀ।

ਜੱਜ ਸੂਜ਼ਨ ਕੋਹੇਨ ਨੇ ਕਿਹਾ ਕਿ ਘਟਨਾ ਤੋਂ ਮਗਰੋਂ ਨਗੋਰ ਨੇ ਆਪਣੇ-ਆਪ ਨੂੰ ਮਾੜੀ ਸੰਗਤ ਤੋਂ ਦੂਰ ਰੱਖਣ ਲਈ ਬਹੁਤ ਮਿਹਨਤ ਕੀਤੀ ਹੈ। ਜੱਜ ਨੇ ਇਹ ਵੀ ਕਿਹਾ, ''ਬਾਕੀਆਂ ਵਲੋਂ ਮਾਰਕੁੱਟ ਦੀ ਘਟਨਾ 'ਚ ਸ਼ਾਮਿਲ ਹੋਣਾ ਬੇਤੁਕਾ ਸੀ ਤੇ ਇਹ ਦੇਖਾ-ਦੇਖੀ ਵਾਲੀ ਕਾਰਵਾਈ ਸੀ।''

### ਕਾਂਗੋ : ਤੇਲ ਟੈਂਕਰ 'ਚ ਧਮਾਕਾ, 200 ਮੌਤਾਂ

**ਕਿਨਹਾਸਾ:** ਕਾਂਗੋ ਗਣਰਾਜ 'ਚ ਪੈਟਰੋਲ ਨਾਲ ਭਰੇ ਇੱਕ ਟੈਂਕਰ ਦੇ ਉਲਟ ਜਾਣ ਅਤੇ ਹਾਦਸਾਗ੍ਰਸਤ ਹੋਣ ਨਾਲ ਨੇੜਲੇ ਪਿੰਡ 'ਚ ਅੱਗ ਲੱਗ ਗਈ। ਇਸ ਵਿੱਚ ਘੱਟੋ-ਘੱਟ 200 ਵਿਅਕਤੀਆਂ ਦੀ ਮੌਤ ਹੋ ਗਈ, ਜਦਕਿ 100 ਦੇ ਕਰੀਬ ਜ਼ਖ਼ਮੀ ਹੋ ਗਏ। ਸੁੱਦ-ਕਿਵੂ ਖੇਤਰੀ ਪ੍ਰਸ਼ਾਸਨ ਦੇ ਬੁਲਾਰੇ ਵਿਨਸੈਂਟ ਕਵਾਂਗਾ ਨੇ ਦੱਸਿਆ ਕਿ ਤਨਜਾਨੀਆ ਤੋਂ ਆ ਰਿਹਾ ਇੱਕ ਟੈਂਕਰ ਟਰੱਕ ਸਾਂਗੇ ਪਿੰਡ 'ਚ ਉਲਟ ਗਿਆ।

ਟੈਂਕਰ ਦੇ ਆਲੇ-ਦੁਆਲੇ ਵੱਡੀ ਗਿਣਤੀ 'ਚ ਲੋਕ ਇਕੱਠੇ ਹੋ ਗਏ। ਸੁੱਦ-ਕਿਵੂ ਦੇ ਖੇਤਰੀ ਨਗਰ ਬੁਕਾਵੂ ਤੋਂ ਕਰੀਬ 70 ਕਿਲੋ ਮੀਟਰ ਸਥਿਤ ਇਹ ਪਿੰਡ ਬਰੂੜੀ ਦੀ ਸਰਹੱਦ ਦੇ ਨੇੜੇ ਹੈ। ਇਸ ਦੌਰਾਨ ਟੈਂਕਰ 'ਚੋਂ ਤੇਲ ਰਿਸਣ ਲੱਗ ਪਿਆ ਅਤੇ ਧਮਾਕਾ ਹੋ ਗਿਆ। ਇਸੇ ਦੌਰਾਨ ਇੱਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਇਹ ਟੈਂਕਰ ਤੇਜ਼ਗਤੀ ਨਾਲ ਚੱਲ ਰਿਹਾ ਸੀ। ਮਾਰੇ ਗਏ ਵਿਅਕਤੀਆਂ 'ਚ ਬਹੁਤੀ ਗਿਣਤੀ ਬੱਚਿਆਂ ਦੀ ਸੀ।

### ਹੈਲੀਕਾਪਟਰ ਦਾ ਬੂਹਾ ਖੁੱਲ੍ਹਿਆ, ਵਾਲ-ਵਾਲ ਬਚੇ ਨਿਤਿਸ਼

**ਪਟਨਾ :** ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਬੀਤੀ 3 ਜੁਲਾਈ ਨੂੰ ਉਸ ਸਮੇਂ ਵਾਲ-ਵਾਲ ਬਚੇ ਜਦੋਂ ਉਨ੍ਹਾਂ ਦੇ ਹੈਲੀਕਾਪਟਰ ਦਾ ਬੂਹਾ ਖੁੱਲ੍ਹਾ ਰਹਿ ਗਿਆ, ਜਿਸ ਕਾਰਨ ਜਮੂਈ ਦੇ ਗਿਦੌਰ ਵਿਖੇ ਮੁੱਖ ਮੰਤਰੀ ਦੇ ਹੈਲੀਕਾਪਟਰ ਦੀ ਐਮਰਜੈਂਸੀ ਲੈਂਡਿੰਗ ਕਰਨੀ ਪਈ। ਪਾਇਲਟ ਦੀ ਸੂਝ-ਬੂਝ ਕਾਰਨ ਇਕ ਵੱਡਾ ਹਾਦਸਾ ਹੋਣੋਂ ਟਲ ਗਿਆ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਨਿਤਿਸ਼, ਸਾਬਕਾ ਕੇਂਦਰੀ ਮੰਤਰੀ ਅਤੇ ਬਾਂਕਾ ਤੋਂ ਸੰਸਦ ਮੈਂਬਰ ਮਰਹੂਮ ਦਿਗਵਿਜੇ ਸਿੰਘ ਦੇ ਪਰਿਵਾਰ ਨੂੰ ਮਿਲਣ ਲਈ ਗਿਦੌਰ ਜਾ ਰਹੇ ਸਨ।


# Grocery Store For Sale

**Cleveland, Lorain County City**

**Grocery Store, High Volume, Check Cashing, Liquor, Lotto, Automated; Cash Flow: $350K; Asking: $595K + Inventory**

**WIC Approved and Ready to go**

**Broker:216-295-1136**

**Elias.Ladon@EnterpriseDR.com**


## Matrimonials

### Bridegroom Wanted

Wanted suitable boy US Citizen/Green Card/HIB Holder for jatt sikh girl 5'7", 27.5, M Tech. Comp. sci, pursuing Masters in Analytics, contact 704-930-1734 sandhu3200@gmail.com

*107-26-4*

### ਵਰ ਦੀ ਲੋੜ

ਰਾਮਗੜੀਆ ਸਿੱਖ, 30 ਸਾਲ, ਇੰਗਲੈਂਡ ਵਿਚ ਪੜ੍ਹਦੀ ਲੜਕੀ ਲਈ ਸਿੱਖੀ ਸਰੂਪ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਵੱਡੀ ਭੈਣ ਕੈਲੀਫੋਰਨੀਆ ਵਸਦੀ ਹੈ। ਕੈਲੀਫੋਰਨੀਆ ਦੇ ਲੜਕੇ ਨੂੰ ਤਰਜੀਹ। ਸੰਪਰਕ ਕਰੋ: 209-470-3732

*106-22-4*

### Bride Wanted

Ramgariah Family from Chicago area seeking suitable well educated Ramgariah match for their son, Doctor of Podiatric Medicine, 29, 5' 8". Send photo/ Biodata to angelhavok@aol.com

*105-25-4*

Khatri Sikh family looking for a qualified match for their US citizen son, 29, 5'-5", undergraduate in biology, good job. e-mail: ninakr4@yahoo.com

*103-22-4*

Need pretty, educated USA settled family girl for Ramgharia Sikh cleanshaved boy, 28, 5'10", M.S (USA), permanent job in MI. Call 425-773-9030 or email: psingh03850@gmail.com.

*101-22-4*

*To Advertise with us call: 847-359-0746 Fax:847-705-9388*


## ਪੰਜਾਬੀਆਂ ਦੀ ਮਨਪਸੰਦ, ਵਾਜਬ ਕੀਮਤ ਤੇ ਭਰੋਸੇਯੋਗ ਸੇਵਾਵਾਂ

ਪੰਜਾਬੀ ਟਰੈਵਲਜ਼

**PANJABI TRAVELS**



ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਸਫਰ ਕਰਨ ਲਈ ਸਸਤੀਆਂ ਹਵਾਈ ਟਿਕਟਾਂ ਬੁੱਕ ਕਰਨ ਲਈ 15 ਸਾਲਾਂ ਤੋਂ ਸੇਵਾ ਕਰ ਰਹੀ ਭਰੋਸੇਯੋਗ ਟਰੈਵਲ ਕੰਪਨੀ ਨੂੰ ਸੇਵਾ ਦਾ ਮੌਕਾ ਦਿਓ।

ਅੰਮ੍ਰਿਤਸਰ - ਦਿੱਲੀ - ਲੰਡਨ - ਵੈਨਕੂਵਰ ਤੇ ਟੋਰਾਂਟੋ ਲਈ ਸਪੈਸ਼ਲ ਕਿਰਾਇਆ।

- ★ ਵਿਆਹ ਸ਼ਾਦੀਆਂ ਤੇ ਪਾਰਟੀਆਂ ਲਈ ਕਾਰਡ ਵੀ ਛਾਪੇ ਜਾਂਦੇ ਹਨ।
- ★ ਹਰ ਤਰ੍ਹਾਂ ਦੇ ਫਾਰਮ ਭਰਨ ਸੰਬੰਧੀ ਸਹਾਇਤਾ ਲਈ:

ਜਸਬੀਰ ਕੌਰ ਜਾਂ ਇੰਦਰਜੀਤ ਸਿੰਘ ਉਮਰਪੁਰੀ ਨੂੰ ਸੰਪਰਕ ਕਰੋ।

Call: 732-525-1005, 908-499-3845

Email: panjabitravelsnj@hotmail.com

Website: www.panjabitravels.com

UPPAL INSURANCE AGENCY

ਉੱਪਲ ਇੰਸ਼ੋਰੈਂਸ ਏਜੰਸੀ

ਨਿਊਜਰਸੀ ਵਿੱਚ ਕਾਰਾਂ, ਟਰੱਕਾਂ, ਘਰਾਂ ਤੇ ਹਰ ਪ੍ਰਕਾਰ ਦੀ ਬਿਜਨੈਸ ਅਤੇ ਲਾਈਫ਼ ਇੰਸ਼ੋਰੈਂਸ ਲਈ ਸਾਨੂੰ ਸੇਵਾ ਦਾ ਮੌਕਾ ਦਿਓ।

AUTO - HOME - LIFE - COMMERCIAL

ਨਿਊਜਰਸੀ ਵਿੱਚ ਲਾਇਸੈਂਸ ਤੋਂ 2 ਪੁਆਇੰਟ ਘਟਾਉਣ ਤੇ ਇੰਸ਼ੋਰੈਂਸ ਵਿੱਚ 5 ਪ੍ਰਤੀਸ਼ਤ ਦਾ ਡਿਸਕਾਊਂਟ ਲੈਣ ਲਈ ਅਸੀਂ ਡਿਫੈਂਸਿਵ ਡਰਾਈਵਿੰਗ ਦੀਆਂ ਕਲਾਸਾਂ ਵੀ ਲਾਉਂਦੇ ਹਾਂ।

ਸੰਪਰਕ ਕਰੋ: ਜਸਬੀਰ ਕੌਰ

Jasbir Kaur

Call: 732-525-1005, 908-499-3845

## REAL ESTATE-LOANS-NOTARY PUBLIC



Jasbir Kaur

ਨਿਊਜਰਸੀ ਦੇ ਖੁੱਲ੍ਹੇ ਵਾਤਾਵਰਨ ਤੇ ਵਧੀਆ ਸਕੂਲਾਂ ਵਾਲੇ ਏਰੀਏ ਵਿੱਚ ਆਪਣਾ ਮਨ ਪਸੰਦ ਘਰ ਜਾਂ ਹੋਰ ਕਿਸੇ ਵੀ ਕਿਸਮ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਅਤੇ ਹਰ ਤਰ੍ਹਾਂ ਦੀ ਲੋਨ ਲੈਣ ਲਈ ਇਕ ਭਰੋਸੇਯੋਗ ਨਾਂ ਜੋ ਕਿ ਤੁਹਾਡੀ ਤਸੱਲੀ ਅਨੁਸਾਰ ਸਹੀ ਡੀਲ ਕਰਵਾਉਂਦੇ ਹਨ।

Century 21

150 Morgan Av. Sayre Ville, NJ-08879

Call - Jasbir Kaur - Direct-732-525-1005

Cell: 908-499-3845, Office: 732-721-9000 Ext. 318

Call :Inderjit Singh - for Notary

Ph. 908-472-3271

Email: Juppal85@msn.com



Inderjit Singh

# ਮਹਿੰਗਾਈ ਵਿਰੁਧ ਰੋਸ ਸਿਆਸੀ ਰੋਹ 'ਚ ਪਲਟਣ ਲੱਗਾ

**ਜਸਵੀਰ ਸਿੰਘ ਸ਼ੀਰੀ**

**ਜਲੰਧਰ:** ਬੀਤੀ 5 ਜੁਲਾਈ ਨੂੰ ਤਕਰੀਬਨ ਸਾਰੀਆਂ ਵਿਰੋਧੀ ਪਾਰਟੀਆਂ ਵਲੋਂ ਦਿੱਤੇ ਗਏ ਬੰਦ ਦੇ ਸੱਦੇ ਨੂੰ ਜਿੰਨੀ ਵਿਆਪਕ ਹਮਾਇਤ ਮਿਲੀ ਹੈ, ਉਸ ਦੇ ਸਿੱਟੇ ਵਜੋਂ ਸਿਆਸੀ ਮਾਹਿਰਾਂ ਨੇ ਕੇਂਦਰ ਦੀ ਯੂ.ਪੀ.ਏ. ਸਰਕਾਰ ਦੇ ਪਤਨ ਦੇ ਸੰਕੇਤ ਵੇਖਣੇ ਸ਼ੁਰੂ ਕਰ ਦਿੱਤੇ ਹਨ। ਦੇਸ਼ 'ਚ ਮਹਿੰਗਾਈ ਤਾਂ ਭਾਵੇਂ ਪਿਛਲੇ ਦੋ ਕੁ ਦਹਾਕਿਆਂ ਤੋਂ ਲਗਾਤਾਰ ਵਧੀ ਹੈ ਪਰ ਕੇਂਦਰ ਵਿਚ ਮੌਜੂਦਾ ਅਤੇ ਪਿਛਲੀ ਯੂ.ਪੀ.ਏ. ਸਰਕਾਰ ਵੇਲੇ ਤਾਂ ਮਹਿੰਗਾਈ ਨੂੰ ਜਿਵੇਂ ਖੰਭ ਹੀ ਲੱਗ ਗਏ। ਵਧੀ ਮਹਿੰਗਾਈ ਨੇ ਤਕਰੀਬਨ ਸਾਰੇ ਹੀ ਸੂਬਿਆਂ ਵਿਚ ਗਰੀਬ ਅਤੇ ਦਰਮਿਆਨੇ ਤਬਕੇ ਦੇ ਲੋਕਾਂ ਦਾ ਕਚੂਮਰ ਕੱਢ ਦਿੱਤਾ ਹੈ। ਇਸ ਖਿਲਾਫ ਔਖ ਤਾਂ ਭਾਵੇਂ ਹਰ ਵਿਅਕਤੀ ਮਹਿਸੂਸ ਕਰ ਰਿਹਾ ਸੀ ਪਰ ਉਸ ਦੇ ਰੋਹ ਨੂੰ ਬੱਝਵਾਂ ਚੈਨਲ ਨਹੀਂ ਸੀ ਮਿਲ ਰਿਹਾ। ਹਾਲ ਹੀ ਵਿਚ ਕੇਂਦਰ ਵਲੋਂ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਕੰਟਰੋਲ ਮੁਕਤ ਕੀਤੇ ਜਾਣ ਦੇ ਸਿੱਟੇ ਵਜੋਂ ਵਧੀ ਮਹਿੰਗਾਈ ਲੋਕਾਂ ਲਈ ਬਰਦਾਸ਼ਤ ਤੋਂ ਬਾਹਰ ਹੋ ਗਈ। ਲੋਕਾਂ ਦੇ ਇਸ ਰੋਹ ਨੂੰ ਮਹਿਸੂਸ ਕਰਦਿਆਂ ਪਹਿਲਾਂ ਖੱਬੇਪੱਖੀ ਪਾਰਟੀਆਂ ਨੇ ਤੇ ਪਿੱਛੋਂ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠ ਐਨ.ਡੀ.ਏ. ਨੇ 5 ਜੁਲਾਈ ਨੂੰ ਬੰਦ ਦਾ ਸੱਦਾ ਦੇ ਦਿੱਤਾ ਤੇ ਇਸ ਦਾ ਅਸਰ ਏਨਾ ਵਿਆਪਕ ਨਿਕਲਿਆ ਕਿ ਸਾਰੇ ਦੰਗ ਰਹਿ ਗਏ।

ਉਂਜ ਇਹ ਸੱਚਾਈ ਹੈ ਕਿ ਬੰਦ ਉਨ੍ਹਾਂ ਰਾਜਾਂ ਵਿਚ ਹੀ ਵਧੇਰੇ ਪ੍ਰਭਾਵੀ ਰਿਹਾ ਜਿਥੇ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਹਨ ਅਤੇ ਇਨ੍ਹਾਂ ਸਰਕਾਰਾਂ ਨੇ ਖੁਦ ਵੀ ਬੰਦ ਦੀ ਹਮਾਇਤ ਕੀਤੀ। ਪੰਜਾਬ ਵਿਚ ਅਕਾਲੀ-ਭਾਜਪਾ ਸਰਕਾਰ ਨੇ ਨਾ ਸਿਰਫ ਬੰਦ ਦੀ ਹਮਾਇਤੀ ਕੀਤੀ ਸਗੋਂ ਅਕਾਲੀ ਭਾਜਪਾ ਦੇ ਆਗੂ ਬੰਦ ਦੀ ਸਫਲਤਾ ਲਈ ਦੁਕਾਨਾਂ ਅਤੇ ਕਾਰੋਬਾਰ ਬੰਦ ਕਰਵਾਉਂਦੇ ਵੀ ਦੇਖੇ ਗਏ। ਅਜਿਹਾ ਹੀ ਉਨ੍ਹਾਂ ਦੂਜੇ ਰਾਜਾਂ ਵਿਚ ਵੀ ਵੇਖਿਆ ਗਿਆ ਜਿਥੇ ਯੂ.ਪੀ.ਏ. ਦੀਆਂ ਵਿਰੋਧੀ ਸਰਕਾਰਾਂ ਮੌਜੂਦ ਹਨ। ਇਥੇ ਜ਼ਿਕਰਯੋਗ ਹੈ ਕਿ ਰਾਜਨੀਤਕ ਮਾਹਿਰਾਂ ਅਤੇ ਨਿਰਪੱਖ ਦਰਸ਼ਕਾਂ ਅਨੁਸਾਰ 1974 ਦੀ ਰੇਲਵੇ ਹੜਤਾਲ ਤੋਂ ਬਾਅਦ ਇਹ ਬੰਦ ਸਭ ਤੋਂ ਵਧੇਰੇ ਪ੍ਰਭਾਵੀ ਰਿਹਾ ਹੈ। ਖੱਬੀਆਂ ਧਿਰਾਂ ਦੀਆਂ ਹਕੂਮਤਾਂ ਵਾਲੇ ਸਾਰੇ ਰਾਜਾਂ ਵਿਚ ਅਤੇ ਮਹਾਰਾਸ਼ਟਰ ਤੇ ਆਸਾਮ ਵਿਚ ਬੰਦ ਨੂੰ ਭਰਵਾਂ ਹੁੰਗਾਰਾ ਮਿਲਿਆ। ਕਾਂਗਰਸ ਹਕੂਮਤ ਵਾਲੇ ਦਿੱਲੀ ਅਤੇ ਹਰਿਆਣਾ ਵਿਚ ਬੰਦ ਨੂੰ ਰਲਵਾਂ-ਮਿਲਵਾਂ ਹੁੰਗਾਰਾ ਮਿਲਿਆ।



*ਦਿਲੀ 'ਚ ਧਰਨੇ 'ਤੇ ਬੈਠੇ ਭਾਜਪਾ ਪ੍ਰਧਾਨ ਨਿਤਿਨ ਗਡਕਰੀ, ਜਨਤਾ ਦਲ (ਯੂ.) ਮੁਖੀ ਸ਼ਰਦ ਯਾਦਵ ਤੇ ਅਕਾਲੀ ਸੰਸਦ ਮੈਂਬਰ ਸ੍ਰੀਮਤੀ ਹਰਸਿਮਰਤ ਕੌਰ ਬਾਦਲ*

ਯਾਦ ਰਹੇ ਅਗਲੇ ਕੁਝ ਸਮੇਂ 'ਚ ਕਈ ਰਾਜਾਂ 'ਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ। ਇਕ ਪਾਸੇ ਤਾਂ ਵਧੀ ਮਹਿੰਗਾਈ ਦੇ ਸੰਦਰਭ ਵਿਚ ਵਿਰੋਧੀ ਧਿਰਾਂ ਦੀ ਇੱਛਾ ਇਹ ਹੋਵੇਗੀ ਕਿ ਮਹਿੰਗਾਈ ਦੇ ਮੁੱਦੇ ਨੂੰ ਸਰਕਾਰ ਖਿਲਾਫ ਚੋਣ ਮੁੱਦੇ ਦੇ ਤੌਰ 'ਤੇ ਵਰਤਿਆ ਜਾਵੇ ਅਤੇ ਦੂਜੇ ਪਾਸੇ ਸਰਕਾਰ ਇਹ ਯਤਨ ਕਰੇਗੀ ਕਿ ਚੋਣਾਂ ਦੇ ਨੇੜੇ ਜਾ ਕੇ ਮਹਿੰਗਾਈ ਵਿਚ ਕੁਝ ਕਮੀ ਕਰਕੇ ਕਾਂਗਰਸ ਦੇ ਹੱਕ 'ਚ ਗੁੱਡਾ ਬੰਨ੍ਹਿਆ ਜਾਵੇ। ਉਂਜ ਇਹ ਗੱਲ ਦਿਲਚਸਪੀ ਤੋਂ ਖਾਲੀ ਨਹੀਂ ਕਿ ਲਾਲੂ ਪ੍ਰਸਾਦ ਯਾਦਵ ਦੇ ਰਾਸ਼ਟਰੀ ਜਨਤਾ ਦਲ ਅਤੇ ਬੀਬੀ ਮਾਇਆਵਤੀ ਦੀ ਬਹੁਜਨ ਸਮਾਜ ਪਾਰਟੀ ਨੇ ਮੌਜੂਦਾ ਬੰਦ ਦੇ ਸੱਦੇ ਦੀ ਹਮਾਇਤ ਨਾ ਕਰਨ ਦਾ ਫੈਸਲਾ ਕੀਤਾ ਪਰ ਇਹ ਪਾਰਟੀਆਂ ਵੀ ਮਹਿੰਗਾਈ ਦਾ ਵਿਰੋਧ ਕਰ ਰਹੀਆਂ ਹਨ। ਸ਼ਾਇਦ ਆਉਣ ਵਾਲੇ ਦਿਨਾਂ ਵਿਚ ਇਸ ਮੁੱਦੇ ਨੂੰ ਲੈ ਕੇ ਕੋਈ ਪ੍ਰੋਗਰਾਮ ਵੀ ਉਲੀਕਣਗੀਆਂ।

ਬੰਦ ਤੋਂ ਐਨ ਪਹਿਲਾਂ ਕੇਂਦਰੀ ਖਜ਼ਾਨਾ ਮੰਤਰੀ ਪ੍ਰਣਬ ਮੁਖਰਜੀ ਨੇ ਸਪੱਸ਼ਟ ਕਹਿ ਦਿੱਤਾ ਸੀ ਕਿ ਤੇਲ ਕੀਮਤਾਂ ਬਾਰੇ ਫੈਸਲਾ ਵਾਪਸ ਨਹੀਂ ਲਿਆ ਜਾਵੇਗਾ ਅਤੇ ਇਹੋ ਜਿਹਾ ਹੀ ਬਿਆਨ ਪੈਟਰੋਲੀਅਮ ਮੰਤਰੀ ਮੁਰਲੀ ਦੇਵੜਾ ਨੇ ਦਿੱਤਾ ਸੀ। ਸੋ ਸਪੱਸ਼ਟ ਹੈ ਕਿ ਇਕ ਪਾਸੇ ਤਾਂ ਸਰਕਾਰ ਕੀਮਤਾਂ ਦੇ ਮੁੱਦੇ 'ਤੇ ਅੜੀ ਖੜੀ ਹੈ, ਦੂਜੇ ਪਾਸੇ ਵਿਰੋਧੀ ਪਾਰਟੀਆਂ ਇਸ ਨੂੰ ਆਪਣੇ ਸਿਆਸੀ ਲਾਭ ਲਈ ਸਿਆਸੀ/ਚੋਣ ਮੁੱਦਾ ਬਣਾਉਣ ਦਾ ਸਿਰਤੋੜ ਯਤਨ ਕਰ ਰਹੀਆਂ ਹਨ।

ਉਂਜ ਕੇਂਦਰ ਸਰਕਾਰ ਦੀਆਂ ਦਲੀਲਾਂ ਵੀ ਧਿਆਨ ਦੇਣ ਯੋਗ ਹਨ। ਯੂ.ਪੀ.ਏ. ਵਾਲੀ ਕੇਂਦਰ ਸਰਕਾਰ ਦਾ ਆਖਣਾ ਹੈ ਕਿ ਮਹਿੰਗਾਈ ਪੂਰੀ ਦੁਨੀਆਂ ਵਿਚ ਹੀ ਵਧ ਰਹੀ ਹੈ। ਯੂਰਪ ਦੀਆਂ ਕਰੀਬ ਅੱਧੀ ਦਰਜਨ ਸਰਕਾਰਾਂ ਮਹਿੰਗਾਈ ਦੀ ਮਾਰ ਹੇਠ ਹਨ। ਕੈਨੇਡਾ ਵਿਚ ਹੋਏ ਜੀ-20 ਸੰਮੇਲਨ ਵਿਚ ਵੀ ਬਜਟ ਘਾਟੇ ਅਤੇ ਮਹਿੰਗਾਈ ਦਾ ਮੁੱਦਾ ਵਿਚਾਰਿਆ ਗਿਆ ਸੀ ਅਤੇ 2013 ਤਕ ਬਜਟ ਘਾਟਾ ਅੱਧਾ ਕਰਨ ਅਤੇ 2016 ਤਕ ਪੂਰੀ ਤਰ੍ਹਾਂ ਖਤਮ ਕਰਨ ਦਾ ਅਹਿਦ ਕੀਤਾ ਗਿਆ ਸੀ। ਆਰਥਿਕ ਖੇਤਰ ਦੇ ਮਾਹਿਰਾਂ ਅਨੁਸਾਰ ਜਦੋਂ ਸਰਕਾਰਾਂ ਕੋਲ ਬਜਟ ਵਿਚ ਪੈਸਾ ਘੱਟ ਹੋਵੇ ਤਾਂ ਉਹ ਵਧੇਰੇ ਨੋਟ ਛਾਪ ਕੇ ਖਰਚਾ ਵਧਾ ਲੈਂਦੀਆਂ ਹਨ, ਇਸੇ ਕਾਰਨ ਦੇਸ਼ ਵਿਚ ਮਹਿੰਗਾਈ ਵਧਦੀ ਹੈ। ਸੋ ਸੰਸਾਰ ਪੱਧਰ 'ਤੇ ਫੈਲੇ ਬਜਟ ਘਾਟੇ ਦਾ ਸਬੰਧ ਸਿੱਧੇ ਰੂਪ ਵਿਚ ਮਹਿੰਗਾਈ ਨਾਲ ਜੁੜਦਾ ਹੈ।

ਪ੍ਰਧਾਨ ਮੰਤਰੀ ਦੇ ਜੀ-20 ਸੰਮੇਲਨ ਤੋਂ ਵਾਪਸ ਪਰਤਣ ਤੋਂ ਬਾਅਦ ਸਰਕਾਰ ਵਲੋਂ ਪੈਟਰੋਲੀਅਮ ਕੀਮਤਾਂ ਵਧਾਉਣ ਦਾ ਫੈਸਲਾ ਕੀਤਾ ਗਿਆ ਤਾਂ ਇਹ ਬਜਟ ਘਾਟੇ ਨੂੰ ਕੰਟਰੋਲ ਕਰਨ ਦਾ ਹੀ ਹੀਲਾ ਸਮਝਿਆ ਜਾ ਰਿਹਾ ਹੈ। ਇਹ ਤੱਥ ਵੀ ਦਿਲਚਸਪੀ ਤੋਂ ਖਾਲੀ ਨਹੀਂ ਕਿ ਯੂਨਾਈਟਿਡ ਫਰੰਟ ਦੀ ਸਰਕਾਰ ਨੇ 1997 ਵਿਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਤੋਂ ਕੰਟਰੋਲ ਹਟਾ ਲੈਣ ਦਾ ਫੈਸਲਾ ਲਿਆ ਸੀ, ਇਸ ਸਰਕਾਰ ਵਿਚ ਉਦੋਂ ਦੋਵੇਂ ਵੱਡੀਆਂ ਕਮਿਊਨਿਸਟ ਪਾਰਟੀਆਂ ਵੀ ਸ਼ਾਮਲ ਸਨ। ਪਰ ਸਰਕਾਰ ਬਦਲ ਜਾਣ ਤਕ ਇਹ ਫੈਸਲਾ ਸਿਰੇ ਨਹੀਂ ਸੀ ਲੱਗ ਸਕਿਆ। ਬੀ.ਜੇ.ਪੀ. ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਵੇਲੇ ਵੀ ਇਹੋ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ। ਵਿਰੋਧੀ ਪਾਰਟੀਆਂ ਦੀ ਆਪਣੀ ਸਰਕਾਰ ਵੇਲੇ ਵੀ ਮਹਿੰਗਾਈ ਲਗਾਤਾਰ ਵਧਦੀ ਰਹੀ ਹੈ। ਹੁਣ ਇਹੋ ਪਾਰਟੀਆਂ ਸਰਕਾਰ ਦਾ ਵਿਰੋਧ ਕਰ ਰਹੀਆਂ ਹਨ ਪਰ ਫਿਰ ਵੀ ਇਹ ਨਹੀਂ ਕਿਹਾ ਜਾ ਸਕਦਾ ਕਿ ਵਿਰੋਧੀ ਪਾਰਟੀਆਂ ਗਲਤ ਹਨ, ਕਿਉਂਕਿ ਮਹਿੰਗਾਈ ਆਮ ਜਨਤਾ ਨੂੰ ਸੱਚਮੁੱਚ ਹੀ ਨਪੀੜ ਰਹੀ ਹੈ। ਇਸ ਮੁੱਦੇ ਦਾ ਮੁੱਖ ਸਿਆਸੀ/ਚੋਣ ਏਜੰਡਾ ਬਣਨਾ ਆਉਣ ਵਾਲੇ ਸਮੇਂ ਵਿਚ ਤੈਅ ਹੈ, ਭਾਵੇਂ ਕਿ ਇਹ ਜ਼ਰੂਰੀ ਨਹੀਂ ਕਿ ਬਦਲਵੇਂ ਰੂਪ ਵਿਚ ਸੱਤਾ ਵਿਚ ਆਉਣ ਵਾਲੀਆਂ ਪਾਰਟੀਆਂ ਵੀ ਮਹਿੰਗਾਈ ਉਪਰ ਕਾਬੂ ਪਾ ਸਕਣ।

# 5 ਜੁਲਾਈ ਦੇ ਬੰਦ ਦੇ ਸੱਦੇ ਨੂੰ ਬੇਮਿਸਾਲ ਹੁੰਗਾਰਾ

ਉਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਵਿਚ ਸਮਾਜਵਾਦੀ ਪਾਰਟੀ (ਸਪਾ) ਵਰਕਰਾਂ ਅਤੇ ਪੁਲਿਸ ਦਰਮਿਆਨ ਝੜਪਾਂ 'ਚ ਕਈ ਵਰਕਰ ਜ਼ਖਮੀ ਹੋ ਗਏ। ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਅਤੇ ਸਪਾ ਆਗੂ ਸ਼ਿਵਪਾਲ ਸਿੰਘ ਯਾਦਵ ਦੀ ਅਗਵਾਈ ਵਿਚ ਪਾਰਟੀ ਵਰਕਰਾਂ ਨੇ ਜਦੋਂ ਵਿਧਾਨ ਸਭਾ ਵਲ ਵਧਣ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਨੇ ਉਨ੍ਹਾਂ ਨੂੰ ਰੋਕਿਆ। ਜਦੋਂ ਪਾਰਟੀ ਵਰਕਰ ਪੁਲਿਸ ਰੁਕਾਵਟਾਂ ਤੋੜ ਕੇ ਅਗੇ ਵਧਣ ਲਗੇ ਤਾਂ ਪੁਲਿਸ ਨੇ ਪਾਣੀ ਦੀਆਂ ਤੇਜ਼ ਬੁਛਾੜਾਂ ਛੱਡੀਆਂ ਜਿਸ ਕਾਰਨ ਕਈ ਵਰਕਰ ਜ਼ਖਮੀ ਹੋ ਗਏ। ਲਖਨਊ ਦੇ ਨਾਲ-ਨਾਲ ਉਤਰ ਪ੍ਰਦੇਸ਼ ਦੇ ਕਈ ਹਿੱਸਿਆਂ ਤੋਂ ਬੰਦ ਦੌਰਾਨ ਸੜਕੀ ਤੇ ਰੇਲ ਆਵਾਜਾਈ ਰੋਕੇ ਜਾਣ ਦੀਆਂ ਖਬਰਾਂ ਮਿਲੀਆਂ ਹਨ।

ਮੱਧ ਪ੍ਰਦੇਸ਼ ਦੇ ਸਾਗਰ ਸ਼ਹਿਰ ਵਿਚ ਬੰਦ ਹਮਾਇਤੀਆਂ ਨੇ ਬੀ.ਐਸ.ਐਨ.ਐਲ. ਦੇ ਦਫਤਰ ਵਿਚ ਤੋੜ-ਭੰਨ ਕੀਤੀ। ਸ਼ਹਿਰ ਵਿਚ ਵਿਖਾਵਾ ਕਰਨ ਵਾਲਿਆਂ ਵਿਚ ਸੰਸਦ ਮੈਂਬਰ ਭੁਪਿੰਦਰ ਸਿੰਘ ਅਤੇ ਮੇਅਰ ਕਮਲਾ ਬਾਈ ਵੀ ਸ਼ਾਮਿਲ ਸਨ। ਮੱਧ ਪ੍ਰਦੇਸ਼ ਦੀ ਆਰਥਿਕ ਰਾਜਧਾਨੀ ਇੰਦੌਰ ਵਿਚ ਇਕ ਫੈਕਟਰੀ ਦੇ ਪ੍ਰਬੰਧਕਾਂ ਵਲੋਂ ਬੰਦ ਕਰਨ ਤੋਂ ਨਾਂਹ ਕਰਨ 'ਤੇ ਬੰਦ ਹਮਾਇਤੀਆਂ ਨੇ ਉਥੇ ਤੋੜ-ਭੰਨ ਕੀਤੀ।

ਬੰਦ ਕਾਰਨ ਲੰਬੀ ਦੂਰੀ ਦੀਆਂ 60 ਤੋਂ ਵਧ ਰੇਲ ਗੱਡੀਆਂ 'ਤੇ ਅਸਰ ਪਿਆ। ਇਸ ਕਾਰਨ ਕਈ ਗੱਡੀਆਂ ਨੂੰ ਰੱਦ ਵੀ ਕਰਨਾ ਪਿਆ। ਪੱਛਮੀ ਬੰਗਾਲ, ਬਿਹਾਰ ਤੇ ਉੜੀਸਾ ਵਿਚ ਸਭ ਤੋਂ ਵਧ ਰੇਲ ਸੇਵਾਵਾਂ ਪ੍ਰਭਾਵਿਤ ਹੋਈਆਂ। ਬੰਦ ਕਾਰਨ ਫਸੇ ਹਜ਼ਾਰਾਂ ਮੁਸਾਫਰਾਂ ਦੀ ਪ੍ਰੇਸ਼ਾਨੀ ਨੂੰ ਮੁਖ ਰੱਖਦਿਆਂ ਰੇਲਵੇ ਨੇ ਖਾਣ-ਪੀਣ ਦੀਆਂ ਆਪਣੀਆਂ ਸਭ ਦੁਕਾਨਾਂ ਖੁੱਲ੍ਹੀਆਂ ਰੱਖੀਆਂ ਅਤੇ ਮੁਸਾਫਰਾਂ ਨੂੰ ਲੋੜੀਂਦੀਆਂ ਵਸਤਾਂ ਦੀ ਸਪਲਾਈ ਕੀਤੀ। ਪੱਛਮੀ ਬੰਗਾਲ ਵਿਚ ਇਸ ਸੰਬੰਧੀ ਵਿਸ਼ੇਸ਼ ਤੌਰ 'ਤੇ ਸਹੂਲਤਾਂ ਦਿੱਤੀਆਂ ਗਈਆਂ ਜਿਥੋਂ ਦੀ ਮਮਤਾ ਬੈਨਰਜੀ ਰੇਲ ਮੰਤਰੀ ਹੈ। ਬੰਦ ਦਾ ਦੇਸ਼ ਭਰ ਵਿਚ ਬੈਂਕਾਂ 'ਤੇ ਕੋਈ ਅਸਰ ਨਹੀਂ ਪਿਆ। ਸਭ ਬੈਂਕ ਖੁੱਲ੍ਹੇ ਰਹੇ ਅਤੇ ਉਥੇ ਆਮ ਦਿਨਾਂ ਵਾਂਗ ਕੰਮ ਹੋਇਆ।

**ਗਡਕਰੀ, ਸ਼ਰਦ ਯਾਦਵ, ਹਰਸਿਮਰਤ, ਰਾਜਨਾਥ ਤੇ ਹੋਰ ਗ੍ਰਿਫਤਾਰ:** ਪੁਰਾਣੀ ਦਿੱਲੀ ਦੇ ਚਾਂਦਨੀ ਚੌਕ ਦੇ ਇਤਿਹਾਸਕ ਘੰਟਾ ਘਰ ਵਿਖੇ ਭਾਜਪਾ ਪ੍ਰਧਾਨ ਨਿਤਿਨ ਗਡਕਰੀ, ਰਾਜਗ ਦੇ ਕਨਵੀਨਰ ਅਤੇ ਜਨਤਾ ਦਲ (ਯੂ) ਦੇ ਪ੍ਰਧਾਨ ਸ਼ਰਦ ਯਾਦਵ, ਰਾਜਨਾਥ ਸਿੰਘ, ਸ੍ਰੋਮਣੀ ਅਕਾਲੀ ਦਲ (ਬਾਦਲ) ਦੀ ਐਮ.ਪੀ. ਹਰਸਿਮਰਤ ਕੌਰ ਅਤੇ ਭਾਜਪਾ ਦੇ ਕੌਮੀ ਬੁਲਾਰੇ ਪ੍ਰਕਾਸ਼ ਜਾਵੇਦਕਰ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਕੁਲ ਮਿਲਾ ਕੇ 4380 ਲੋਕਾਂ ਨੂੰ ਹਿਰਾਸਤ ਵਿਚ ਲਿਆ ਗਿਆ। ਹਰਸਿਮਰਤ ਕੌਰ ਨੇ ਇਸ ਮੌਕੇ 'ਤੇ ਕਿਹਾ ਕਿ ਦੇਸ਼ ਦੇ 20 ਕਰੋੜ ਲੋਕਾਂ ਨੂੰ ਦੋ ਵਕਤ ਦੀ ਰੋਟੀ ਖਾਣ ਨੂੰ ਨਹੀਂ ਮਿਲਦੀ, 22 ਕਰੋੜ ਕਿਸਾਨ ਕਰਜ਼ੇ ਹੇਠ ਦੱਬੇ ਹੋਏ ਹਨ, 25 ਲੱਖ ਲੋਕ ਹਰ ਸਾਲ ਭੁੱਖਮਰੀ ਨਾਲ ਮਰਦੇ ਹਨ, ਗੋਦਾਮਾਂ ਵਿਚ 5.80 ਲੱਖ ਟਨ ਅਨਾਜ ਸੜ ਗਿਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਤੇਲ ਕੀਮਤਾਂ ਵਿਚ ਵਾਧੇ ਨੂੰ ਜਾਇਜ਼ ਦੱਸ ਕੇ 2 ਕਰੋੜ ਪੰਜਾਬ ਵਾਸੀਆਂ ਨਾਲ ਧੋਖਾ ਕੀਤਾ ਹੈ।

ਗਡਕਰੀ ਨੇ ਤੇਲ ਕੀਮਤਾਂ ਵਿਚ ਵਾਧਾ ਵਾਪਸ ਲੈਣ ਦੀ ਮੰਗ ਕਰਦਿਆਂ ਕਿਹਾ ਕਿ ਇਸ ਵਿਰੁਧ ਸੜਕ ਤੋਂ ਸੰਸਦ ਤਕ ਲੜਾਈ ਲੜੀ ਜਾਵੇਗੀ। ਸ਼ਰਦ ਯਾਦਵ ਨੇ ਭਾਰਤ ਬੰਦ ਨੂੰ ਪੂਰਾ ਸਫਲ ਦੱਸਦਿਆਂ ਕਿਹਾ ਕਿ ਦੇਸ਼ ਭਰ ਵਿਚ ਬੰਦ ਨੂੰ ਲੋਕਾਂ ਦੀ ਹਮਾਇਤ ਮਿਲੀ। ਮਹਿੰਗਾਈ ਦੇ ਮੁੱਦੇ 'ਤੇ ਸਮੁੱਚੀ ਵਿਰੋਧੀ ਧਿਰ ਇਕਮੁੱਠ ਹੈ। ਇਸ ਤੋਂ ਇਲਾਵਾ ਹੈਦਰਾਬਾਦ ਵਿਚ ਵਿਰੋਧ ਵਿਖਾਵਾ ਕਰ ਰਹੇ ਤੇਲਗੂ ਦੇਸਮ ਪਾਰਟੀ ਦੇ ਨੇਤਾ ਚੰਦਰ ਬਾਬੂ ਨਾਇਡੂ ਅਤੇ ਖੱਬੇ-ਪੱਖੀ ਪਾਰਟੀਆਂ ਦੇ ਕਈ ਹੋਰ ਨੇਤਾਵਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਨਵੀਂ ਦਿੱਲੀ ਵਿਚ ਭਾਕਪਾ ਦੇ ਕੌਮੀ ਜਨਰਲ ਸਕੱਤਰ ਏ.ਬੀ. ਵਰਧਨ, ਸੀਨੀਅਰ ਨੇਤਾ ਡੀ. ਰਾਜਾ ਅਤੇ ਕੁਝ ਹੋਰ ਵਰਕਰਾਂ ਨੂੰ ਵੀ ਗ੍ਰਿਫਤਾਰ ਕੀਤਾ ਗਿਆ।

ਭਾਜਪਾ ਦੇ ਸੀਨੀਅਰ ਨੇਤਾ ਅਤੇ ਐਮ.ਪੀ. ਗੋਪੀਨਾਥ ਮੁੰਡੇ ਅਤੇ ਮਹਾਰਾਸ਼ਟਰ ਭਾਜਪਾ ਦੇ ਪ੍ਰਧਾਨ ਸੁਧੀਰ ਮੁੰਗਤਿਵਾਰ ਨੂੰ ਮੁੰਬਈ ਵਿਖੇ ਸੜਕੀ ਆਵਾਜਾਈ ਰੋਕਣ ਦੇ ਦੋਸ਼ ਹੇਠ ਗ੍ਰਿਫਤਾਰ ਕਰ ਲਿਆ ਗਿਆ। ਭਾਜਪਾ ਦੇ ਕੌਮੀ ਉਪ ਪ੍ਰਧਾਨ ਮੁਖਤਾਰ ਅੱਬਾਸ ਨਕਵੀ ਅਤੇ ਰਾਜ ਸਭਾ ਵਿਚ ਪਾਰਟੀ ਦੇ ਨੇਤਾ ਅਰੁਣ ਜੇਤਲੀ ਨੂੰ ਲਖਨਊ ਵਿਚ ਹਿਰਾਸਤ ਵਿਚ ਲਿਆ ਗਿਆ। ਜੈਪੁਰ ਵਿਚ ਭਾਜਪਾ ਦੀ ਕੌਮੀ ਜਨਰਲ ਸਕੱਤਰ ਵਸੁੰਧਰਾ ਰਾਜੇ ਸਿੰਧੀਆ ਅਤੇ ਸੂਬਾਈ ਪ੍ਰਧਾਨ ਅਰੁਣ ਚਤੁਰਵੇਦੀ ਦੀ ਅਗਵਾਈ ਵਿਚ ਸੈਂਕੜੇ ਪਾਰਟੀ ਵਰਕਰਾਂ ਨੇ ਗ੍ਰਿਫਤਾਰੀਆਂ ਦਿੱਤੀਆਂ।

**ਨਰਿੰਦਰ ਮੋਦੀ ਨੂੰ ਲੈ ਕੇ ਝੜਪਾਂ:** ਪਟਨਾ ਵਿਚ ਬੰਦ ਦੌਰਾਨ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਲੈ ਕੇ ਪਟਨਾ ਤੇ ਭਾਗਲਪੁਰ ਵਿਚ ਜਨਤਾ ਦਲ (ਯੂ) ਅਤੇ ਭਾਜਪਾ ਦੇ ਵਰਕਰ ਆਪਸ ਵਿਚ ਭਿੜ ਪਏ। ਬੰਦ ਨੂੰ ਸਫਲ ਬਣਾਉਣ ਲਈ ਜਨਤਾ ਦਲ (ਯੂ) ਦੇ ਐਮ.ਪੀ. ਹਸਨ ਲਾਲ ਸਮੇਤ ਸੜਕਾਂ 'ਤੇ ਉਤਰੇ ਪਾਰਟੀ ਵਰਕਰ, ਭਾਜਪਾ ਦੇ ਵਰਕਰਾਂ ਨਾਲ ਉਲਝ ਪਏ। ਹੱਥਾਂ ਵਿਚ ਮੋਦੀ ਦਾ ਪੋਸਟਰ ਫੜੀ ਭਾਜਪਾ ਵਰਕਰਾਂ ਨੇ ਜਦੋਂ ਨਰਿੰਦਰ ਮੋਦੀ ਦੇ ਹੱਕ ਵਿਚ ਨਾਅਰੇ ਲਾਏ ਤਾਂ ਸ੍ਰੀ ਹਸਨ ਨੇ ਵਿਰੋਧ ਕੀਤਾ ਜਿਸ ਪਿੱਛੋਂ ਦੋਹਾਂ ਪਾਰਟੀਆਂ ਦੇ ਵਰਕਰਾਂ ਵਿਚ ਝੜਪ ਹੋ ਗਈ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ

ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)



**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh

**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664

**New York**
Iqbal S. Jabowalia
917-375-6395
**Circulation**
Harbhajan Singh
917-856-5229

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**



ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਜਾਬ 'ਚ ਮੌਨਸੂਨ ਦੀ ਪਹਿਲੀ ਵਰਖਾ ਹੋਈ,ਕਈ ਇਲਾਕੇ ਜਲਥਲ

**ਮੌਨਸੂਨ ਦੀ ਆਮਦ ਨਾਲ ਪੰਜਾਬ ਦੇ ਕੁਝ ਹਿੱਸੇ ਭਿੱਜੇ *ਕਿਸਾਨਾਂ ਦੇ ਚਿਹਰੇ ਖਿੜੇ *ਚਮਕੌਰ ਸਾਹਿਬ ਨੇੜੇ ਸਰਹੰਦ ਨਹਿਰ 'ਚ ਪਿਆ ਪਾੜ *ਕਈ ਥਾਵਾਂ 'ਤੇ ਮੀਂਹ ਦਾ ਪਾਣੀ ਘਰਾਂ 'ਚ ਵੜਿਆ**

–ਪੰਜਾਬ ਟਾਈਮਜ਼ ਬਿਊਰੋ

**ਚੰਡੀਗੜ੍ਹ:** ਪੰਜਾਬ, ਹਰਿਆਣਾ, ਹਿਮਾਚਲ ਤੇ ਜੰਮੂ-ਕਸ਼ਮੀਰ 'ਚ ਮੌਨਸੂਨ ਦਾਖਲ ਹੋ ਗਈ ਹੈ। ਇਨ੍ਹਾਂ ਰਾਜਾਂ ਵਿਚ ਦੂਰ-ਦੂਰ ਤਕ ਮੌਨਸੂਨ ਦੀ ਭਰਵੀਂ ਬਾਰਿਸ਼ ਹੋਈ ਤੇ ਕਈ ਥਾਈਂ ਜਨ-ਜੀਵਨ ਵੀ ਬੁਰੀ ਤਰ੍ਹਾਂ ਪ੍ਰਭਾਵਤ ਹੋਇਆ। ਪੰਜਾਬ ਵਿਚ ਅਗਲੇ ਦੋ ਦਿਨ ਤਕ ਭਰਵੀਂ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਮੌਸਮ ਵਿਗਿਆਨੀਆਂ ਅਨੁਸਾਰ ਬੀਤੀ 5 ਜੁਲਾਈ ਨੂੰ ਪੰਜਾਬ, ਹਰਿਆਣਾ ਤੇ ਚੰਡੀਗੜ੍ਹ 'ਚ ਤਾਪਮਾਨ 4 ਡਿਗਰੀ ਹੇਠਾਂ ਡਿੱਗ ਗਿਆ।

ਬੀਤੀ 4 ਜੁਲਾਈ ਤੋਂ ਸ਼ੁਰੂ ਹੋਏ ਮੀਂਹ ਨੇ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਦੇ ਲੋਕਾਂ ਨੂੰ ਕਾਫ਼ੀ ਰਾਹਤ ਦਿੱਤੀ ਹੈ।ਇਸ ਮੀਂਹ ਨਾਲ ਜਿੱਥੇ ਝੋਨਾ ਲਾ ਚੁੱਕੇ ਕਿਸਾਨਾਂ ਨੂੰ ਵੱਡਾ ਲਾਭ ਹੋਇਆ ਹੈ, ਉਥੇ ਮਾਰੂ ਖੇਤਰ ਦੀਆਂ ਫ਼ਸਲਾਂ ਨੂੰ ਵੀ ਲਾਭ ਪਹੁੰਚਣ ਦੀ ਸੰਭਾਵਨਾ ਹੈ। ਮੀਂਹ ਨਾਲ ਹੁਣ ਕਿਸਾਨਾਂ ਦਾ ਟਿਊਬਵੈਲਾਂ 'ਤੇ ਜ਼ੋਰ ਘਟ ਜਾਵੇਗਾ, ਜਿਸ ਕਾਰਨ ਬਿਜਲੀ ਸਪਲਾਈ 'ਚ ਸੁਧਾਰ ਹੋਣ ਦੀ ਸੰਭਾਵਨਾ ਹੈ। ਹਾਲਾਂਕਿ ਕਈ ਥਾਈਂ ਮੀਂਹ ਨੇ ਸੀਵਰੇਜ ਪ੍ਰਬੰਧਾਂ ਦੀ ਪੋਲ ਵੀ ਖੋਲ੍ਹੀ ਹੈ।

ਮੌਸਮ ਵਿਭਾਗ ਦੇ ਸੀਨੀਅਰ ਅਧਿਕਾਰੀ ਅਨੁਸਾਰ ਬੀਤੀ 5 ਜੁਲਾਈ ਨੂੰ ਪੰਜਾਬ, ਹਰਿਆਣਾ, ਚੰਡੀਗੜ੍ਹ, ਹਿਮਾਚਲ, ਜੰਮੂ, ਪੱਛਮੀ ਉਤਰ ਪ੍ਰਦੇਸ਼ ਤੇ ਮੱਧ ਪ੍ਰਦੇਸ਼ ਵਿਚ ਮੌਨਸੂਨ ਪੂਰੀ ਤਰ੍ਹਾਂ ਆ ਗਈ ਹੈ ਅਤੇ ਅਗਲੇ ਦਿਨਾਂ ਵਿਚ ਭਰਵੀਂ ਬਾਰਿਸ਼ ਹੋਣ ਦੀਆਂ ਸੰਭਾਵਨਾਵਾਂ ਹਨ।

ਬੀਤੇ ਦਿਨੀਂ ਪੰਜਾਬ ਵਿਚ ਭਰਵੀਂ ਬਾਰਿਸ਼ ਹੋਈ ਹੈ। ਅੰਮ੍ਰਿਤਸਰ 'ਚ ਬੇਸ਼ੱਕ ਹਾਲੇ ਬਾਰਿਸ਼ ਨਹੀਂ ਹੋਈ ਹੈ। ਪਰ ਲੁਧਿਆਣਾ 66.6 ਮਿਲੀਮੀਟਰ ਬਾਰਿਸ਼ ਰਿਕਾਰਡ ਕੀਤੀ ਗਈ। ਇਸ ਤੋਂ ਇਲਾਵਾ ਪਟਿਆਲਾ 'ਚ 46.8 ਕਿਲੋਮੀਟਰ, ਮਾਧੋਪੁਰ 'ਚ 31 ਮਿਲੀਮੀਟਰ, ਸ਼ਾਹਪੁਰ ਕੰਡੀ 'ਚ 22 ਮਿਲੀਮੀਟਰ, ਫਤਿਹਗੜ੍ਹ ਸਾਹਿਬ 'ਚ 78 ਮਿਲੀਮੀਟਰ, ਦਸੂਹਾ 'ਚ 50.6 ਮਿਲੀਮੀਟਰ, ਸਮਰਾਲਾ 'ਚ 47 ਮਿਲੀਮੀਟਰ, ਡੇਰਾਬਸੀ 'ਚ 145 ਮਿਲੀਮੀਟਰ, ਚੰਡੀਗੜ੍ਹ 'ਚ 117.8 ਮਿਲੀਮੀਟਰ, ਬਲਾਚੌਰ 'ਚ 50 ਮਿਲੀਮੀਟਰ ਤੇ ਰਾਜਪੁਰਾ 'ਚ 125 ਮਿਲੀਮੀਟਰ ਬਾਰਿਸ਼ ਹੋਣ ਕਾਰਨ ਨੀਵੀਆਂ ਥਾਵਾਂ ਵਿਚ ਪਾਣੀ ਭਰ ਗਿਆ ਤੇ ਖੇਤਾਂ ਨੂੰ ਜਲਥਲ ਕਰ ਦਿੱਤਾ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਜਿਹੜੇ ਇਲਾਕਿਆਂ ਵਿਚ ਭਰਵੀਂ ਬਾਰਸ਼ ਹੋਈ ਹੈ, ਉਸ ਨਾਲ ਖੇਤੀ ਟਿਊਬਵੈਲਾਂ 'ਤੇ ਦਬਾਅ ਘਟ ਗਿਆ ਹੈ। ਇਸ ਤੋਂ ਇਲਾਵਾ ਬਾਰਿਸ਼ ਕਾਰਨ ਕਿਸਾਨਾਂ ਲਈ ਪਾਣੀ ਦਾ ਸੰਕਟ ਘਟ ਗਿਆ ਹੈ। ਝੋਨੇ ਤੋਂ ਇਲਾਵਾ ਹਰੇ ਚਾਰੇ ਤੇ ਹੋਰਾਂ ਫਸਲਾਂ ਲਈ ਵੀ ਬਾਰਸ਼ ਫਾਇਦੇਮੰਦ ਹੈ।

ਇਸ ਤੋਂ ਪਹਿਲਾਂ ਬੀਤੀ 4 ਜੁਲਾਈ ਨੂੰ ਵੀ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਸਣੇ ਹੋਰਨਾਂ ਇਲਾਕਿਆਂ ਵਿਚ ਭਾਰੀ ਵਰਖਾ ਹੋਈ ਜਿਸ ਨਾਲ ਆਮ ਲੋਕਾਂ ਨੂੰ ਗਰਮੀ ਤੋਂ ਵੱਡੀ ਰਾਹਤ ਮਿਲੀ। ਪੰਜਾਬ ਵਿਚ ਕਈ ਥਾਵਾਂ 'ਤੇ ਦਰਮਿਆਨੀ ਤੋਂ ਭਾਰੀ ਵਰਖਾ ਨੇ ਮੌਸਮ ਸੁਹਾਵਣਾ ਬਣਾ ਦਿਤਾ।

ਪੰਜਾਬ ਦੇ ਮਾਛੀਵਾੜਾ ਵਿਚ ਜ਼ੋਰਦਾਰ ਵਰਖਾ ਨੇ 4 ਘੰਟਿਆਂ ਵਿਚ ਹੀ ਸਾਰੇ ਪਾਸੇ ਜਲ-ਥਲ ਕਰ ਦਿਤਾ। ਸੂਏ ਪੂਰੀ ਤਰ੍ਹਾਂ ਭਰ ਗਏ ਅਤੇ ਪਾਣੀ ਖੇਤਾਂ ਵਿਚ ਜਾ ਵੜਿਆ। ਸਮਰਾਲਾ ਵਿਚ ਵੀ ਮਾਨਸੂਨ ਦੀ ਪਹਿਲੀ ਵਰਖਾ ਤੇ ਭਾਰੀ ਤੂਫ਼ਾਨ ਕਾਰਨ ਕਈ ਦਰੱਖ਼ਤ ਪੁੱਟੇ ਗਏ ਅਤੇ ਸ਼ਹਿਰ ਵਿਚ ਹੜ੍ਹਾਂ ਵਰਗੀ ਸਥਿਤੀ ਦੇਖਣ ਨੂੰ ਮਿਲੀ। ਨੇੜਲੇ ਪਿੰਡ ਟੋਡਰਪੁਰ ਦੇ ਘਰਾਂ ਵਿਚ 5-5 ਫੁੱਟ ਪਾਣੀ ਦਾਖ਼ਲ ਹੋ ਗਿਆ। ਖੰਨਾ ਦੇ ਨਜ਼ਦੀਕੀ ਪਿੰਡ ਭੌਰਲਾ ਵਿਖੇ ਭਾਰੀ ਮੀਂਹ ਨਾਲ ਆਏ ਪਾਣੀ ਕਾਰਨ ਕਈ ਘਰ ਡੁੱਬ ਗਏ ਅਤੇ ਘਰਾਂ ਦਾ ਸਾਮਾਨ ਬਾਹਰ ਕੱਢਣਾ ਪਿਆ। ਉਧਰ ਸਰਹੰਦ ਨਹਿਰ ਵੀ ਬਾਰਿਸ਼ ਕਾਰਨ ਪੂਰੀ ਤਰ੍ਹਾਂ ਭਰ ਗਈ ਅਤੇ ਚਮਕੌਰ ਸਾਹਿਬ ਤੋਂ ਨੀਲੋਂ ਮਾਰਗ ਦੀ ਸੜਕ 'ਤੇ ਸਰਹੰਦ ਨਹਿਰ ਵਿਚ ਪਾੜ ਪੈਣਾ ਸ਼ੁਰੂ ਹੋ ਗਿਆ।

ਗੁਆਂਢੀ ਸੂਬੇ ਹਰਿਆਣਾ ਦੇ ਅੰਬਾਲਾ 'ਚ 174.1 ਮਿਲੀ ਮੀਟਰ, ਹਿਸਾਰ 'ਚ 15.3 ਮਿਲੀ ਮੀਟਰ, ਕਰਨਾਲ 'ਚ 89.4 ਮਿਲੀ ਮੀਟਰ, ਰੋਹਤਕ 'ਚ 26.3 ਮਿਲੀ ਮੀਟਰ, ਭਿਵਾਨੀ 'ਚ 64 ਮਿਲੀ ਮੀਟਰ, ਪੰਚਕੂਲਾ 'ਚ 45 ਮਿਲੀ ਮੀਟਰ, ਕਾਲਕਾ 'ਚ 49 ਮਿਲੀ ਮੀਟਰ, ਮੋਰਨੀ 'ਚ 42 ਮਿਲੀ ਮੀਟਰ ਤੇ ਬਰਵਾਲਾ 'ਚ 58 ਮਿਲੀ ਮੀਟਰ ਮੀਂਹ ਦਰਜ ਕੀਤਾ ਗਿਆ। ਕੌਮੀ ਰਾਜਧਾਨੀ ਦਿੱਲੀ ਦੇ ਪਾਲਮ ਇਲਾਕੇ ਵਿਚ 29.9 ਐਮ.ਐਮ., ਲੋਧੀ ਰੋਡ ਵਿਖੇ 16.4 ਐਮ.ਐਮ. ਅਤੇ ਸਫ਼ਦਰਜੰਗ ਵਿਖੇ 15.9 ਐਮ.ਐਮ. ਵਰਖਾ ਹੋਈ। ਰਾਜਸਥਾਨ 'ਚ ਵੀ ਉਦੇਪੁਰ, ਕੋਟਾ, ਝਾਲਾਵਾੜ, ਭਰਤਪੁਰ ਵਿਚ ਵਰਖਾ ਨੇ ਲੋਕਾਂ ਦੇ ਚਿਹਰਿਆਂ 'ਤੇ ਮੁਸਕਰਾਹਟਾਂ ਲਿਆ ਦਿੱਤੀਆਂ।



## ਪਿੰਡਾਂ 'ਚ ਲੱਗਣਗੇ 3-3 ਸੌ ਰੁਪਏ 'ਚ ਗੋਬਰ ਗੈਸ ਪਲਾਂਟ

**ਚੰਡੀਗੜ੍ਹ:** ਪੰਜਾਬ ਦੇ ਪਿੰਡਾਂ ਵਿਚ ਸਤੰਬਰ ਮਹੀਨੇ ਤੋਂ ਏਸ਼ੀਆ ਦਾ ਸਭ ਤੋਂ ਵੱਡਾ ਗੋਬਰ ਗੈਸ ਪ੍ਰਾਜੈਕਟ ਆਰੰਭਿਆ ਜਾ ਰਿਹਾ ਹੈ। ਘਰੇਲੂ ਜ਼ਰੂਰਤ ਲਈ ਲਾਏ ਜਾਣ ਵਾਲੇ ਗੋਬਰ ਗੈਸ ਪਲਾਂਟ 'ਤੇ 15 ਤੋਂ 18 ਹਜ਼ਾਰ ਰੁਪਏ ਦੇ ਲਗਭਗ ਖਰਚ ਆਉਂਦਾ ਹੈ। ਇਸ ਪ੍ਰਾਜੈਕਟ ਤਹਿਤ ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਵਲੋਂ ਪੇਂਡੂ ਘਰਾਂ ਵਿਚ ਸਿਰਫ ਤਿੰਨ-ਤਿੰਨ ਸੌ ਰੁਪਏ ਨਾਲ ਅਜਿਹੇ 1 ਲੱਖ ਗੋਬਰ ਗੈਸ ਪਲਾਂਟ ਲਾਏ ਜਾਣਗੇ। ਇਹ ਗੈਸ ਪਲਾਂਟ ਲਵਾਉਣ ਲਈ ਵਿਅਕਤੀ ਕੋਲ ਘੱਟੋ ਘੱਟ 400 ਵਰਗ ਫੁੱਟ ਜਗ੍ਹਾ ਅਤੇ 4 ਤੋਂ 6 ਡੰਗਰ ਹੋਣੇ ਜ਼ਰੂਰੀ ਹਨ। ਇਕ ਗੈਸ ਪਲਾਂਟ 7-8 ਮੈਂਬਰਾਂ ਵਾਲੇ ਪਰਿਵਾਰ ਦੀ ਜ਼ਰੂਰਤ ਪੂਰੀ ਕਰਨ ਦੇ ਸਮਰੱਥ ਹੋਵੇਗਾ।

200 ਕਰੋੜ ਰੁਪਏ ਦੇ ਇਸ ਪ੍ਰਾਜੈਕਟ ਬਾਰੇ ਗੱਲਬਾਤ ਕਰਦਿਆਂ ਬੀਤੀ 1 ਜੁਲਾਈ ਨੂੰ ਪੇਡਾ ਦੇ ਜਾਇੰਟ ਡਾਇਰੈਕਟਰ ਸ: ਰਵਿੰਦਰ ਸਿੰਘ ਨੇ ਦੱਸਿਆ ਕਿ ਅਗਲੇ ਕੁਝ ਦਿਨਾਂ 'ਚ ਅਖਬਾਰਾਂ ਰਾਹੀਂ ਇਸ਼ਤਿਹਾਰ ਦੇ ਕੇ ਇਹ ਗੋਬਰ ਪਲਾਂਟ ਲਾਉਣ ਲਈ ਅਰਜ਼ੀਆਂ ਮੰਗੀਆਂ ਜਾਣਗੀਆਂ ਜਿਸ ਤੋਂ ਬਾਅਦ 'ਪਹਿਲਾਂ ਆਓ ਪਹਿਲਾਂ ਪਾਓ' ਦੇ ਆਧਾਰ 'ਤੇ ਇਹ ਗੈਸ ਪਲਾਂਟ ਲਾਏ ਜਾਣਗੇ। ਉਨ੍ਹਾਂ ਦੱਸਿਆ ਕਿ ਇਕ ਵਿਦੇਸ਼ੀ ਇਕਾਈ ਸੀ.ਡੀ.ਐਮ. ਵਲੋਂ ਲਾਏ ਜਾਣ ਵਾਲੇ ਇਸ ਪ੍ਰਾਜੈਕਟ ਵਿਚ ਪੰਜਾਬ ਸਰਕਾਰ ਦਾ ਕੋਈ ਖਰਚ ਨਹੀਂ ਆਵੇਗਾ ਬਲਕਿ ਇਸ ਪ੍ਰਾਜੈਕਟ ਲਈ 27 ਕਰੋੜ ਰੁਪਏ ਕੇਂਦਰ ਸਰਕਾਰ ਦੇਵੇਗੀ, 3 ਕਰੋੜ ਰੁਪਏ ਗੈਸ ਪਲਾਂਟ ਲਗਵਾਉਣ ਵਾਲੇ ਲੋਕਾਂ ਤੋਂ ਜੁਟਾਏ ਜਾਣਗੇ, ਜਦਕਿ ਬਾਕੀ ਰਾਸ਼ੀ ਉਪਰੋਕਤ ਵਿਦੇਸ਼ੀ ਇਕਾਈ ਖਰਚ ਕਰੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਅਰਜ਼ੀ ਦੇਣ ਵੇਲੇ ਵਿਅਕਤੀ ਤੋਂ 3 ਹਜ਼ਾਰ ਰੁਪਏ ਲਏ ਜਾਣਗੇ, ਜਿਸ ਵਿਚੋਂ 2700 ਰੁਪਏ ਪਲਾਂਟ ਲੱਗ ਜਾਣ ਤੋਂ ਬਾਅਦ ਵਾਪਸ ਕਰ ਦਿੱਤੇ ਜਾਣਗੇ। ਪਲਾਂਟ ਲਾਉਣ ਦੀ ਸਮਾਂ ਪ੍ਰਕਿਰਿਆ ਬਾਰੇ ਉਨ੍ਹਾਂ ਦੱਸਿਆ ਕਿ ਇਕ ਲੱਖ ਪਲਾਂਟ ਲਾਉਣ ਦਾ ਇਹ ਪ੍ਰੋਗਰਾਮ 3 ਸਾਲ ਦਾ ਹੋਵੇਗਾ। ਪਹਿਲੇ ਵਰ੍ਹੇ 25 ਹਜ਼ਾਰ, ਦੂਜੇ ਵਰ੍ਹੇ 35 ਹਜ਼ਾਰ ਅਤੇ ਤੀਜੇ ਵਰ੍ਹੇ 40 ਹਜ਼ਾਰ ਪਲਾਂਟ ਲਾਏ ਜਾਣਗੇ। 3 ਸਾਲਾਂ ਬਾਅਦ ਪ੍ਰਾਜੈਕਟ 'ਚ ਵਾਧਾ ਕਰਦਿਆਂ 7 ਲੱਖ ਦੀ ਸੰਖਿਆ ਤੱਕ ਇਹ ਗੋਬਰ ਗੈਸ ਪਲਾਂਟ ਲਾਏ ਜਾਣਗੇ।

# ਪੰਜਾਬ 'ਚ ਮੁਕੰਮਲ ਪਰ ਹਰਿਆਣਾ 'ਚ ਅੱਧਾ-ਅਧੂਰਾ ਬੰਦ

**ਚੰਡੀਗੜ੍ਹ:** ਤੇਲ ਕੀਮਤਾਂ ਵਿਚ ਵਾਧੇ ਵਿਰੁਧ ਕੌਮੀ ਲੋਕਰਾਜੀ ਗਠਜੋੜ (ਐਨ.ਡੀ.ਏ.) ਅਤੇ ਖੱਬੀਆਂ ਪਾਰਟੀਆਂ ਵਲੋਂ ਦਿਤੇ ਬੰਦ ਦੇ ਸੱਦੇ ਨੂੰ ਪੰਜਾਬ ਵਿਚ ਤਕੜਾ ਹੁੰਗਾਰਾ ਮਿਲਿਆ ਜਦਕਿ ਹਰਿਆਣਾ ਅਤੇ ਚੰਡੀਗੜ੍ਹ ਵਿਚ ਬੰਦ ਦਾ ਅਸਰ ਰਲਵਾਂ-ਮਿਲਵਾਂ ਰਿਹਾ। ਬੀਤੀ 5 ਜੁਲਾਈ ਨੂੰ ਪੰਜਾਬ ਵਿਚ ਜਿਥੇ ਦੁਕਾਨਾਂ ਅਤੇ ਹੋਰ ਵਪਾਰਕ ਅਦਾਰੇ ਬੰਦ ਰਹੇ, ਉਥੇ ਅਕਾਲੀ ਦਲ (ਬ), ਭਾਰਤੀ ਜਨਤਾ ਪਾਰਟੀ ਅਤੇ ਖੱਬੀਆਂ ਪਾਰਟੀਆਂ ਦੇ ਕਾਰਕੁਨਾਂ ਨੇ ਜਲੰਧਰ, ਦਸੂਹਾ, ਪੱਟੀ ਅਤੇ ਬਰਨਾਲਾ ਵਿਖੇ ਕੁਝ ਮਿੰਟ ਲਈ ਰੇਲ ਆਵਾਜਾਈ ਵੀ ਰੋਕ ਦਿਤੀ।

ਜਲੰਧਰ ਵਿਖੇ ਅਕਾਲੀ ਦਲ ਦੇ ਵਰਕਰਾਂ ਨੇ ਸਵਰਨ ਸ਼ਤਾਬਦੀ ਨੂੰ 10 ਮਿੰਟ ਲਈ ਰੋਕ ਦਿਤਾ ਜਦਕਿ ਬਰਨਾਲਾ ਵਿਖੇ ਇਕ ਮੁਸਾਫ਼ਰ ਗੱਡੀ ਨੂੰ ਖੱਬੇ ਪੱਖੀ ਕਾਰਕੁਨਾਂ ਨੇ ਰੋਕ ਲਿਆ। ਸੜਕੀ ਅਤੇ ਰੇਲ ਆਵਾਜਾਈ ਵਿਚ ਰੁਕਾਵਟਾਂ ਪੈਣ ਕਾਰਨ ਪੰਜਾਬ ਵਿਚ ਬੰਦ ਨੂੰ ਸਫ਼ਲਤਾਪੂਰਵਕ ਹੁੰਗਾਰਾ ਮਿਲਿਆ। ਜ਼ਿਆਦਾਤਰ ਨਿੱਜੀ ਬੱਸ ਸੇਵਾ ਅਤੇ ਨਿੱਜੀ-ਏਡਿਡ ਸਕੂਲ ਆਦਿ ਬੰਦ ਰਹੇ। ਸਰਕਾਰੀ ਸਕੂਲਾਂ ਅਤੇ ਕਾਲਜਾਂ ਵਿਚ ਵੀ ਹਾਜ਼ਰੀ ਘੱਟ ਦਰਜ ਕੀਤੀ ਗਈ ਹੈ। ਆਪਾਤ-ਕਾਲੀਨ ਸੇਵਾਵਾਂ ਜਿਵੇਂ ਹਸਪਤਾਲ, ਕਲੀਨਿਕ ਅਤੇ ਕੈਮਿਸਟ ਆਦਿ ਆਮ ਵਾਂਗ ਰਹੀਆਂ। ਦੋਹਾਂ ਰਾਜਾਂ ਵਿਚ ਪੈਲੇਸ, ਬੈਂਕ ਖੁਲ੍ਹੇ ਰਹੇ ਅਤੇ ਰਾਜਾਂ ਦੀਆਂ ਬੱਸ ਸੇਵਾਵਾਂ ਬੇਰੋਕ ਚਲਦੀਆਂ ਰਹੀਆਂ। ਦੋਹਾਂ ਰਾਜਾਂ ਵਿਚ ਸਰਕਾਰੀ ਦਫ਼ਤਰਾਂ ਵਿਚ ਆਮ ਵਾਂਗ ਕੰਮ ਹੋਇਆ। ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਸੁਰੱਖਿਆ ਦੇ ਸਖ਼ਤ ਇੰਤਜ਼ਾਮ ਕੀਤੇ ਗਏ ਸਨ।

ਪੰਜਾਬ 'ਚ ਫਗਵਾੜਾ, ਜਲੰਧਰ, ਲੁਧਿਆਣਾ, ਫ਼ਰੀਦਕੋਟ, ਪਟਿਆਲਾ ਅਤੇ ਮੋਗਾ ਵਿਚ ਮੁਕੰਮਲ ਬੰਦ ਰਿਹਾ। ਗੁਆਂਢੀ ਰਾਜ ਹਰਿਆਣਾ ਜਿਥੇ ਕਾਂਗਰਸ ਦੀ ਸਰਕਾਰ ਹੈ, ਵਿਚ ਇੰਡੀਅਨ ਨੈਸ਼ਨਲ ਲੋਕ ਦਲ, ਸੀ.ਪੀ.ਆਈ, ਸੀ.ਪੀ.ਆਈ. (ਐਮ) ਅਤੇ ਭਾਜਪਾ ਨੇ ਬੰਦ ਦਾ ਸਮਰਥਨ ਕੀਤਾ। ਕਈ ਥਾਵਾਂ ਉਤੇ ਦੁਕਾਨਾਂ ਅਤੇ ਹੋਰ ਅਦਾਰੇ ਆਮ ਵਾਂਗ ਖੁਲ੍ਹੇ ਰਹੇ। ਮੁੱਖ ਤੌਰ 'ਤੇ ਹਿਸਾਰ, ਸੋਨੀਪਤ, ਅੰਬਾਲਾ, ਕੁਰੂਕਸ਼ੇਤਰ ਅਤੇ ਯਮੁਨਾਨਗਰ ਵਿਖੇ ਮੁਕੰਮਲ ਬੰਦ ਰਿਹਾ।

ਪੱਟੀ 'ਚ ਕਾਮਰੇਡ ਦਵਿੰਦਰਜੀਤ ਸਿੰਘ ਢਿਲੋਂ ਦੀ ਅਗਵਾਈ ਹੇਠ ਰੇਲਵੇ ਫ਼ਾਟਕ ਨੇੜੇ ਧਰਨਾ ਦਿਤਾ ਗਿਆ। 12 ਵਜੇ ਖੇਮਕਰਨ ਵਲੋਂ ਪੱਟੀ ਆਉਣ ਵਾਲੀ ਗੱਡੀ ਨੂੰ ਵੀ ਰੋਕ ਦਿਤਾ ਗਿਆ। ਦਸੂਹਾ 'ਚ ਭਾਜਪਾ ਵਿਧਾਇਕ ਅਮਰਜੀਤ ਸਿੰਘ ਸ਼ਾਹੀ ਦੀ ਅਗਵਾਈ ਵਿਚ ਦੁਕਾਨਾਂ ਬੰਦ ਕਰਵਾਈਆਂ ਗਈਆਂ। ਕਾਫ਼ਲੇ ਦੇ ਰੂਪ ਵਿਚ ਰੇਲਵੇ ਲਾਈਨ ਉਤੇ ਪਹੁੰਚ ਕੇ ਜੰਮੂ ਤਵੀ ਗੱਡੀ ਨੂੰ 15-20 ਮਿੰਟ ਤਕ ਰੋਕੀ ਰਖਿਆ। ਮੋਰਿੰਡਾ ਵਿਚ ਬੰਦ ਦਾ ਕੋਈ ਅਸਰ ਵਿਖਾਈ ਨਾ ਦਿਤਾ। ਸਾਰੇ ਬਾਜ਼ਾਰ ਖੁਲ੍ਹੇ ਰਹੇ। ਇਥੋਂ ਤਕ ਕਿ ਬੰਦ ਦਾ ਸੱਦਾ ਦੇਣ ਵਾਲੀ ਭਾਜਪਾ ਦੇ ਕਾਰਕੁਨਾਂ ਨੇ ਵੀ ਅਪਣੀਆਂ ਦੁਕਾਨਾਂ ਖੁਲ੍ਹੀਆਂ ਰਖੀਆਂ। ਤਪਾ ਅਤੇ ਨਜ਼ਦੀਕੀ ਇਲਾਕਿਆਂ ਵਿਚ ਬੰਦ ਨੂੰ ਅੰਸ਼ਕ ਰੂਪ ਵਿਚ ਹੁੰਗਾਰਾ ਮਿਲਿਆ ਹੈ। ਤਪਾ ਨੂੰ ਜੋੜਦੀਆਂ ਲਿੰਕ ਸੜਕਾਂ ਅਤੇ ਬਠਿੰਡਾ-ਬਰਨਾਲਾ ਹਾਈਵੇ ਮੋਗਾ-ਸਿਰਸਾ ਹਾਈਵੇ ਉਪਰ ਜਿਥੇ ਬਸਾਂ ਅਤੇ ਸਵਾਰੀਆਂ ਢੋਹਣ ਵਾਲੇ ਵਹੀਕਲਾਂ ਦੀ ਆਵਾਜਾਈ ਲਗਭਗ ਬੰਦ ਰਹੀ, ਉਥੇ ਢੋਆ-ਢੁਆਈ ਵਾਲੇ ਵਹੀਕਲ ਆਮ ਵਾਂਗ ਚਲਦੇ ਵੇਖੇ ਗਏ। ਪੁਲਿਸ ਨੇ ਥਾਂ-ਥਾਂ ਨਾਕੇ ਲਾਏ ਹੋਏ ਸਨ। ਦੁਕਾਨਾਂ ਆਮ ਵਾਂਗ ਖੁਲ੍ਹੀਆਂ ਸਨ। ਅਕਾਲੀ-ਭਾਜਪਾ ਗਠਜੋੜ ਦੇ ਵਰਕਰ ਇਥੇ ਸਰਗਰਮ ਵਿਖਾਈ ਨਾ ਦਿਤੇ। ਪਟਿਆਲਾ 'ਚ ਸ਼੍ਰੋਮਣੀ ਅਕਾਲੀ ਦਲ ਲੌਂਗੋਵਾਲ ਦੇ ਯੂਥ ਵਿੰਗ ਵਲੋਂ ਕੌਮੀ ਪ੍ਰਧਾਨ ਰਣਜੀਤ ਸਿੰਘ ਨਿਕੜਾ ਦੀ ਅਗਵਾਈ ਵਿਚ ਬੱਸ ਅੱਡੇ ਦੇ ਦੋਹਾਂ ਗੇਟਾਂ 'ਤੇ ਜਿੰਦਰੇ ਲਗਾ ਕੇ ਮਹਿੰਗਾਈ ਦਾ ਵਿਰੋਧ ਕੀਤਾ। ਯੂਥ ਅਕਾਲੀ ਦਲ ਦੇ ਵਰਕਰਾਂ ਨੇ ਕੇਂਦਰ ਸਰਕਾਰ ਵਿਰੁਧ ਨਾਹਰੇਬਾਜ਼ੀ ਵੀ ਕੀਤੀ। ਅਕਾਲੀ ਦਲ ਲੌਂਗੋਵਾਲ ਨੇ ਕੇਂਦਰ ਸਰਕਾਰ ਦਾ ਪੁਤਲਾ ਵੀ ਸਾੜਿਆ।

ਬੰਗਾ ਦੇ ਬਾਜ਼ਾਰ ਮੁਕੰਮਲ ਬੰਦ ਰਹੇ ਜਦਕਿ ਸਰਕਾਰੀ ਦਫ਼ਤਰ, ਸਕੂਲ ਅਤੇ ਬੈਂਕ ਖੁਲ੍ਹੇ ਰਹੇ। ਬੰਦ ਨੂੰ ਸਫ਼ਲ ਬਨਾਉਣ ਲਈ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵਰਕਰਾਂ ਨੇ ਰੋਸ ਮਾਰਚ ਕੀਤਾ। ਰੋਸ ਮਾਰਚ ਦੀ ਅਗਵਾਈ ਵਿਧਾਇਕ ਚੌਧਰੀ ਮੋਹਣ ਲਾਲ ਕਰ ਰਹੇ ਸਨ। ਬਾਅਦ ਵਿਚ ਰੇਲਵੇ ਰੋਡ ਸਾਹਮਣੇ ਸੋਨੀਆਂ ਗਾਂਧੀ ਦਾ ਪੁਤਲਾ ਫੂਕਿਆ। ਦੂਜੇ ਪਾਸੇ ਖੱਬੇ ਪੱਖੀਆਂ ਨੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਕੱਤਰ ਸ. ਰਾਮ ਸਿੰਘ ਨੂਰਪੁਰੀ ਦੀ ਅਗਵਾਈ ਵਿਚ ਰੋਸ ਮਾਰਚ ਕੀਤਾ ਅਤੇ ਰੇਲਵੇ ਸਟੇਸ਼ਨ 'ਤੇ ਜਲੰਧਰ ਜਾਣ ਵਾਲੀ ਰੇਲ ਗੱਡੀ ਨੂੰ ਰੋਕ ਕੇ ਨਾਹਰੇਬਾਜ਼ੀ ਕੀਤੀ। ਬੁਢਲਾਡਾ ਮੁਕੰਮਲ ਤੌਰ 'ਤੇ ਬੰਦ ਰਿਹਾ। ਸ਼੍ਰੋਮਣੀ ਅਕਾਲੀ ਦਲ, ਭਾਜਪਾ ਅਤੇ ਭਾਰਤੀ ਕਮਿਊਨਿਸਟ ਪਾਰਟੀ ਵਲੋਂ ਸਾਂਝੇ ਰੂਪ ਵਿਚ ਮਹਿੰਗਾਈ ਵਿਰੁਧ ਸ਼ਹਿਰ ਵਿਚ ਰੋਸ ਮਾਰਚ ਕਢਿਆ ਗਿਆ। ਬੁਢਲਾਡਾ-ਭੀਖੀ ਰੋਡ ਉਪਰ ਸਥਿਤ ਰੇਲਵੇ ਫ਼ਾਟਕ 'ਤੇ ਧਰਨਾ ਦੇ ਕੇ ਰੇਲਾਂ ਦਾ ਚੱਕਾ ਜਾਮ ਕੀਤਾ। ਬੰਦ ਕਾਰਨ ਕਿਸੇ ਵੀ ਸੜਕ 'ਤੇ ਕੋਈ ਵਾਹਨ ਨਜ਼ਰ ਨਹੀਂ ਆਇਆ। ਸਰਕਾਰੀ ਅਤੇ ਗ਼ੈਰ-ਸਰਕਾਰੀ ਸਕੂਲਾਂ ਵਿਚ ਬੱਚੇ ਨਾ ਆਉਣ ਕਾਰਨ ਸਕੂਲ ਵੀ ਬੰਦ ਵਿਖਾਈ ਦਿਤੇ ਪਰ ਅਧਿਆਪਕ ਸਕੂਲਾਂ ਵਿਚ ਹਾਜ਼ਰ ਸਨ। ਮਲੋਟ 'ਚ ਸਥਾਨਕ ਸ਼੍ਰੋਮਣੀ ਅਕਾਲੀ ਦਲ ਬਾਦਲ ਅਤੇ ਭਾਜਪਾ ਆਗੂਆਂ ਨੇ ਰਾਸ਼ਟਰੀ ਰਾਜ ਮਾਰਗ ਨੰਬਰ-10 'ਤੇ ਸੜਕੀ ਆਵਾਜਾਈ ਪੂਰੀ ਤਰ੍ਹਾਂ ਬੰਦ ਕਰ ਕੇ ਧਰਨਾ ਦਿੱਤਾ। ਦੁਕਾਨਾਂ ਅਤੇ ਕਾਰੋਬਾਰੀ ਅਦਾਰੇ ਭਾਂਵੇ ਬੰਦ ਰਹੇ ਪਰ ਸਰਕਾਰੀ ਅਦਾਰੇ ਆਮ ਵਾਂਗ ਖੁਲ੍ਹੇ ਰਹੇ। ਸਰਕਾਰੀ ਅਤੇ ਗ਼ੈਰ ਸਰਕਾਰੀ ਬਸਾਂ ਦੀ ਆਵਾਜਾਈ ਬੰਦ ਹੋਣ ਕਾਰਨ ਸਵਾਰੀਆਂ ਨੂੰ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪਿਆ। ਕਈ ਰਸਤਿਆਂ 'ਤੇ ਅਕਾਲੀਆਂ ਨੇ ਪੁਲਿਸ ਹੱਥੋਂ ਕੰਟਰੋਲ ਨੂੰ ਅਪਣੇ ਹੱਥਾਂ ਵਿਚ ਲੈ ਕੇ ਆਮ ਲੋਕਾਂ ਲਈ ਬਾਜ਼ਾਰ ਜਾਣ-ਆਉਣ ਦੇ ਰਸਤੇ ਪੂਰੀ ਤਰ੍ਹਾਂ ਬੰਦ ਕਰ ਦਿਤੇ। ਲੋਕਾਂ ਦਾ ਰਾਹ ਰੋਕਣ ਵਾਲੇ ਕਈ ਆਗੂਆਂ ਦੇ ਅਪਣੇ ਕਾਰੋਬਾਰੀ ਅਦਾਰੇ ਖੁਲ੍ਹੇ ਰਹੇ। ਵੱਡੇ ਆਗੂਆਂ ਦੇ ਠੇਕੇ ਅਤੇ ਹੋਰ ਦੁਕਾਨਾਂ ਖੁਲ੍ਹੀਆਂ ਰਹਿਣ ਕਾਰਨ ਲੋਕਾਂ ਵਿਚ ਚਰਚਾ ਦਾ ਵਿਸ਼ਾ ਬਣੇ ਰਹੇ। ਮੋਗਾ ਸ਼ਹਿਰ ਅੰਦਰ ਭਾਵੇਂ ਆਮ ਜਨਤਾ ਨੇ ਬੰਦ ਨੂੰ ਪੂਰਨ ਸਹਿਯੋਗ ਦਿਤਾ ਪਰ ਫਿਰ ਵੀ ਕੁਝ ਅਕਾਲੀ-ਭਾਜਪਾ ਦੇ ਵਰਕਰਾਂ ਨੇ ਖੁਲ੍ਹੀਆਂ ਦੁਕਾਨਾਂ ਨੂੰ ਮੋਟਰਾਂ ਸਾਈਕਲਾਂ ਅਤੇ ਕਾਰਾਂ ਵਿਚ ਸਵਾਰ ਹੋ ਕੇ ਨੰਗੀਆਂ ਤਲਵਾਰਾਂ ਅਤੇ ਖੰਡੇ ਲੈ ਕੇ ਬੰਦ ਕਰਵਾਇਆ। ਇਸ ਕਾਰਨ ਸ਼ਹਿਰ ਅੰਦਰ ਦਹਿਸ਼ਤ ਦਾ ਮਾਹੌਲ ਬਣ ਗਿਆ। ਸਵੇਰੇ ਹੀ ਪੁਲਿਸ ਨੇ ਬੰਦ ਦੌਰਾਨ ਪੂਰੇ ਸ਼ਹਿਰ ਅੰਦਰ ਦੁਕਾਨਾਂ ਵਾਲਿਆਂ ਨੂੰ ਦੁਕਾਨਾਂ ਬੰਦ ਕਰਨ ਲਈ ਆਖ ਦਿਤਾ ਸੀ ਪਰ ਤਿੰਨ ਨੰਬਰ ਚੁੰਗੀ ਕੋਲ ਕੁਝ ਦੁਕਾਨਾਂ ਖੁਲ੍ਹੀਆਂ ਸਨ। ਉਨ੍ਹਾਂ ਨੂੰ ਬੰਦ ਕਰਵਾਉਣ ਲਈ ਅਕਾਲੀ-ਭਾਜਪਾ ਵਰਕਰਾਂ ਨੇ ਨੰਗੀਆਂ ਤਲਵਾਰਾਂ ਦਾ ਸਹਾਰਾ ਲਿਆ। ਬਰਨਾਲਾ 'ਚ ਸੀ.ਪੀ.ਆਈ ਅਤੇ ਖੇਤ ਮਜ਼ਦੂਰ ਸਭਾ ਵਲੋਂ ਬਰਨਾਲਾ ਰੇਲਵੇ ਸਟੇਸ਼ਨ ਤੇ ਕਰੀਬ ਅੱਧਾ ਘੰਟਾ ਰੇਲ ਰੋਕ ਕੇ ਪ੍ਰਦਰਸ਼ਨ ਕੀਤਾ ਗਿਆ। ਧਨੌਲਾ 'ਚ ਕਾਮਰੇਡ ਲਾਲ ਸਿੰਘ ਧਨੌਲਾ, ਸ਼ੇਰ ਸਿੰਘ ਫ਼ਰਵਾਹੀ ਅਤੇ ਕਈ ਹੋਰ ਜਥੇਬੰਦੀਆਂ ਦੇ ਆਗੂਆ ਨੇ ਮੁੱਖ ਬਾਜ਼ਾਰ ਦੀਆਂ ਦੁਕਾਨਾਂ ਨੂੰ ਬੰਦ ਕਰਵਾਇਆ ਤੇ ਦੁਕਾਨਦਾਰ ਪਿੱਛੇ-ਪਿੱਛੇ ਦੁਕਾਨਾਂ ਖੋਲ੍ਹਦੇ ਗਏ। ਬੱਸਾਂ ਨਾ ਆਉਣ ਕਾਰਨ ਬੱਸ ਅੱਡੇ ਵਿਖੇ ਸਵਾਰੀਆਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ।

ਪੰਜਾਬ ਵਿਚ ਲੋਕਾਂ ਵਲੋਂ ਬੰਦ ਨੂੰ ਦਿਤੇ ਭਰਵੇਂ ਹੁੰਗਾਰੇ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਦੇਸ਼ ਵਾਸੀਆਂ, ਮੁੱਖ ਤੌਰ 'ਤੇ ਪੰਜਾਬੀਆਂ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਬੰਦ ਨੇ ਸਾਬਤ ਕਰ ਦਿਤਾ ਹੈ ਕਿ ਲੋਕ ਯੂ.ਪੀ.ਏ. ਸਰਕਾਰ ਦੀਆਂ ਨੀਤੀਆਂ ਤੋਂ ਪੂਰੀ ਤਰ੍ਹਾਂ ਤੰਗ ਆ ਚੁਕੇ ਹਨ।

**ਪੰਜਾਬ 'ਚ ਬੰਦ ਪੂਰੀ ਤਰ੍ਹਾਂ ਸ਼ਾਂਤੀਪੂਰਨ ਰਿਹਾ**




## ਮੈਂ ਅਧਿਆਪਕ ਸਾਂ: ਡਾ. ਮਨਮੋਹਨ ਸਿੰਘ

**ਕਾਨਪੁਰ :** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਬੀਤੀ 3 ਜੁਲਾਈ ਨੂੰ ਕਿਹਾ, "ਮੈਂ ਅਧਿਆਪਕ ਸੀ ਅਤੇ ਉਸੇ ਪੇਸ਼ੇ ਵਿਚ ਹੀ ਰਹਿਣਾ ਚਾਹੁੰਦਾ ਸੀ ਪਰ ਦੁਰਘਟਨਾਵਸ ਸਿਆਸਤ ਵਿਚ ਆ ਗਿਆ।" ਆਈ.ਆਈ.ਟੀ. ਕਾਨਪੁਰ ਦੀ ਕਨਵੋਕੇਸ਼ਨ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ, "ਮੈਨੂੰ ਪੜ੍ਹਾਉਣਾ ਬਹੁਤ ਪਸੰਦ ਹੈ ਅਤੇ ਅਧਿਆਪਕਾਂ ਨਾਲ ਉਠਣਾ-ਬੈਠਣਾ ਹੀ ਮੇਰੀ ਇੱਛਾ ਹੈ। ਮੈਂ ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਵੀ ਸਮਾਂ ਬਿਤਾਉਣਾ ਪਸੰਦ ਕਰਦਾ ਹਾਂ।"

ਪ੍ਰਧਾਨ ਮੰਤਰੀ ਨੇ ਆਈ.ਆਈ.ਟੀ. ਕਾਨਪੁਰ ਦੇ ਵਿਦਿਆਰਥੀਆਂ ਵਲੋਂ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਹਾਸਲ ਕੀਤੇ ਉੱਚ ਅਹੁਦਿਆਂ ਦੀ ਸ਼ਲਾਘਾ ਕੀਤੀ।

## ਓਲਗਾ ਖਿਲਾਫ ਠੋਸ ਸਬੂਤ ਪੇਸ਼ ਨਹੀਂ ਕਰ ਸਕੀ ਰੋਪੜ ਪੁਲਸ

**ਆਨੰਦਪੁਰ ਸਾਹਿਬ :** ਜੈਪੁਰ (ਰਾਜਸਥਾਨ) ਤੋਂ ਫੜੀ ਗਈ ਰੂਸੀ ਔਰਤ ਓਲਗਾ ਤਿਮੋਸਿਕ ਨੂੰ ਬੀਤੀ 4 ਜੁਲਾਈ ਨੂੰ ਸਵੇਰੇ ਅਦਾਲਤ ਵਿਚ ਪੇਸ਼ ਕੀਤਾ ਗਿਆ, ਜਿੱਥੇ ਜੱਜ ਨੇ ਉਸ ਨੂੰ 15 ਜੁਲਾਈ ਤਕ ਜੁਡੀਸ਼ੀਅਲ ਰਿਮਾਂਡ 'ਤੇ ਭੇਜ ਦਿੱਤਾ। ਨੰਗਲ ਪੁਲਸ ਵਲੋਂ ਓਲਗਾ ਨੂੰ ਸਿਵਲ ਜੱਜ ਜੁਡੀਸ਼ੀਅਲ ਮੈਜਿਸਟ੍ਰੇਟ ਸ੍ਰੀ ਕਪਿਲ ਅਗਰਵਾਲ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ।

ਓਲਗਾ ਵਲੋਂ ਐਡਵੋਕੇਟ ਵੀਰਇੰਦਰ ਸਿੰਘ ਅਤੇ ਐਡਵੋਕੇਟ ਸਚਿਨ ਕੌਸ਼ਲ ਪੇਸ਼ ਹੋਏ। ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਸਰਕਾਰੀ ਵਕੀਲ ਗੁਰਦੀਪ ਸਿੰਘ ਨੇ ਦੱਸਿਆ ਕਿ ਓਲਗਾ ਨੂੰ ਪੰਜਾਬ ਪੁਲਸ ਨੇ ਭਾਖੜਾ ਤੇ ਨੰਗਲ ਡੈਮ ਦੀ ਜਾਸੂਸੀ ਕਰਨ ਦੇ ਦੋਸ਼ 'ਚ ਜੈਪੁਰ ਤੋਂ ਗ੍ਰਿਫਤਾਰ ਕੀਤਾ ਸੀ, ਪਰ ਜਾਂਚ ਦੌਰਾਨ ਪੁਲਸ ਅਦਾਲਤ ਵਿਚ ਕੋਈ ਵੀ ਪੁਖਤਾ ਸਬੂਤ ਪੇਸ਼ ਨਹੀਂ ਕਰ ਸਕੀ। ਉਨ੍ਹਾਂ ਦੱਸਿਆ ਕਿ ਓਲਗਾ ਰੂਸ ਦੀ ਫੋਟੋ ਪੱਤਰਕਾਰ ਹੈ। ਉਹ ਭਾਰਤ ਵਿਚ 25 ਤੋਂ 31 ਦਸੰਬਰ ਤਕ ਜੈਪੁਰ (ਰਾਜਸਥਾਨ) ਵਿਚ ਲੱਗਣ ਵਾਲੇ ਫੋਟੋ ਪ੍ਰਦਰਸ਼ਨੀ ਮੇਲੇ 'ਚ ਹਿੱਸਾ ਲੈਣ ਆਈ ਸੀ, ਪਰ ਜ਼ਿਲ੍ਹਾ ਰੋਪੜ ਦੀ ਪੁਲਸ ਨੇ ਇਸ ਨੂੰ ਜਾਸੂਸੀ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ ਸੀ। ਜਰਮਨ ਨਾਗਰਿਕ ਥਾਮਸ ਕੋਹਨ ਨਾਲ ਉਸਦੇ ਸੰਬੰਧਾਂ ਬਾਰੇ ਵੀ ਪੁਲਿਸ ਕੋਈ ਸਬੂਤ ਪੇਸ਼ ਨਹੀਂ ਕਰ ਸਕੀ। ਰੂਸ ਦੀ ਅੰਬੈਸੀ ਵਲੋਂ ਇਸ ਕੇਸ ਦੀ ਦੇਖ-ਰੇਖ ਲਈ ਐਵਰੇਨੀ ਕੈਲਨਿਕ ਅਤੇ ਸ੍ਵੇਤਾਲਾਨਾ ਵਿਸ਼ੇਸ਼ ਤੌਰ 'ਤੇ ਪਹੁੰਚ ਹੋਏ ਸਨ। ਪੁਲਸ ਵਲੋਂ 12 ਦਿਨਾਂ ਦਾ ਪੁਲਸ ਰਿਮਾਂਡ ਲੈਣ ਦੇ ਬਾਵਜੂਦ ਓਲਗਾ ਖਿਲਾਫ ਕੋਈ ਸਬੂਤ ਪੇਸ਼ ਨਾ ਕਰ ਸਕਣਾ ਕੌਮਾਂਤਰੀ ਪੱਧਰ 'ਤੇ ਇਸ ਕੇਸ ਵਿਚ ਪੰਜਾਬ ਦੀ ਬਦਨਾਮੀ ਦਾ ਕਾਰਨ ਬਣ ਸਕਦਾ ਹੈ। ਓਲਗਾ ਨੇ ਬੀਤੇ ਦਿਨੀਂ ਰੋਪੜ ਪੁਲਸ 'ਤੇ ਤਸ਼ੱਦਦ ਕਰਨ ਦੇ ਦੋਸ਼ ਲਾਏ ਸਨ।

# ਪੰਜਾਬ ਕਾਂਗਰਸ ਦੇ ਮੈਂਬਰਾਂ ਦੀ ਛਾਂਟੀ ਵਿਚ ਤਿੰਨ ਲੱਖ ਫਰਜ਼ੀ ਨਿਕਲੇ



**ਚੰਡੀਗੜ੍ਹ :** ਪੰਜਾਬ ਪ੍ਰਦੇਸ਼ ਕਾਂਗਰਸ ਵਲੋਂ ਕੀਤੀ ਗਈ ਮੈਂਬਰਸ਼ਿਪ ਭਰਤੀ ਵਿਚ ਸਵਾ ਤਿੰਨ ਲੱਖ ਮੈਂਬਰ 'ਫਰਜ਼ੀ' ਪਾਏ ਗਏ ਹਨ। ਪਾਰਟੀ ਹਾਈ ਕਮਾਨ ਦੇ ਨਿਰਦੇਸ਼ਾਂ 'ਤੇ ਪੰਜਾਬ ਕਾਂਗਰਸ ਵਲੋਂ ਜਥੇਬੰਦਕ ਚੋਣਾਂ ਲਈ ਤਿਆਰ ਕੀਤੀਆਂ ਤਾਜ਼ਾ ਸੂਚੀਆਂ ਮੁਤਾਬਕ ਹੁਣ ਕੁੱਲ ਮੈਂਬਰਾਂ ਦੀ ਗਿਣਤੀ 28 ਲੱਖ 47 ਹਜ਼ਾਰ ਦੇ ਕਰੀਬ ਰਹਿ ਗਈ ਹੈ। ਪਾਰਟੀ ਆਗੂਆਂ ਵਲੋਂ ਭਰਤੀ ਸੰਬੰਧੀ ਤੱਥ ਭਾਵੇਂ ਵਧਾ-ਚੜ੍ਹਾ ਕੇ ਪੇਸ਼ ਕੀਤੇ ਜਾਂਦੇ ਸਨ ਪਰ ਭਰਤੀ ਕੀਤੇ ਗਏ ਕੁੱਲ ਮੈਂਬਰਾਂ ਦੀ ਗਿਣਤੀ 31 ਲੱਖ 69 ਹਜ਼ਾਰ ਦੇ ਕਰੀਬ ਸੀ। ਸੂਤਰਾਂ ਦਾ ਦੱਸਣਾ ਹੈ ਕਿ ਕੁੱਲ ਹਿੰਦ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਨੇ ਪੰਜਾਬ ਦੀਆਂ ਜਥੇਬੰਦਕ ਚੋਣਾਂ ਵਿਚ ਖਾਸ ਦਿਲਚਸਪੀ ਲੈਂਦਿਆਂ ਸੂਬਾਈ ਰਿਟਰਨਿੰਗ ਅਫਸਰ ਸ੍ਰੀਮਤੀ ਊਸ਼ਾ ਠੱਕਰ ਨੂੰ ਬੀਤੀ 30 ਜੂਨ ਨੂੰ ਨਵੀਂ ਦਿੱਲੀ ਵਿਚ ਬੁਲਾ ਕੇ ਚੋਣ ਪ੍ਰਕਿਰਿਆ ਅਤੇ ਮੈਂਬਰਸ਼ਿਪ ਭਰਤੀ ਬਾਰੇ ਜਾਣਕਾਰੀ ਹਾਸਲ ਕੀਤੀ ਹੈ।

ਪੰਜਾਬ ਪ੍ਰਦੇਸ਼ ਕਾਂਗਰਸ ਦੀ ਭਰਤੀ ਦਾ ਮੁੱਦਾ ਪਿਛਲੇ ਸਮੇਂ ਤੋਂ ਪਾਰਟੀ ਅੰਦਰ ਗਰਮਾਇਆ ਹੋਇਆ ਹੈ। ਪਾਰਟੀ ਆਗੂਆਂ ਨੇ ਇਕ-ਦੂਜੇ ਉਪਰ 'ਜਾਅਲੀ' ਮੈਂਬਰ ਭਰਤੀ ਕਰਨ ਦੇ ਦੋਸ਼ ਸ਼ਰੇਆਮ ਲਗਾਏ ਸਨ। ਪਾਰਟੀ ਹਲਕਿਆਂ ਮੁਤਾਬਕ ਇਹ ਮਾਮਲਾ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਹਾਈ ਕਮਾਨ ਕੋਲ ਉਠਾਇਆ ਸੀ। ਮਾਝੇ ਤੇ ਦੋਆਬੇ ਦੇ ਆਗੂ ਤਾਂ ਇਸ ਮਾਮਲੇ 'ਤੇ ਖੁੱਲ੍ਹ ਕੇ ਇਕ ਦੂਜੇ ਦੇ ਸਾਹਮਣੇ ਆ ਗਏ ਹਨ। ਇਸ ਤੋਂ ਬਾਅਦ ਹੀ ਹਾਈ ਕਮਾਨ ਨੇ ਜਥੇਬੰਦਕ ਚੋਣਾਂ ਤੋਂ ਪਹਿਲਾਂ ਹਰ ਇਕ ਮੈਂਬਰ ਦਾ ਫੋਟੋ ਸ਼ਨਾਖਤੀ ਕਾਰਡ ਬਣਾਉਣ ਲਈ ਕਿਹਾ ਸੀ। ਪੰਜਾਬ ਕਾਂਗਰਸ ਨੇ ਫੋਟੋ ਸ਼ਨਾਖਤੀ ਕਾਰਡ ਬਣਾਉਣ ਦੀ ਥਾਂ ਦੋ ਨਿੱਜੀ ਕੰਪਨੀਆਂ ਨੂੰ ਵੋਟਰ ਸੂਚੀਆਂ ਤਿਆਰ ਕਰਨ ਦਾ ਕੰਮ ਸੌਂਪਿਆ ਸੀ। ਇਨ੍ਹਾਂ ਕੰਪਨੀਆਂ ਨੇ ਦੋਹਰੀ ਮੈਂਬਰਸ਼ਿਪ ਲੈਣ ਵਾਲਿਆਂ ਦੇ ਨਾਮ ਕੱਟ ਦਿੱਤੇ ਜਿਸ ਕਾਰਨ 3 ਲੱਖ 22 ਹਜ਼ਾਰ ਦੇ ਕਰੀਬ ਮੈਂਬਰ ਘਟ ਗਏ। ਪਾਰਟੀ ਸੂਤਰਾਂ ਮੁਤਾਬਕ ਛਾਂਟੀ ਤੋਂ ਬਾਅਦ ਫਿਰੋਜ਼ਪੁਰ, ਪਟਿਆਲਾ, ਅਤੇ ਗੁਰਦਾਸਪੁਰ ਜ਼ਿਲ੍ਹੇ ਭਰਤੀ ਵਿਚ ਮੋਹਰੀ ਨਿਕਲੇ ਹਨ।

ਦੋਆਬਾ ਜਿੱਥੇ ਕਿ ਦਹਾਕਿਆਂ ਤੋਂ ਕਾਂਗਰਸ ਦੀ ਮਜ਼ਬੂਤ ਪਕੜ ਰਹੀ ਹੈ ਤੇ ਸੂਬਾ ਪ੍ਰਧਾਨ ਮਹਿੰਦਰ ਸਿੰਘ ਕੇ.ਪੀ. ਦਾ ਆਪਣਾ ਇਲਾਕਾ ਹੈ, ਅੰਦਰ ਭਰਤੀ ਦੇ ਅੰਕੜੇ ਆਸ ਮੁਤਾਬਕ ਸਾਹਮਣੇ ਨਹੀਂ ਆਏ।

ਆਉਂਦੇ ਦਿਨਾਂ ਵਿਚ ਪੰਜਾਬ ਵਿਚ ਕਾਂਗਰਸ ਦੀਆਂ ਚੋਣਾਂ ਦੇ ਮੈਦਾਨ ਭਖ ਜਾਵੇਗਾ। ਮੌਜੂਦਾ ਪ੍ਰਧਾਨ ਮਹਿੰਦਰ ਸਿੰਘ ਕੇ.ਪੀ., ਵਿਰੋਧੀ ਧਿਰ ਦੀ ਨੇਤਾ ਬੀਬੀ ਰਜਿੰਦਰ ਕੌਰ ਭੱਠਲ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਾਬਕਾ ਸੰਸਦ ਮੈਂਬਰ ਜਗਮੀਤ ਸਿੰਘ ਬਰਾੜ ਅਤੇ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਹਥਿਆਉਣ ਲਈਜ਼ੋਰ ਅਜ਼ਮਾਈ ਕਰਦੇ ਦਿਖਾਈ ਦੇ ਰਹੇ ਹਨ।

## ਕਾਂਗਰਸ ਹਾਈ ਕਮਾਨ ਨੇ ਝਾੜੇ ਮਹਿੰਦਰ ਕੇ.ਪੀ. ਦੇ ਖੰਭ



**ਪਟਿਆਲਾ :** ਕਾਂਗਰਸ ਹਾਈ ਕਮਾਨ ਨੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਮਹਿੰਦਰ ਸਿੰਘ ਕੇ.ਪੀ. ਦੇ ਖੰਭ ਝਾੜ ਦਿਤੇ ਹਨ। ਉਨ੍ਹਾਂ ਵਲੋਂ ਦਸੰਬਰ, 2009 ਦੌਰਾਨ ਸੂਬਾ ਕਮੇਟੀ ਵਿਚ ਨਿਯੁਕਤ ਕੀਤੇ ਕੁਝ ਸਕੱਤਰਾਂ ਨੂੰ ਨਿਯਮਾਂ ਤੋਂ ਬਾਹਰ ਕੀਤੀ ਗਈ ਕਾਰਵਾਈ ਕਰਾਰ ਦਿੰਦਿਆਂ ਉਨ੍ਹਾਂ ਦੇ ਨਿਯੁਕਤੀ ਪੱਤਰ ਤੁਰਤ ਰੱਦ ਕਰਨ ਦੇ ਆਦੇਸ਼ ਦਿਤੇ ਹਨ। ਇਸ ਸਬੰਧੀ ਕੁਲ ਹਿੰਦ ਕਾਂਗਰਸ ਕਮੇਟੀ ਦੀ ਵਰਕਿੰਗ ਕਮੇਟੀ ਦੇ ਮੈਂਬਰ ਅਤੇ ਇੰਚਾਰਜ ਸ੍ਰੀ ਆਸਕਰ ਫਰਨਾਂਡੇਜ਼ ਨੇ ਇਕ ਪੱਤਰ ਲਿਖ ਕੇ ਸ੍ਰੀ. ਕੇ.ਪੀ. ਨੂੰ ਆਖਿਆ ਹੈ ਕਿ ਉਨ੍ਹਾਂ ਨੇ ਇਹ ਨਿਯੁਕਤੀਆਂ ਉਸ ਸਮੇਂ ਦੌਰਾਨ ਕੀਤੀਆਂ ਜਦੋਂ ਕਾਂਗਰਸ ਦੀਆਂ ਜਥੇਬੰਦਕ ਚੋਣਾਂ ਦੀ ਪ੍ਰਕਿਰਿਆ ਚਲ ਰਹੀ ਸੀ। ਇਸ ਕਾਰਨ ਇਸ ਸਮੇਂ ਦੌਰਾਨ ਹਾਈ ਕਮਾਨ ਦੀ ਪ੍ਰਵਾਨਗੀ ਤੋਂ ਬਿਨਾਂ ਕੀਤੀਆਂ ਗਈਆਂ ਇਹ ਨਿਯੁਕਤੀਆਂ ਕੋਈ ਅਰਥ ਨਹੀਂ ਰਖਦੀਆਂ ਅਤੇ ਇਨ੍ਹਾਂ ਨੂੰ ਠੀਕ ਨਹੀਂ ਮੰਨਿਆ ਜਾ ਸਕਦਾ। ਇਸ ਲਈ ਇਨ੍ਹਾਂ ਨੂੰ ਤੁਰਤ ਰੱਦ ਕਰ ਦਿਤਾ ਜਾਵੇ। ਉਧਰ ਸ੍ਰੀ ਕੇ.ਪੀ. ਨੇ ਇਸ ਪੱਤਰ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਹੋਣ ਤੋਂ ਇਨਕਾਰ ਕੀਤਾ ਹੈ। ਜ਼ਿਕਰਯੋਗ ਹੈ ਕਿ ਪੰਜਾਬ ਕਾਂਗਰਸ ਦੀ ਪਿਛਲੇ ਸਮੇਂ ਹੋਈ ਭਰਤੀ ਦੌਰਾਨ ਪੰਜਾਬ ਕਾਂਗਰਸ ਵਿਚ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਸਬੰਧੀ ਕਈ ਸੀਨੀਅਰ ਕਾਂਗਰਸੀ ਆਗੂਆਂ ਵਲੋਂ ਸਵਾਲ ਉਠਾਏ ਜਾਂਦੇ ਰਹੇ ਹਨ।

## ਦੋ ਹੋਰ ਡਿਪਟੀ ਕਮਿਸ਼ਨਰ ਲੋਕ ਭਲਾਈ ਲਈ ਨਿੱਤਰੇ

**ਚੰਡੀਗੜ੍ਹ :** ਪਹਿਲਾਂ ਅਕਸਰ ਦੇਖਣ ਨੂੰ ਮਿਲਦਾ ਸੀ ਕਿ ਆਮ ਆਦਮੀ ਨੂੰ ਆਪਣੇ ਜ਼ਿਲੇ ਦੇ ਡਿਪਟੀ ਕਮਿਸ਼ਨਰ ਨੂੰ ਮਿਲਣ ਲਈ ਕਈ-ਕਈ ਚੱਕਰ ਕੱਟਣੇ ਪੈਂਦੇ ਸਨ ਪਰ ਜੇ ਕੋਈ ਡਿਪਟੀ ਕਮਿਸ਼ਨਰ ਹੀ ਕਿਸੇ ਆਦਮੀ ਨੂੰ ਫੋਨ ਕਰਕੇ ਖੁਦ ਸੰਪਰਕ ਕਰੇ ਤਾਂ ਆਮ ਆਦਮੀ ਦਾ ਹੈਰਾਨ ਹੋਣਾ ਸੁਭਾਵਕ ਹੀ ਹੈ।

ਅਜਿਹੀ ਸਥਿਤੀ ਰਾਜ ਦੇ ਦੋ ਜ਼ਿਲਿਆਂ ਅੰਮ੍ਰਿਤਸਰ ਤੇ ਸੰਗਰੂਰ 'ਚ ਦੇਖਣ ਨੂੰ ਮਿਲ ਰਹੀ ਹੈ। ਪਤਾ ਲੱਗਾ ਹੈ ਕਿ ਇਨ੍ਹਾਂ ਦੋਨਾਂ ਜ਼ਿਲਿਆਂ ਦੇ ਡਿਪਟੀ ਕਮਿਸ਼ਨਰ ਕੇ. ਐਸ. ਪਨੂੰ ਤੇ ਹਰਬੰਸ ਸਿੱਧੂ, ਸਿਰਫ ਇਸ 'ਤੇ ਹੀ ਨਜ਼ਰ ਨਹੀਂ ਰੱਖਦੇ ਕਿ ਆਪਣੇ ਅਧੀਨ ਵਿਭਾਗਾਂ 'ਚ ਲੋਕਾਂ ਦੇ ਕੰਮ ਕਿਸ ਤਰ੍ਹਾਂ ਹੋ ਰਹੇ ਹਨ, ਬਲਕਿ ਉਨ੍ਹਾਂ ਦਾ ਇਹ ਵੀ ਯਤਨ ਰਹਿੰਦਾ ਹੈ ਕਿ ਕੋਈ ਉਨ੍ਹਾਂ ਤੋਂ ਕੰਮ ਕਰਨ ਦੇ ਬਦਲੇ ਆਪਣੀ ਮੁੱਠੀ ਗਰਮ ਕਰਨ ਦਾ ਯਤਨ ਨਾ ਕਰੇ। ਜਾਣਕਾਰ ਸੂਤਰਾਂ ਅਨੁਸਾਰ ਇਨ੍ਹਾਂ ਦੋਨਾਂ ਡਿਪਟੀ ਕਮਿਸ਼ਨਰਾਂ ਨੇ ਆਪਣੇ ਅਧੀਨ ਕੰਮ ਕਰਦੇ ਕਰਮਚਾਰੀਆਂ ਨੂੰ ਇਹ ਨਿਰਦੇਸ਼ ਦੇ ਰੱਖੇ ਹਨ ਕਿ ਜਦ ਵੀ ਕੋਈ ਵਿਅਕਤੀ ਉਨ੍ਹਾਂ ਕੋਲ ਆਪਣੀ ਸੰਪਤੀ ਦੀ ਰਜਿਸਟਰੇਸ਼ਨ ਕਰਵਾਉਣ ਆਏ ਤਾਂ ਦਸਤਾਵੇਜ਼ਾਂ 'ਤੇ ਉਨ੍ਹਾਂ ਦਾ ਮੋਬਾਈਲ ਨੰਬਰ ਜਾਂ ਹੋਰ ਸੰਪਰਕ ਨੰਬਰ ਜ਼ਰੂਰ ਲਿਖਣ। ਸ਼ਾਮ ਨੂੰ ਦਫ਼ਤਰ ਬੰਦ ਹੋ ਜਾਣ ਤੋਂ ਬਾਅਦ ਇਹ ਡਿਪਟੀ ਕਮਿਸ਼ਨਰ ਉਨ੍ਹਾਂ ਨੰਬਰਾਂ 'ਤੇ ਸੰਪਰਕ ਕਰਕੇ ਇਹ ਜਾਣਨ ਦਾ ਯਤਨ ਕਰਦੇ ਹਨ ਕਿ ਉਨ੍ਹਾਂ ਨੂੰ ਪੰਜੀਕਰਨ ਕਰਵਾਉਣ 'ਚ ਕੋਈ ਮੁਸ਼ਕਲ ਤਾਂ ਨਹੀਂ ਆਈ ਤੇ ਕਿਸੇ ਨੇ ਉਨ੍ਹਾਂ ਤੋਂ ਇਸ ਦੇ ਬਦਲੇ ਕੁਝ ਮੰਗਿਆ ਤਾਂ ਨਹੀਂ। ਡਿਪਟੀ ਕਮਿਸ਼ਨਰਾਂ ਦੀ ਇਸ ਕਾਰਵਾਈ ਨਾਲ ਕਰਮਚਾਰੀਆਂ 'ਚ ਹੜਕੰਪ ਜਿਹਾ ਮੱਚਿਆ ਹੋਇਆ ਹੈ।

## ਖਾੜਕੂ ਸਿੰਘ ਪੁਲਿਸ ਵਲੋਂ ਗ੍ਰਿਫਤਾਰ, ਪਰਿਵਾਰ ਵਲੋਂ ਵਿਰੋਧ

**ਅੰਮ੍ਰਿਤਸਰ :** ਕਾਊਂਟਰ ਇੰਟੈਲੀਜੈਂਸ ਨੇ ਬੀਤੀ 30 ਜੂਨ ਨੂੰ ਬੱਬਰ ਖਾਲਸਾ ਨਾਲ ਸੰਬੰਧਿਤ ਖਾੜਕੂ ਨੂੰ ਫੜਨ ਦਾ ਦਾਅਵਾ ਕੀਤਾ ਹੈ। ਨਾਰਕੋਟਿਕ ਸੈਲ ਦੇ ਅਧਿਕਾਰੀ ਹਰਵਿੰਦਰ ਸਿੰਘ ਨੇ ਦੱਸਿਆ ਕਿ ਸ਼ੇਰ ਸਿੰਘ ਵਾਸੀ ਭੁਟਾਲ ਕਲਾਂ, ਥਾਣਾ ਮੂਨਕ, ਜ਼ਿਲ੍ਹਾ ਸੰਗਰੂਰ ਨੂੰ ਲਹਿਰਾਗਾਗਾ ਤੋਂ ਗ੍ਰਿਫਤਾਰ ਕਰ ਕੇ ਉਸ ਕੋਲੋਂ ਇਕ ਏ.ਕੇ. ਸੰਤਾਲੀ, 3 ਮੈਗਜ਼ੀਨ ਅਤੇ 72 ਕਾਰਤੂਸ ਬਰਾਮਦ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਸ਼ੇਰ ਸਿੰਘ ਖਾਲਿਸਤਾਨ ਕਮਾਂਡੋ ਫੋਰਸ ਨਾਲ ਸਬੰਧ ਰੱਖਦਾ ਹੈ ਅਤੇ ਚੰਡੀਗੜ੍ਹ, ਕੈਥਲ, ਦਿੱਲੀ ਅਤੇ ਪਾਨੀਪਤ ਵਿਖੇ ਬੰਬ ਧਮਾਕੇ ਕਰਨ ਦਾ ਦੋਸ਼ੀ ਹੈ। ਉਹ ਜਗਤਾਰ ਸਿੰਘ ਹਵਾਰਾ ਆਦਿ ਨੂੰ ਭਜਾਉਣ ਦੇ ਦੋਸ਼ ਵਿਚ 6 ਸਾਲ ਦੀ ਕੈਦ ਵੀ ਕੱਟ ਚੁੱਕਾ ਹੈ।

ਦੂਜੇ ਪਾਸੇ ਬੀਤੀ 1 ਜੁਲਾਈ ਨੂੰ ਸ਼ੇਰ ਸਿੰਘ ਦੇ ਪਰਿਵਾਰ ਨੇ ਪੁਲੀਸ ਦੀ ਇਸ ਗੱਲ ਨੂੰ ਝੁਠਲਾਇਆ ਹੈ। ਪਿੰਡ ਭੁਟਾਲ ਕਲਾਂ ਦੇ ਬਾਹਰ ਖੇਤਾਂ 'ਚ ਘਰ ਪਾ ਕੇ ਜੀਵਨ ਬਸਰ ਕਰ ਰਹੇ ਬਜ਼ੁਰਗ ਗੁਰਬਖਸ਼ ਸਿੰਘ ਨੇ ਦੱਸਿਆ ਕਿ ਲਹਿਰਾਗਾਗਾ ਪੁਲੀਸ ਦੇ ਸੀ.ਆਈ.ਡੀ. ਇੰਸਪੈਕਟਰ ਹਰਭਜਨ ਸਿੰਘ ਨੇ ਸ਼ੇਰ ਸਿੰਘ ਨੂੰ ਲਹਿਰਾਗਾਗਾ ਪਹੁੰਚਣ ਦੀ ਹਦਾਇਤ ਕੀਤੀ ਅਤੇ ਉਹ ਘਰੋਂ ਸਾਈਕਲ ਲੈ ਕੇ ਗਿਆ ਪਰ ਮੁੜ ਕੇ ਨਾ ਆਇਆ। ਰਾਤੀਂ 11 ਵਜੇ ਫੋਨ ਆਇਆ ਕਿ ਸ਼ੇਰ ਸਿੰਘ ਅੰਮ੍ਰਿਤਸਰ ਪੁਲੀਸ ਕੋਲ ਹੈ ਉਸ ਦੇ ਕੱਪੜੇ ਦੇ ਜਾਵੋ। ਉਨ੍ਹਾਂ ਦਾਅਵਾ ਕੀਤਾ ਕਿ ਨਾ ਤਾਂ ਪੁਲੀਸ ਸਾਡੇ ਘਰੇ ਆਈ ਅਤੇ ਨਾ ਹੀ ਸ਼ੇਰ ਸਿਘ ਦੇ ਘਰੋਂ ਕੋਈ ਅਸਲਾ ਫੜਿਆ ਗਿਆ ਹੈ।

ਲਗਭਗ 8 ਵਰ੍ਹੇ ਪਹਿਲਾ ਹਰਿਆਣਾ ਛੱਡ ਕੇ ਪੰਜਾਬ ਦੇ ਲਹਿਰਾਗਾਗਾ ਨੇੜਲੇ ਪਿੰਡ ਭੁਟਾਲ ਕਲਾਂ 'ਚ ਰਹਿ ਰਹੇ ਗੁਰਬਖਸ਼ ਸਿੰਘ ਨੇ ਦੱਸਿਆ ਕਿ ਪਹਿਲਾਂ ਉਹ ਹਰਿਆਣਾ ਦੇ ਪਿੰਡ ਰੋਹੜ ਜ਼ਿਲ੍ਹਾ ਜੀਂਦ 'ਚ ਰਹਿੰਦੇ ਸਨ ਅਤੇ ਸਾਲ 1999 'ਚ ਕਈ ਘਟਨਾਵਾਂ ਨੂੰ ਲੈ ਕੇ ਸ਼ੇਰ ਸਿੰਘ 'ਤੇ ਕੇਸ ਪਾ ਦਿੱਤੇ ਗਏ ਸਨ ਜਿਨ੍ਹਾਂ ਵਿੱਚੋਂ ਉਹ ਬਰੀ ਹੋ ਚੁੱਕਾ ਹੈ ਅਤੇ ਬੁੜੈਲ ਜੇਲ੍ਹ 'ਚ ਕੈਦ ਕੱਟਣ ਸਮੇਂ ਪਾਇਆ ਕੇਸ ਅਜੇ ਅਦਾਲਤ ਵਿਚ ਚਲ ਰਿਹਾ ਹੈ। ਸ਼ੇਰ ਸਿੰਘ ਦੀ ਪਤਨੀ ਰਾਜ ਕੌਰ, ਲੜਕੀ, ਭਰਾ ਅੰਤਰ ਸਿੰਘ ਅਤੇ ਪਿਤਾ ਗੁਰਬਖਸ਼ ਸਿੰਘ ਨੇ ਦਾਅਵਾ ਕੀਤਾ ਕਿ ਇਥੇ ਆਉਣ ਮਗਰੋਂ ਉਹ (ਸ਼ੇਰ ਸਿੰਘ) ਕਦੇ ਵੀ ਪੇਸ਼ੀ ਭੁਗਤਣ ਵਾਲੇ ਦਿਨ ਤੋਂ ਬਿਨਾਂ ਬਾਹਰ ਨਹੀਂ ਗਿਆ। ਪਰਿਵਾਰ ਚਾਰ ਏਕੜ 'ਚ ਖੇਤੀ ਕਰਕੇ ਪਰਿਵਾਰ ਪਾਲਦਾ ਹੈ। ਪਿੰਡ ਦੇ ਲੋਕ ਵੀ ਪੂਰੇ ਪਰਿਵਾਰ ਦੀ ਤਾਰੀਫ ਕਰਦੇ ਹਨ ਤੇ ਉਹ ਸ਼ੇਰ ਸਿੰਘ ਦੇ ਹਥਿਆਰਾਂ ਸਣੇ ਗ੍ਰਿਫਤਾਰ ਹੋਣ ਦਾ ਪਤਾ ਲੱਗਣ 'ਤੇ ਅਚੰਭੇ 'ਚ ਹਨ। ਪਰਿਵਾਰ ਨੇ ਮੰਗ ਕੀਤੀ ਹੈ ਕਿ ਇਸ ਨਵੇਂ ਕੇਸ ਦੀ ਉਚ ਪੱਧਰੀ ਜਾਂਚ ਕਰਵਾ ਕੇ ਉਹਨਾਂ ਨੂੰ ਇਨਸਾਫ ਦਿਵਾਇਆ ਜਾਵੇ।

### ਤਿੰਨ ਸਾਲਾਂ 'ਚ ਜ਼ਰੂਰੀ ਵਸਤਾਂ ਦੇ ਭਾਅ 60 ਫੀਸਦੀ ਵਧੇ

**ਚੰਡੀਗੜ੍ਹ:** ਖੰਡ, ਲੂਣ, ਚੌਲ, ਕਣਕ ਤੇ ਖੁਰਾਕੀ ਤੇਲਾਂ ਸਮੇਤ ਆਮ ਖਾਧੇ ਜਾਣ ਵਾਲੇ ਫਲ ਤੇ ਸਬਜ਼ੀਆਂ ਦੀਆਂ ਕੀਮਤਾਂ 'ਚ ਪਹਿਲੀ ਜੁਲਾਈ 2007 ਤੋਂ ਹੁਣ ਤਕ 60 ਫੀਸਦੀ ਵਾਧਾ ਹੋ ਚੁੱਕਿਆ ਹੈ।

ਜ਼ਿਕਰਯੋਗ ਹੈ ਕਿ ਖੰਡ ਦੇ ਭਾਅ ਜੁਲਾਈ 2007 ਤੋਂ ਹੁਣ ਤਕ 15.82 ਰੁਪਏ ਕਿਲੋ ਤੋਂ 34 ਰੁਪਏ ਕਿਲੋ ਹੋ ਚੁੱਕੇ ਹਨ। 2007 'ਚ 20 ਰੁਪਏ ਦਰਜਨ ਵਿਕਦੇ ਕੇਲੇ ਹੁਣ 40 ਰੁਪਏ ਤੋਂ ਘੱਟ ਨਹੀਂ ਮਿਲਦੇ।

## ਖਰਚੇ ਦਾ ਘਰ ਬਣਿਆ ਹੋਇਐ ਬਠਿੰਡੇ ਦਾ ਬੁੱਢਾ ਥਰਮਲ

**ਬਠਿੰਡਾ:** ਬਠਿੰਡਾ ਦਾ ਬੁੱਢਾ ਥਰਮਲ ਕੇਵਲ ਦੋ ਮਹੀਨਿਆਂ 'ਚ ਸਾਢੇ ਚਾਰ ਕਰੋੜ ਦਾ ਤੇਲ ਛਕ ਗਿਆ ਹੈ। ਇਸ ਥਰਮਲ ਦਾ ਯੂਨਿਟ ਨੰਬਰ ਚਾਰ ਤਾਂ ਊਰਜਾ ਨਿਗਮ ਲਈ 'ਖਰਚੇ ਦਾ ਘਰ' ਬਣ ਗਿਆ ਹੈ ਜਿਸ ਦੀ ਹਾਲਤ 'ਧੱਕਾ ਸਟਾਰਟ' ਵਰਗੀ ਹੈ। ਇਹ ਥਰਮਲ ਆਪਣੀ ਉਮਰ ਟਪਾ ਚੁੱਕਾ ਹੈ। ਹੁਣ ਇਸ ਦੇ ਯੂਨਿਟਾਂ ਦੀ ਰੈਨੋਵੇਸ਼ਨ ਕਰਕੇ ਉਮਰ ਵਧਾਈ ਜਾ ਰਹੀ ਹੈ।

ਯੂਨਿਟ ਨੰਬਰ ਤਿੰਨ ਦੀ ਰੈਨੋਵੇਸ਼ਨ ਵਾਸਤੇ 14 ਜਨਵਰੀ 2010 ਤੋਂ ਬੰਦ ਪਿਆ ਹੈ। ਯੂਨਿਟ ਨੰਬਰ ਚਾਰ ਤਾਂ ਵਾਰ-ਵਾਰ ਟਰਿੱਪ ਕਰਦਾ ਰਿਹਾ। ਮਾਹਿਰ ਦਸਦੇ ਹਨ ਕਿ ਥਰਮਲ ਪਲਾਂਟ ਮੁੜ ਚਲਾਉਣ ਵਾਸਤੇ ਜੋ ਲਾਈਟ ਡੀਜ਼ਲ ਆਇਲ (ਐਲ.ਡੀ.ਓ.) ਅਤੇ ਫਰਨਿਸ਼ ਆਇਲ (ਐਫ.ਓ) ਵਰਤਿਆ ਜਾਂਦਾ ਹੈ, ਉਹ ਕਾਫੀ ਮਹਿੰਗਾ ਹੁੰਦਾ ਹੈ। ਐਲ.ਡੀ.ਓ. ਦੀ ਕੀਮਤ ਪ੍ਰਤੀ ਕਿਲੋ ਲੀਟਰ 43146 ਰੁਪਏ ਹੈ ਜਦੋਂ ਕਿ ਐਫ.ਓ. ਦੀ ਕੀਮਤ ਪ੍ਰਤੀ ਕਿਲੋਲੀਟਰ 29018 ਰੁਪਏ ਹੈ। ਯੂਨਿਟਾਂ ਦੇ ਵਾਰ ਵਾਰ ਬੰਦ ਹੋਣ ਕਰਕੇ ਜਦੋਂ ਮਾਹਿਰ ਮੁੜ ਮੁੜ ਯੂਨਿਟ ਚਲਾਉਂਦੇ ਹਨ ਤਾਂ ਤੇਲ ਦੀ ਖਪਤ ਕਾਫੀ ਵਧ ਜਾਂਦੀ ਹੈ।

ਬਠਿੰਡਾ ਥਰਮਲ ਵਲੋਂ ਅਪਰੈਲ ਅਤੇ ਮਈ 2010 ਮਹੀਨੇ ਦੀ ਸੂਚਨਾ ਅਨੁਸਾਰ ਯੂਨਿਟ ਨੂੰ ਸਟਾਰਟ ਕਰਨ ਵਾਸਤੇ 5 ਲੱਖ ਤੋਂ 12 ਲੱਖ ਰੁਪਏ ਤਕ ਦਾ ਤੇਲ ਖਰਚ ਹੋ ਜਾਂਦਾ ਹੈ। ਇਨ੍ਹਾਂ ਦੋ ਮਹੀਨਿਆਂ ਦੇ 61 ਦਿਨਾਂ 'ਚੋਂ 30 ਦਿਨ ਯੂਨਿਟ ਨੰਬਰ ਚਾਰ ਬੰਦ ਰਿਹਾ ਹੈ। ਇਸ ਸਮੇਂ ਦੌਰਾਨ ਇਹ ਯੂਨਿਟ 14 ਵਾਰ ਟਰਿੱਪ ਕੀਤਾ ਜਦੋਂਕਿ ਯੂਨਿਟ ਨੰਬਰ ਇਕ ਇਸ ਦੌਰਾਨ 6 ਵਾਰ ਅਤੇ ਦੋ ਨੰਬਰ ਯੂਨਿਟ ਕੇਵਲ ਤਿੰਨ ਵਾਰ ਟਰਿੱਪ ਕੀਤਾ।

ਅਪ੍ਰੈਲ ਮਈ ਮਹੀਨੇ 'ਚ ਊਰਜਾ ਨਿਗਮ ਦਾ ਇਹ ਯੂਨਿਟ 323 ਕਿਲੋਲੀਟਰ ਐਲ.ਡੀ.ਓ. ਅਤੇ 1038 ਕਿਲੋਲੀਟਰ ਐਫ.ਓ. ਤੇਲ ਖਪਾ ਗਿਆ ਹੈ। ਜਿਸ ਦਾ ਔਸਤਨ ਰੇਟ 33986 ਰੁਪਏ ਪ੍ਰਤੀ ਕਿਲੋਲੀਟਰ ਹੈ। ਇਸ ਹਿਸਾਬ ਨਾਲ ਇਹ ਯੂਨਿਟ ਦੋ ਮਹੀਨੇ 'ਚ 4.62 ਕਰੋੜ ਰੁਪਏ ਦਾ ਇਕੱਲਾ ਤੇਲ ਹੀ ਛਕ ਗਿਆ ਹੈ। ਇਕੱਲੇ ਤੇਲ ਦੀ ਖਪਤ ਅਪਰੈਲ 'ਚ 2.81 ਕਰੋੜ ਰੁਪਏ ਅਤੇ ਮਈ ਮਹੀਨੇ 'ਚ 1.81 ਕਰੋੜ ਰੁਪਏ ਦੀ ਰਹੀ।

3 ਮਈ ਨੂੰ ਤਾਂ ਯੂਨਿਟ ਸਟਾਰਟ ਕਰਨ 'ਤੇ ਇੱਕੋ ਦਿਨ 'ਚ 56.41 ਲੱਖ ਰੁਪਏ ਦਾ ਤੇਲ ਫੂਕਿਆ ਗਿਆ ਜਦੋਂ ਕਿ 8 ਅਪ੍ਰੈਲ ਨੂੰ ਇੱਕੋ ਦਿਨ 'ਚ 44.52 ਲੱਖ ਰੁਪਏ ਦਾ ਤੇਲ ਫੂਕਿਆ ਗਿਆ। ਇਸੇ ਤਰ੍ਹਾਂ 10 ਅਪ੍ਰੈਲ ਨੂੰ 32.62 ਲੱਖ ਰੁਪਏ ਦਾ ਖਰਚਾ ਇਕੱਲੇ ਤੇਲ ਦਾ ਰਿਹਾ।

# ਤੇਲ ਸੋਧਕ ਕਾਰਖ਼ਾਨੇ ਦਾ ਨਾਂ ਨਹੀਂ ਬਦਲੇਗਾ

**ਚੰਡੀਗੜ੍ਹ:** ਪਿਛਲੇ ਤਿੰਨ ਸਾਲਾਂ ਤੋਂ ਜੰਗੀ ਪੱਧਰ 'ਤੇ 2000 ਏਕੜ 'ਚ ਉਸਾਰਿਆ ਜਾ ਰਿਹਾ ਤੇਲ ਸੋਧਕ ਕਾਰਖ਼ਾਨਾ ਅਤੇ ਗੁਜਰਾਤ 'ਚ ਮੁੰਦਰਾਂ ਤੋਂ ਬਠਿੰਡਾ ਤਕ ਵੱਡੀਆਂ ਪਾਈਪਾਂ 'ਚ ਤੇਲ ਲਿਆਉਣ ਦਾ ਕੁਲ 19000 ਕਰੋੜ ਦਾ ਵੱਡਾ ਪ੍ਰਜੈਕਟ ਤਕਨੀਕੀ ਤੌਰ 'ਤੇ ਦਸੰਬਰ ਤਕ ਚਾਲੂ ਹੋ ਜਾਵੇਗਾ। ਐਚ.ਪੀ.ਸੀ.ਐਲ ਤੇ ਮਿੱਤਲ ਐਨਰਜੀ ਲਿਮਟਿਡ ਦੀ ਸਾਂਝੀ ਕੰਪਨੀ ਵਲੋਂ ਉਸਾਰੇ ਜਾ ਰਹੇ ਇਸ ਵੱਡੇ ਪ੍ਰਜੈਕਟ 'ਤੇ 30000 ਹੁਨਰਮੰਦ ਕਾਮੇ ਅਤੇ 350 ਤੋਂ ਵਧ ਇੰਜੀਨੀਅਰ ਅਤੇ ਮਾਹਰ ਦਿਨ ਰਾਤ ਕੰਮ ਕਰ ਰਹੇ ਹਨ।

ਕੰਪਨੀ ਦੇ ਇਕ ਬੁਲਾਰੇ ਨੇ ਬੀਤੀ 3 ਜੁਲਾਈ ਨੂੰ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਰੀਫਾਇਨਰੀ ਪ੍ਰਜੈਕਟ ਦਾ ਨਾਂ ਬਦਲਣ ਦੀ ਕੋਈ ਤਜਵੀਜ਼ ਨਹੀਂ। ਨਾ ਹੀ ਪੰਜਾਬੀਆਂ, ਵਿਸ਼ੇਸ਼ ਕਰ ਕੇ ਸਿੱਖਾਂ ਦੀਆਂ ਧਾਰਮਕ ਭਾਵਨਾਵਾਂ ਨਾਲ ਜੁੜੇ ਇਸ ਵੱਡੇ ਕਾਰਖ਼ਾਨੇ ਨਾਲ ਛੇੜਛਾੜ ਕਰਨ ਦਾ ਕੋਈ ਇਰਾਦਾ ਹੈ। ਬੁਲਾਰੇ ਨੇ ਕਿਹਾ ਕਿ ਬੜੀਆਂ ਕੋਸ਼ਿਸ਼ਾਂ ਅਤੇ ਜਦੋਜਹਿਦ ਮਗਰੋਂ ਇਸ ਪ੍ਰਜੈਕਟ ਦਾ 85 ਫੀ ਸਦੀ ਕੰਮ ਪੂਰਾ ਹੋਇਆ ਹੈ। ਬਾਕੀ ਕੰਮ ਅਗਲੇ ਚਾਰ ਜਾਂ ਪੰਜ ਮਹੀਨਿਆਂ ਵਿਚ ਪੂਰਾ ਹੋ ਜਾਵੇਗਾ।

ਕੰਪਨੀ ਦੇ ਬੁਲਾਰੇ ਨੇ ਸਪੱਸ਼ਟ ਕੀਤਾ ਕਿ ਇਸ ਪ੍ਰਜੈਕਟ ਲਈ ਟਰਾਇਲ ਰਨ ਅਗਸਤ 'ਚ ਸ਼ੁਰੂ ਹੋ ਜਾਵੇਗਾ। ਅਗਲੀ ਸਕੀਮ ਵਿਚ ਵੱਡਾ ਤਾਪ ਬਿਜਲੀ ਘਰ ਲਾਉਣਾ, ਨਵੀਆਂ ਪਲਾਸਟਿਕ ਯੂਨਿਟਾਂ ਚਾਲੂ ਕਰਨਾ ਤੇ ਪੰਜਾਬ ਅੰਦਰ 500 ਥਾਵਾਂ 'ਤੇ ਤੇਲ ਵਾਸਤੇ ਆਊਟਲੈਟ ਸਥਾਪਤ ਕਰਨਾ ਹੈ ਜਿਸ ਤੋਂ ਹਜ਼ਾਰਾਂ ਲੋਕਾਂ ਨੂੰ ਰੁਜ਼ਗਾਰ ਮਿਲੇਗਾ।

ਜ਼ਿਕਰਯੋਗ ਹੈ ਕਿ ਜੁਲਾਈ 1998 'ਚ ਕਾਰਖ਼ਾਨੇ ਦੇ ਉਦਘਾਟਨ ਮੌਕੇ ਉਦੋਂ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਬਠਿੰਡਾ ਆਉਣ 'ਤੇ ਸ. ਬਾਦਲ ਵਲੋਂ ਸੁਝਾਅ ਦੇਣ ਤੇ ਕਾਰਖ਼ਾਨੇ ਦਾ ਨਾਂ ਗੁਰੂ ਗੋਬਿੰਦ ਸਿੰਘ ਰੀਫਾਇਨਰੀ ਰੱਖਣ ਦਾ ਐਲਾਨ ਕੀਤਾ ਸੀ ਜਿਸ ਦੇ ਆਧਾਰ 'ਤੇ ਨਵੰਬਰ 2000 'ਚ ਜਲੰਧਰ ਦੇ ਦਫ਼ਤਰ 'ਚ ਰਜਿਸਟਰਾਰ ਆਫ ਕੰਪਨੀ ਐਕਟ ਤਹਿਤ ਪ੍ਰਜੈਕਟ ਦਾ ਨਾਂ ਦਰਜ ਕੀਤਾ ਗਿਆ ਸੀ।

## ਕੈਨੇਡਾ 'ਚ ਇਕ ਦਸਤਾਰਧਾਰੀ ਸਿੱਖ ਦੀ ਜਿੱਤ

**ਜਲੰਧਰ:** ਕੈਨੇਡਾ ਵਿਚ ਇਕ ਸਟੋਰ ਵਿਚ ਕੰਮ ਕਰਦਿਆਂ ਦਸਤਾਰਧਾਰੀ ਸਿੱਖ ਦਪਿੰਦਰ ਸਿੰਘ ਲੂੰਬਾ ਨਾਲ ਵਿਤਕਰੇ ਦੇ ਇਕ ਕੇਸ ਦਾ ਨਿਪਟਾਰਾ ਕਰਦਿਆਂ ਓਂਟਾਰੀਓ ਹਿਊਮਨ ਰਾਈਟਸ ਟ੍ਰਿਬਿਊਨਲ ਵਲੋਂ ਸ. ਲੂੰਬਾ ਦੇ ਹੱਕ ਵਿਚ ਫੈਸਲਾ ਦਿੱਤਾ ਗਿਆ ਹੈ। ਦੱਖਣੀ ਓਂਟਾਰੀਓ ਦੇ ਮਿਲਟਨ ਸ਼ਹਿਰ ਵਿਖੇ ਹੋਮ ਡਿਪੂ ਨਾਮਕ ਸਟੋਰ ਦੀ ਉਸਾਰੀ ਲਈ ਚਲਦੇ ਕੰਮ ਵਾਲੀ ਥਾਂ 'ਤੇ ਸਕਿਉਰਿਟੀ ਗਾਰਡ ਦੀ ਡਿਊਟੀ ਕਰਦਿਆਂ ਸਟੋਰ ਦੇ ਸਹਾਇਕ ਮੈਨੇਜਰ ਬਰਾਇਨ ਬੁੱਸ਼ ਵਲੋਂ ਸ. ਲੂੰਬਾ ਨੂੰ ਪੱਗ ਉਤਾਰ ਕੇ ਲੋਹ ਟੋਪ ਪਹਿਨਣ ਦੀ ਹਦਾਇਤ ਕੀਤੀ ਗਈ ਸੀ।

ਬੀਤੀ 6 ਦਸੰਬਰ 2005 ਨੂੰ ਵਾਪਰੀ ਘਟਨਾ 'ਚ ਸ: ਲੂੰਬਾ ਨੇ ਬੁੱਸ਼ ਦਾ ਆਖਾ ਇਹ ਕਹਿ ਕੇ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਦਸਤਾਰ ਉਸ ਦੇ ਸਰੀਰ ਦੇ ਅੰਗ ਵਾਂਗ ਹੈ, ਜਿਸ ਨੂੰ ਉਹ ਆਪਣੇ ਨਾਲੋਂ ਅਲੱਗ ਨਹੀਂ ਕਰ ਸਕਦਾ। ਓਂਟਾਰੀਓ ਔਕੂਪੇਸ਼ਨਲ ਹੈਲਥ ਸੇਫਟੀ ਐਕਟ ਅਨੁਸਾਰ ਨਾਜ਼ੁਕ ਥਾਵਾਂ 'ਤੇ ਕੰਮ ਕਰਦਿਆਂ ਮੁਲਾਜ਼ਮ ਲਈ ਲੋਹ-ਟੋਪ ਪਹਿਨਿਆ ਹੋਣਾ ਜ਼ਰੂਰੀ ਹੈ ਪਰ ਟ੍ਰਿਬਿਊਨਲ ਦੇ ਫੈਸਲੇ ਵਿਚ ਕਿਹਾ ਗਿਆ ਹੈ ਕਿ ਹੋਮ ਡਿਪੂ ਵਲੋਂ ਦਸਤਾਰਧਾਰੀ ਸਿੱਖ ਮੁਲਾਜ਼ਮਾਂ ਨਾਲ ਜਾਣਬੁੱਝ ਕੇ ਵਿਤਕਰਾ ਕੀਤਾ ਜਾਂਦਾ ਸੀ। ਲੂੰਬਾ ਅਨੁਸਾਰ ਉਸ ਦੀ ਡਿਊਟੀ ਉਸਾਰੀ ਵਾਲੀ ਥਾਂ ਤੋਂ ਦੂਰ ਸੀ ਅਤੇ ਉਸ ਥਾਂ ਤੋਂ ਬਿਨਾਂ ਲੋਹਟੋਪ ਪਹਿਨਿਆ ਲੋਕ ਗੁਜ਼ਰ ਰਹੇ ਸਨ ਪਰ ਬੁੱਸ਼ ਨੇ ਉਸ ਦੀ ਇਕ ਨਾ ਸੁਣੀ ਅਤੇ ਹੋਰ ਮੁਲਾਜ਼ਮਾਂ ਦੇ ਸਾਹਮਣੇ ਮੰਦੇ ਬੋਲ ਬੋਲੇ। ਟ੍ਰਿਬਿਊਨਲ ਦੇ ਫੈਸਲੇ 'ਤੇ ਸ: ਲੂੰਬਾ ਨੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਉਸ ਨੇ ਅਸੂਲ ਦੀ ਲੜਾਈ ਜਿੱਤੀ ਹੈ।

# ਦਰਿਆਈ ਪਾਣੀਆਂ ਦੇ ਮਸਲੇ 'ਚ ਪ੍ਰਧਾਨ ਮੰਤਰੀ ਵਲੋਂ ਕਿਨਾਰਾਕਸ਼ੀ

## ਪੰਜਾਬ ਦੇ ਵਫ਼ਦ ਨੂੰ ਮਿਲਣ ਲਈ ਕੋਈ ਹੁੰਗਾਰਾ ਨਹੀਂ

–ਪੰਜਾਬ ਟਾਈਮਜ਼ ਬਿਊਰੋ

**ਚੰਡੀਗੜ੍ਹ**: ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਲੋਂ ਦਰਿਆਈ ਪਾਣੀਆਂ ਦੇ ਮੁੱਦੇ 'ਤੇ ਪੰਜਾਬ ਦੇ ਸਰਬ ਪਾਰਟੀ ਵਫ਼ਦ ਨੂੰ ਮਿਲਣ ਦਾ ਸਮਾਂ ਨਾ ਦਿਤੇ ਜਾਣ ਕਾਰਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਾਫੀ ਦੁਖੀ ਦੱਸੇ ਜਾ ਰਹੇ ਹਨ। ਦਿੱਲੀ 'ਚ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਲਈ ਸਮਾਂ ਮਿਲਣ ਦੀ ਆਸ ਵਿਚ 5 ਦਿਨ ਤਕ ਮੁੱਖ ਮੰਤਰੀ ਅਪਣੀ ਟੀਮ ਸਮੇਤ ਦਿੱਲੀ ਵਿਚ ਹੀ ਰਹੇ ਤੇ ਅਖ਼ੀਰ ਜਦੋਂ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਦਫ਼ਤਰ ਤੋਂ ਹਾਂ ਜਾਂ ਨਾਂਹ ਬਾਰੇ ਕੋਈ ਜਵਾਬ ਨਾ ਮਿਲਿਆ ਤਾਂ ਦੁਖੀ ਹੋ ਕੇ ਬੀਤੀ 4 ਜੁਲਾਈ ਦੀ ਰਾਤ ਨੂੰ ਉਹ ਅਮਰੀਕਾ ਰਵਾਨਾ ਹੋ ਗਏ।

ਸੂਤਰਾਂ ਅਨੁਸਾਰ ਪ੍ਰਧਾਨ ਮੰਤਰੀ ਦੇ ਦਫ਼ਤਰ ਤੋਂ ਮੁਲਾਕਾਤ ਲਈ ਸਮਾਂ ਮਿਲਣ ਦੀ ਸੂਚਨਾ ਹਾਸਲ ਕਰਨ ਲਈ ਸ. ਬਾਦਲ ਨੇ ਵਿਸ਼ੇਸ਼ ਅਧਿਕਾਰੀਆਂ ਦੀ ਡਿਊਟੀ ਲਗਾ ਦਿਤੀ ਹੈ ਜੋ ਦਿੱਲੀ 'ਚ ਹੀ ਰਹਿਣਗੇ। ਜੇ ਪ੍ਰਧਾਨ ਮੰਤਰੀ ਦਫ਼ਤਰ ਵਲੋਂ ਮੁਲਾਕਾਤ ਲਈ ਸਮਾਂ ਦਿਤਾ ਜਾਂਦਾ ਹੈ ਤਾਂ ਸ. ਬਾਦਲ ਤੁਰੰਤ ਅਮਰੀਕਾ ਤੋਂ ਪਰਤ ਆਉਣਗੇ ਪਰ ਜੇ ਸਮਾਂ ਘੱਟ ਹੋਇਆ ਤਾਂ ਸ. ਸੁਖਬੀਰ ਸਿੰਘ ਬਾਦਲ ਸਰਬ ਪਾਰਟੀ ਵਫ਼ਦ ਦੀ ਅਗਵਾਈ ਕਰਨਗੇ। ਸ. ਬਾਦਲ ਦੀ ਵਾਪਸੀ ਦਾ ਪ੍ਰੋਗਰਾਮ 22 ਜੁਲਾਈ ਦਾ ਹੈ ਪਰ ਪ੍ਰਧਾਨ ਮੰਤਰੀ ਵਲੋਂ ਸਮਾਂ ਮਿਲਣ 'ਤੇ ਉਹ ਪਹਿਲਾਂ ਵੀ ਆ ਸਕਦੇ ਹਨ। ਪ੍ਰਧਾਨ ਮੰਤਰੀ ਨਾਲ ਮੁਲਾਕਾਤ ਸਮੇਂ ਦਿਤੇ ਜਾਣ ਵਾਲੇ ਯਾਦ-ਪੱਤਰ ਦੇ ਖਰੜੇ ਨੂੰ ਉਥੇ ਵਕੀਲਾਂ ਦੀ ਰਾਇ ਨਾਲ ਅੰਤਿਮ ਰੂਪ ਦਿੱਤਾ ਗਿਆ। ਇਹ ਵੀ ਜਾਣਕਾਰੀ ਮਿਲੀ ਹੈ ਕਿ ਯਾਦ-ਪੱਤਰ 'ਚ ਪਾਣੀਆਂ ਦੀ ਰਾਇਲਟੀ ਦਾ ਮੁੱਦਾ ਨਹੀਂ ਉਠਾਇਆ ਗਿਆ ਬਲਕਿ ਇਹ ਕਿਹਾ ਗਿਆ ਹੈ ਕਿ ਰਿਪੇਰੀਅਨ ਕਾਨੂੰਨ ਅਨੁਸਾਰ ਪੰਜਾਬ ਦੇ ਦਰਿਆਈ ਪਾਣੀਆਂ 'ਤੇ ਸਿਰਫ ਪੰਜਾਬ ਦਾ ਹੱਕ ਹੈ। ਪੰਜਾਬ ਕੋਲ ਗ਼ੈਰ ਰਿਪੇਰੀਅਨ ਰਾਜਾਂ ਨੂੰ ਦੇਣ ਲਈ ਫਾਲਤੂ ਪਾਣੀ ਨਹੀਂ। ਪੰਜਾਬ ਦੇ ਪਾਣੀਆਂ ਦਾ ਪੂਰਾ ਇਤਿਹਾਸ ਵੀ ਦਿੱਤਾ ਗਿਆ ਹੈ। ਪੰਜਾਬ ਨਾਲ ਹੋਏ ਧੱਕਿਆਂ ਦਾ ਵੀ ਵੇਰਵਾ ਦਿੱਤਾ ਹੈ।

ਅਕਾਲੀ ਦਲ ਬਾਦਲ ਦੇ ਸੂਤਰਾਂ ਅਨੁਸਾਰ ਸ. ਬਾਦਲ ਨੂੰ ਉਸੇ ਦਿਨ ਸ਼ੰਕਾ ਹੋ ਗਈ ਸੀ ਕਿ ਪ੍ਰਧਾਨ ਮੰਤਰੀ ਨੇ ਸਰਬ ਪਾਰਟੀ ਵਫ਼ਦ ਨੂੰ ਮਿਲਣ ਲਈ ਸਮਾਂ ਨਹੀਂ ਦੇਣਾ, ਜਿਸ ਦਿਨ ਪੰਜਾਬ ਕਾਂਗਰਸ ਦੇ ਨੁਮਾਇੰਦਿਆਂ ਨੇ ਸਰਬ ਪਾਰਟੀ ਵਫ਼ਦ 'ਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿਤਾ ਸੀ। ਅਕਾਲੀ ਦਲ ਦੀ ਸੋਚ ਹੈ ਕਿ ਕਾਂਗਰਸ ਹਾਈ ਕਮਾਨ ਦੀਆਂ ਹਦਾਇਤਾਂ ਅਨੁਸਾਰ ਕਾਂਗਰਸ ਦੇ ਨੁਮਾਇੰਦਿਆਂ ਨੇ ਸਰਬ ਪਾਰਟੀ ਵਫ਼ਦ 'ਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਸੀ। ਪੰਜਾਬ ਦੇ ਦਰਿਆਈ ਪਾਣੀਆਂ ਦੇ ਮੁੱਦੇ 'ਤੇ ਕਾਨੂੰਨੀ ਮਾਹਰਾਂ ਨਾਲ ਸਲਾਹ ਮਸ਼ਵਰਾ ਕਰਨ ਲਈ ਬੀਤੇ ਦਿਨੀਂ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦਿੱਲੀ ਅਤੇ ਮੁੰਬਈ ਦੇ ਉਘੇ ਵਕੀਲਾਂ ਵਲ ਗੇੜੇ ਲਗਾ ਚੁੱਕੇ ਹਨ। ਉਨ੍ਹਾਂ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਵਫ਼ਦ ਦੀ ਮੁਲਾਕਾਤ ਲਈ ਲਿਖਤੀ ਰੂਪ ਵਿਚ ਪ੍ਰਧਾਨ ਮੰਤਰੀ ਦੇ ਦਫ਼ਤਰ ਤੋਂ ਸਮਾਂ ਮੰਗਿਆ ਸੀ। ਪਰ ਅਜੇ ਤਕ ਪ੍ਰਧਾਨ ਮੰਤਰੀ ਵਲੋਂ ਉਨ੍ਹਾਂ ਨੂੰ ਮਿਲਣ ਪ੍ਰਤੀ ਕੋਈ ਹੁੰਗਾਰਾ ਨਹੀਂ ਭਰਿਆ ਗਿਆ। ਅਸਲ ਵਿਚ ਇਕ ਤਾਂ ਹਰਿਆਣਾ ਵਲੋਂ ਬਣਾਈ ਗਈ ਹਾਂਸੀ ਬੁਟਾਣਾ ਨਹਿਰ ਦੀ ਸੁਪਰੀਮ ਕੋਰਟ ਵਿਚ ਸੁਣਵਾਈ ਆਰੰਭ ਹੋ ਗਈ ਹੈ ਤੇ ਦੂਜਾ ਦਰਿਆਈ ਪਾਣੀਆਂ ਦੇ ਪਿਛਲੇ ਸਾਰੇ ਸਮਝੌਤੇ ਖ਼ਤਮ ਕਰਨ ਵਾਲੇ ਐਕਟ ਦੇ ਮੁੱਦੇ 'ਤੇ ਵੀ ਸੁਪਰੀਮ ਕੋਰਟ 'ਚ ਸੁਣਵਾਈ ਆਰੰਭ ਹੋਣ ਜਾ ਰਹੀ ਹੈ। ਬੇਸ਼ੱਕ ਪੰਜਾਬ ਸਰਕਾਰ ਵਲੋਂ





ਸੁਪਰੀਮ ਕੋਰਟ 'ਚ ਦਰਿਆਈ ਪਾਣੀਆਂ ਦੇ ਕੇਸ ਲੜਨ ਲਈ ਪਹਿਲਾਂ ਹੀ ਉਚ ਕੋਟੀ ਦੇ ਵਕੀਲਾਂ ਦੀਆਂ ਸੇਵਾਵਾਂ ਹਾਸਲ ਕੀਤੀਆਂ ਗਈਆਂ ਹਨ ਪਰ ਫਿਰ ਵੀ ਹੁਣ ਰਾਸ਼ਟਰਪਤੀ ਵਲੋਂ ਐਕਟ ਸਬੰਧੀ ਸੁਪਰੀਮ ਕੋਰਟ ਤੋਂ ਰਾਏ ਮੰਗਣ ਕਾਰਨ ਇਹ ਮੁੱਦਾ ਬਹੁਤ ਅਹਿਮੀਅਤ ਰੱਖਦਾ ਹੈ।

ਉਧਰ ਕਾਂਗਰਸ ਵਿਧਾਇਕ ਪਾਰਟੀ ਦੀ ਆਗੂ ਬੀਬੀ ਰਾਜਿੰਦਰ ਕੌਰ ਭੱਠਲ ਨੇ ਕਿਹਾ ਹੈ ਕਿ ਅਕਾਲੀ-ਭਾਜਪਾ ਸਰਕਾਰ ਅਪਣੀਆਂ ਨਾਕਾਮੀਆਂ ਤੋਂ ਲੋਕਾਂ ਦਾ ਧਿਆਨ ਵਟਾਉਣ ਲਈ ਹੀ ਦਰਿਆਈ ਪਾਣੀਆਂ ਦਾ ਮੁੱਦਾ ਉਠਾ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ 'ਚ ਕਿਧਰੇ ਵੀ ਵਿਕਾਸ ਨਹੀਂ ਹੋਇਆ ਤੇ ਹਰ ਮਹਿਕਮੇ 'ਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਬੀਬੀ ਭੱਠਲ ਨੇ ਸੁਝਾਅ ਦਿਤਾ, ''ਇਸ ਸਮੇਂ ਸੁਪਰੀਮ ਕੋਰਟ 'ਚ ਪਏ ਪੰਜਾਬ ਦੇ ਪਾਣੀਆਂ ਦੇ ਮੁੱਦੇ ਨੂੰ ਜਨਤਕ ਕਰਨ ਦੀ ਥਾਂ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਉਘੇ ਵਕੀਲਾਂ ਦੀਆਂ ਸੇਵਾਵਾਂ ਲੈ ਕੇ ਅਦਾਲਤ ਵਿਚ ਕਾਨੂੰਨੀ ਲੜਾਈ ਲੜਨ ਅਤੇ ਪੰਜਾਬ ਦੇ ਹਿਤਾਂ ਦੀ ਰਾਖੀ ਕਰਨ।'' ਉਨ੍ਹਾਂ ਕਿਹਾ, ''ਜਦ ਪਾਣੀਆਂ ਦੇ ਕੇਸ ਉੱਚ ਅਦਾਲਤ ਵਿਚ ਚਲ ਰਹੇ ਹਨ ਤਾਂ ਪ੍ਰਧਾਨ ਮੰਤਰੀ ਨੂੰ ਮਿਲਣ ਦੀ ਕੋਈ ਤੁਕ ਨਹੀਂ ਬਣਦੀ। ਅਦਾਲਤਾਂ ਨੇ ਫ਼ੈਸਲਾ ਕਾਨੂੰਨ ਅਨੁਸਾਰ ਕਰਨਾ ਹੈ, ਇਸ ਲਈ ਸ. ਬਾਦਲ ਕਾਨੂੰਨੀ ਮਾਹਰਾਂ ਦੀਆਂ ਸੇਵਾਵਾਂ ਲੈਣ।'' ਦੂਜੇ ਪਾਸੇ ਪਾਣੀ ਦੀ ਰਾਇਲਟੀ ਦੀ ਮੰਗ ਨੂੰ ਆਧਾਰਹੀਣ ਕਰਾਰ ਦਿੰਦੇ ਹੋਏ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬੀਤੀ 3 ਜੁਲਾਈ ਨੂੰ ਕਿਹਾ ਕਿ ਜੇ ਜੰਮੂ ਅਤੇ ਹਿਮਾਚਲ ਸਮੇਤ ਹੋਰ ਸੂਬੇ ਵੀ ਪਾਣੀ 'ਤੇ ਰਾਇਲਟੀ ਮੰਗਣੀ ਸ਼ੁਰੂ ਕਰ ਦੇਣ ਤਾਂ ਦੇਸ਼ ਵਿਚ ਵਧੇਰੇ ਸੂਬੇ ਆਪਸ ਵਿਚ ਲੜਨ ਮਰਨ ਨੂੰ ਤਿਆਰ ਹੋ ਜਾਣਗੇ।

ਜਦਕਿ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਦਾ ਕਹਿਣਾ ਹੈ ਕਿ ਦਰਿਆਈ ਪਾਣੀਆਂ 'ਤੇ ਪੰਜਾਬ ਦਾ ਪੂਰਾ ਹੱਕ ਬਣਦਾ ਹੈ ਅਤੇ ਹਰਿਆਣਾ ਤੇ ਰਾਜਸਥਾਨ ਨੂੰ ਜਾਂਦੇ ਪਾਣੀ ਬਦਲੇ ਰਾਇਲਟੀ ਪ੍ਰਾਪਤ ਕਰਨ ਦਾ ਵੀ ਪੂਰਾ ਅਧਿਕਾਰ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਬੀਕਾਨੇਰ ਦੇ ਰਾਜੇ ਵਲੋਂ ਪੰਜਾਬ ਨੂੰ ਪਾਣੀ ਦੀ ਰਾਇਲਟੀ ਦਿਤੀ ਜਾਂਦੀ ਸੀ। ਦੱਸਣਾ ਬਣਦਾ ਹੈ ਕਿ ਇਸ ਸਮੇਂ ਪੰਜਾਬ ਦੇ ਦਰਿਆਈ ਪਾਣੀਆਂ ਨਾਲ ਸਬੰਧਤ ਕਈ ਮਾਮਲੇ ਸੁਪਰੀਮ ਕੋਰਟ ਵਿਚ ਪਏ ਹਨ ਤੇ ਜੁਲਾਈ ਵਿਚ ਉਨ੍ਹਾਂ ਦੀ ਸੁਣਵਾਈ ਅਰੰਭ ਹੋ ਰਹੀ ਹੈ। ਮੁੱਦੇ ਦੀ ਗੰਭੀਰਤਾ ਨੂੰ ਵੇਖਦਿਆਂ ਸ. ਬਾਦਲ ਨੇ ਪਿਛਲੇ ਦਿਨੀਂ ਸਰਬ ਪਾਰਟੀ ਮੀਟਿੰਗ ਸੱਦੀ ਸੀ ਜਿਸ ਵਿਚ ਫ਼ੈਸਲਾ ਕੀਤਾ ਗਿਆ ਸੀ ਕਿ ਸਾਰੀਆਂ ਪਾਰਟੀਆਂ ਦਾ ਵਫ਼ਦ ਪ੍ਰਧਾਨ ਮੰਤਰੀ ਨੂੰ ਮਿਲ ਕੇ ਸੂਬੇ ਦੇ ਦਰਿਆਈ ਪਾਣੀਆਂ ਦੀ ਹਾਲਤ ਤੋਂ ਜਾਣੂ ਕਰਵਾਏ ਪਰ ਕਾਂਗਰਸ ਨੇ ਵਫ਼ਦ 'ਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਸੀ।

# ਮਾਹਿਰਾਂ ਅਨੁਸਾਰ ਪਾਣੀਆਂ 'ਤੇ ਸਿਰਫ ਪੰਜਾਬ ਦਾ ਹੱਕ

**ਚੰਡੀਗੜ੍ਹ**: ਉਧਰ ਦਰਿਆਈ ਪਾਣੀਆਂ ਦੇ ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਦਰਿਆਈ ਪਾਣੀਆਂ ਦੀ ਖਪਤ ਨਾ ਕਰਨ ਵਾਲੇ ਰਿਪੇਰੀਅਨ ਰਾਜ ਹਨ। ਇਹ ਦਰਿਆਈ ਪਾਣੀਆਂ ਦੀ ਰਾਇਲਟੀ ਦੀ ਮੰਗ ਦੇ ਹੱਕਦਾਰ ਨਹੀਂ ਹਨ। ਪੰਜਾਬ ਮੈਦਾਨੀ ਇਲਾਕਿਆਂ ਵਾਲਾ ਸਿੰਜਾਈ ਲਈ ਪਾਣੀ ਦੀ ਵਰਤੋਂ ਕਰਨ ਵਾਲਾ ਰਿਪੇਰੀਅਨ ਰਾਜ ਹੈ। ਦਰਿਆਵਾਂ ਦਾ ਜੋ ਪਾਣੀ ਪੰਜਾਬ 'ਚ ਵਗਦਾ ਹੈ, ਉਸ ਉਪਰ ਸਿਰਫ ਪੰਜਾਬ ਦਾ ਹੱਕ ਹੈ ਨਾ ਕਿ ਗ਼ੈਰ ਰਿਪੇਰੀਅਨ ਹਰਿਆਣਾ ਤੇ ਰਾਜਸਥਾਨ ਦਾ। ਪੰਜਾਬ ਉਨ੍ਹਾਂ ਨੂੰ ਦਿਤੇ ਜਾ ਰਹੇ ਪਾਣੀਆਂ ਦੀ ਰਾਇਲਟੀ ਮੰਗਣ ਦਾ ਪੂਰਾ ਹੱਕ ਰਖਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੰਮੂ ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਅਪਣੀ ਸੀਮਤ ਜ਼ਰੂਰਤ ਲਈ ਪਾਣੀ ਦੀ ਵਰਤੋਂ ਕਰ ਸਕਦੇ ਹਨ। ਬਿਜਲੀ ਉਤਪਾਦਨ ਲਈ ਦਰਿਆਵਾਂ ਉਪਰ ਬਿਜਲੀ ਘਰ ਬਣਾ ਸਕਦੇ ਹਨ ਪਰ ਬਿਜਲੀ ਉਤਪਾਦਨ ਲਈ ਛੱਡਿਆ ਪਾਣੀ ਕੁਦਰਤੀ ਰੂਪ 'ਚ ਵਗਦੇ ਦਰਿਆਵਾਂ 'ਚ ਹੀ ਪਾਉਣਾ ਪਵੇਗਾ।

ਉਪਰੋਕਤ ਰਾਜ ਨਾ ਤਾਂ ਨਹਿਰ ਕੱਢ ਕੇ ਕਿਸੇ ਦੂਜੇ ਰਾਜ ਨੂੰ ਪਾਣੀ ਦੇ ਸਕਦੇ ਹਨ ਅਤੇ ਨਾ ਹੀ ਪੰਜਾਬ ਤੋਂ ਰਾਇਲਟੀ ਦੀ ਮੰਗ ਕਰ ਸਕਦੇ ਹਨ। ਦਰਿਆਈ ਪਾਣੀਆਂ ਦੇ ਉਘੇ ਮਾਹਰ ਪੀ.ਐਸ. ਕੁਮੇਦਾਨ ਵੀ ਮਾਹਰਾਂ ਦੇ ਵਿਚਾਰਾਂ ਨਾਲ ਸਹਿਮਤ ਹਨ। ਕਾਨੂੰਨੀ ਮਾਹਰਾਂ ਅਨੁਸਾਰ ਰਿਪੇਰੀਅਨ ਸਿਧਾਂਤ ਅਨੁਸਾਰ ਜਿਸ ਰਾਜ ਦੀ ਜ਼ਮੀਨ 'ਚ ਦਰਿਆਈ ਪਾਣੀ ਵਗਦਾ ਹੈ ਜਾਂ ਜਿਸ ਰਾਜ ਦੀਆਂ ਹੱਦਾਂ ਨਾਲ ਦਰਿਆ ਦਾ ਕੋਈ ਕਿਨਾਰਾ ਲਗਦਾ ਹੈ, ਉਹ ਰਿਪੇਰੀਅਨ ਰਾਜ ਹੈ। ਰਾਵੀ, ਬਿਆਸ, ਸਤਲੁਜ ਦਰਿਆ ਭਾਵੇਂ ਹਿਮਾਚਲ ਵਿਚੋਂ ਅਰੰਭ ਹੁੰਦੇ ਹਨ, ਭਾਵੇਂ ਜੰਮੂ ਕਸ਼ਮੀਰ ਵਿਚੋਂ, ਕਿਉਂਕਿ ਇਨ੍ਹਾਂ ਦਾ ਪਾਣੀ ਪੰਜਾਬ ਦੀ ਧਰਤੀ 'ਤੇ ਵਗਦਾ ਹੈ ਅਤੇ ਇਥੇ ਹੀ ਖ਼ਤਮ ਹੋ ਜਾਂਦਾ ਹੈ। ਇਸ ਲਈ ਇਨ੍ਹਾਂ ਦਰਿਆਈ ਪਾਣੀਆਂ ਦਾ ਸਿਰਫ਼ ਪੰਜਾਬ ਹੀ ਮਾਲਕ ਹੈ।

ਜੋ ਪਾਣੀ ਪੰਜਾਬ ਦੀ ਧਰਤੀ 'ਤੇ ਪੁਜਦਾ ਹੈ, ਉਸ ਦੀ ਵਰਤੋਂ ਅਤੇ ਕਿਸੇ ਹੋਰ ਰਾਜ ਤੋਂ ਪਾਣੀ ਦੀ ਰਾਇਲਟੀ ਦਾ ਹੱਕ ਵੀ ਸਿਰਫ ਪੰਜਾਬ ਨੂੰ ਹੀ ਹੈ ਨਾ ਕਿ ਜੰਮੂ-ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਨੂੰ। ਕਾਨੂੰਨੀ ਮਾਹਰ ਇਹ ਵੀ ਮੰਨਦੇ ਹਨ ਕਿ ਉਪਰਿਕਤ ਰਾਜ ਝਗੜੇ ਖ਼ਾਤਰ ਮਾਮਲਾ ਉਠਾ ਸਕਦੇ ਹਨ ਪਰ ਰਿਪੇਰੀਅਨ ਸਿਧਾਂਤ ਅਨੁਸਾਰ ਉਹ ਪੰਜਾਬ ਤੋਂ ਰਾਇਲਟੀ ਨਹੀਂ ਮੰਗ ਸਕਦੇ।

ਕਾਨੂੰਨੀ ਮਾਹਰਾਂ ਨੇ ਪੰਜਾਬ ਦੇ ਕੇਸ ਦੀ ਮਜ਼ਬੂਤੀ ਲਈ ਹਵਾਲਾ ਦਿੰਦਿਆਂ ਕਿਹਾ ਕਿ ਦੇਸ਼ ਦੀ ਵੰਡ ਸਮੇਂ ਤਿੰਨ ਦਰਿਆ ਚਨਾਬ, ਜੇਹਲਮ ਅਤੇ ਸਿੰਧ ਪਾਕਿਸਤਾਨ ਨੂੰ ਦਿਤੇ ਗਏ ਜੋ ਹਿਮਾਚਲ ਅਤੇ ਜੰਮੂ-ਕਸ਼ਮੀਰ ਦੇ ਇਲਾਕਿਆਂ ਵਿਚੋਂ ਨਿਕਲਦੇ ਹਨ ਪਰ ਇਹ ਪਾਕਿਸਤਾਨ ਦੇ ਇਲਾਕਿਆਂ ਵਿਚ ਵਗਦੇ ਹਨ। ਪਾਕਿਸਤਾਨ ਪਾਣੀ ਦੀ ਵਰਤੋਂ ਕਰਨ ਵਾਲਾ ਰਾਜ ਹੈ ਜਦਕਿ ਉਪਰੋਕਤ ਭਾਰਤੀ ਰਾਜ ਸੀਮਤ ਪਾਣੀ ਦੀ ਵਰਤੋਂ ਕਰਨ ਵਾਲੇ ਰਿਪੇਰੀਅਨ ਰਾਜ ਹਨ। ਉਪਰੋਕਤ ਰਾਜ ਡੈਮ ਬਣਾ ਕੇ ਬਿਜਲੀ ਪੈਦਾ ਕਰ ਸਕਦੇ ਹਨ ਪਰ ਨਾ ਤਾਂ ਪਾਕਿ ਜਾਣ ਵਾਲਾ ਪਾਣੀ ਰੋਕ ਸਕਦੇ ਹਨ ਤੇ ਨਾ ਹੀ ਕੁਦਰਤੀ ਵਹਾਅ ਬਦਲ ਸਕਦੇ ਹਨ। ਨਾ ਹੀ ਉਪਰੋਕਤ ਰਾਜ ਪਾਕਿ ਤੋਂ ਰਾਇਲਟੀ ਮੰਗਣ ਦਾ ਹੱਕ ਰਖਦੇ ਹਨ। ਕਾਨੂੰਨੀ ਮਾਹਰਾਂ ਦਾ ਇਹ ਵੀ ਮੰਨਣਾ ਹੈ ਕਿ ਰਿਪੇਰੀਅਨ ਕੋਈ ਕਾਨੂੰਨ ਨਹੀਂ ਬਲਕਿ ਇਕ ਸਿਧਾਂਤ ਹੈ ਜਿਸ ਦੇ ਅਰਥ ਡਿਕਸ਼ਨਰੀ 'ਚ ਮੌਜੂਦ ਹਨ। ਡਿਕਸ਼ਨਰੀ ਅਨੁਸਾਰ ਜਿਸ ਸਟੇਟ ਵਿਚ ਕੁਦਰਤੀ ਦਰਿਆ ਵਗਦਾ ਹੈ ਜਾਂ ਦਰਿਆ ਦੇ ਕਿਨਾਰੇ ਜਿਸ ਸਟੇਟ ਦੀ ਧਰਤੀ ਨਾਲ ਲਗਦੇ ਹਨ, ਉਹੀ ਸਟੇਟ ਰਿਪੇਰੀਅਨ ਹੈ। ਭਾਰਤ ਇਕ ਆਜ਼ਾਦ ਫ਼ੈਡਰਲ ਦੇਸ਼ ਹੈ ਅਤੇ ਦਰਿਆਈ ਪਾਣੀਆਂ ਦਾ ਉਹੀ ਸੂਬਾ ਰਿਪੇਰੀਅਨ ਹੈ ਜਿਸ ਦੀ ਜ਼ਮੀਨ ਵਿਚ ਦਰਿਆ ਵਗਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਆਸਟਰੇਲੀਆ, ਅਮਰੀਕਾ ਅਤੇ ਕੈਨੇਡਾ ਵਿਚ ਵੀ ਰਿਪੇਰੀਅਨ ਦੇ ਇਸ ਸਿਧਾਂਤ ਅਨੁਸਾਰ ਹੀ ਦਰਿਆਈ ਪਾਣੀਆਂ ਦੇ ਹੱਕ ਤੈਅ ਹੁੰਦੇ ਹਨ। ਰਿਪੇਰੀਅਨ ਸਿਧਾਂਤ ਅਨੁਸਾਰ ਪੰਜਾਬ ਵਿਚ ਵਗਦੇ ਤਿੰਨਾਂ ਦਰਿਆਵਾਂ ਦੇ ਪਾਣੀਆਂ ਉਪਰ ਸਿਰਫ ਪੰਜਾਬ ਦਾ ਹੱਕ ਹੈ।

ਇਹ ਪਾਣੀ ਬਿਨਾਂ ਕਿਸੇ ਕਾਨੂੰਨ ਜਾਂ ਅਸੂਲ ਦੇ ਅਖੌਤੀ ਰਾਜਨੀਤਕ ਸਮਝੌਤੇ ਅਨੁਸਾਰ ਖੋਹਿਆ ਗਿਆ। ਉਨ੍ਹਾਂ ਕਿਹਾ ਕਿ ਲੋੜ ਇਸ ਗੱਲ ਦੀ ਹੈ ਕਿ ਪੰਜਾਬ ਸੁਪਰੀਮ ਕੋਰਟ ਦੇ ਕਿਸੇ ਸੇਵਾ-ਮੁਕਤ ਚੀਫ਼ ਜਸਟਿਸ ਜਾਂ ਉਘੇ ਜਸਟਿਸ ਦੀਆਂ ਸੇਵਾਵਾਂ ਲੈ ਕੇ ਰਾਇਲਟੀ ਦੀ ਰਕਮ ਦੀ ਰਾਇ ਹਾਸਲ ਕਰ ਕੇ ਪ੍ਰਧਾਨ ਮੰਤਰੀ ਸਾਹਮਣੇ ਰੱਖੇ।

## ਗਦਰ ਪਾਰਟੀ ਦਾ ਮੁੱਖ ਦਫ਼ਤਰ ਖੋਲ੍ਹਣ ਦੀ ਮੰਗ

**ਜਲੰਧਰ**: ਦੇਸ਼ ਭਗਤ ਯਾਦਗਾਰ ਕਮੇਟੀ ਨੇ ਉਚੇਚੇ ਤੌਰ 'ਤੇ ਭਾਰਤ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਸਮੂਹ ਸੰਸਦ ਮੈਂਬਰਾਂ ਪਾਸੋਂ ਖੁੱਲ੍ਹੇ ਖ਼ਤ ਰਾਹੀਂ ਮੰਗ ਕੀਤੀ ਹੈ ਕਿ ਅਮਰੀਕਾ ਦੇ ਸ਼ਹਿਰ ਸਾਨ ਫਰਾਂਸਿਸਕੋ ਵਿਚ ਗਦਰ ਪਾਰਟੀ ਅਤੇ 'ਗਦਰ' ਅਖ਼ਬਾਰ ਦੇ ਮੁੱਖ ਦਫਤਰ 'ਯੁਗਾਂਤਰ ਆਸ਼ਰਮ' ਨੂੰ ਆਮ ਜਨਤਾ ਲਈ ਖੋਲ੍ਹਿਆ ਜਾਵੇ ਅਤੇ ਇਸ ਵਿਚ ਗਦਰ ਲਹਿਰ ਨਾਲ ਸੰਬੰਧਿਤ ਦਸਤਾਵੇਜ਼ਾਂ, ਤਸਵੀਰਾਂ ਅਤੇ ਹੋਰ ਵਸਤਾਂ ਰੱਖੇ ਜਾਣ ਨੂੰ ਯਕੀਨੀ ਬਣਾਇਆ ਜਾਵੇ।

ਬੀਤੀ 3 ਜੁਲਾਈ ਨੂੰ ਦੇਸ਼ ਭਗਤ ਯਾਦਗਾਰ ਹਾਲ ਵਿਚ ਬੋਰਡ ਆਫ ਟਰੱਸਟੀਜ਼ ਦੀ ਕਮੇਟੀ ਦੀ ਮੀਟਿੰਗ 'ਚ ਇਹ ਫੈਸਲਾ ਲਿਆ ਗਿਆ ਕਿ ਭਾਰਤ ਸਰਕਾਰ ਦੇ ਅਧਿਕਾਰ ਹੇਠਲੀ ਇਸ ਇਮਾਰਤ ਦਾ ਤਾਲਾ ਖੋਲਿਆ ਜਾਵੇ

## ਪਾਣੀ ਦੀ ਕੁਆਲਿਟੀ ਵਲ ਧਿਆਨ ਨਹੀਂ

**ਜਲੰਧਰ**: ਪਾਣੀ ਦੀ ਰਾਇਲਟੀ ਮੰਗਣ ਦਾ ਮੁੱਦਾ ਰਾਜਨੀਤਿਕ ਹਲਕਿਆਂ 'ਚ ਜਿਥੇ ਚਰਚਾ ਵਿਚ ਹੈ, ਉਥੇ ਅਜੇ ਤਕ ਪਾਣੀ ਦੀ ਕੁਆਲਿਟੀ ਦਾ ਮਾਮਲਾ ਬਹਿਸ ਦਾ ਹਿੱਸਾ ਨਹੀਂ ਬਣ ਸਕਿਆ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਰਿਪੋਰਟ ਅਨੁਸਾਰ ਸਤਲੁਜ ਦਰਿਆ ਦਾ ਪਾਣੀ 'ਡੀ' ਕਲਾਸ ਹੈ। ਹਰੀਕੇ ਪੱਤਣ ਤੋਂ ਦੋ ਨਹਿਰਾਂ ਰਾਹੀਂ ਪਾਣੀ ਮਾਲਵੇ ਤੇ ਰਾਜਸਥਾਨ ਨੂੰ ਜਾਂਦਾ ਹੈ। ਸਤਲੁਜ ਦਾ 'ਡੀ' ਕਲਾਸ ਪਾਣੀ ਰਿਪੋਰਟ ਅਨੁਸਾਰ ਨਾ ਪੀਣ ਯੋਗ ਹੈ ਤੇ ਨਾ ਹੀ ਨਹਾਉਣ ਯੋਗ ਹੈ। ਪੰਜਾਬ ਸਰਕਾਰ ਰਾਜਸਥਾਨ ਤੋਂ ਇਸੇ ਪਾਣੀ ਦੀ ਰਾਇਲਟੀ ਮੰਗ ਰਹੀ ਹੈ।

ਕਪੂਰਥਲਾ ਤੇ ਜਲੰਧਰ ਜ਼ਿਲ੍ਹਿਆਂ 'ਚੋਂ ਲੰਘਦੀ ਕਾਲਾ ਸੰਘਿਆ ਡਰੇਨ 'ਚ ਵਗਦੇ ਜ਼ਹਿਰੀਲੇ ਪਾਣੀ ਨਾਲ ਕੈਂਸਰ ਵਰਗੀ ਭਿਆਨਕ ਬਿਮਾਰੀ ਲੱਗਣ ਦੇ ਤੱਥ ਜਿੱਥੇ ਮੌਜੂਦ ਹਨ ਉਥੇ ਮਨੁੱਖ ਦੇ ਡੀ ਐਨ ਏ ਨੂੰ ਖਤਮ ਕਰਨ ਦੇ ਜ਼ਹਿਰੀਲੇ ਅੰਸ਼ ਵੀ ਮੌਜੂਦ ਹਨ। ਕਾਲਾ ਸੰਘਿਆ ਡਰੇਨ ਦਾ ਪਾਣੀ 'ਈ' ਕਲਾਸ ਦਾ ਹੈ। ਇਸ ਦਾ ਜ਼ਹਿਰੀਲਾ ਪਾਣੀ ਚਿੱਟੀ ਵੇਈਂ ਰਾਹੀਂ ਸਤਲੁਜ ਵਿਚ ਜਾ ਕੇ 'ਡੀ' ਕਲਾਸ ਦਾ ਹੋ ਜਾਂਦਾ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਅਨੁਸਾਰ 'ਡੀ' ਕਲਾਸ ਦਾ ਪਾਣੀ ਟਰੀਟਮੈਂਟ ਕਰਨ ਤੋਂ ਬਾਅਦ ਸਿਰਫ਼ ਮੱਛੀ ਪਾਲਣ ਲਈ ਹੀ ਵਰਤਿਆ ਜਾ ਸਕਦਾ ਹੈ। ਇਹ ਪਾਣੀ ਪੀਣ ਜਾਂ ਨਹਾਉਣ ਦੇ ਯੋਗ ਨਹੀਂ ਹੈ। ਮਾਲਵੇ ਤੇ ਰਾਜਸਥਾਨ ਦੇ ਕੁਝ ਹਿੱਸੇ ਦੇ ਲੋਕ ਇਸ ਪਾਣੀ ਨੂੰ ਬਿਨ੍ਹਾਂ ਟਰੀਟ ਕਿਤਿਆਂ ਪੀ ਵੀ ਰਹੇ ਹਨ ਤੇ ਉਸ ਨਾਲ ਨਹਾ ਵੀ ਰਹੇ ਹਨ।

# ਦੂਜੀ ਖੇਤੀ ਕ੍ਰਾਂਤੀ ਲਈ ਵੀ ਪੰਜਾਬ ਹੀ ਬਣੇਗਾ ਪ੍ਰਯੋਗਸ਼ਾਲਾ

**ਚੰਡੀਗੜ੍ਹ**: ਪੰਜਾਬ ਵਿਚ ਹਰੀ ਕ੍ਰਾਂਤੀ ਤੋਂ ਬਾਅਦ ਖੇਤੀ ਖੇਤਰ ਵਿਚ ਆਈ ਖੜੋਤ ਨੂੰ ਤੋੜਨ ਲਈ ਯੋਜਨਾ ਕਮਿਸ਼ਨ ਨੇ ਪੰਜਾਬ ਵਿਚ ਖੇਤੀ ਉਤਪਾਦਨ 'ਤੇ ਆਧਾਰਤ ਪ੍ਰਾਜੈਕਟ ਲਗਾ ਕੇ ਕਿਸਾਨਾਂ ਦੀ ਆਮਦਨ ਵਧਾਉਣ ਦੀ ਯੋਜਨਾ ਤਿਆਰ ਕੀਤੀ ਹੈ।

ਪੰਜਾਬ ਵਿਚ ਖੇਤੀ ਉਪਜ ਦੀ ਪ੍ਰਾਸੈਸਿੰਗ ਦੇ ਪ੍ਰਾਜੈਕਟ ਲਗਾਉਣ ਲਈ ਪੰਜਾਬ ਐਗਰੋ ਇੰਡਸਟਰੀ ਅਤੇ ਮੋਹਾਲੀ ਵਿਚ ਸਥਿਤ ਨੈਸ਼ਨਲ ਫੂਡ ਅਤੇ ਐਗਰੀਕਲਚਰ ਬਾਇਓਟੈਕਨਾਲੋਜੀ ਦੇ ਡਾਇਰੈਕਟਰ ਨੂੰ 10 ਪ੍ਰਾਜੈਕਟ ਰਿਪੋਰਟਾਂ ਦੋ ਮਹੀਨਿਆਂ ਦੇ ਅੰਦਰ ਤਿਆਰ ਕਰਨ ਲਈ ਕਿਹਾ ਗਿਆ ਹੈ। ਉਪਰੋਕਤ ਫ਼ੈਸਲਾ ਬੀਤੀ 2 ਜੁਲਾਈ ਨੂੰ ਇਥੇ ਕੇਂਦਰੀ ਯੋਜਨਾ ਕਮਿਸ਼ਨ ਦੀ ਉੱਚ ਪੱਧਰੀ ਟੀਮ ਦੀ ਪੰਜਾਬ ਦੇ ਉੱਚ ਅਧਿਕਾਰੀਆਂ ਅਤੇ ਐਗਰੋ ਉਦਯੋਗਪਤੀਆਂ ਨਾਲ ਹੋਈ ਮੀਟਿੰਗ ਵਿਚ ਲਿਆ ਗਿਆ। ਕੇਂਦਰੀ ਟੀਮ ਦੀ ਅਗਵਾਈ ਯੋਜਨਾ ਕਮਿਸ਼ਨ ਦੇ ਖੇਤੀ ਮੈਂਬਰ ਡਾ. ਕ੍ਰਿਸ਼ਨਸਵਾਮੀ ਕਸਤੂਰੀ ਰੰਗਨ ਕਰ ਰਹੇ ਸਨ।

ਜ਼ਿਕਰਯੋਗ ਹੈ ਕਿ ਭਾਰਤੀ ਮੂਲ ਦੇ ਅਮਰੀਕੀ ਯੂਨਵਰਸਿਟੀ ਦੇ ਖੇਤੀ ਵਿਗਿਆਨੀ ਡਾ. ਵਰਮਾ ਨੇ ਇਕ ਰਿਪੋਰਟ ਤਿਆਰ ਕੀਤੀ ਹੈ ਜਿਸ ਵਿਚ ਖੇਤੀ ਉਤਪਾਦਨ ਨੂੰ ਪ੍ਰਾਸੈਸ ਕਰ ਕੇ ਆਮਦਨ ਵਿਚ 25 ਫ਼ੀਸਦੀ ਵਾਧਾ ਕਰਨ ਦਾ ਢੰਗ ਦਸਿਆ ਗਿਆ ਹੈ।

ਇਹ ਰਿਪੋਰਟ ਯੋਜਨਾ ਕਮਿਸ਼ਨ ਨੂੰ 2008 ਵਿਚ ਮਿਲੀ ਪਰ ਇਸ ਉਪਰ ਹੁਣ ਤਕ ਕੋਈ ਕਾਰਵਾਈ ਨਹੀਂ ਸੀ ਹੋਈ ਅਤੇ ਹੁਣ ਇਸ ਨੂੰ ਪੰਜਾਬ ਤੋਂ ਲਾਗੂ ਕਰਨ ਦਾ ਫ਼ੈਸਲਾ ਹੋਇਆ ਹੈ। ਪੰਜਾਬ ਨੂੰ ਇਸ ਕਰ ਕੇ ਚੁਣਿਆ ਗਿਆ ਕਿਉਂਕਿ ਇਥੇ ਵਿਗਿਆਨਕ ਢੰਗ ਨਾਲ ਖੇਤੀ ਹੁੰਦੀ ਹੈ ਅਤੇ ਇਹ ਰਾਜ ਖੇਤੀ ਵਿਚ ਮੋਹਰੀ ਬਣ ਚੁਕਾ ਹੈ। ਇਥੇ ਲੋੜੀਂਦਾ ਹਰ ਕਿਸਮ ਦਾ ਕੱਚਾ ਮਾਲ ਵੀ ਉਪਲਬਧ ਹੈ।

ਮੀਟਿੰਗ ਵਿਚ ਪੰਜਾਬ ਦੇ ਸੀਨੀਅਰ ਅਧਿਕਾਰੀ, ਵਿਤ ਕਮਿਸ਼ਨਰ ਵਿਕਾਸ (ਖੇਤੀ), ਸਕੱਤਰ ਪਸ਼ੂ ਪਾਲਣ, ਸਕੱਤਰ ਮੰਡੀ ਬੋਰਡ, ਐਮ.ਡੀ. ਮਿਲਕਫ਼ੈਡ, ਐਮ.ਡੀ. ਪੰਜਾਬ ਐਗਰੋ ਇੰਡਸਟਰੀਜ਼, ਕਿਸਾਨ ਕਮਿਸ਼ਨ ਦੇ ਖੇਤੀ ਵਿਗਿਆਨੀ ਡਾ. ਪੀ.ਐਸ. ਰੰਗੀ, ਖੇਤੀਬਾੜੀ ਮਹਿਕਮੇ ਦੇ ਡਾਇਰੈਕਟਰ ਡਾ. ਬਲਵਿੰਦਰ ਸਿੰਘ ਸਿੱਧੂ, ਖੇਤੀ ਉਦਯੋਗ ਨਾਲ ਸਬੰਧਤ ਨੁਮਾਇੰਦੇ ਅਤੇ ਖੇਤੀ ਨਾਲ ਸਬੰਧਤ ਧੰਦਿਆਂ ਨਾਲ ਜੁੜੀਆਂ ਹੋਰ ਅਹਿਮ ਹਸਤੀਆਂ ਨੇ ਹਿੱਸਾ ਲਿਆ।

ਸੂਚਨਾ ਅਨੁਸਾਰ ਐਗਰੋ ਉਦਯੋਗਪਤੀਆਂ ਨੇ ਪੰਜਾਬ ਵਿਚ ਐਗਰੋ ਪ੍ਰਾਸੈਸਿੰਗ ਪ੍ਰਾਜੈਕਟ ਲਗਾਉਣ ਵਿਚ ਆ ਰਹੀਆਂ ਮੁਸ਼ਕਲਾਂ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਨੇ ਬਿਜਲੀ ਦੀ ਘਾਟ, ਟੈਕਸਾਂ ਦਾ ਵਧ ਬੋਝ, ਪ੍ਰਵਾਨਗੀਆਂ ਲੈਣ ਵਿਚ ਆਉਂਦੀਆਂ ਮੁਸ਼ਕਲਾਂ, ਖੋਜ ਦਾ ਪ੍ਰਬੰਧ ਨਾ ਹੋਣ ਅਤੇ ਕੱਚੇ ਮਾਲ ਦੀ ਘਾਟ ਅਤੇ ਤਿਆਰ ਕੀਤੇ ਮਾਲ ਦੀ ਵਿਕਰੀ ਆਦਿ ਦੀਆਂ ਅਨੇਕਾਂ ਸਮੱਸਿਆਵਾਂ ਕਮੇਟੀ ਸਾਹਮਣੇ ਰੱਖੀਆਂ।

ਮੀਟਿੰਗ ਵਿਚ ਵੱਖ-ਵੱਖ ਪਹਿਲੂਆਂ 'ਤੇ ਹੋਏ ਵਿਚਾਰ-ਵਟਾਂਦਰੇ ਤੋਂ ਬਾਅਦ ਇਹ ਫ਼ੈਸਲਾ ਹੋਇਆ ਕਿ ਖੇਤੀਬਾੜੀ ਮਹਿਕਮੇ ਦੇ ਅਧਿਕਾਰੀਆਂ, ਐਗਰੋ ਉਦਯੋਗਪਤੀਆਂ ਅਤੇ ਹੋਰ ਸਬੰਧਤ ਖੇਤਰਾਂ ਦੇ ਮਾਹਰਾਂ ਨਾਲ ਵਿਚਾਰ-ਵਟਾਂਦਰਾ ਕਰਨ ਉਪਰੰਤ ਵੱਖ-ਵੱਖ ਕਿਸਮ ਦੇ ਐਗਰੋ ਪ੍ਰਾਸੈਸਿੰਗ ਪ੍ਰਾਜੈਕਟ ਲਗਾਉਣ ਲਈ 10 ਪ੍ਰਾਜੈਕਟ ਰਿਪੋਰਟਾਂ ਤਿਆਰ ਕੀਤੀਆਂ ਜਾਣ।

ਮੀਟਿੰਗ ਵਿਚ ਦਸਿਆ ਗਿਆ ਕਿ ਅਮਰੀਕਾ ਵਿਚ ਖੇਤੀ ਉਤਪਾਦਨ ਦੀ ਪ੍ਰਾਸੈਸਿੰਗ ਨਾਲ ਆਮਦਨ ਵਿਚ 26 ਫ਼ੀ ਸਦੀ ਦਾ ਵਾਧਾ ਕੀਤਾ ਜਾ ਚੁੱਕਾ ਹੈ ਜਦਕਿ ਭਾਰਤ ਵਿਚ ਸਿਰਫ 6 ਫ਼ੀ ਸਦੀ ਹੀ ਹੈ। ਪੰਜਾਬ ਵਿਚ ਖੇਤੀ ਆਧਾਰਤ ਪ੍ਰਾਸੈਸਿੰਗ ਪ੍ਰਾਜੈਕਟ ਲਗਾਉਣ ਲਈ ਕੇਂਦਰ ਸਰਕਾਰ ਵਲੋਂ ਕਈ ਕਿਸਮ ਦੀਆਂ ਸਹੂਲਤਾਂ ਦਿਤੀਆਂ ਜਾਣਗੀਆਂ। ਸ਼ੁਰੂ ਵਿਚ ਕਣਕ, ਮੱਕੀ, ਚੌਲ, ਗੰਨੇ ਅਤੇ ਦੁੱਧ ਦੀ ਵੱਖ-ਵੱਖ ਕਿਸਮ ਦੀ ਪ੍ਰਾਸੈਸਿੰਗ ਕਰ ਕੇ ਕਿਸਾਨਾਂ ਦੀ ਆਮਦਨ ਵਿਚ ਵਾਧਾ ਕਰਨ ਦੀ ਯੋਜਨਾ ਹੈ।

# ਹਰ ਸਾਲ ਅਣਖ ਦੇ ਨਾਂ 'ਤੇ 1000 ਕਤਲ

**ਲੰਡਨ**: ਬੀਤੀ 4 ਜੁਲਾਈ ਨੂੰ ਇਥੇ ਲੰਡਨ ਮੈਟਰੋਪੋਲੀਟਨ ਯੂਨੀਵਰਸਿਟੀ ਵਲੋਂ 'ਬਾਲ ਅਗਵਾ, ਜ਼ਬਰੀ ਵਿਆਹ' ਬਾਰੇ ਕਰਵਾਈ ਕੌਮਾਂਤਰੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਾਨੂੰਨੀ ਮਾਹਰ ਅਨਿਲ ਮਲਹੋਤਰਾ ਅਤੇ ਉਸ ਦੇ ਭਰਾ ਰਣਜੀਤ ਮਲਹੋਤਰਾ ਨੇ ਕਿਹਾ ਕਿ ਅਣਖ ਦੇ ਨਾਂ 'ਤੇ ਕੀਤੇ ਜਾਂਦੇ ਕਤਲਾਂ ਦਾ ਵਰਤਾਰਾ ਪੰਜਾਬ, ਹਰਿਆਣਾ ਅਤੇ ਪੱਛਮੀ ਉਤਰ ਪ੍ਰਦੇਸ਼ ਵਿਚ ਆਮ ਚਲਦਾ ਹੈ। ਇਹ ਮੁਸਲਿਮ ਭਾਈਚਾਰੇ ਵਿਚ ਹੀ ਨਹੀਂ, ਸਗੋਂ ਸਿੱਖਾਂ ਅਤੇ ਹਿੰਦੂਆਂ ਵਿਚ ਵੀ ਚਲਦਾ ਹੈ।

ਹਾਲਾਂਕਿ ਭਾਰਤ ਵਿਚ ਅਣਖ ਦੇ ਨਾਂ 'ਤੇ ਕੀਤੇ ਜਾਂਦੇ ਕਤਲਾਂ ਬਾਰੇ ਦੇਸ਼ ਵਿਆਪੀ ਅੰਕੜੇ ਨਹੀਂ ਮਿਲਦੇ, ਪਰ ਉਨ੍ਹਾਂ ਭਾਰਤੀ ਜਨਵਾਦੀ ਇਸਤਰੀ ਸਭਾ ਵਲੋਂ ਇਕੱਤਰ ਅੰਕੜਿਆਂ ਦਾ ਹਵਾਲਾ ਦਿੱਤਾ ਜਿਨ੍ਹਾਂ ਮੁਤਾਬਕ ਹਰਿਆਣਾ, ਪੰਜਾਬ ਅਤੇ ਉਤਰ ਪ੍ਰਦੇਸ਼ ਵਿਚ ਲਗਪਗ 900 ਕਤਲ ਹੁੰਦੇ ਹਨ, ਜਦਕਿ 100 ਤੋਂ 300 ਕਤਲ ਬਾਕੀ ਭਾਰਤ ਵਿਚ ਕੀਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਭਾਰਤ ਦੀ ਸੁਪਰੀਮ ਕੋਰਟ ਨੇ ਹਾਲ ਹੀ ਵਿਚ ਅਣਖ ਦੇ ਨਾਂਅ 'ਤੇ ਹੋਏ ਕਤਲਾਂ 'ਤੇ ਚਿੰਤਾ ਪ੍ਰਗਟ ਕਰਦਿਆਂ ਕੇਂਦਰ ਅਤੇ ਅੱਠ ਸੂਬਾਈ ਸਰਕਾਰਾਂ ਨੂੰ ਇਸ ਵਹਿਸ਼ੀ ਕਾਰੇ ਨੂੰ ਰੋਕਣ ਲਈ ਚੁੱਕੇ ਕਦਮਾਂ ਬਾਰੇ ਜਾਣਕਾਰੀ ਦੇਣ ਲਈ ਕਿਹਾ ਹੈ।

# ਦਰਸ਼ਨੀ ਡਿਓਢੀ ਦੇ ਦਰਵਾਜ਼ੇ ਕਾਰ ਸੇਵਾ ਲਈ ਉਤਾਰੇ

–ਪੰਜਾਬ ਟਾਈਮਜ ਬਿਊਰੋ

**ਅੰਮ੍ਰਿਤਸਰ :** ਸ੍ਰੀ ਹਰਿਮੰਦਰ ਸਾਹਬ ਦੀ ਦਰਸ਼ਨੀ ਡਿਓਢੀ ਦੇ ਦਰਵਾਜ਼ਿਆਂ ਦੀ ਮੁਰੰਮਤ ਲਈ ਸੇਵਾ ਆਰੰਭ ਕਰਦਿਆਂ ਬੀਤੀ 4 ਜੁਲਾਈ ਨੂੰ ਇਹ ਉਤਾਰ ਦਿੱਤੇ ਗਏ ਅਤੇ ਆਰਜ਼ੀ ਤੌਰ 'ਤੇ ਨਵੇਂ ਦਰਵਾਜ਼ੇ ਲਾ ਦਿੱਤੇ ਗਏ ਹਨ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਇਥੇ ਦਾਅਵਾ ਕੀਤਾ ਕਿ ਇਹ ਪੁਰਾਤਨ ਦਰਵਾਜ਼ੇ ਸਿੱਖ ਕੌਮ ਵਲੋਂ ਤਿਆਰ ਕਰਵਾਏ ਹੋਏ ਹਨ ਅਤੇ ਇਨ੍ਹਾਂ ਦਾ ਸੋਮਨਾਥ ਮੰਦਰ ਦੇ ਦਰਵਾਜ਼ਿਆਂ ਨਾਲ ਕੋਈ ਸੰਬੰਧ ਨਹੀਂ ਹੈ।

ਦਰਸ਼ਨੀ ਡਿਓਢੀ ਦੇ ਦਰਵਾਜ਼ੇ ਗੁਰਮਤਿ ਰਵਾਇਤ ਅਨੁਸਾਰ ਉਤਾਰੇ ਗਏ। ਦਰਵਾਜ਼ੇ ਉਤਾਰਨ ਤੋਂ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸੁਖਮਨੀ ਸਾਹਿਬ ਦਾ ਪਾਠ ਕੀਤਾ। ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੇ ਅਰਦਾਸੀਏ ਗਿਆਨੀ ਪਲਵਿੰਦਰ ਸਿੰਘ ਨੇ ਅਰਦਾਸ ਕੀਤੀ ਅਤੇ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਸਵਿੰਦਰ ਸਿੰਘ ਨੇ ਲਿਆ। ਇਹ ਪੁਰਾਤਨ ਦਰਵਾਜ਼ੇ ਇਥੋਂ ਉਤਾਰ ਕੇ ਨੇੜੇ

### ਦਰਵਾਜਿਆਂ ਦੇ ਇਤਿਹਾਸ ਬਾਰੇ ਵਿਵਾਦ ਜਾਰੀ

ਹੀ ਬਣਾਏ ਗਏ ਇਕ ਵਿਸ਼ੇਸ਼ ਕਮਰੇ ਵਿਚ ਰੱਖੇ ਗਏ ਹਨ, ਜਿਥੇ ਇਨ੍ਹਾਂ ਦੀ ਮਾਈਕਰੋ ਫਿਲਮ ਬਣਾਈ ਜਾਵੇਗੀ ਤਾਂ ਜੋ ਇਨ੍ਹਾਂ ਦੀ ਮੁਰੰਮਤ ਕਰਨ ਸਮੇਂ ਇਨ੍ਹਾਂ ਨੂੰ ਮੁੜ ਹੂ-ਬਹੂ ਤਿਆਰ ਕੀਤਾ ਜਾ ਸਕੇ। ਇਹ ਦਰਵਾਜ਼ੇ ਬੇਸ਼ਕੀਮਤੀ ਲੱਕੜ ਦੇ ਬਣੇ ਹੋਏ ਹਨ, ਜਿਸ ਵਿਚ ਹਾਥੀ ਦੰਦ ਨਾਲ ਮੀਨਾਕਾਰੀ ਕੀਤੀ ਹੋਈ ਹੈ ਅਤੇ ਸੋਨੇ ਅਤੇ ਚਾਂਦੀ ਦੀ ਵੀ ਵਰਤੋਂ ਕੀਤੀ ਹੋਈ ਹੈ। ਦੋ ਸਦੀਆਂ ਬਾਅਦ ਪਹਿਲੀ ਵਾਰ ਇਨ੍ਹਾਂ ਦਰਵਾਜ਼ਿਆਂ ਦੀ ਮੁਰੰਮਤ ਕੀਤੀ ਜਾ ਰਹੀ ਹੈ। ਇਹ ਮੁਰੰਮਤ ਪੜਾਅਵਾਰ ਕੀਤੀ ਜਾਵੇਗੀ। ਅੰਤ੍ਰਿੰਗ ਕਮੇਟੀ ਦੇ ਫੈਸਲੇ ਅਨੁਸਾਰ ਇਨ੍ਹਾਂ ਦਰਵਾਜ਼ਿਆਂ ਦੀ ਮੁਰੰਮਤ ਦੀ ਕਾਰ ਸੇਵਾ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਨੂੰ ਸੌਂਪੀ ਗਈ ਹੈ। ਉਨ੍ਹਾਂ ਕਿਹਾ ਕਿ ਮੁਰੰਮਤ ਦੇ ਕਾਰਜ ਦੀ ਨਿਗਰਾਨੀ ਲਈ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਸਵਿੰਦਰ ਸਿੰਘ ਦੀ ਸਰਪ੍ਰਸਤੀ ਹੇਠ ਅੰਤ੍ਰਿੰਗ ਕਮੇਟੀ ਮੈਂਬਰ ਰਜਿੰਦਰ ਸਿੰਘ ਮਹਿਤਾ, ਰਣਯੋਧ ਸਿੰਘ ਲੁਧਿਆਣਾ, ਡਾ. ਗੁਰਨਾਮ ਸਿੰਘ (ਮੁਖੀ ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ), ਸ਼੍ਰੋਮਣੀ ਕਮੇਟੀ ਦੇ ਸਕੱਤਰ ਦਲਮੇਘ ਸਿੰਘ ਖਟੜਾ ਤੇ ਜੋਗਿੰਦਰ ਸਿੰਘ ਅਦਲੀਵਾਲ 'ਤੇ ਆਧਾਰਤ ਪੰਜ-ਮੈਂਬਰੀ ਕਮੇਟੀ ਗਠਿਤ ਕੀਤੀ ਗਈ ਹੈ ਅਤੇ 15 ਜੁਲਾਈ ਤਕ ਮਾਹਿਰ ਕੰਪਨੀ ਨਾਲ ਸਮਝੌਤਾ ਕਰ ਲਿਆ ਜਾਵੇਗਾ। ਦਰਵਾਜ਼ਿਆਂ ਦੀ ਸੇਵਾ ਇਕ ਸਾਲ ਵਿਚ ਮੁਕੰਮਲ ਹੋਣ ਦੀ ਉਮੀਦ ਹੈ। ਇਸ ਮੌਕੇ ਕਾਰ ਸੇਵਾ ਵਾਲੇ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਨੇ ਕਿਹਾ ਕਿ ਗੁਰੂ ਸਾਹਿਬ ਦੀ ਬਖਸ਼ਿਸ਼ ਤੇ ਸੰਗਤਾਂ ਦੇ ਸਹਿਯੋਗ ਨਾਲ, ਮਾਹਰਾਂ ਦੀ ਰਾਇ ਅਨੁਸਾਰ ਸੇਵਾ ਦਾ ਇਹ ਕਾਰਜ ਘੱਟ ਤੋਂ ਘੱਟ ਸਮੇਂ 'ਚ ਮੁਕੰਮਲ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਦਰਸ਼ਨੀ ਡਿਓਢੀ ਦੇ ਇਹ ਦਰਵਾਜ਼ੇ ਵਿਸ਼ਾਲ ਆਕਾਰ ਦੇ ਹਨ ਅਤੇ ਵਿਸ਼ੇਸ਼ ਲੱਕੜ, ਹਾਥੀ ਦੰਦ ਅਤੇ ਚਾਂਦੀ ਦੇ ਬਣੇ ਹੋਏ ਹਨ। ਇਨ੍ਹਾਂ 'ਤੇ ਹਾਥੀ ਦੰਦ ਨਾਲ ਮੀਨਾਕਾਰੀ ਕੀਤੀ ਹੋਈ ਹੈ। ਇਨ੍ਹਾਂ ਵਿਚਲੀ ਲੱਕੜ ਦਾ ਕੁਝ ਹਿੱਸਾ ਇਸ ਵੇਲੇ ਖਸਤਾ ਹਾਲਤ ਵਿਚ ਹੈ ਅਤੇ ਇਸ ਨੂੰ ਮੁਰੰਮਤ ਦੀ ਲੋੜ ਹੈ। ਦਰਵਾਜ਼ਿਆਂ ਦੇ ਇਤਿਹਾਸ ਬਾਰੇ ਸਪੱਸ਼ਟ ਨਾ ਹੋਣ ਕਾਰਨ ਇਸ ਬਾਰੇ ਭੰਬਲਭੂਸਾ ਬਣਿਆ ਹੋਇਆ ਹੈ। ਕਿਹਾ ਜਾਂਦਾ ਹੈ ਕਿ ਇਹ ਦਰਵਾਜ਼ੇ ਸੋਮਨਾਥ ਮੰਦਿਰ ਦੇ ਹਨ, ਜੋ ਮੁਗਲ ਧਾੜਵੀ ਖੋਹ ਕੇ ਲਿਜਾ ਰਹੇ ਸਨ ਤਾਂ ਉਸ ਵੇਲੇ ਸਿੰਘਾਂ ਨੇ ਮੁਗਲ ਧਾੜਵੀਆਂ ਕੋਲੋਂ ਖੋਹ ਲਏ ਸਨ ਪਰ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਵਲੋਂ ਜਥੇਦਾਰ ਦੇ ਅਹੁਦੇ 'ਤੇ ਹੁੰਦਿਆਂ ਦਾਅਵਾ ਕੀਤਾ ਗਿਆ ਸੀ ਕਿ ਇਹ ਦਰਵਾਜ਼ੇ ਸੋਮਨਾਥ ਦੇ ਮੰਦਿਰ ਦੇ ਨਹੀਂ ਹਨ ਕਿਉਂਕਿ ਸੋਮਨਾਥ ਦੇ ਮੰਦਿਰ ਦੇ ਪ੍ਰਵੇਸ਼ ਦੁਆਰ ਦਾ ਆਕਾਰ ਛੋਟਾ ਹੈ ਜਦੋਂਕਿ ਦਰਸ਼ਨੀ ਡਿਓਢੀ ਦੇ ਦਰਵਾਜ਼ਿਆਂ ਦਾ ਆਕਾਰ ਬਹੁਤ ਵੱਡਾ ਹੈ।



ਉਸ ਵੇਲੇ ਉਨ੍ਹਾਂ ਨੇ ਇਹ ਜਾਣਕਾਰੀ ਵੀ ਦਿੱਤੀ ਸੀ ਕਿ ਇਨ੍ਹਾਂ ਦਰਵਾਜ਼ਿਆਂ ਦੀ ਸੇਵਾ ਸੁਰ ਸਿੰਘ ਦੇ ਇਕ ਸਿੱਖ ਪਰਿਵਾਰ ਵਲੋਂ ਕਰਵਾਈ ਗਈ ਸੀ। ਸਾਬਕਾ ਜਥੇਦਾਰ ਗਿਆਨੀ ਕਿਰਪਾਲ ਸਿੰਘ ਵਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਇਤਿਹਾਸ ਬਾਰੇ ਲਿਖੀ ਗਈ ਪੁਸਤਕ ਅਨੁਸਾਰ ਇਹ ਦਰਵਾਜ਼ੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚ ਮੁਸਲਮਾਨ ਕਾਰੀਗਰ ਯਾਰ ਮੁਹੰਮਦ ਖਾਂ ਦੀ ਅਗਵਾਈ ਹੇਠ ਤਿਆਰ ਕੀਤੇ ਗਏ ਸਨ। ਉਸ ਵੇਲੇ ਇਨ੍ਹਾਂ ਨੂੰ ਬਣਾਉਣ 'ਤੇ 60 ਹਜ਼ਾਰ ਰੁਪਏ ਖਰਚ ਆਏ ਸਨ ਅਤੇ ਉਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸ੍ਰੀ ਸੰਤ ਸਿੰਘ ਸਨ।

## ਸ਼੍ਰੋਮਣੀ ਕਮੇਟੀ ਚੋਣਾਂ ਨੂੰ ਲੈ ਕੇ ਅਕਾਲੀ ਸਫਾਂ ਵਿਚ ਤਣਾਅ

**ਕਪੂਰਥਲਾ :** ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਚੋਣਾਂ ਦੀ ਹਾਲੇ ਤਰੀਕ ਵੀ ਤੈਅ ਨਹੀਂ ਹੋਈ ਪਰ ਇਸ ਤੋਂ ਪਹਿਲਾਂ ਹੀ ਸ਼੍ਰੋਮਣੀ ਅਕਾਲੀ ਦਲ ਵਿਚ ਫੁੱਟ ਦਾ ਲਾਵਾ ਫੁੱਟਣ ਲੱਗ ਪਿਆ ਹੈ। ਖੇਤੀਬਾੜੀ ਮੰਤਰੀ ਸੁੱਚਾ ਸਿੰਘ ਲੰਗਾਹ ਦੀ ਮੌਜੂਦਗੀ ਵਿਚ ਸਥਾਨਕ ਸਟੇਟ ਗੁਰਦਵਾਰਾ ਸਾਹਿਬ ਵਿਖੇ ਬੀਤੀ 4 ਜੁਲਾਈ ਨੂੰ ਅਕਾਲੀ ਦਲ ਦੇ ਆਗੂਆਂ ਤੇ ਵਰਕਰਾਂ ਦੀ ਗੁਰਦਵਾਰਾ ਚੋਣਾਂ ਬਾਰੇ ਹੋਈ ਵਿਸ਼ੇਸ਼ ਮੀਟਿੰਗ ਵਿਚ ਅਕਾਲੀ ਦਲ ਦੇ ਦੋ ਗੁਟਾਂ ਵਿਚਾਲੇ ਭਾਰੀ ਗਰਮਾ-ਗਰਮੀ ਹੋਈ। ਇਕ ਵੇਲੇ ਤਾਂ ਨੌਬਤ ਹੱਥੋ-ਪਾਈ ਤਕ ਵੀ ਪਹੁੰਚ ਗਈ ਸੀ। ਮੀਟਿੰਗ ਵਿਚ ਅਕਾਲੀ ਵਰਕਰਾਂ ਵਲੋਂ ਐਸ.ਜੀ.ਪੀ.ਸੀ. ਦੇ ਮੌਜੂਦਾ ਮੈਂਬਰਾਂ ਕੋਲੋਂ ਇਲਾਕੇ ਅਤੇ ਸਿੱਖ ਕੌਮ ਬਾਰੇ ਵਿਖਾਈ ਗਈ ਕਾਰਗੁਜ਼ਾਰੀ ਦਾ ਹਿਸਾਬ ਮੰਗਿਆ ਗਿਆ ਤਾਂ ਮਾਮਲਾ ਖੂਬ ਭੜਕ ਉਠਿਆ।

ਭਰਵੀਂ ਮੀਟਿੰਗ ਦੌਰਾਨ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਾਗੀਰ ਕੌਰ ਤੇ ਸਾਬਕਾ ਆਵਾਜਾਈ ਮੰਤਰੀ ਸ. ਰਘਬੀਰ ਸਿੰਘ ਨੇ ਇਕ-ਦੂਜੇ ਵਿਰੁਧ ਸ਼ਰੇਆਮ ਦੂਸ਼ਣਬਾਜ਼ੀ ਕੀਤੀ ਅਤੇ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਅਪਣੀ ਹਾਰ ਲਈ ਇਕ-ਦੂਜੇ ਨੂੰ ਕਸੂਰਵਾਰ ਦੱਸਿਆ। ਲੀਡਰਾਂ ਦੀ ਲੜਾਈ ਨੂੰ ਦੇਖ ਕੇ ਦੋਹਾਂ ਗਰੁੱਪਾਂ ਦੇ ਸਮਰਥਕ ਵੀ ਭੜਕ ਉਠੇ ਅਤੇ ਨੌਬਤ ਪੱਗਾਂ ਉਤਾਰਨ ਤਕ ਪਹੁੰਚ ਗਈ।





ਉਧਰ ਆਦਮਪੁਰ ਤੋਂ ਅਕਾਲੀ ਵਿਧਾਇਕ ਸਰਬਜੀਤ ਸਿੰਘ ਮੱਕੜ ਜਿਹੜੇ ਅਪਣੇ ਹਲਕੇ ਦੇ ਰਿਜ਼ਰਵ ਹੋਣ ਤੋਂ ਬਾਅਦ ਕਪੂਰਥਲਾ ਤੋਂ ਉਮੀਦ ਲਗਾਈ ਬੈਠੇ ਹਨ, ਦੀ ਮੀਟਿੰਗ ਵਿਚ ਸ਼ਿਰਕਤ ਕਾਰਨ ਵੀ ਜ਼ਿਲ੍ਹੇ ਦੇ ਅਕਾਲੀ ਲੀਡਰ ਗੁੱਸੇ ਵਿਚ ਵਿਖਾਈ ਦਿਤੇ। ਰਘਬੀਰ ਸਿੰਘ ਦਾ ਦੋਸ਼ ਹੈ ਕਿ ਬੀਬੀ ਜਾਗੀਰ ਕੌਰ ਮੱਕੜ ਨੂੰ ਕਪੂਰਥਲੇ ਲਿਆ ਕੇ ਅਕਾਲੀ ਦਲ ਵਿਚ ਫੁੱਟ ਪਾ ਰਹੀ ਹੈ। ਉਧਰ ਬੀਬੀ ਜਾਗੀਰ ਕੌਰ ਦਾ ਕਹਿਣਾ ਹੈ ਕਿ ਬਾਦਲ ਸਾਹਿਬ ਕਪੂਰਥਲਾ ਸੀਟ ਜਿੱਤਣ ਲਈ ਮਜ਼ਬੂਤ ਉਮੀਦਵਾਰ ਮੈਦਾਨ ਵਿਚ ਉਤਾਰਨਾ ਚਾਹੁੰਦੇ ਹਨ, ਇਸ ਲਈ ਸਰਬਜੀਤ ਸਿੰਘ ਮੱਕੜ ਨੂੰ ਇਲਾਕੇ ਵਿਚ ਲਿਆਂਦਾ ਜਾ ਰਿਹਾ ਹੈ। ਅਪਣੇ ਕੁਝ ਸਥਾਨਕ ਸਮਰਥਕ ਲੀਡਰਾਂ ਨਾਲ ਮੀਟਿੰਗ ਵਿਚ ਮੌਜੂਦ ਮੱਕੜ ਨੂੰ ਰਘਬੀਰ ਸਿੰਘ ਨੇ ਲਲਕਾਰਦਿਆਂ ਉਨ੍ਹਾਂ ਦੇ ਇਲਾਕੇ ਵਿਚ ਬੇਲੋੜੀ ਦਖ਼ਲਅੰਦਾਜ਼ੀ ਕਰਨ ਤੋਂ ਵਰਜਿਆ। ਸਾਰੇ ਵਿਵਾਦ ਦੀ ਮੂਲ ਜੜ੍ਹ ਵੀ ਮੱਕੜ ਨੂੰ ਹੀ ਸਮਝਿਆ ਜਾ ਰਿਹਾ ਹੈ ਜਿਸ ਦਾ ਬੀਬੀ ਜਾਗੀਰ ਕੌਰ, ਜਰਨੈਲ ਸਿੰਘ ਡੋਗਰਾਵਾਲ, ਹਰਜੀਤ ਸਿੰਘ ਵਾਲੀਆ ਸਮੇਤ ਹੋਰ ਕਈ ਸਥਾਨਕ ਲੀਡਰਾਂ ਵਲੋਂ ਸਮਰਥਨ ਕੀਤਾ ਜਾ ਰਿਹਾ ਹੈ ਜਦਕਿ ਰਘਬੀਰ ਸਿੰਘ ਤੇ ਉਨ੍ਹਾਂ ਦੇ ਸਮਰਥਕ ਲੀਡਰ ਮੱਕੜ ਦਾ ਜ਼ੋਰਦਾਰ ਵਿਰੋਧ ਕਰ ਰਹੇ ਹਨ।

ਮੀਟਿੰਗ ਵਿਚ ਲੜਾਈ ਉਦੋਂ ਸ਼ੁਰੂ ਹੋਈ ਜਦੋਂ ਸੀਨੀਅਰ ਅਕਾਲੀ ਲੀਡਰ ਅਮਰਬੀਰ ਸਿੰਘ ਲਾਲੀ ਵਲੋਂ ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਕਾਰਗੁਜ਼ਾਰੀ ਬਾਰੇ ਸਵਾਲ ਉਠਾਏ ਗਏ। ਇਸ ਤੋਂ ਇਲਾਵਾ ਮੱਕੜ ਵਲੋਂ ਜਰਨੈਲ ਸਿੰਘ ਡੋਗਰਾਵਾਲ ਨੂੰ ਸਟੇਜ ਤੋਂ ਬੋਲਣ ਲਈ ਕਹਿਣ 'ਤੇ ਰਘਬੀਰ ਸਿੰਘ ਨੇ ਸਖ਼ਤ ਲਹਿਜੇ ਵਿਚ ਕਿਹਾ ਹੈ ਕਿ ਡੋਗਰਾਵਾਲ ਸ਼੍ਰੋਮਣੀ ਕਮੇਟੀ ਮੈਂਬਰ ਨਹੀਂ ਹੈ। ਉਨ੍ਹਾਂ ਦੀ ਪਤਨੀ ਬੀਬੀ ਭਜਨ ਕੌਰ ਡੋਗਰਾਵਾਲ ਮੈਂਬਰ ਹੈ, ਉਹ ਬੋਲ ਸਕਦੇ ਹਨ।

ਇਸ ਤੋਂ ਬਾਅਦ ਦੋਹਾਂ ਗੁੱਟਾਂ ਵਿਚ ਝਗੜਾ ਸ਼ੁਰੂ ਹੋ ਗਿਆ। ਜਿਸ ਦੌਰਾਨ ਰਘਬੀਰ ਸਿੰਘ ਤੇ ਉਨ੍ਹਾਂ ਦੇ ਸਮਰਥਕਾਂ ਅਤੇ ਬੀਬੀ ਜਾਗੀਰ ਕੌਰ, ਸਰਬਜੀਤ ਸਿੰਘ ਮੱਕੜ ਤੇ ਉਨ੍ਹਾਂ ਦੇ ਸਮਰਥਕਾਂ ਦਰਮਿਆਨ ਖੂਬ ਤੂੰ-ਤੂੰ, ਮੈਂ-ਮੈਂ ਹੋਈ। ਸੁੱਚਾ ਸਿੰਘ ਲੰਗਾਹ ਨੇ ਖ਼ੁਦ ਮਾਇਕ ਫੜ ਕੇ ਮੌਕੇ ਨੂੰ ਸੰਭਾਲਿਆ। ਉਨ੍ਹਾਂ ਕਿਹਾ ਕਿ ਮੀਟਿੰਗ ਦੀ ਰੀਪੋਰਟ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤਕ ਪਹੁੰਚਾ ਦਿਤੀ ਜਾਵੇਗੀ। ਉਮੀਦਵਾਰਾਂ ਦਾ ਫ਼ੈਸਲਾ ਹਾਈ ਕਮਾਨ ਕਰੇਗੀ।

## ਸ਼੍ਰੋਮਣੀ ਕਮੇਟੀ ਵਲੋਂ ਬਣਾਈ ਪਲੇਠੀ ਫਿਲਮ 'ਬਾਬਾ ਬੰਦਾ ਸਿੰਘ ਬਹਾਦਰ' ਰਿਲੀਜ਼



**ਚੰਡੀਗੜ੍ਹ:** ਆਰਟ ਗੈਲਰੀ ਚੰਡੀਗੜ੍ਹ ਦੇ ਆਡੀਟੋਰੀਅਮ ਵਿਖੇ ਮਹਾਨ ਸਿੱਖ ਜਰਨੈਲ 'ਤੇ ਬਣੀ ਫਿਲਮ ''ਬਾਬਾ ਬੰਦਾ ਸਿੰਘ ਬਹਾਦਰ'' ਨੂੰ ਬੀਤੀ 30 ਜੂਨ ਨੂੰ ਰਿਲੀਜ਼ ਕੀਤੇ ਜਾਣ ਦੀਆਂ ਰਸਮਾਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵਲੋਂ ਅਦਾ ਕੀਤੀਆਂ ਗਈਆਂ।

ਇਸ ਮੌਕੇ ਫਿਲਮ ਦੇ ਲੇਖਕ ਤੇ ਨਿਰਦੇਸ਼ਕ ਹਰਜੀਤ ਸਿੰਘ ਰਿੱਕੀ, ਧਰਮ ਪ੍ਰਚਾਰ ਕਮੇਟੀ ਦੇ ਮੁਖੀ ਸ. ਹਰਜੀਤ ਸਿੰਘ, ਬਾਬਾ ਬੰਦਾ ਸਿੰਘ ਦੇ ਕਿਰਦਾਰ ਨੂੰ ਨਿਭਾਉਣ ਵਾਲੇ ਅਦਾਕਾਰ ਗੁਰਪ੍ਰੀਤ ਸਿੰਘ ਅਤੇ ਹੋਰ ਕਲਾਕਾਰਾਂ ਦੇ ਨਾਲ-ਨਾਲ ਪੰਜਾਬੀ ਲੋਕ ਗਾਇਕ ਕਲਾ ਮੰਚ ਚੰਡੀਗੜ੍ਹ ਦੇ ਚੇਅਰਮੈਨ ਅਤੇ ਗਾਇਕ ਹਰਦੀਪ ਸਮੇਤ ਕਈ ਫਨਕਾਰਾਂ ਨੇ ਸ਼ਿਰਕਤ ਕੀਤੀ। ਸ਼੍ਰੋਮਣੀ ਕਮੇਟੀ ਵਲੋਂ ਕੀਤੇ ਗਏ ਇਸ ਵਧੀਆ ਉਦਮ ਦੀ ਸ਼ਲਾਘਾ ਕਰਦਿਆਂ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਗੁੰਮਰਾਹ ਹੋਏ ਸਿੱਖ ਨੌਜਵਾਨਾਂ ਨੂੰ ਇਸਤੋਂ ਸਿੱਖਿਆ ਲੈਣੀ ਚਾਹੀਦੀ ਹੈ ਅਤੇ ਨਸ਼ਿਆਂ ਦਾ ਤਿਆਗ ਕਰਨਾ ਚਾਹੀਦਾ ਹੈ। ਨਿਰਦੇਸ਼ਕ ਹਰਜੀਤ ਸਿੰਘ ਰਿੱਕੀ ਨੇ ਕਿਹਾ ਕਿ ਪਹਿਲੀ ਵਾਰ ਹੈ ਜਦੋਂ ਜ਼ਿੰਦਾ ਵਿਅਕਤੀਆਂ ਨੂੰ ਸਿੱਖ ਇਤਿਹਾਸ ਦੀ ਇਕ ਮਹਾਨ ਸ਼ਖ਼ਸੀਅਤ ਦਾ ਰੋਲ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ। ਇਸ ਮੌਕੇ ਦਰਸ਼ਕਾਂ ਨੂੰ ਫਿਲਮ ਬਾਬਾ ਬੰਦਾ ਸਿੰਘ ਬਹਾਦਰ ਵੀ ਵਿਖਾਈ ਗਈ।

# ਤਿੰਨ ਸਾਲ 'ਚ ਫੂਕਿਆ 23 ਕਰੋੜ ਦਾ ਤੇਲ

**ਚੰਡੀਗੜ੍ਹ:** ਆਰਥਿਕ ਮੰਦਹਾਲੀ ਦੇ ਦੌਰ ਵਿਚ ਸਰਕਾਰ ਭਾਵੇਂ ਕਲਿਆਣਕਾਰੀ ਯੋਜਨਾਵਾਂ ਨੂੰ ਠੰਢੇ ਬਸਤੇ ਵਿਚ ਪਾਈ ਬੈਠੀ ਹੈ ਪਰ ਮੰਤਰੀਆਂ 'ਤੇ ਹੋਣ ਵਾਲੇ ਖਰਚ ਲਈ ਪੂਰੀ ਦਰਿਆਦਿਲੀ ਤੋਂ ਕੰਮ ਲਿਆ ਜਾਂਦਾ ਹੈ। ਇਸ ਦੀ ਇਕ ਉਦਾਹਰਣ ਮੁੱਖ ਮੰਤਰੀ, ਮੰਤਰੀਆਂ ਅਤੇ ਮੁੱਖ ਸੰਸਦੀ ਸਕੱਤਰਾਂ ਵਲੋਂ ਸਰਕਾਰੀ ਕਾਰਾਂ ਵਿਚ ਵਰਤੇ ਜਾਂਦੇ ਪੈਟਰੋਲ ਦੇ ਖਰਚੇ ਤੋਂ ਲਈ ਜਾ ਸਕਦੀ ਹੈ।

'ਸੂਚਨਾ ਅਧਿਕਾਰ ਕਾਨੂੰਨ' ਤਹਿਤ ਮੰਗੀ ਗਈ ਜਾਣਕਾਰੀ ਦੌਰਾਨ ਇਹ ਤੱਥ ਸਾਹਮਣੇ ਆਏ ਹਨ ਕਿ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸਰਕਾਰ ਦੇ ਮੰਤਰੀਆਂ ਤੇ ਪਾਰਲੀਮਾਨੀ ਸਕੱਤਰਾਂ ਨੇ 1 ਮਾਰਚ 2007 ਤੋਂ 31 ਮਾਰਚ 2010 ਦੇ ਸਮੇਂ ਦੌਰਾਨ, 23 ਕਰੋੜ 16 ਲੱਖ ਰੁਪਏ ਤੋਂ ਵਧ ਰੁਪਈਏ ਸਰਕਾਰੀ ਕਾਰਾਂ ਰਾਹੀਂ ਪੈਟਰੋਲ 'ਤੇ ਹੀ ਫੂਕ ਦਿੱਤੇ ਹਨ। ਇਸ ਖਰਚ ਵਿਚ ਮੁੱਖ ਮੰਤਰੀ ਦੀਆਂ ਕਾਰਾਂ ਦਾ ਖਰਚ ਸਭ ਤੋਂ ਵਧ ਹੈ। ਮੁੱਖ ਮੰਤਰੀ ਦੀਆਂ ਕਾਰਾਂ ਨੇ 3 ਸਾਲਾਂ ਦੇ ਸਮੇਂ ਦੌਰਾਨ 6 ਕਰੋੜ 67 ਲੱਖ 90 ਹਜ਼ਾਰ 32 ਰੁਪਏ ਦਾ ਪੈਟਰੋਲ ਪੀਤਾ। ਇਹ ਤੱਥ ਵੱਖਰਾ ਹੈ ਕਿ ਪੰਜਾਬ ਸਰਕਾਰ ਵਲੋਂ ਮੁੱਖ ਮੰਤਰੀ ਤੇ ਮੰਤਰੀਆਂ ਲਈ ਭਾੜੇ 'ਤੇ ਲਏ ਹੈਲੀਕਾਪਟਰ ਵਲੋਂ ਵੀ ਪਿਛਲੇ ਤਿੰਨਾਂ ਸਾਲਾਂ ਦੌਰਾਨ 35 ਕਰੋੜ ਰੁਪਏ ਦੇ ਕਰੀਬ ਦਾ ਬੋਝ ਸਰਕਾਰੀ ਖਜ਼ਾਨੇ 'ਤੇ ਪਾਇਆ ਗਿਆ ਹੈ। ਮੁੱਖ ਮੰਤਰੀ ਤੋਂ ਬਾਅਦ ਜੇਕਰ ਪੈਟਰੋਲ ਦਾ ਵਿੱਤੀ ਭਾਰ ਸਰਕਾਰੀ ਖਜ਼ਾਨੇ 'ਤੇ ਪਾਉਣ ਵਿਚ ਮੋਹਰੀ ਰਹੇ ਹਨ ਤਾਂ ਉਹ ਹਨ ਰਾਜ ਦੇ ਆਵਾਜਾਈ ਮੰਤਰੀ ਮਾਸਟਰ ਮੋਹਨ ਲਾਲ। 'ਮਾਸਟਰ ਜੀ' ਦੀਆਂ ਸਰਕਾਰੀ ਕਾਰਾਂ ਨੇ ਸਰਕਾਰ ਦੇ ਪਿਛਲੇ ਤਿੰਨਾਂ ਸਾਲਾਂ ਦੇ ਵਕਫੇ ਦੌਰਾਨ ਇਕ ਕਰੋੜ 3 ਲੱਖ 74 ਹਜ਼ਾਰ 912 ਰੁਪਏ ਦਾ ਪੈਟਰੋਲ ਪੀਤਾ ਜੋ ਬਹੁ-ਗਿਣਤੀ ਮੰਤਰੀਆਂ ਨਾਲੋਂ ਤਕਰੀਬਨ ਦੁੱਗਣਾ ਹੈ। ਇਸ ਤੋਂ ਅਗਲਾ ਨੰਬਰ ਮਾਲ ਮੰਤਰੀ ਅਜੀਤ ਸਿੰਘ ਕੋਹਾੜ ਦਾ ਆਉਂਦਾ ਹੈ ਜਿਨ੍ਹਾਂ ਦੀਆਂ ਕਾਰਾਂ 76 ਲੱਖ ਰੁਪਏ ਦਾ ਪੈਟਰੋਲ ਛਕ ਗਈਆਂ।

ਪੈਟਰੋਲ ਦੇ ਖਰਚਿਆਂ ਵਿਚ ਤੀਸਰੇ ਦਰਜੇ 'ਤੇ ਆਉਂਦੇ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦੀਆਂ ਕਾਰਾਂ ਨੂੰ 71 ਲੱਖ 15 ਹਜ਼ਾਰ 734 ਰੁਪਏ ਦੀ ਖੁਰਾਕ ਮਿਲੀ।

ਅਗਲਾ ਨੰਬਰ ਪਸ਼ੂ ਪਾਲਣ ਤੇ ਡੇਅਰੀ ਵਿਕਾਸ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਦਾ ਆਉਂਦਾ ਹੈ ਜਿਨ੍ਹਾਂ ਦੀਆਂ ਸਰਕਾਰੀ ਕਾਰਾਂ 70 ਲੱਖ 41 ਹਜ਼ਾਰ ਰੁਪਏ ਦਾ ਪੈਟਰੋਲ ਪੀ ਗਈਆਂ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਅਪਣੇ ਥੋੜ੍ਹੇ ਕਾਰਜਕਾਲ ਦੌਰਾਨ 12 ਲੱਖ 63 ਹਜ਼ਾਰ ਰੁਪਏ ਦਾ ਤੇਲ ਖਰਚਿਆ। ਤਿੰਨ ਸਾਲਾਂ ਦੇ ਕਾਰਜਕਾਲ ਵਿਚ ਜੇਕਰ ਸਰਕਾਰੀ ਖਜ਼ਾਨੇ 'ਤੇ ਸਭ ਤੋਂ ਘੱਟ ਤੇਲ ਦੇ ਖਰਚੇ ਦਾ ਬੋਝ ਪਾਇਆ ਹੈ ਤਾਂ ਉਸ ਸੂਚੀ ਵਿਚ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦਾ ਨਾਂਅ ਆਉਂਦਾ ਹੈ। ਵਿੱਤ ਮੰਤਰੀ ਦੀਆਂ ਕਾਰਾਂ ਨੇ ਤਿੰਨ ਸਾਲਾਂ ਦੇ ਸਮੇਂ ਦੌਰਾਨ 20 ਲੱਖ 10 ਹਜ਼ਾਰ 291 ਰੁਪਏ ਦਾ ਪੈਟਰੋਲ ਪੀਤਾ। ਭਾਜਪਾ ਵਿਧਾਇਕ ਦਲ ਦੇ ਨੇਤਾ ਤੇ ਸਥਾਨਕ ਸਰਕਾਰਾਂ ਬਾਰੇ ਵਿਭਾਗ ਦੇ ਮੰਤਰੀ ਮਨੋਰੰਜਨ ਕਾਲੀਆ ਨੇ 43 ਲੱਖ ਦਾ ਤੇਲ ਫੂਕਿਆ ਜਦੋਂਕਿ ਬਿਕਰਮ ਸਿੰਘ ਮਜੀਠੀਆ ਜੋ ਦੋ ਸਾਲ ਤੋਂ ਵੀ ਘੱਟ ਸਮਾਂ ਮੰਤਰੀ ਰਹੇ ਨੇ 42 ਲੱਖ ਰੁਪਏ ਦਾ ਤੇਲ ਫੂਕ ਦਿੱਤਾ ਸੀ। ਜਨਮੇਜਾ ਸਿੰਘ ਸੇਖੋਂ, ਹੀਰਾ ਸਿੰਘ ਗਾਬੜੀਆ, ਸੁੱਚਾਸਿੰਘ ਲੰਗਾਹ, ਤੀਕਸ਼ਨ ਸੂਦ, ਲਕਸ਼ਮੀ ਕਾਂਤਾ ਚਾਵਲਾ, ਉਪਿੰਦਰਜੀਤ ਕੌਰ, ਪਰਮਿੰਦਰ ਸਿੰਘ ਢੀਂਡਸਾ, ਰਣਜੀਤ ਸਿੰਘ ਬ੍ਰਹਮਪੁਰਾ, ਅਤੇ ਸਵਰਨਾ ਰਾਮ ਅਜਿਹੇ ਮੰਤਰੀ ਹਨ ਜਿਨ੍ਹਾਂ ਨੇ 50 ਲੱਖ ਤੋਂ 60 ਲੱਖ ਰੁਪਏ ਦੇ ਦਰਮਿਆਨ ਦਾ ਤੇਲ ਵਰਤਿਆ। ਪੰਜਾਬ ਸਰਕਾਰ ਵਲੋਂ ਪਵਨ ਹੰਸ ਨਾਮੀ ਜਨਤਕ ਖੇਤਰ ਦੀ ਕੰਪਨੀ ਦਾ ਹੈਲੀਕਾਪਟਰ ਭਾੜੇ 'ਤੇ ਲਿਆ ਹੋਇਆ ਹੈ।

ਸੂਤਰਾਂ ਦਾ ਦੱਸਣਾ ਹੈ ਕਿ ਇਸ ਹੈਲੀਕਾਪਟਰ ਦਾ ਸਾਲਾਨਾ ਖਰਚਾ 11 ਕਰੋੜ ਤੋਂ 12 ਕਰੋੜ ਦੇ ਦਰਮਿਆਨ ਹੈ। ਇਸ ਤਰ੍ਹਾਂ ਨਾਲ ਸਰਕਾਰ ਨੇ ਕਾਰਾਂ 'ਤੇ ਆਉਂਦੇ ਖਰਚ ਤੋਂ ਇਲਾਵਾ 35 ਕਰੋੜ ਦੇ ਕਰੀਬ ਹੈਲੀਕਾਪਟਰ ਦਾ ਕਿਰਾਇਆ ਵੀ ਅਦਾ ਕੀਤਾ ਹੈ। ਪੰਜਾਬ ਦੇ 13 ਮੁੱਖ ਸੰਸਦੀ ਸਕੱਤਰਾਂ ਨੇ ਵੀ 6 ਕਰੋੜ 85 ਲੱਖ 18 ਹਜ਼ਾਰ 478 ਰੁਪਏ ਦਾ ਤੇਲ ਫੂਕਿਆ ਹੈ।

## ਸਰੋਵਰ 'ਚ ਡੁੱਬਣ ਕਾਰਨ ਅਕਾਲੀ ਆਗੂ ਦੀ ਮੌਤ

**ਮੁਕਤਸਰ :** ਬੀਤੀ 3 ਜੁਲਾਈ ਨੂੰ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਕੌਮੀ ਪ੍ਰੈਸ ਸਕੱਤਰ ਸਤਨਾਮ ਸਿੰਘ ਭਾਟੀਆ ਦੀ ਗੁਰਦੁਆਰਾ ਸ੍ਰੀ ਟੁੱਟੀ ਗੰਢੀ ਸਾਹਿਬ ਦੇ ਸਰੋਵਰ ਵਿਚ ਡੁੱਬਣ ਨਾਲ ਮੌਤ ਹੋ ਗਈ। ਸੇਵਾਦਾਰ ਮੇਘਾ ਸਿੰਘ ਨੇ ਜਦੋਂ ਉਨ੍ਹਾਂ ਨੂੰ ਡੂੰਘੇ ਸਰੋਵਰ ਵਿਚ ਛਾਲ ਮਾਰਦੇ ਵੇਖਿਆ ਤਾਂ ਉਸ ਨੇ ਦੌੜ ਕੇ ਡੁੱਬ ਰਹੇ ਨੌਜਵਾਨ ਨੂੰ ਬਾਹਰ ਕੱਢ ਲਿਆ ਤੇ ਪੇਟ 'ਚੋਂ ਪਾਣੀ ਕੱਢਣ ਦੀ ਕੋਸ਼ਿਸ਼ ਕੀਤੀ ਪਰ ਉਸ ਵੇਲੇ ਤਕ ਉਸ ਦੀ ਮੌਤ ਹੋ ਚੁੱਕੀ ਸੀ।

# ਚੁਰਾਸੀ ਦੀਆਂ ਘਟਨਾਵਾਂ ਬਾਰੇ ਭਾਜਪਾ ਨਾਲ ਰਿਆਇਤ ਕਿਉਂ?

-ਜਤਿੰਦਰ ਪਨੂੰ

'ਸਿੰਘ ਇਜ਼ ਕਿੰਗ' ਵਾਲਾ ਗੀਤ ਜਦੋਂ ਹਾਲੇ ਨਹੀਂ ਸੀ ਬਣਿਆ, ਕਿਸੇ ਸਿੱਖ ਦੇ ਪ੍ਰਧਾਨ ਮੰਤਰੀ ਬਣਨ ਦੀ ਗੱਲ ਵੀ ਜਦੋਂ ਹਾਲੇ ਨਹੀਂ ਸੀ ਚੱਲੀ, ਸਿੱਖਾਂ ਦਾ ਸਤਿਕਾਰ ਭਾਰਤ ਦੇ ਕੋਨੇ-ਕੋਨੇ ਵਿਚ ਓਦੋਂ ਵੀ ਹੁੰਦਾ ਸੀ। ਅਬਦਾਲੀ ਨੇ ਜਦੋਂ ਸਿੱਖਾਂ ਬਾਰੇ ਜਾਣਕਾਰੀ ਰੱਖਦੇ ਇਕ ਅਹਿਲਕਾਰ ਤੋਂ ਉਨ੍ਹਾਂ ਦਾ ਵੇਰਵਾ ਮੰਗਿਆ ਸੀ ਤਾਂ ਉਹ ਇਹ ਫੈਸਲਾ ਨਹੀਂ ਸੀ ਕਰ ਸਕਿਆ ਕਿ ਅਹਿਲਕਾਰ ਉਸ ਨੂੰ ਜਾਣਕਾਰੀ ਦੇ ਰਿਹਾ ਹੈ ਜਾਂ ਸਿੱਖਾਂ ਦੇ ਗੁਣ ਗਿਣਾ ਰਿਹਾ ਹੈ। ਮਹਾਰਾਣੀ ਵਿਕਟੋਰੀਆ ਨੇ ਇੰਗਲੈਂਡ ਦੇ ਸ਼ਹਿਰ ਸਾਊਥੈਂਪਟਨ ਤੋਂ ਥੋੜ੍ਹਾ ਹਟਵੇਂ ਇਕ ਟਾਪੂ ਉਤੇ ਜਦੋਂ ਆਪਣਾ ਔਸਬੋਰਨ ਹਾਉਸ ਨਾਂਅ ਦਾ ਮਹੱਲ ਬਣਵਾਇਆ, ਉਸ ਦੇ ਦਰਬਾਰ ਹਾਲ ਦੀ ਅੰਦਰੂਨੀ ਸਜਾਵਟ ਇਕ ਸਿੱਖ ਹੁਨਰਮੰਦ ਭਾਈ ਰਾਮ ਸਿੰਘ ਨੇ ਕੀਤੀ ਸੀ, ਜਿਸ ਦੀ ਤਸਵੀਰ ਅੱਜ ਵੀ ਉਸ ਮਹੱਲ ਅੰਦਰ ਸਤਿਕਾਰਤ ਥਾਂ ਉਤੇ ਲੱਗੀ ਦੇਖੀ ਜਾ ਸਕਦੀ ਹੈ। ਦੁਨੀਆ ਦੀ ਜਿਸ ਨੁੱਕਰ ਵਿਚ ਵੀ ਸਿੱਖ ਗਏ, ਉਨ੍ਹਾਂ ਨੇ ਹਰ ਥਾਂ ਨਾਮਣਾ ਹੀ ਖੱਟਿਆ ਸੀ।

ਫਿਰ ਇਕ ਦੌਰ ਇਹੋ ਜਿਹਾ ਆਇਆ, ਜਦੋਂ ਰਾਜਨੀਤੀ ਦੇ ਖਿਡਾਰੀਆਂ ਨੇ ਸਿੱਖਾਂ ਨੂੰ ਕੁਰਸੀ-ਜੰਗ ਦੀ ਸ਼ਤਰੰਜ ਦੇ ਮੋਹਰੇ ਬਣਾ ਕੇ ਵਰਤਣ ਦੀ ਖੇਡ ਖੇਡੀ। ਜਿਸ ਮੁਲਕ ਅੰਦਰ ਉਹ ਦੂਜੇ ਭਾਈਚਾਰਿਆਂ ਨਾਲ ਘਿਓ-ਖਿਚੜੀ ਹੋ ਕੇ ਸਦੀਆਂ ਤੋਂ ਰਹਿੰਦੇ ਆਏ ਸਨ, ਓਥੇ ਉਨ੍ਹਾਂ ਦੇ ਨਾਂਅ ਉਤੇ ਵੱਖਰੇ ਮੁਲਕ ਦਾ ਨਾਹਰਾ ਚੁੱਕਿਆ ਗਿਆ। ਨਾਹਰਿਆਂ ਤੋਂ ਗੱਲ ਅੱਗੇ ਵਧੀ ਤਾਂ ਬੰਦੂਕਾਂ ਦਾ ਦੌਰ ਵੀ ਆਇਆ, ਜਿਸ ਵਿਚ ਦੋਵੇਂ ਪਾਸਿਓਂ ਬਹੁਤ ਕੁਝ ਗਲਤ ਹੋਇਆ। ਗਲਤੀਆਂ ਦੇ ਉਸ ਦੌਰ ਵਿਚ ਦੋ ਘਟਨਾਵਾਂ ਉਹ ਹੋਈਆਂ, ਜਿਨ੍ਹਾਂ ਦਾ ਜ਼ਖਮ ਸਿਰਫ ਸਿੱਖਾਂ ਦੇ ਹੀ ਨਹੀਂ, ਪੰਜਾਬੀਆਂ ਦੀ ਮਾਨਸਿਕਤਾ 'ਤੇ ਵੀ ਵਾਹਵਾ ਗਹਿਰਾ ਲੱਗ ਗਿਆ।

ਇਕ ਘਟਨਾ ਅਪਰੇਸ਼ਨ ਬਲਿਊ ਸਟਾਰ ਦੀ ਸੀ, ਜਿਸ ਦੀ ਚੀਰ-ਪਾੜ ਕਰਨ ਨਾਲ ਖਿੰਡੇ ਦੀਆਂ ਲੀਰਾਂ ਵਾਂਗ ਰਾਜਨੀਤੀ ਦੀ ਸੜ੍ਹਿਆਂਦ ਦੋਵੇਂ ਪਾਸਿਓਂ ਨਿਕਲਦੀ ਹੈ, ਪਰ ਜਿਹੜੇ ਆਮ ਲੋਕਾਂ ਦੀ ਸ਼ਰਧਾ ਨੂੰ ਚੋਟ ਲੱਗੀ, ਉਸ ਦੀ ਚਿੰਤਾ ਦੋਵੇਂ ਪਾਸਿਓਂ ਕਿਸੇ ਨੇ ਕਦੇ ਨਹੀਂ ਕੀਤੀ। ਦੂਜੀ ਘਟਨਾ ਇੰਦਰਾ ਗਾਂਧੀ ਦੀ ਮੰਦ-ਭਾਗਾ ਕਤਲ ਤੇ ਉਸ ਪਿੱਛੋਂ ਦੇਸ਼ ਦੀ ਰਾਜਧਾਨੀ ਤੋਂ ਲੈ ਕੇ ਕਈ ਵੱਡੇ-ਛੋਟੇ ਸ਼ਹਿਰਾਂ ਅੰਦਰ ਹੋਇਆ ਇਕ-ਤਰਫਾ ਖੂਨ-ਖਰਾਬਾ ਸੀ। ਮੁਲਕ ਦੇ ਨਵੇਂ ਬਣੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਜੇ ਇਹ ਨਾ ਕਿਹਾ ਹੁੰਦਾ ਕਿ 'ਜਬ ਬੜਾ ਪੇੜ ਗਿਰਤਾ ਹੈ ਤੋ ਧਰਤੀ ਹਿਲਤੀ ਹੈ', ਤਾਂ ਸਥਿਤੀ ਹੋਰ ਹੋਣੀ ਸੀ। ਬੜੇ ਕਮਿਸ਼ਨ ਤੇ ਕਮੇਟੀਆਂ ਬਣਦੇ ਰਹੇ, ਉਸ ਖੂਨ-ਖਰਾਬੇ ਦੇ ਪੀੜਤਾਂ ਨੂੰ ਇਨਸਾਫ ਨਹੀਂ ਮਿਲ ਸਕਿਆ, ਦੋਸ਼ੀਆਂ ਦੇ ਗਲ਼ ਰੱਸਾ ਵੀ ਨਹੀਂ ਪੈ ਸਕਿਆ। ਪੰਜਾਬ ਦੇ ਹਾਲਤ ਨੂੰ ਲੰਮੇ ਖੂਨ-ਖਰਾਬੇ ਦੇ ਮੂੰਹ ਧੱਕਣ ਵਿਚ ਵੀ ਘੱਟ ਜਾਂ ਵੱਧ ਕੁਝ ਨਾ ਕੁਝ ਉਸ ਦਿੱਲੀਪੁਣੇ ਦਾ ਰੋਲ ਜ਼ਰੂਰ ਸੀ, ਜਿਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਫਿਰ ਵੀ ਇਹ ਗੱਲ ਹੈਰਾਨੀ ਵਾਲੀ ਹੈ ਕਿ ਸਿਰਫ ਇੱਕੋ ਰਾਜਨੀਤਕ ਪੱਖ ਨੂੰ ਦੋਸ਼ੀ ਗਰਦਾਨਿਆ ਜਾ ਰਿਹਾ ਹੈ। ਦੂਜੀ ਕੋਈ ਧਿਰ ਪੈਰਾਂ 'ਤੇ ਪਾਣੀ ਹੀ ਨਹੀਂ ਪੈਣ ਦੇਂਦੀ। ਪੰਝੀ ਹਜ਼ਾਰ ਤੋਂ ਵਧ ਪੰਜਾਬੀਆਂ ਨੂੰ ਜਿਨ੍ਹਾਂ ਨੇ ਆਪਣੀ ਰਾਜਨੀਤਕ ਗਰਜਾਂ ਦੀ ਬਲੀ ਚਾੜ੍ਹ ਦਿੱਤਾ, ਉਨ੍ਹਾਂ ਦਾ ਕਿਧਰੇ ਕੋਈ ਜ਼ਿਕਰ ਤੱਕ ਨਹੀਂ ਕੀਤਾ ਜਾ ਰਿਹਾ। ਜਦੋਂ ਵੀ ਚਰਚਾ ਛਿੜਦੀ ਹੈ, ਸਿਰਫ ਇਕ ਪਾਸੇ ਵਾਲਿਆਂ ਨੂੰ ਨਿਸ਼ਾਨਾ ਸੇਧ ਕੇ ਉਨ੍ਹਾਂ ਲੋਕਾਂ ਉਤੇ ਵੀ ਚੋਟ ਕੀਤੀ ਜਾਂਦੀ ਹੈ, ਜਿਹੜੇ ਉਨ੍ਹਾਂ ਘਟਨਾਵਾਂ ਵੇਲੇ ਕਿਸੇ ਗਿਣਤੀ ਵਿਚ ਹੀ ਨਹੀਂ ਸਨ ਹੁੰਦੇ ਤੇ ਉਸ ਤੋਂ ਕਈ ਸਾਲ ਮਗਰੋਂ ਰਾਜਨੀਤਕ ਮੰਚ ਉਤੇ ਨਜ਼ਰ ਆਏ ਸਨ।

ਹੁਣੇ-ਹੁਣੇ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਨੇ ਕੈਨੇਡਾ ਦੀ ਫੇਰੀ ਲਾਈ ਹੈ। ਉਥੇ ਇਕ ਵਾਰੀ ਫਿਰ ਰੋਸ ਮੁਜ਼ਾਹਰਾ ਕਰ ਕੇ ਦੋ ਮੁੱਖ ਮੰਗਾਂ ਚੁੱਕੀਆਂ ਗਈਆਂ ਹਨ, ਜਿਨ੍ਹਾਂ ਵਿਚੋਂ ਪਹਿਲੀ ਅਪਰੇਸ਼ਨ ਬਲਿਊ ਸਟਾਰ ਤੇ ਦਿੱਲੀ ਦੇ ਖੂਨ-ਖਰਾਬੇ ਲਈ ਮੁਆਫੀ ਮੰਗਣਾ ਤੇ ਦੂਜੀ, ਵਿਦੇਸ਼ ਵੱਸਦੇ ਸਿੱਖਾਂ ਦੀ ਕਾਲੀ ਸੂਚੀ ਉਤੇ ਕਾਟਾ ਮਾਰਨਾ ਹੈ। ਮੰਗਾਂ ਦੋਵੇਂ ਇੱਕੋ ਭਾਈਚਾਰੇ ਨਾਲ ਸੰਬੰਧਿਤ ਹੋਣ ਦੇ ਬਾਵਜੂਦ ਇਨ੍ਹਾਂ ਦੀ ਵੰਨਗੀ ਵੱਖੋ-ਵੱਖਰੀ ਹੈ।

ਇਸ ਦੂਜੀ ਮੰਗ ਨੂੰ ਲੈ ਕੇ ਇਹ ਪ੍ਰਭਾਵ ਦਿੱਤਾ ਜਾ ਰਿਹਾ ਹੈ, ਜਿਵੇਂ ਪਤਾ ਨਹੀਂ ਵਿਦੇਸ਼ਾਂ ਵਿਚਲੇ ਸਾਰੇ ਸਿੱਖ ਹੀ ਕਾਲੀ ਸੂਚੀ ਵਿਚ ਲਿਖ ਦਿੱਤੇ ਗਏ ਹੋਣ। ਅਜਿਹੀ ਬਿਆਨਬਾਜ਼ੀ ਪੰਜਾਬ ਤੇ ਹੋਰਨੀਂ ਥਾਂਈ ਸਿੱਖ ਕੈਦੀਆਂ ਬਾਰੇ ਵੀ ਕੀਤੀ ਜਾਂਦੀ ਹੈ। ਪਿਛਲੀ ਅਕਾਲੀ-ਭਾਜਪਾ ਸਰਕਾਰ ਸਮੇਂ ਅਕਾਲ ਤਖਤ ਸਾਹਿਬ ਦੇ ਇਕ ਜਥੇਦਾਰ ਨੇ ਇਹ ਬਿਆਨ ਦੇ ਦਿੱਤਾ ਸੀ ਕਿ ਜੇਲ੍ਹਾਂ ਵਿਚ ਬੰਦ ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਅਕਾਲੀ ਮੁੱਖ ਮੰਤਰੀ ਰਿਹਾਅ ਕਰਨ ਦਾ ਐਲਾਨ ਕਰੇ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਖੁਦ ਕੁਝ ਕਹਿਣ ਦੀ ਥਾਂ ਆਪਣੇ ਇਕ ਸਹਾਇਕ ਤੋਂ ਇਹ ਬਿਆਨ ਦਿਵਾ ਦਿੱਤਾ ਕਿ ਸਰਕਾਰੀ ਰਿਕਾਰਡ ਮੁਤਾਬਕ 'ਹਜ਼ਾਰਾਂ ਸਿੱਖ' ਜੇਲ੍ਹਾਂ ਵਿਚ ਹੈ ਹੀ ਨਹੀਂ, ਸਿਰਫ ਸੌ ਦੇ ਨੇੜੇ-ਤੇੜੇ ਹਨ, ਜਥੇਦਾਰ ਸਾਹਿਬ ਜੇ 'ਹਜ਼ਾਰਾਂ' ਦੀ ਸੂਚੀ ਦੇ ਦੇਣ ਤਾਂ ਸਰਕਾਰ ਉਨ੍ਹਾਂ ਦੇ ਕੇਸਾਂ ਦੀ ਪੁਣ-ਛਾਣ ਕਰਵਾ ਲਵੇਗੀ। ਜਥੇਦਾਰ ਸਾਹਿਬ ਨੇ ਇਹ ਕਹਿ ਕੇ ਖਹਿੜਾ ਛੁਡਾਇਆ ਸੀ ਕਿ ਗਿਣਤੀ ਬਾਰੇ ਉਨ੍ਹਾਂ ਦੀ ਨਿੱਜੀ ਜਾਣਕਾਰੀ ਕੋਈ ਨਹੀਂ, ਇੱਕ ਹੋਰ ਜਥੇਦਾਰ ਨੇ ਦੱਸਿਆ ਸੀ। ਇਸ ਗੱਲ ਨੂੰ ਦਰਜਨ ਦੇ ਕਰੀਬ ਸਾਲ ਹੋ ਚੁਕੇ ਹਨ, ਅਜੇ ਤੱਕ ਕਿਸੇ ਜਥੇਦਾਰ ਨੇ ਉਹ ਸੂਚੀ ਪੇਸ਼ ਨਹੀਂ ਕੀਤੀ, ਜਿਹੜੀ ਹਜ਼ਾਰਾਂ ਸਿੱਖ ਕੈਦੀਆਂ ਦੀ ਨਿਸ਼ਾਨਦੇਹੀ ਕਰਦੀ ਹੋਵੇ। ਇਹੋ ਹਾਲ ਵਿਦੇਸ਼ ਵੱਸਦੇ ਸਿੱਖਾਂ ਦੀ ਕਾਲੀ ਸੂਚੀ ਦਾ ਹੈ। ਵਿਦੇਸ਼ ਵੱਸਦੇ ਸਿੱਖਾਂ ਵਿਚੋਂ ਕੁਝ ਗਿਣਵੇਂ-ਚੁਣਵੇਂ ਉਨ੍ਹਾਂ ਲੋਕਾਂ ਦੀ, ਗਲਤ ਜਾਂ ਠੀਕ, ਇੱਕ ਕਾਲੀ ਸੂਚੀ ਬਣੀ ਹੋਈ ਹੈ, ਜਿਹੜੇ ਭਾਰਤ ਵਿਰੋਧੀ ਕੰਮਾਂ ਵਿਚ ਸਰਗਰਮ ਰਹਿੰਦੇ ਹਨ। ਕੁਝ ਤਾਂ ਪੰਜਾਬ ਵਿਚ ਇਕ ਜਾਂ ਦੂਜੀ ਵਾਰਦਾਤ ਕਰ ਕੇ ਵੀ ਖਿਸਕੇ ਹੋਏ ਹਨ। ਇਹੋ ਜਿਹੇ ਲੋਕਾਂ ਬਾਰੇ ਹਰ ਦੇਸ਼ ਦੀ ਸਰਕਾਰ ਸੂਚੀਆਂ ਜਾਰੀ ਕਰਦੀ ਹੈ, ਸਿਰਫ ਭਾਰਤ ਦੀ ਸਰਕਾਰ ਨੇ ਹੀ ਨਹੀਂ ਕੀਤੀਆਂ। ਕਈ ਸੱਜਣ ਏਦਾਂ ਦੇ ਵੀ ਹਨ, ਜਿਨ੍ਹਾਂ ਨੇ ਕੀਤਾ ਕਦੇ ਕੁਝ ਵੀ ਮਾੜਾ-ਚੰਗਾ ਨਹੀਂ, ਸਿਰਫ ਇਨ੍ਹਾਂ ਸਰਗਰਮੀਆਂ ਤੇ ਸੂਚੀਆਂ ਆਸਰੇ ਪੱਛਮੀ ਦੇਸ਼ਾਂ ਵਿਚ ਆਪਣੇ ਪਰਿਵਾਰਾਂ ਦੇ ਅੱਡੇ ਜਮਾ ਕੇ ਮਜ਼ੇ ਕਰਦੇ ਹਨ। ਚਾਲੀ ਸਾਲ ਪਹਿਲਾਂ ਦਾ ਲੁਧਿਆਣੇ ਦੀ ਐਗਰੀਕਲਚਰ ਯੂਨੀਵਰਸਿਟੀ ਦਾ ਇਕ ਸਿਰ-ਮੁੰਨਿਆ ਨਕਸਲੀ ਆਗੂ ਅੱਜ 'ਪੰਜ ਕੱਕਾਰ' ਦਾ ਧਾਰਨੀ ਹੋ ਕੇ ਅਮਰੀਕਾ ਅੰਦਰ ਖਾਲਿਸਤਾਨ ਦਾ ਝੰਡਾ ਚੁੱਕੀ ਫਿਰਦਾ ਹੈ। ਉਹ ਕਦੇ ਵੀ ਕਾਲੀ ਸੂਚੀ 'ਤੇ ਸਚਮੁੱਚ ਕਾਟਾ ਵੱਜਾ ਨਹੀਂ ਚਾਹੇਗਾ।

ਜਿਹੜੇ ਲੋਕਾਂ ਦੇ ਨਾਂਅ ਅਪਰਾਧੀਆਂ ਵਜੋਂ, ਠੀਕ ਜਾਂ ਗਲਤ, ਉਸ ਸੂਚੀ ਵਿਚ ਪੈ ਗਏ ਹਨ, ਉਨ੍ਹਾਂ ਸਾਹਮਣੇ ਕਾਨੂੰਨ ਰਾਹ ਖੁੱਲ੍ਹੇ ਹਨ। ਕੋਈ ਵੀਹ ਕੁ ਸਾਲ ਪਹਿਲਾਂ ਗਵਰਨਰੀ ਰਾਜ ਵੇਲੇ ਜਦੋਂ ਕੇ.ਪੀ.ਐਸ. ਗਿੱਲ ਦੇ ਪੁਲਸ ਮੁਖੀ ਹੁੰਦਿਆਂ ਕਈ ਖਾਲਿਸਤਾਨੀ ਲੀਡਰਾਂ ਦੇ ਸਿਰਾਂ ਦੇ ਇਨਾਮ ਰੱਖੇ ਗਏ ਸਨ, ਓਦੋਂ ਪੰਜਾਬ ਦੇ ਦਸ ਸੀਨੀਅਰ ਅਕਾਲੀ ਆਗੂਆਂ ਨੇ ਇਸ ਨੂੰ ਸਿੱਖਾਂ ਦੇ ਸਿਰਾਂ ਦੇ ਮੁੱਲ ਰੱਖਣਾ ਕਹਿ ਕੇ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ ਕਿ ਗਿੱਲ ਕੌਣ ਹੁੰਦਾ ਹੈ ਉਨ੍ਹਾਂ ਦੇ ਸਿਰਾਂ ਦਾ ਇਨਾਮ ਰੱਖਣ ਵਾਲਾ? ਅਗਲੇ ਦਿਨੀਂ ਅਖ਼ਬਾਰੀ ਬਹਿਸ ਅੰਦਰ ਇਹ ਨੁਕਤਾ ਕੁਝ ਬੁੱਧੀਜੀਵੀਆਂ ਤੇ ਕਾਨੂੰਨੀ ਮਾਹਰਾਂ ਨੇ ਉਠਾਇਆ ਸੀ ਕਿ ਜਿਨ੍ਹਾਂ ਲੋਕਾਂ ਦੇ ਸਿਰਾਂ ਦਾ ਇਨਾਮ ਰੱਖਿਆ ਗਿਆ ਹੈ, ਜੇ ਉਹ ਖੁਦ ਇਸ ਨੂੰ ਗਲਤ ਸਮਝਦੇ ਹਨ ਤਾਂ ਪੰਜਾਬ ਹੀ ਨਹੀਂ, ਕਿਸੇ ਵੀ ਭਾਰਤੀ ਰਾਜ ਦੀ ਕਿਸੇ ਵੀ ਅਦਾਲਤ ਮੂਹਰੇ ਪੇਸ਼ ਹੋ ਕੇ ਆਪਣੀ ਬੇਗੁਨਾਹੀ ਦਾ ਦਾਅਵਾ ਕਰਨ ਅਤੇ ਮੰਗ ਕਰ ਦੇਣ ਕਿ ਉਨ੍ਹਾਂ ਦੇ ਮਾਮਲੇ ਦੀ ਪੜਤਾਲ ਪੰਜਾਬ ਪੁਲਿਸ ਦੀ ਥਾਂ ਕਿਸੇ ਹੋਰ ਰਾਜ ਦੀ ਪੁਲਸ ਨੂੰ ਸੌਂਪੀ ਜਾਵੇ। ਅਜਿਹੀ ਮੰਗ ਕਈ ਵਾਰੀ ਕੀਤੀ ਜਾ ਚੁੱਕੀ ਹੈ ਤੇ ਅਦਾਲਤਾਂ ਏਦਾਂ ਦੇ ਹੁਕਮ ਕਈ ਵਾਰ ਦੇਂਦੀਆਂ ਵੀ ਹਨ, ਪਰ ਕਿਸੇ ਇਕ ਵੀ 'ਇਨਾਮੀ' ਨੇ ਕਿਸੇ ਅਦਾਲਤ ਮੂਹਰੇ ਪੇਸ਼ ਹੋ ਕੇ ਇਹ ਰਾਹ ਨਹੀਂ ਸੀ ਚੁਣਿਆ।



ਕਾਲੀ ਸੂਚੀ ਦੇ ਮਾਮਲੇ ਵਿਚ ਵੀ ਇਹੋ ਕਾਨੂੰਨੀ ਰਾਹ ਅਪਨਾਇਆ ਜਾ ਸਕਦਾ ਹੈ। ਪਿਛਲੇ ਸਾਲਾਂ ਦੌਰਾਨ ਦਰਜਨ ਤੋਂ ਵਧ ਲੋਕਾਂ ਨੂੰ ਭਾਰਤ ਸਰਕਾਰ ਨੇ ਕਾਨੂੰਨੀ ਲੜਾਈ ਲੜ ਕੇ ਵਿਦੇਸ਼ਾਂ ਤੋਂ ਮੰਗਵਾਇਆ, ਪਰ ਏਥੋਂ ਦੀਆਂ ਅਦਾਲਤਾਂ ਨੇ ਕਿਸੇ ਨੂੰ ਸਜ਼ਾ ਵੀ ਦਿੱਤੀ ਹੋਵੇ, ਕਦੇ ਸੁਣਿਆ ਨਹੀਂ ਗਿਆ। ਕੁਝ ਤਾਂ ਵਾਪਸ ਆ ਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਤੱਕ ਬਣ ਗਏ। ਓਦਾਂ ਉਨ੍ਹਾਂ ਨੇ ਭਾਰਤ ਆਉਣ ਤੋਂ ਝਿਜਕਦੇ-ਤ੍ਰਹਿਕਦੇ ਰਹਿਣਾ ਸੀ, ਏਦਾਂ ਕਾਨੂੰਨੀ ਮਸ਼ੀਨਰੀ ਖੁਦ ਖਰਚ ਕਰ ਕੇ ਉਨ੍ਹਾਂ ਨੂੰ ਲਿਆਈ ਤੇ ਹੁਣ ਨਾ ਸਿਰਫ ਉਹ ਆਜ਼ਾਦ ਫਿਰਦੇ ਹਨ, ਸਗੋਂ ਇਹ ਕਹਿ ਕੇ ਕਿ ਉਨ੍ਹਾਂ ਦੀ ਜਾਨ ਨੂੰ ਖਤਰਾ ਹੈ, ਆਪਣੇ ਨਾਲ ਅਦਾਲਤੀ ਹੁਕਮ ਉਤੇ ਮਿਲੇ ਹੋਏ ਸਰਕਾਰੀ ਗੰਨ-ਮੈਨ ਵੀ ਲਈ ਫਿਰਦੇ ਹਨ। ਜਿਨ੍ਹਾਂ ਲੋਕਾਂ ਵਿਰੁਧ ਕੋਈ ਬਾਕਾਇਦਾ ਅਪਰਾਧ ਦਾ ਕੇਸ ਸੁਣਿਆ ਨਹੀਂ, ਉਹ ਇਸ ਕਾਲੀ ਸੂਚੀ ਨੂੰ ਚੁਣੌਤੀ ਦੇ ਕੇ ਆ ਸਕਦੇ ਹਨ। ਆਖ਼ਰ ਇਨ੍ਹਾਂ ਵਿਚੋਂ ਕੋਈ ਡਾਕਟਰ ਜਗਜੀਤ ਸਿੰਘ ਚੌਹਾਨ ਨਾਲੋਂ ਵੱਡੇ ਨਾਂਅ ਵਾਲਾ ਤਾਂ ਨਹੀਂ ਹੋਣਾ, ਜਿਹੜਾ ਖੁਦ ਨੂੰ 'ਖਾਲਿਸਤਾਨ ਦਾ ਰਾਸ਼ਟਰਪਤੀ' ਦੱਸਦਾ ਸੀ ਤੇ ਅਦਾਲਤ ਤੋਂ ਜਦੋਂ ਉਸ ਨੇ ਭਾਰਤ ਆਉਣ ਦਾ ਹੱਕ ਮੰਗਿਆ ਤਾਂ ਉਸ ਨੂੰ ਅਦਾਲਤ ਨੇ ਦੇ ਦਿੱਤਾ ਸੀ। ਇਹੋ ਰਾਹ ਬਾਕੀ ਦੇ ਲੋਕ ਵੀ ਚੁਣ ਤੇ ਵਰਤ ਸਕਦੇ ਹਨ।

ਰਹੀ ਗੱਲ ਅਪਰੇਸ਼ਨ ਬਲਿਊ ਸਟਾਰ ਅਤੇ ਦਿੱਲੀ ਦੇ ਖੂਨ ਖਰਾਬੇ ਲਈ ਮੁਆਫੀ ਮੰਗਣ ਦੀ, ਉਸ ਮਾਮਲੇ ਵਿਚ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਦੀ ਹਲੀਮੀ ਹੈਰਾਨੀ ਕਰਨ ਵਾਲੀ ਹੈ। ਉਨ੍ਹਾਂ ਨੂੰ ਪਾਰਲੀਮੈਂਟ ਅੰਦਰ ਮੁਆਫੀ ਮੰਗਣ ਲਈ ਕਿਹਾ ਗਿਆ ਤਾਂ ਪੂਰੇ ਦੇਸ਼ ਵਲੋਂ ਉਨ੍ਹਾਂ ਨੇ ਮੰਗ ਲਈ। ਅੰਮ੍ਰਿਤਸਰ ਵਿਚ ਇਕ ਧਾਰਮਿਕ ਸਮਾਗਮ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਾਕਾਇਦਾ ਸੱਦੇ ਉਤੇ ਆਏ ਤਾਂ ਇਥੇ ਹਰਿਮੰਦਰ ਸਾਹਿਬ ਅੰਦਰ ਸੰਗਤ ਨੂੰ ਸੰਬੋਧਨ ਕਰਦੇ ਹੋਏ ਵੀ ਉਨ੍ਹਾਂ ਨੇ ਅਜਿਹੀ ਭਾਵਨਾ ਪ੍ਰਗਟ ਕਰ ਦਿੱਤੀ। ਇਹ ਸਾਰਾ ਕੁਝ ਉਸ ਪ੍ਰਧਾਨ ਮੰਤਰੀ ਨੇ ਕੀਤਾ, ਜਿਸ ਦਾ ਨਾਂਅ ਵੀ ਉਨ੍ਹਾਂ ਘਟਨਾਵਾਂ ਵੇਲੇ ਕਦੇ ਕਿਸੇ ਨੇ ਰਾਜਨੀਤਕ ਖੇਤਰ ਵਿਚ ਨਹੀਂ ਸੀ ਸੁਣਿਆ। ਜਿਸ ਬੰਦੇ ਦਾ ਉਨ੍ਹਾਂ ਘਟਨਾਵਾਂ ਨਾਲ ਕੋਈ ਵਾਹ-ਵਾਸਤਾ ਵੀ ਨਹੀਂ ਸੀ, ਉਸ ਨੇ ਤਾਂ ਇਹ ਫਰਜ਼ ਨਿਭਾ ਦਿੱਤਾ, ਪਰ ਕੁਝ ਹੋਰ ਵੀ ਹਨ, ਜਿਨ੍ਹਾਂ ਦਾ ਕਦੇ ਜ਼ਿਕਰ ਹੀ ਨਹੀਂ ਹੁੰਦਾ।

ਭਾਰਤੀ ਜਨਤਾ ਪਾਰਟੀ ਸਾਡੇ ਮੁਲਕ ਦੀ ਵਿਰੋਧੀ ਧਿਰ ਦੀ ਮੁੱਖ ਪਾਰਟੀ ਹੈ। ਤਿੰਨ ਵਾਰੀ ਦੇਸ਼ ਦੀ ਕਮਾਨ ਸਾਂਭ ਚੁੱਕੀ ਇਹ ਪਾਰਟੀ ਚੌਥੀ ਵਾਰੀ ਸਾਂਭਣ ਲਈ ਵੀ ਯਤਨਸ਼ੀਲ ਹੈ। ਸਿੱਖਾਂ ਦੀ ਪ੍ਰਤੀਨਿਧਤਾ ਦਾ ਦਾਅਵਾ ਕਰਨ ਵਾਲੀ ਸਭ ਤੋਂ ਵੱਡੀ ਰਾਜਨੀਤਕ ਪਾਰਟੀ ਬਾਦਲ ਅਕਾਲੀ ਦਲ ਨਾਲ ਇਸ ਦਾ ਪੱਕਾ ਗੰਢ-ਚਿਤਰਾਵਾ ਹੈ। ਇਸ ਪਾਰਟੀ, ਭਾਜਪਾ, ਵਲੋਂ ਨਿਭਾਏ ਰੋਲ ਦੀ ਕਦੇ ਕਿਸੇ ਨੇ ਚਰਚਾ ਹੀ ਨਹੀਂ ਕੀਤੀ।

ਪਿਛਲੇਰੇ ਸਾਲ ਇਸ ਪਾਰਟੀ ਦੇ ਮੋਹਰੀ ਆਗੂ ਅਤੇ ਸਾਬਕਾ ਡਿਪਟੀ ਪ੍ਰਧਾਨ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਨੇ ਆਪਣੀ ਜੀਵਨੀ 'ਮਾਈ ਕੰਟਰੀ, ਮਾਈ ਲਾਈਫ' ਜਾਰੀ ਕੀਤੀ ਸੀ। ਉਸ ਕਿਤਾਬ ਵਿਚ ਉਨ੍ਹਾਂ ਨੇ ਖੁੱਲ੍ਹੇ ਸ਼ਬਦਾਂ ਵਿਚ ਲਿਖਿਆ ਕਿ ਮੌਕੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤਾਂ ਸ੍ਰੀ ਹਰਿਮੰਦਰ ਸਾਹਿਬ ਉਤੇ ਫੌਜੀ ਕਾਰਵਾਈ ਕਰਨ ਤੋਂ ਪਾਸਾ ਵੱਟ ਰਹੀ ਸੀ, ਇਹ ਸਿਰਫ ਭਾਰਤੀ ਜਨਤਾ ਪਾਰਟੀ ਸੀ, ਜਿਸ ਨੇ ਦਬਾਅ ਪਾ ਕੇ ਇਹ ਕਾਰਵਾਈ ਕਰਵਾ ਦਿੱਤੀ ਸੀ। ਅਡਵਾਨੀ ਜੀ ਤੋਂ ਪਹਿਲਾਂ ਇਹੋ ਗੱਲ ਪੰਝੀ ਸਾਲ ਪਹਿਲਾਂ ਪਾਰਲੀਮੈਂਟ ਅੰਦਰ ਉਨ੍ਹਾਂ ਦੇ ਸੀਨੀਅਰ ਸਾਥੀ ਅਟਲ ਬਿਹਾਰੀ ਵਾਜਪਾਈ ਨੇ ਕਹੀ ਸੀ ਕਿ ਅਪਰੇਸ਼ਨ ਬਲਿਊ ਸਟਾਰ ਤਾਂ 'ਦੇਰੀ ਨਾਲ ਕੀਤਾ ਗਿਆ ਠੀਕ ਕਾਰਜ' ਸੀ। ਵਾਜਪਾਈ ਜੀ ਨੂੰ ਨਾਰਾਜ਼ਗੀ ਸੀ ਕਿ ਇਹ 'ਠੀਕ ਕਾਰਜ' ਕਰਨ ਵਿਚ ਦੇਰੀ ਕਰ ਦਿੱਤੀ ਗਈ ਸੀ। ਕਿਸੇ ਸਧਾਰਨ ਮੁਕੱਦਮੇ ਵਿਚ ਵੀ ਸਿਰਫ ਸੱਟ ਮਾਰਨ ਵਾਲਾ ਹੀ ਨਹੀਂ, ਸੱਟ ਮਾਰਨ ਲਈ ਲਲਕਾਰਾ ਮਾਰ ਕੇ ਉਕਸਾਉਣ ਵਾਲਾ ਵੀ ਬਰਾਬਰ ਦਾ ਦੋਸ਼ੀ ਮੰਨ ਕੇ ਉਸ ਨੂੰ ਨਾਲ ਸਜ਼ਾ ਦਿੱਤੀ ਜਾਂਦੀ ਹੈ। ਜਿਹੜੇ ਕਹਿੰਦੇ ਹਨ ਕਿ ਇੰਦਰਾ ਗਾਂਧੀ ਤਾਂ ਕਰਦੀ ਨਹੀਂ ਸੀ, ਅਸੀਂ ਦਬਾਅ ਪਾ ਕੇ ਇਹ ਅਪਰੇਸ਼ਨ ਕਰਵਾਇਆ ਸੀ, ਕੀ ਉਹ ਇਸ ਜ਼ਿੰਮੇਵਾਰੀ ਤੋਂ ਬਚ ਸਕਦੇ ਹਨ? ਕੀ ਇਸ ਨੂੰ ਇੰਜ ਨਹੀਂ ਲਿਆ ਜਾ ਸਕਦਾ ਕਿ ਜੇ ਉਹ ਦਬਾਅ ਨਾ ਪਾਉਂਦੇ, ਅਪਰੇਸ਼ਨ ਬਲਿਊ ਸਟਾਰ ਨਾ ਹੁੰਦਾ ਤੇ ਜੇ ਅਪਰੇਸ਼ਨ ਬਲਿਊ ਸਟਾਰ ਹੀ ਨਾ ਹੁੰਦਾ ਤਾਂ ਇੰਦਰਾ ਗਾਂਧੀ ਦਾ ਕਤਲ ਅਤੇ ਦਿੱਲੀ ਦਾ ਖੂਨ-ਖਰਾਬਾ ਵੀ ਕਦੇ ਨਾ ਹੁੰਦਾ? ਇਸ ਦੇ ਬਾਵਜੂਦ ਉਨ੍ਹਾਂ ਨੂੰ ਕਦੇ ਵੀ ਇਹ ਨਹੀਂ ਪੁੱਛਿਆ ਗਿਆ ਕਿ ਤੁਸੀਂ ਏਦਾਂ ਕਿਉਂ ਕੀਤਾ ਜਾਂ ਫਿਰ ਕਰਵਾਇਆ ਸੀ ਤੇ ਨਿਸ਼ਾਨਾ ਉਸ ਡਾਕਟਰ ਮਨਮੋਹਨ ਸਿੰਘ ਉਤੇ ਹੈ, ਜਿਹੜਾ ਰਾਜਨੀਤੀ ਵਿਚ ਆਇਆ ਹੀ ਉਸ ਤੋਂ ਕਈ ਸਾਲਾ ਬਾਅਦ ਸੀ। ਉਂਜ ਗੱਲ ਏਨੇ ਉਤੇ ਵੀ ਮੁੱਕ ਨਹੀਂ ਜਾਂਦੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਨ੍ਹਾਂ ਹਾਲਾਤ ਬਾਰੇ ਇਕ ਵ੍ਹਾਈਟ ਪੇਪਰ (ਅੰਗਰੇਜ਼ੀ ਭਾਸ਼ਾ ਵਿਚ) ਬਾਕਾਇਦਾ ਜਾਰੀ ਕੀਤਾ ਸੀ, ਜਿਸ ਦੇ ਪੰਨਾ 205 ਉਤੇ 14 ਫਰਵਰੀ 1984 ਦੀਆਂ ਅੰਮ੍ਰਿਤਸਰ ਦੀਆਂ ਘਟਨਾਵਾਂ ਦਾ ਵੇਰਵਾ ਇੰਜ ਦਰਜ ਹੈ :

At the Amritsar railway station, a replica of the Darbar Sahib was broken into pieces. A picture of the fourth Sikh Guru Ram Das, on display for the past several years, was damaged beyond recognition and a lighted cigarette was struck in to it. The shitting and pissing on the picture was a part of the highly sacrilegious and provocative act of the mob led by harbans Lal Khanna, Ex-MLA and district President of the B.J.P.

ਇਸ ਦਾ ਪੰਜਾਬੀ ਤਰਜਮਾ ਏਨਾ ਨਾਖ਼ੁਸ਼ਗਵਾਰ ਹੈ ਕਿ ਅਸੀਂ ਨਹੀਂ ਕਰਨਾ ਚਾਹੁੰਦੇ, ਲੋੜਵੰਦ ਪਾਠਕ ਖੁਦ ਕਰ ਜਾਂ ਕਰਵਾ ਸਕਦੇ ਹਨ।

ਅਪਰੇਸ਼ਨ ਬਲਿਊ ਸਟਾਰ ਤੋਂ ਐਨ ਪਹਿਲਾਂ ਵਾਪਰੀਆਂ ਇਨ੍ਹਾਂ ਘਟਨਾਵਾਂ ਵਿਚ ਭਾਜਪਾ ਵਾਲਿਆਂ ਦੇ ਰੋਲ ਨੂੰ ਅਣਗੌਲਿਆ ਆਖਰ ਕਿਉਂ ਕੀਤਾ ਗਿਆ? ਘਟਨਾਵਾਂ ਦੇ ਵਹਿਣ ਨੂੰ ਅਪਰੇਸ਼ਨ ਬਲਿਊ ਸਟਾਰ ਜਾਂ ਦਿੱਲੀ ਦੇ ਖੂਨ-ਖਰਾਬੇ ਤੱਕ ਲਿਜਾਣ ਵਿਚ ਕੀ ਇਨ੍ਹਾਂ ਦਾ ਕੋਈ ਰੋਲ ਨਹੀਂ ਸੀ? ਸਾਰੇ ਘਟਨਾਕਰਮ ਪਿੱਛੇ ਇੱਕੋ ਧਿਰ ਨੂੰ ਦੋਸ਼ੀ ਦੱਸਣ ਤੇ ਬਾਕੀਆਂ ਨੂੰ ਬਖ਼ਸ਼ਣ ਪਿੱਛੇ ਆਖਰ ਕੋਈ ਕਾਰਨ ਤਾਂ ਹੋਵੇਗਾ ਹੀ।

## ਖੇਤੀ ਮੰਤਰੀ ਸੁੱਚਾ ਸਿੰਘ ਲੰਗਾਹ ਦਾ ਨਿੱਜੀ ਪੀ. ਏ ਲਾਪਤਾ, ਖੁਦਕਸ਼ੀ ਦਾ ਸ਼ੱਕ

**ਅੰਬਾਲਾ :** ਬੀਤੇ ਦਿਨੀਂ ਖੁਦਕੁਸ਼ੀ ਕਰਨ ਵਾਲੇ ਪੰਜਾਬ ਦੇ ਖੇਤੀ ਮੰਤਰੀ ਸੁੱਚਾ ਸਿੰਘ ਲੰਗਾਹ ਦੇ ਨਿੱਜੀ ਪੀ.ਏ. ਹਰਬੰਸ ਲਾਲ ਦਾ ਕੋਈ ਸੁਰਾਗ ਨਹੀਂ ਲੱਗ ਸਕਿਆ।

ਯਾਦ ਰਹੇ ਕਿ ਨੰਗਲ ਖੇਤਰ ਦੇ ਪਿੰਡ ਪਠਾਨ-ਮਾਜਰਾ ਦਾ ਰਹਿਣ ਵਾਲਾ 31 ਸਾਲਾ ਹਰਬੰਸ ਲਾਲ ਪੰਜਾਬ ਦੇ ਖੇਤੀ ਮੰਤਰੀ ਸੁੱਚਾ ਸਿੰਘ ਲੰਗਾਹ ਦਾ ਨਿੱਜੀ ਪੀ.ਏ. ਸੀ। ਹਰਬੰਸ ਲਾਲ ਦੇ ਭਰਾ ਕਸ਼ਮੀਰੀ ਲਾਲ ਨੇ ਨੰਗਲ ਥਾਣੇ ਵਿਚ ਬਿਆਨ ਦਰਜ ਕਰਵਾਏ ਸਨ ਕਿ ਬੀਤੀ 2 ਜੁਲਾਈ ਨੂੰ ਦੇਰ ਰਾਤ ਉਸਦਾ ਭਰਾ ਹਰਬੰਸ ਲਾਲ ਘਰ ਪਹੁੰਚਿਆ, ਬਾਅਦ ਵਿਚ ਸ਼ੱਕੀ ਹਾਲਾਤ ਵਿਚ ਸਾਈਕਲ ਲੈ ਕੇ ਚਲਾ ਗਿਆ। ਅਗਲੇ ਦਿਨ ਸਵੇਰ ਤਕ ਜਦੋਂ ਉਹ ਵਾਪਸ ਨਹੀਂ ਪਰਤਿਆ ਤਾਂ ਰਿਸ਼ਤੇਦਾਰਾਂ ਨੂੰ ਚਿੰਤਾ ਹੋਈ। ਬਾਅਦ ਵਿਚ ਪਿੰਡ ਵਾਲਿਆਂ ਨੇ ਇਸਮਾਈਲਪੁਰ ਪਿੰਡ ਦੇ ਨੇੜੇ ਨਰਵਾਣਾ ਬ੍ਰਾਂਚ ਦੇ ਕੋਲ ਹਰਬੰਸ ਦਾ ਸਾਈਕਲ ਅਤੇ ਜੁੱਤੀਆਂ ਬਰਾਮਦ ਕੀਤੀਆਂ, ਨਾਲ ਹੀ ਰਿਸ਼ਤੇਦਾਰਾਂ ਨੂੰ ਹਰਬੰਸ ਦੇ ਕਮਰੇ ਵਿਚੋਂ ਇਕ ਖੁਦਕੁਸ਼ੀ ਨੋਟ ਮਿਲਿਆ, ਜਿਸ ਵਿਚ ਦੋਸ਼ ਲਗਾਇਆ ਗਿਆ ਹੈ ਕਿ ਇਕ ਨਿੱਜੀ ਬੈਂਕ ਦੀ ਅਮਲੋਹ ਬ੍ਰਾਂਚ ਦਾ ਮੈਨੇਜਰ ਤਰਲੋਚਨ ਸਿੰਘ, ਮੰਤਰੀ ਦੇ ਉਕਸਾਉਣ 'ਤੇ ਉਸ ਨੂੰ ਲਗਾਤਾਰ ਤੰਗ ਕਰ ਰਿਹਾ ਹੈ, ਜਿਸ ਤੋਂ ਪ੍ਰੇਸ਼ਾਨ ਹੋ ਕੇ ਉਹ ਡੁੱਬ ਕੇ ਆਤਮ ਹੱਤਿਆ ਕਰਨ ਜਾ ਰਿਹਾ ਹੈ।

ਉਧਰ ਪੀ.ਏ. ਦੇ ਰਿਸ਼ਤੇਦਾਰ ਇਸ ਗੱਲ ਤੋਂ ਖਫ਼ਾ ਹਨ ਕਿ ਮੰਤਰੀ ਨੇ ਪੀ.ਏ. ਦੇ ਲਾਪਤਾ ਹੋਣ ਦੇ ਬਾਵਜੂਦ ਹਾਲ-ਚਾਲ ਪੁੱਛਣ ਦੀ ਜ਼ਹਿਮਤ ਨਹੀਂ ਉਠਾਈ, ਅਜਿਹੇ ਵਿਚ ਉਨ੍ਹਾਂ ਦਾ ਸ਼ੱਕ ਹੈ ਕਿ ਕਿਤੇ ਨਾ ਕਿਤੇ ਦਾਲ ਵਿਚ ਕਾਲਾ ਜ਼ਰੂਰ ਹੈ। ਹਰਬੰਸ ਲਾਲ ਦੇ ਭਰਾ ਕਸ਼ਮੀਰੀ ਲਾਲ ਨੇ ਪੂਰੇ ਮਾਮਲੇ ਦੀ ਸੀ.ਬੀ.ਆਈ. ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਕਸ਼ਮੀਰੀ ਲਾਲ ਦਾ ਕਹਿਣਾ ਹੈ ਕਿ ਪੰਜਾਬ ਦੇ ਖੇਤੀ ਮੰਤਰੀ ਨੇ ਹਰਬੰਸ ਲਾਲ ਨੂੰ ਮਲੋਹ ਸ਼ੈਲਰ ਮਿਲ ਦੇ ਹਿਸਾਬ-ਕਿਤਾਬ ਦਾ ਜ਼ਿੰਮਾ ਸੌਂਪਿਆ ਸੀ। ਘਰ ਆਉਣ ਤੋਂ ਪਹਿਲਾਂ ਹਰਬੰਸ ਲਾਲ ਨੇ ਫੋਨ 'ਤੇ ਆਪਣੇ ਭਰਾ ਨੂੰ ਦੱਸਿਆ ਕਿ ਉਸ 'ਤੇ 20 ਲੱਖ ਰੁਪਏ ਦੀ ਹੇਰਾਫੇਰੀ ਦਾ ਦੋਸ਼ ਲਗਾਇਆ ਜਾ ਰਿਹਾ ਹੈ ਪਰ ਅਜਿਹਾ ਕੁਝ ਨਹੀਂ ਹੈ। ਉਹ ਪੂਰਾ ਹਿਸਾਬ-ਕਿਤਾਬ ਕਰਕੇ ਹੀ ਘਰ ਆਵੇਗਾ। ਉਨ੍ਹਾਂ ਨੂੰ ਸ਼ੱਕ ਹੈ ਕਿ ਬੇਵਜ੍ਹਾ ਹਰਬੰਸ ਲਾਲ ਨੂੰ ਤੰਗ ਕੀਤਾ ਗਿਆ, ਜਿਸ ਤੋਂ ਦੁਖੀ ਹੋ ਕੇ ਉਸ ਨੇ ਇਹ ਕਦਮ ਚੁੱਕਿਆ ਹੈ।

ਉਸ ਦਾ ਕਹਿਣਾ ਹੈ ਕਿ ਕਮਰੇ ਦੇ ਅੰਦਰ ਜੋ ਖੁਦਕੁਸ਼ੀ ਨੋਟ ਮਿਲਿਆ ਹੈ, ਉਹ ਹਰਬੰਸ ਲਾਲ ਦਾ ਹੀ ਲਿਖਿਆ ਹੋਇਆ ਹੈ, ਕਿਉਂਕਿ ਉਨ੍ਹਾਂ ਨੇ ਹਰਬੰਸ ਦੀ ਡਾਇਰੀ ਅਤੇ ਹੋਰਨਾਂ ਥਾਵਾਂ ਤੋਂ ਲਿਖਾਈ ਦਾ ਮਿਲਾਨ ਕੀਤਾ ਹੈ, ਜੋ ਪੱਤਰ ਦੀ ਲਿਖਾਈ ਨਾਲ ਮਿਲ ਰਹੀ ਹੈ। ਪੂਰੇ ਕਾਗਜ਼ਾਤ ਨੰਗਲ ਪੁਲਸ ਨੂੰ ਸੌਂਪ ਦਿਤੇ ਗਏ ਹਨ। ਮਾਮਲੇ ਦੇ ਸੰਬੰਧ ਵਿਚ ਨੰਗਲ ਥਾਣਾ ਇੰਚਾਰਜ ਅਜੈਬ ਸਿੰਘ ਦਾ ਕਹਿਣਾ ਹੈ ਕਿ ਪੁਲਸ ਨੇ ਖੁਦਕੁਸ਼ੀ ਨੋਟ ਅਤੇ ਹੋਰ ਕਾਗਜ਼ਾਤ ਕਬਜ਼ੇ ਵਿਚ ਲੈ ਲਏ ਹਨ, ਜਦੋਂ ਤਕ ਹਰਬੰਸ ਲਾਲ ਦੀ ਲਾਸ਼ ਨਹੀਂ ਮਿਲ ਜਾਂਦੀ, ਕੁਝ ਨਹੀਂ ਕਿਹਾ ਜਾ ਸਕਦਾ।

## ਜਗਦੀਸ਼ ਕੌਰ ਨੇ ਸੱਜਣ ਕੁਮਾਰ ਤੇ ਹੋਰਾਂ ਨੂੰ ਪਛਾਣਿਆ

### ਜਗਦੀਸ਼ ਕੌਰ ਦੇ ਬਿਆਨਾਂ 'ਤੇ ਜਿਰ੍ਹਾ ਵੀ ਸ਼ੁਰੂ

**ਨਵੀਂ ਦਿੱਲੀ :** ਨਵੰਬਰ '84 ਦੇ ਸਿੱਖ ਕਤਲੇਆਮ ਦੀ ਇਕ ਪੀੜਤ ਔਰਤ ਵਲੋਂ ਸੱਜਣ ਕੁਮਾਰ ਅਤੇ ਉਸ ਦੇ ਤਿੰਨ ਸਾਥੀਆਂ ਦੀ ਇਥੋਂ ਦੀ ਕੜਕੜਡੂਮਾ ਅਦਾਲਤ 'ਚ ਸ਼ਨਾਖਤ ਕੀਤੀ ਗਈ। ਪੀੜਤ ਤੇ ਗਵਾਹ ਜਗਦੀਸ਼ ਕੌਰ ਦੀ ਬੀਤੀ 3 ਜੁਲਾਈ ਨੂੰ ਅਦਾਲਤ 'ਚ ਗਵਾਹੀ ਪੂਰੀ ਹੋ ਗਈ ਅਤੇ ਬਚਾਓ ਪੱਖ ਵਲੋਂ ਉਸ ਦੇ ਦਿੱਤੇ ਬਿਆਨਾਂ ਉਪਰ ਜ਼ਿਰਾਹ ਵੀ ਸ਼ੁਰੂ ਕਰ ਦਿੱਤੀ ਗਈ ਹੈ।

ਦਿੱਲੀ ਛਾਉਣੀ ਥਾਣਾ ਇਲਾਕੇ 'ਚ ਨਵੰਬਰ '84 ਨੂੰ ਹੋਈਆਂ ਹਿੰਸਕ ਵਾਰਦਾਤਾਂ 'ਚ ਜਗਦੀਸ਼ ਕੌਰ ਦੇ ਪਤੀ, ਪੁੱਤਰ ਅਤੇ ਪਰਿਵਾਰ ਦੇ 5 ਜੀਅ ਮਾਰੇ ਗਏ ਸਨ। ਜਗਦੀਸ਼ ਕੌਰ ਵਲੋਂ ਦੋ ਦਿਨ ਲਗਾਤਾਰ ਗਵਾਹੀ ਦੇਣ ਉਪਰੰਤ ਕੜਕੜਡੂਮਾ ਦੀ ਅਦਾਲਤ 'ਚ ਸੱਜਣ ਕੁਮਾਰ, ਉਸ ਦੇ ਸਾਥੀ ਭਾਗਮਲ, ਤਤਕਾਲੀ ਕਾਂਗਰਸ ਸਰਕਲ ਪ੍ਰਧਾਨ ਬਲਵਾਨ ਖੋਖਰ ਅਤੇ ਗਿਰਧਾਰੀ ਲਾਲ ਦੀ ਜੱਜ ਸੁਨੀਤਾ ਗੁਪਤਾ ਅੱਗੇ ਸ਼ਨਾਖਤ ਕੀਤੀ ਕਿ ਇਹੀ ਉਹ ਲੋਕ ਹਨ ਜਿਨ੍ਹਾਂ ਬਾਰੇ ਉਸ ਨੇ ਬਿਆਨ ਦਰਜ ਕਰਵਾਏ ਹਨ।

ਵਕੀਲ ਐਸ.ਏ. ਹਾਸ਼ਮੀ ਵਲੋਂ ਜਗਦੀਸ਼ ਕੌਰ ਤੋਂ ਬੀਤੇ ਦੋ ਦਿਨਾਂ ਦੌਰਾਨ ਦਿੱਤੇ ਬਿਆਨਾਂ ਨਾਲ ਸੰਬੰਧਿਤ ਸਵਾਲ ਪੁੱਛੇ ਗਏ। ਸੀ.ਬੀ.ਆਈ. ਵਲੋਂ ਵਕੀਲ ਏ.ਐਸ. ਚੀਮਾ ਪੇਸ਼ ਹੋਏ। ਸੀ.ਬੀ.ਆਈ. ਵਲੋਂ ਸੱਜਣ ਕੁਮਾਰ ਅਤੇ ਉਸ ਦੇ ਸਾਥੀਆਂ ਵਿਰੁਧ ਦੋ ਚਾਰਜਸ਼ੀਟਾਂ ਕੜਕੜਡੂਮਾ ਦੀ ਅਦਾਲਤ 'ਚ ਪੇਸ਼ ਕੀਤੀਆਂ ਗਈਆਂ ਸਨ, ਜਿਨ੍ਹਾਂ 'ਚ ਦੋਸ਼ ਲਾਇਆ ਗਿਆ ਸੀ ਕਿ ਸਿੱਖਾਂ ਨੂੰ ਮਾਰਨ ਵਾਲੀ ਭੀੜ ਨੂੰ ਸੱਜਣ ਕੁਮਾਰ ਵਲੋਂ ਕਥਿਤ ਤੌਰ 'ਤੇ ਭੜਕਾਇਆ ਗਿਆ ਸੀ।

ਪੰਜਾਬ ਟਾਈਮਜ਼

ਸਨਿਚਰਵਾਰ, 10 ਜੁਲਾਈ 2010

ਕੋਈ ਵੀ ਸਮਾਜ ਜ਼ਿਆਦਾ ਦੇਰ ਚੱਲਣ ਵਾਲਾ ਸੰਵਿਧਾਨ ਨਹੀਂ ਬਣਾ ਸਕਦਾ। -ਜੈਫਰਸਨ

## ਦੂਜੇ ਹਰੇ ਇਨਕਲਾਬ ਦੀਆਂ ਗੱਲਾਂ

ਦੇਸ਼ ਵਿਚ ਦੂਜਾ ਹਰਾ ਇਨਕਲਾਬ ਲਿਆਉਣ ਦੇ ਮਕਸਦ ਨਾਲ ਕੇਂਦਰ ਸਰਕਾਰ ਨੇ 8000 ਕਰੋੜ ਰੁਪਏ ਦੀ ਇਕ ਯੋਜਨਾ ਸਥਾਪਤ ਕੀਤੀ ਹੈ। ਇਸ ਯੋਜਨਾ ਤਹਿਤ ਪੰਜਾਬ ਨੂੰ ਫਿਰ ਮਾਡਲ ਰਾਜ ਵਜੋਂ ਅਪਨਾਉਣ ਦਾ ਫੈਸਲਾ ਕੀਤਾ ਗਿਆ ਹੈ। ਇਸ ਸੰਬੰਧੀ ਯੋਜਨਾ ਕਮਿਸ਼ਨ ਦੀ ਉਚ ਪੱਧਰੀ ਟੀਮ ਵਲੋਂ ਪੰਜਾਬ ਸਰਕਾਰ ਦੇ ਉਚ ਅਧਿਕਾਰੀਆਂ ਅਤੇ ਸੂਬੇ ਦੀਆਂ ਕਿਸਾਨ ਜਥੇਬੰਦੀਆਂ ਅਤੇ ਖੇਤੀ ਆਧਾਰਤ ਸਨਅਤਾਂ ਦੇ ਨੁਮਾਇੰਦਿਆਂ ਨਾਲ ਵੀ ਵਿਚਾਰ ਸਾਂਝੇ ਕੀਤੇ ਗਏ ਹਨ। ਯੋਜਨਾ ਕਮਿਸ਼ਨ ਦੇ ਸਲਾਹਕਾਰ ਸ੍ਰੀ ਡੀ. ਪੀ. ਐਸ. ਵਰਮਾ ਅਨੁਸਾਰ ਖੇਤੀ ਸੈਕਟਰ ਵਿਚ ਵਾਧੇ ਦੀ ਦਰ ਨੂੰ ਕਾਇਮ ਰੱਖਣ ਲਈ ਹੁਣ ਇਹ ਜ਼ਰੂਰੀ ਹੋ ਗਿਆ ਹੈ ਕਿ ਖੇਤੀ ਉਪਜਾਂ ਨੂੰ ਅਜਿਹੀਆਂ ਉਪਜਾਂ ਵਿਚ ਤਬਦੀਲ ਕੀਤਾ ਜਾਵੇ, ਜਿਸ ਨਾਲ ਇਨ੍ਹਾਂ ਦਾ ਮੁੱਲ ਚੋਖਾ ਵਧ ਸਕੇ। ਉਨ੍ਹਾਂ ਅਨੁਸਾਰ ਯੋਜਨਾ ਕਮਿਸ਼ਨ ਦੀ ਤਕਨੀਕੀ ਸਲਾਹਕਾਰ ਕਮੇਟੀ ਪੰਜਾਬ ਵਿਚ ਅਜਿਹੇ ਕੋਈ ਇਕ ਦਰਜਨ ਪ੍ਰਾਜੈਕਟ ਸ਼ੁਰੂ ਕਰਨੇ ਚਾਹੁੰਦੀ ਹੈ, ਜਿਨ੍ਹਾਂ ਨੂੰ ਸਮੁੱਚੇ ਦੇਸ਼ ਵਿਚ ਮਾਡਲ ਵਜੋਂ ਵਰਤਿਆ ਜਾ ਸਕੇ। ਯੋਜਨਾ ਕਮਿਸ਼ਨ ਅਨੁਸਾਰ ਹਰਾ ਇਨਕਲਾਬ ਲਿਆਉਣ ਲਈ ਪੰਜਾਬ ਦੇਸ਼ ਦਾ ਮੋਢੀ ਰਾਜ ਰਿਹਾ ਹੈ ਅਤੇ ਹੁਣ ਦੂਜੇ ਹਰੇ ਇਨਕਲਾਬ ਦੀ ਸ਼ੁਰੂਆਤ ਵੀ ਪੰਜਾਬ ਤੋਂ ਹੀ ਹੋਣੀ ਚਾਹੀਦੀ ਹੈ।

ਯੋਜਨਾ ਕਮਿਸ਼ਨ ਦੇ ਅਫਸਰਾਂ ਦੀ ਇਹ ਵੀ ਰਾਇ ਹੈ ਕਿ ਹੁਣ ਅਜਿਹਾ ਸਮਾਂ ਆਣ ਢੁੱਕਾ ਹੈ ਕਿ ਪੰਜਾਬ ਨੂੰ ਕਣਕ ਅਤੇ ਝੋਨੇ ਦੇ ਫਸਲੀ ਚੱਕਰ ਵਿਚੋਂ ਬਾਹਰ ਕੱਢਿਆ ਜਾਵੇ ਅਤੇ ਹੋਰ ਫਸਲਾਂ ਬੀਜਣ ਵਲ ਮੋੜਿਆ ਜਾਵੇ। ਇਸ ਤੋਂ ਇਲਾਵਾ ਕੇਂਦਰ ਸਰਕਾਰ ਦੀ ਯੋਜਨਾ ਇਹ ਵੀ ਹੈ ਕਿ ਪੰਜਾਬ ਵਿਚ ਫਸਲਾਂ ਪ੍ਰੋਸੈਸ ਕਰਨ ਦੀ ਸਨਅਤ ਵੱਡੀ ਪੱਧਰ 'ਤੇ ਲਗਾਈ ਜਾਵੇ ਤਾਂ ਕਿ ਇਥੇ ਪੈਦਾ ਹੁੰਦੀਆਂ ਫਸਲਾਂ ਨੂੰ ਹੋਰ ਉਪਜਾਂ ਵਿਚ ਤਬਦੀਲ ਕੀਤਾ ਜਾ ਸਕੇ ਅਤੇ ਅਜਿਹੀਆਂ ਉਪਜਾਂ ਅੰਤਰਰਾਸ਼ਟਰੀ ਪੱਧਰ 'ਤੇ ਬਰਾਮਦ ਕੀਤੀਆਂ ਜਾ ਸਕਣ। ਯੋਜਨਾ ਕਮਿਸ਼ਨ ਦੀ ਦਲੀਲ ਅਨੁਸਾਰ ਖੇਤੀ ਉਪਜਾਂ ਤੋਂ ਕੁਦਰਤੀ ਵਿਟਾਮਿਨ, ਐਨਜਾਇਮ ਅਤੇ ਪ੍ਰੋਟੀਨ ਪੈਦਾ ਕੀਤੇ ਜਾ ਸਕਦੇ ਹਨ। ਇਸ ਤੋਂ ਇਲਾਵਾ ਤੇਲ ਬੀਜਾਂ ਦੀਆਂ ਫਸਲਾਂ ਨੂੰ ਵੀ ਉਤਸ਼ਾਹਤ ਕੀਤਾ ਜਾ ਸਕਦਾ ਹੈ। ਦੂਜੇ ਹਰੇ ਇਨਕਲਾਬ ਦੇ ਹਿੱਸੇ ਵਜੋਂ ਪੰਜਾਬ ਵਿਚ ਬਾਇਓ ਟੈਕਨਾਲੋਜੀ ਨੂੰ ਵੱਡੇ ਪੱਧਰ 'ਤੇ ਉਤਸ਼ਾਹਤ ਕਰਨ ਦੀ ਯੋਜਨਾ ਵੀ ਬਣਾਈ ਜਾ ਰਹੀ ਹੈ। ਯੋਜਨਾ ਕਮਿਸ਼ਨ ਨੇ ਪੰਜਾਬ ਵਿਚ ਚੱਲ ਰਹੇ ਫੂਡ ਪ੍ਰੋਸੈਸਿੰਗ ਦੇ ਪ੍ਰਾਜੈਕਟਾਂ ਦੇ ਮਾਲਕਾਂ ਨੂੰ ਵੀ ਉਤਸ਼ਾਹਤ ਕਰਨ ਦੀ ਯੋਜਨਾ ਤਿਆਰ ਕੀਤੀ ਹੈ। ਇੰਜ ਹੀ ਦੇਸ਼ ਵਿਚ ਮੌਜੂਦ ਖੇਤੀ ਯੂਨੀਵਰਸਿਟੀਆਂ ਨੂੰ ਕਿਸਾਨਾਂ ਨਾਲ ਜੋੜਨ ਦੀ ਯੋਜਨਾ ਤਿਆਰ ਹੈ। ਚੰਡੀਗੜ੍ਹ ਵਿਚ ਹੋਈ ਮੀਟਿੰਗ ਦੌਰਾਨ ਇਹ ਵਕਾਲਤ ਕੀਤੀ ਗਈ ਕਿ ਰਾਜ ਵਿਚ ਉਪਰੋਕਤ ਸਕੀਮ ਨੂੰ ਲਾਗੂ ਕਰਨ ਲਈ ਨੋਡਲ ਅਫ਼ਸਰ ਪੰਜਾਬ ਐਗਰੋ ਇੰਡਸਟਰੀ ਕਾਰਪੋਰੇਸ਼ਨ ਦੇ ਐਮ. ਡੀ. ਸ੍ਰੀ ਐਸ. ਕੇ. ਸੰਧੂ ਨੂੰ ਥਾਪਿਆ ਜਾਵੇ ਤਾਂ ਕਿ ਸਥਾਪਤ ਕੀਤੇ ਜਾਣ ਵਾਲੇ ਪ੍ਰਾਜੈਕਟਾਂ ਦੀ ਪਹਿਚਾਣ ਦਾ ਕੰਮ ਨੇਪਰੇ ਚਾੜ੍ਹਿਆ ਜਾ ਸਕੇ।

ਜਿਥੋਂ ਤਕ ਦੇਸ਼ ਵਿਚ ਦੂਜੇ ਹਰੇ ਇਨਕਲਾਬ ਦੀ ਸ਼ੁਰੂਆਤ ਪੰਜਾਬ ਤੋਂ ਕਰਨ ਦਾ ਸਵਾਲ ਹੈ, ਇਹ ਪੰਜਾਬ ਦੀ ਆਰਥਿਕਤਾ ਲਈ ਸ਼ੁਭ ਸ਼ਗਨ ਹੀ ਕਿਹਾ ਜਾਣਾ ਚਾਹੀਦਾ ਹੈ ਪਰ ਪਹਿਲੇ ਹਰੇ ਇਨਕਲਾਬ ਦੇ ਸਿੱਟਿਆਂ ਨੂੰ ਦੇਖਦਿਆਂ ਦੂਜੇ ਹਰੇ ਇਨਕਲਾਬ ਦੇ ਸੰਬੰਧ ਵਿਚ ਮੁੜ ਤੋਂ ਹੀ ਬਹੁਤ ਸਾਰੇ ਸ਼ੰਕੇ ਹਵਾ ਵਿਚ ਹਨ। ਕੁਝ ਸਮਾਜ ਸੇਵੀ ਅਤੇ ਵਾਤਾਵਰਣ ਨਾਲ ਸੰਬੰਧਤ ਧਿਰਾਂ ਦਾ ਆਖਣਾ ਹੈ ਕਿ ਕੇਂਦਰ ਵਲੋਂ ਪ੍ਰਚਾਰਿਆ ਜਾ ਰਿਹਾ ਦੂਜਾ ਹਰਾ ਇਨਕਲਾਬ ਮੁੱਖ ਰੂਪ ਵਿਚ ਬਾਇਓ-ਤਕਨੀਕਾਂ ਉਪਰ ਆਧਾਰਤ ਹੋਵੇਗਾ ਅਤੇ ਇਸ ਵਿਚ ਬਾਇਓ-ਟੈਕਨਾਲੋਜੀ ਅਤੇ ਜੇਨੈਟਿਕ ਰੂਪ ਵਿਚ ਸੋਧੀਆਂ ਫਸਲਾਂ ਦੀ ਵਰਤੋਂ ਵਿਆਪਕ ਪੱਧਰ 'ਤੇ ਕੀਤੀ ਜਾਵੇਗੀ। ਇਸ ਦਾ ਸਿੱਟਾ ਇਹ ਨਿਕਲੇਗਾ ਕਿ ਪੰਜਾਬ ਸਮੇਤ ਦੇਸ਼ ਦੀ ਖੇਤੀ ਪ੍ਰਮੁਖ ਰੂਪ ਵਿਚ ਬਹੁਕੌਮੀ ਕਾਰਪੋਰੇਸ਼ਨਾਂ ਦੇ ਹੱਥ ਵਿਚ ਚਲੀ ਜਾਵੇਗੀ ਅਤੇ ਪੰਜਾਬ ਸਮੇਤ ਦੇਸ਼ ਦੇ ਆਪਣੇ ਰਵਾਇਤੀ ਬੀਜ ਅਤੇ ਫਸਲੀ ਵੰਨ-ਸੁਵੰਨਤਾ ਖ਼ਤਮ ਹੋ ਜਾਵੇਗੀ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਬੀ. ਟੀ. ਫਸਲਾਂ ਦੇ ਖਿਲਾਫ਼ ਦੇਸ਼ ਵਿਚ ਪਹਿਲਾਂ ਹੀ ਵਿਆਪਕ ਮੁਹਿੰਮ ਚਲ ਰਹੀ ਹੈ। ਬੀ. ਟੀ. ਨਰਮੇ ਤੋਂ ਇਲਾਵਾ ਹਾਲ ਹੀ ਵਿਚ ਬੀ. ਟੀ. ਮੱਕੀ ਅਤੇ ਬੀ. ਟੀ. ਬੈਂਗਣ ਦੇ ਖਿਲਾਫ਼ ਵੀ ਪੰਜਾਬ ਦੀਆਂ ਕੁਝ ਕਿਸਾਨ ਅਤੇ ਸਮਾਜ ਸੇਵੀ ਜਥੇਬੰਦੀਆਂ ਨੇ ਸੰਘਰਸ਼ ਦਾ ਐਲਾਨ ਕੀਤਾ ਹੈ। ਇਨ੍ਹਾਂ ਧਿਰਾਂ ਦਾ ਆਖਣਾ ਹੈ ਕਿ ਖ਼ਤਰਨਾਕ ਜੀਨਾਂ ਨਾਲ ਸੋਧੀਆਂ ਬੀ. ਟੀ. ਫਸਲਾਂ ਦੇਸ਼ ਦੇ ਲੋਕਾਂ ਦੀ ਸਿਹਤ ਅਤੇ ਕੁਦਰਤੀ ਆਲੇ-ਦੁਆਲੇ ਲਈ ਬੇਹੱਦ ਭਿਆਨਕ ਸਿੱਧ ਹੋਣਗੀਆਂ ਅਤੇ ਜੋ ਨੁਕਸਾਨ ਇਕ ਵਾਰ ਹੋ ਜਾਵੇ, ਉਸ ਨੂੰ ਮੁੜ ਕੇ ਠੀਕ ਨਹੀਂ ਕੀਤਾ ਜਾ ਸਕੇਗਾ। ਇਹ ਵੀ ਕਿਹਾ ਜਾ ਰਿਹਾ ਹੈ ਕਿ ਬੀ. ਟੀ. ਫਸਲਾਂ ਦੇ ਪਸ਼ੂਆਂ ਦੀ ਖਾਧ-ਖੁਰਾਕ ਅਤੇ ਮਨੁੱਖੀ ਖਾਣੇ-ਦਾਣੇ ਉਪਰ ਕਿੰਨੇ ਅਤੇ ਕਿਹੋ ਜਿਹੇ ਮਾੜੇ ਅਸਰ ਹੁੰਦੇ ਹਨ, ਇਸ ਸਾਰੇ ਕੁਝ ਨੂੰ ਟੈਸਟ ਕੀਤੇ ਬਿਨਾਂ ਹੀ ਬਹੁਕੌਮੀ ਕੰਪਨੀਆਂ ਇਸਨੂੰ ਮਾਰਕੀਟ ਵਿਚ ਸੁੱਟ ਰਹੀਆਂ ਹਨ। ਉਂਜ ਇਸ ਸੰਦਰਭ ਵਿਚ ਵਿਰੋਧ ਕਰ ਰਹੀਆਂ ਧਿਰਾਂ ਦੀ ਇਹ ਦਲੀਲ ਵਜ਼ਨਦਾਰ ਹੈ ਕਿ ਹਰੇ ਇਨਕਲਾਬ ਵੇਲੇ ਵੀ ਅਜਿਹਾ ਹੀ ਕੀਤਾ ਗਿਆ ਸੀ ਕਿਉਂਕਿ ਕੀੜੇਮਾਰ ਦਵਾਈਆਂ ਅਤੇ ਰਸਾਇਣਕ ਖਾਦਾਂ ਵਗੈਰਾ ਵਰਤਣ ਲਈ ਜਦੋਂ ਕਿਸਾਨਾਂ ਨੂੰ ਉਤਸ਼ਾਹਤ ਕੀਤਾ ਗਿਆ ਤਾਂ ਇਨ੍ਹਾਂ ਦੇ ਮਾੜੇ ਪੱਖਾਂ ਨੂੰ ਪੂਰੀ ਤਰ੍ਹਾਂ ਜਾਂਚਿਆ ਹੀ ਨਹੀਂ ਸੀ ਗਿਆ। ਨਤੀਜਾ ਅੱਜ ਸਭ ਦੇ ਸਾਹਮਣੇ ਹੈ। ਸਮੁੱਚੇ ਪੰਜਾਬ ਦਾ ਪਾਣੀ ਕੀੜੇਮਾਰ ਅਤੇ ਨਦੀਨਨਾਸ਼ਕ ਰਸਾਇਣਾਂ ਦੀ ਅੰਨੀ ਵਰਤੋਂ ਕਰਕੇ ਗੰਧਲਾ ਹੋ ਚੁੱਕਾ ਹੈ। ਪੰਜਾਬ ਦਾ ਹਰੇ ਇਨਕਲਾਬ ਦਾ ਪਹਿਲਾ ਤਜ਼ਰਬਾ ਇਹ ਸੂਚਨਾ ਵੀ ਦਿੰਦਾ ਹੈ ਕਿ ਹੁਣ ਅਪਨਾਈਆਂ ਜਾਣ ਵਾਲੀਆਂ ਤਕਨੀਕਾਂ ਬੜੀਆਂ ਸੋਚ ਸਮਝ ਕੇ ਅਤੇ ਪਰਖ-ਪੜਚੋਲ ਕੇ ਵਰਤੀਆਂ ਜਾਣ। ਇਹ ਨਾ ਹੋਵੇ ਕਿ ਮੁੜ ਪਿੱਛੇ ਪਰਤਣਾ ਔਖਾ ਹੋ ਜਾਵੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਜੰਮੇ ਤੇ ਅਣਜੰਮੇ!*

ਕਿਰਤ ਵਿਰਤ ਦਾ ਛੱਡਿਆ ਖਿਆਲ ਦੇਖੋ, ਹਰ ਕੋਈ ਵਿਹਲੀਆਂ ਖਾਣ ਨੂੰ ਚਾਹੁਣ ਲੱਗਾ।
ਜ਼ਹਿਰ ਘੋਲ'ਤੀ ਵਿਰਸੇ ਵਿਚ ਨਗਨਤਾ ਦੀ, ਸਮਾਂ ਚੰਦਰਾ ਕਿੱਦਾਂ ਦਾ ਆਉਣ ਲੱਗਾ।
ਕੁੜੀਆਂ-ਮੁੰਡੇ ਸਭ ਹੋਏ ਨਿਸੰਗ ਫਿਰਦੇ, ਲੱਚਰਪੁਣਾ ਹੁਣ ਰੰਗ ਦਿਖਾਉਣ ਲੱਗਾ।
ਵਿਰਲੇ ਟਾਵੇਂ ਦੀ ਹੋਊ ਔਲਾਦ ਚੰਗੀ, ਨਹੀਂ ਤਾਂ ਪੁੱਤ ਹੁਣ 'ਪਿਓ' ਸਦਾਉਣ ਲੱਗਾ।
ਮਾਪੇ ਛੱਡੇ ਨਾ ਕਿਤੇ ਮੂੰਹ ਦੇਣ ਜੋਗੇ, ਯਾਰੋ ਪੁੱਤਰਾਂ ਧੀਆਂ ਨਿਕੰਮਿਆਂ ਨੇ।
ਜੰਮੇ ਕਿਸੇ ਨੂੰ ਚਿੰਬੜੇ 'ਜਮਾਂ' ਵਾਂਗੂੰ, ਦੁਖੀ ਕਿਸੇ ਨੂੰ ਕੀਤਾ ਅਣਜੰਮਿਆਂ ਨੇ!

# ਤਨਖ਼ਾਹ 'ਚ ਵਾਧੇ ਬਾਰੇ ਖੱਬਿਆਂ ਦਾ ਠੀਕ ਫੈਸਲਾ

**ਸਮੀਰਾ ਦੀਵਾਨ ਸੂਰੀ**

ਪਤਾ ਨਹੀਂ ਕਿੰਨੇ ਭਾਰਤੀਆਂ ਨੂੰ ਇਹ ਰਿਪੋਰਟ ਪੜ੍ਹ ਕੇ ਮੇਰੇ ਵਾਂਗ ਹੀ ਖੁਸ਼ੀ ਅਤੇ ਲੋਕਤੰਤਰ ਵਿਚ ਨਵੇਂ ਭਰੋਸੇ ਦਾ ਅਹਿਸਾਸ ਹੋਇਆ ਹੋਵੇਗਾ ਕਿ ਖੱਬੇ-ਪੱਖੀ ਪਾਰਟੀਆਂ ਦਾ ਇਕ ਵਫਦ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿਘ ਨੂੰ ਮਿਲਿਆ ਅਤੇ ਉਸ ਨੇ ਸੰਸਦ ਮੈਂਬਰਾਂ ਲਈ ਤਨਖਾਹ ਅਤੇ ਭੱਤਿਆਂ ਵਿਚ ਪ੍ਰਸਤਾਵਤ ਪੰਜ ਗੁਣਾਂ ਵਾਧੇ ਦਾ ਵਿਰੋਧ ਕੀਤਾ। ਉਨ੍ਹਾਂ ਨੇ ਇਹ ਬਹੁਤ ਹੀ ਸ਼ਲਾਘਾਯੋਗ ਕੰਮ ਕੀਤਾ ਹੈ।

ਭਾਰਤੀ ਕਮਿਊਨਿਸਟ ਪਾਰਟੀ ਦੇ ਡੀ ਰਾਜਾ ਅਤੇ ਗੁਰੂ ਦਾਸ ਦਾਸਗੁਪਤਾ ਨੇ ਬਹੁਤ ਹੀ ਸਪੱਸ਼ਟ ਅਤੇ ਜ਼ੋਰਦਾਰ ਸ਼ਬਦਾਂ ਵਿਚ ਉਸ ਪਾਰਲੀਮੈਂਟਰੀ ਕਮੇਟੀ ਦੀਆਂ ਸਿਫਾਰਸ਼ਾਂ ਦਾ ਵਿਰੋਧ ਕੀਤਾ, ਜਿਸ ਨੇ ਮੰਗ ਕੀਤੀ ਸੀ ਕਿ ਸੰਸਦ ਮੈਂਬਰਾਂ ਨੂੰ ਉਚ-ਸਰਕਾਰੀ ਅਫਸਰਾਂ ਤੇ ਮੰਤਰਾਲਿਆਂ ਦੇ ਸਕੱਤਰਾਂ ਦੇ ਬਰਾਬਰ ਅੱਸੀ ਹਜ਼ਾਰ ਰੁਪਏ ਮਹੀਨਾ ਤਨਖਾਹ ਮਿਲਣੀ ਚਾਹੀਦੀ ਹੈ। ਖੱਬੇ-ਪੱਖੀ ਸੰਸਦ ਮੈਂਬਰਾਂ ਨੂੰ ਛੱਡ ਕੇ ਬਾਕੀ ਸਾਰੀਆਂ ਸਿਆਸੀ ਪਾਰਟੀਆਂ ਦੇ ਮੈਂਬਰਾਂ ਨੇ ਇਹ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਚਾਹੇ ਅੱਸੀ ਹਜ਼ਾਰ ਤੋਂ ਇਕ ਰੁਪਿਆ ਹੀ ਵਧ ਮਿਲੇ, ਪਰ ਅਜਿਹਾ ਹੋਣਾ ਚਾਹੀਦਾ ਹੈ, ਕਿਉਂਕਿ ਉਨ੍ਹਾਂ ਦੀ ਅਹਿਮੀਅਤ ਇਨ੍ਹਾਂ ਅਫਸਰਾਂ ਤੋਂ ਘੱਟ ਨਹੀਂ ਹੈ।

ਹਮੇਸ਼ਾ ਦੀ ਤਰ੍ਹਾਂ ਇਸ ਵਾਰ ਵੀ ਇਹੋ ਦੇਖਣ ਵਿਚ ਆਇਆ ਹੈ ਕਿ ਜਦੋਂ ਮੁੱਦਾ ਆਉਂਦਾ ਹੈ ਆਪਣੇ ਹਿੱਤਾਂ ਨੂੰ ਅੱਗੇ ਵਧਾਉਣ ਦਾ, ਆਪਣੇ ਲਈ ਭੱਤਿਆਂ, ਸੇਵਾ-ਮੁਕਤੀ 'ਤੇ ਪੈਨਸ਼ਨ ਤੇ ਦੂਜੀਆਂ ਸਰਕਾਰੀ ਸਹੂਲਤਾਂ ਨੂੰ ਵਧਾਉਣ ਦਾ ਤਾਂ ਸਾਰੇ ਪਾਰਲੀਮੈਂਟ ਮੈਂਬਰ ਆਪਸੀ ਮੱਤਭੇਦ ਭੁੱਲ ਜਾਂਦੇ ਹਨ। ਤਦ ਉਹ ਸਾਰੇ ਸਵਾਰਥ ਦੇ ਇਕੋ ਤਲਾਬ ਵਿਚ ਇਕੱਠੇ ਨਹਾਉਣ ਲਗਦੇ ਹਨ।

ਆਓ ਦੇਖੀਏ ਕਿ ਜਦੋਂ ਸਾਡੇ ਪਾਰਲੀਮੈਂਟ ਮੈਂਬਰ, ਜੋ ਖੁਦ ਨੂੰ ਜਨਤਾ ਦੇ ਸੇਵਕ ਕਹਿੰਦੇ ਹਨ, ਆਪਣੀ ਤਨਖਾਹ ਪੰਜ ਗੁਣਾਂ ਵਧਾਉਣਾ ਚਾਹੁੰਦੇ ਹਨ ਤਾਂ ਉਸ ਦਾ ਕਿੰਨਾ ਵਾਧੂ ਆਰਥਕ ਬੋਝ ਜਨਤਾ ਦੇ ਮੋਢਿਆਂ ਉਤੇ ਪਏਗਾ, ਜੋ ਪਹਿਲਾਂ ਹੀ ਵਧਦੀਆਂ ਹੋਈਆਂ ਕੀਮਤਾਂ ਦੇ ਭਾਰ ਕਾਰਨ ਪ੍ਰੇਸ਼ਾਨ ਹੈ?

ਖੱਬੇ-ਪੱਖੀ ਪਾਰਟੀਆਂ ਦੇ ਸੰਸਦ ਮੈਂਬਰਾਂ ਨੇ ਠੀਕ ਹੀ ਕਿਹਾ ਹੈ ਕਿ ਦੇਸ਼ ਦੇ ਵਰਤਮਾਨ ਆਰਥਕ ਹਾਲਾਤ ਅਤੇ ਜਨਤਾ ਦੀਆਂ ਵਧਦੀਆਂ ਪ੍ਰੇਸ਼ਾਨੀਆਂ ਨੂੰ ਦੇਖਦੇ ਹੋਏ ਸੰਸਦ ਮੈਂਬਰਾਂ ਨੂੰ ਪਹਿਲਾਂ ਹੀ ਭੱਤੇ ਅਤੇ ਮੁਫਤ ਰੇਲ-ਹਵਾਈ ਯਾਤਰਾ, ਟੈਲੀਫੋਨ, ਟੈਲੀਫੋਨ ਕਾਲਾਂ, ਬਿਜਲੀ ਅਤੇ ਪਾਣੀ, ਸ਼ਾਨਦਾਰ ਫਰਨੀਚਰ ਨਾਲ ਸਜੇ ਘਰਾਂ ਦੀਆਂ ਜੋ ਸਹੂਲਤਾਂ ਮਿਲ ਰਹੀਆਂ ਹਨ, ਉਹ ਵੀ ਭਾਰਤ ਵਰਗੇ ਦੇਸ਼ ਵਿਚ ਘੱਟ ਨਹੀਂ ਹਨ, ਜਿੱਥੇ ਅੱਜ ਵੀ ਅੱਧੀ ਤੋਂ ਜ਼ਿਆਦਾ ਆਬਾਦੀ ਗਰੀਬੀ ਦੀ ਅਜਿਹੀ ਹਾਲਤ ਵਿਚ ਰਹਿੰਦੀ ਹੈ, ਜਿਸ ਨੂੰ ਗਰੀਬੀ ਰੇਖਾ ਤੋਂ ਹੇਠਾਂ ਰਹਿਣਾ ਕਿਹਾ ਜਾਂਦਾ ਹੈ। ਅੱਜ ਸੰਸਾਰ ਭਰ 'ਚੋਂ ਭਾਰਤ ਵਿਚ ਔਸਤ ਆਮਦਨੀ ਸਭ ਤੋਂ ਘੱਟ ਹੈ।

ਜੇ ਅਸੀਂ ਆਪਣੇ ਸੰਸਦ ਮੈਂਬਰਾਂ ਦੀ ਕਾਰਗੁਜ਼ਾਰੀ ਦੇਖੀਏ ਤਾਂ ਪਤਾ ਲੱਗੇਗਾ ਕਿ ਉਨ੍ਹਾਂ ਦੀ ਬਹੁ-ਗਿਣਤੀ ਅਜਿਹੀ ਹੈ, ਜੋ ਆਪਣੇ ਆਪਣੇ ਚੋਣ ਹਲਕਿਆਂ ਵਿਚ ਕੰਮ ਨਹੀਂ ਕਰਦੇ, ਕਿਉਂਕਿ ਉਨ੍ਹਾਂ ਦੇ ਚੋਣ ਖੇਤਰਾਂ ਦੇ ਲੋਕਾਂ ਦੀ ਇਹੋ ਸ਼ਿਕਾਇਤ ਰਹਿੰਦੀ ਹੈ ਕਿ ਉਨ੍ਹਾਂ ਨੂੰ ਪਾਰਲੀਮੈਂਟ ਮੈਂਬਰ ਕਦੇ ਮਿਲਦੇ ਹੀ ਨਹੀਂ। ਇਨ੍ਹਾਂ ਸੰਸਦ ਮੈਂਬਰਾਂ ਨੇ ਆਪਣੇ ਚੋਣ ਖੇਤਰਾਂ ਵਿਚ ਵਿਕਾਸ ਦਾ ਕੋਈ ਕੰਮ ਨਹੀਂ ਕੀਤਾ ਹੁੰਦਾ। ਹਰੇਕ ਸਾਲ ਹਰ ਪਾਰਲੀਮੈਂਟ ਮੈਂਬਰ ਨੂੰ ਦੋ ਕਰੋੜ ਰੁਪਏ ਦੀ ਰਕਮ ਦਿੱਤੀ ਜਾਂਦੀ ਹੈ, ਜਿਸ ਨੂੰ ਉਹ ਆਪਣੇ-ਆਪਣੇ ਚੋਣ ਖੇਤਰ ਦੇ ਵਿਕਾਸ 'ਤੇ ਖਰਚ ਕਰ ਸਕਦੇ ਹਨ, ਪਰ ਉਨ੍ਹਾਂ ਦੀ ਬਹੁ-ਗਿਣਤੀ ਅਜਿਹੀ ਹੈ, ਜਿਨ੍ਹਾਂ ਨੂੰ ਵਿਹਲ ਹੀ ਨਹੀਂ ਮਿਲਦੀ ਕਿ ਉਹ ਵਿਕਾਸ ਦੀ ਇਸ ਰਕਮ ਨੂੰ ਖਰਚ ਕਰ ਸਕਣ।

ਇਹ ਲੋਕ ਪਾਰਲੀਮੈਂਟ ਦੀ ਕਾਰਵਾਈ ਵਿਚ ਹਿੱਸਾ ਨਹੀਂ ਲੈਂਦੇ। ਪਾਰਲੀਮੈਂਟ ਦੀ ਕਾਰਵਾਈ ਕੋਰਮ ਦੇ ਪੂਰਾ ਹੋਣ ਤੋਂ ਬਿਨਾਂ ਹੀ ਚੱਲਦੀ ਹੈ। ਮੈਂ ਅਨੇਕ ਵਾਰ ਸਦਨ ਵਿਚ ਮੌਜੂਦ ਸੰਸਦ ਮੈਂਬਰਾਂ ਦੀ ਗਿਣਤੀ ਕੀਤੀ ਹੈ। ਲੋਕ ਸਭਾ ਦੇ 543 ਮੈਂਬਰਾਂ ਵਿਚੋਂ ਮੁਸ਼ਕਲ ਨਾਲ 25 ਜਾਂ 27 ਮੈਂਬਰ ਹਾਜ਼ਰ ਹੁੰਦੇ ਹਨ। ਬਾਕੀ ਦੇ ਪਤਾ ਨਹੀਂ ਕਿਹੜੇ ਗੈਰ-ਪਾਰਲੀਮਾਨੀ ਕੰਮਾਂ ਵਿਚ ਲੱਗੇ ਰਹਿੰਦੇ ਹਨ। ਜਦੋਂ ਪਾਰਲੀਮੈਂਟ ਵਿਚ ਕਿਸੇ ਸੁਆਲ ਨੂੰ ਲੈ ਕੇ ਹੰਗਾਮਾ ਕਰਨਾ ਹੁੰਦਾ ਹੈ ਤਾਂ ਇਹ ਸਾਰੇ ਸਭ ਤੋਂ ਅੱਗੇ ਦਿਖਾਈ ਦਿੰਦੇ ਹਨ।

ਪਾਰਲੀਮੈਂਟ ਦੀ ਕਾਰਵਾਈ ਵਿਚ ਹਿੱਸਾ ਨਾ ਲੈਣ 'ਤੇ ਵੀ ਉਨ੍ਹਾਂ ਨੂੰ ਬਾਕਾਇਦਾ ਭੱਤੇ ਅਤੇ ਦੂਜੀਆਂ ਸਹੂਲਤਾਂ ਮਿਲਦੀਆਂ ਰਹਿੰਦੀਆਂ ਹਨ। ਕਿੰਨਾ ਚੰਗਾ ਹੁੰਦਾ, ਜੇ ਭਾਰਤ ਵਿਚ ਉਘੇ ਪੱਤਰਕਾਰ ਸ੍ਰੀ ਕੁਲਦੀਪ ਨਈਅਰ ਦੇ ਕੁਝ ਸਾਲ ਪਹਿਲਾਂ ਦਿੱਤੇ ਗਏ ਇਸ ਸੁਝਾਅ ਉਤੇ ਅਮਲ ਕੀਤਾ ਜਾਂਦਾ ਕਿ ਜੋ ਮੈਂਬਰ ਪਾਰਲੀਮੈਂਟ ਵਿਚ ਨਾ ਆਉਣ, ਕਾਰਵਾਈ ਵਿਚ ਹਿੱਸਾ ਨਾ ਲੈਣ, ਉਨ੍ਹਾਂ ਨੂੰ ਗੈਰ-ਹਾਜ਼ਰ ਮੰਨ ਕੇ ਉਸ ਦਿਨ ਦੇ ਭੱਤੇ ਨਾ ਦਿੱਤੇ ਜਾਣ। 'ਕੰਮ ਕਰੋ ਤੇ ਤਨਖਾਹ ਲਓ' ਦਾ ਨਿਯਮ ਜੇ ਹੋਰਨਾਂ ਸਰਕਾਰੀ ਅਤੇ ਗੈਰ-ਸਰਕਾਰੀ ਕਰਮਚਾਰੀਆਂ ਉਤੇ ਲਾਗੂ ਹੁੰਦਾ ਹੈ ਤਾਂ ਸੰਸਦ ਮੈਂਬਰਾਂ 'ਤੇ ਵੀ ਲਾਗੂ ਹੋਣਾ ਚਾਹੀਦਾ ਹੈ।

ਜਦੋਂ ਗੱਲ ਹੋ ਰਹੀ ਹੈ ਸੰਸਦ ਮੈਂਬਰਾਂ ਦੀ ਤਾਂ ਸਾਨੂੰ ਸੰਸਦ ਦੀ ਕਾਰਵਾਈ ਦੇ ਉਸ ਸ਼ਰਮਨਾਕ ਰਿਕਾਰਡ ਨੂੰ ਵੀ ਦੇਖਣਾ ਹੋਵੇਗਾ ਕਿ ਕਿਸ ਤਰ੍ਹਾਂ ਹਰ ਸਾਲ ਸੰਸਦ ਦਾ ਕੰਮ ਬਹੁਤ ਘੱਟ ਦਿਨ ਹੁੰਦਾ ਹੈ, ਜਦੋਂਕਿ ਸੰਸਦ ਦੇ ਦੋਵਾਂ ਸਦਨਾਂ ਨੂੰ ਚਲਾਉਣ 'ਤੇ ਖਰਚ ਹੋਣ ਵਾਲਾ ਪੈਸਾ ਉਸੇ ਤਰ੍ਹਾਂ ਖਰਚ ਹੁੰਦਾ ਹੈ।

ਹੁਣ ਸਾਨੂੰ, ਭਾਰਤ ਦੇ ਪੜ੍ਹੇ-ਲਿਖੇ ਵਰਗ ਨੂੰ, ਬੁੱਧੀਜੀਵੀਆਂ ਨੂੰ, ਮੀਡੀਆ ਅਤੇ ਖੁਦ ਸਿਆਸੀ ਪਾਰਟੀਆਂ ਨੂੰ ਇਸ ਗੱਲ ਉਤੇ ਗੰਭੀਰਤਾ ਨਾਲ ਵਿਚਾਰ ਕਰਨਾ ਹੋਵੇਗਾ ਕਿ ਕੀ ਭਾਰਤ ਦੇ ਸੰਸਦ ਮੈਂਬਰਾਂ ਦੀ ਇਹ ਮੰਗ ਉਚਿਤ ਹੈ ਕਿ ਉਨ੍ਹਾਂ ਦੇ ਤਨਖਾਹ-ਭੱਤਿਆਂ ਨੂੰ ਪੰਜ ਗੁਣਾਂ ਵਧਾ ਦਿੱਤਾ ਜਾਏ?

ਹੈਰਾਨੀ ਵਾਲੀ ਗੱਲ ਇਹ ਹੈ ਕਿ ਇਸ ਮਹੱਤਵਪੂਰਨ ਮੁੱਦੇ ਉਤੇ ਕੋਈ ਰਾਸ਼ਟਰੀ ਪੱਧਰ ਦੀ ਬਹਿਸ ਹੋਈ ਹੀ ਨਹੀਂ। ਕੀ ਅਸੀਂ ਆਪਣੇ ਸੰਸਦ ਮੈਂਬਰਾਂ ਦੀ ਕਾਰਗੁਜ਼ਾਰੀ ਤੋਂ ਸੰਤੁਸ਼ਟ ਹਾਂ? ਕੀ ਉਹ ਭਾਰਤ ਦੀ ਜਨਤਾ ਦੇ ਸੱਚੇ ਪ੍ਰਤੀਨਿਧ ਹਨ? ਦੇਸ਼ ਵਿਚ ਸੰਸਦ ਮੈਂਬਰਾਂ ਦੇ ਤਨਖਾਹ-ਭੱਤਿਆਂ ਨੂੰ ਪੰਜ ਗੁਣਾਂ ਵਧਾਏ ਜਾਣ ਦੇ ਸੁਆਲ 'ਤੇ ਲੋਕ ਰਾਏ ਬਣਾਉਣੀ ਹੀ ਹੋਵੇਗੀ।

# ਵਾਪਰਨੀਆਂ ਨਹੀਂ ਸੀ ਚਾਹੀਦੀਆਂ 84 ਦੀਆਂ ਘਟਨਾਵਾਂ

**ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਲੋਂ ਟੋਰਾਂਟੋ 'ਚ ਇੰਡੋ-ਕੈਨੇਡੀਅਨ ਸੰਸਦ ਮੈਂਬਰਾਂ ਦੀ ਮੀਟਿੰਗ ਦੌਰਾਨ ਦਿਤਾ ਗਿਆ ਭਾਸ਼ਣ**



ਮੈਂ ਤੁਹਾਡਾ ਸਾਰਿਆਂ ਦਾ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਮੈਨੂੰ ਇਥੇ ਸੱਦ ਕੇ ਮਾਣ ਦਿੱਤਾ ਹੈ। ਮੇਰੇ ਪਹਿਲੇ ਸ਼ਬਦ ਧੰਨਵਾਦ ਦੇ ਸ਼ਬਦ ਹਨ, ਉਹ ਸ਼ਬਦ ਜਿਨ੍ਹਾਂ ਵਿਚ ਮਾਣ ਵੀ ਹੈ ਤੇ ਖੁਸ਼ੀ ਵੀ, ਉਨ੍ਹਾਂ ਪ੍ਰਾਪਤੀਆਂ ਲਈ ਜਿਹੜੀਆਂ ਇੰਡੋ-ਕੈਨੇਡੀਅਨਾਂ ਨੇ ਇਸ ਮੁਲਕ ਵਿਚ ਕੀਤੀਆਂ ਹਨ। ਤੁਸੀਂ 15 ਲੱਖ ਵਿਅਕਤੀਆਂ ਦਾ ਭਾਈਚਾਰਾ ਹੋ। ਜਿਹੜਾ ਨਾਂ ਤੇ ਸ਼ੋਹਰਤ ਤੁਸੀਂ ਆਪਣੀ ਸਖਤ ਮਿਹਨਤ ਨਾਲ ਕਮਾਇਆ ਹੈ, ਉਸ ਨੇ ਪੱਛਮ ਦੇ ਮੁਲਕਾਂ ਦਾ ਜੋ ਭਾਰਤ ਨੇ ਹਾਸਲ ਕੀਤਾ ਹੈ, ਜਿਸ ਗੱਲ ਲਈ ਭਾਰਤ ਸਟੈਂਡ ਕਰਦਾ ਹੈ, ਉਸ ਪ੍ਰਤੀ ਨਜ਼ਰੀਆ ਬਦਲਣ ਵਿਚ ਮਦਦ ਕੀਤੀ ਹੈ। ਇਹ ਇਕੱਲੀ ਗੱਲ ਹੀ ਤੁਹਾਨੂੰ ਇਸ ਦਾ ਹੱਕਦਾਰ ਬਣਾਉਂਦੀ ਹੈ ਕਿ ਤੁਹਾਡਾ ਧੰਨਵਾਦ ਕੀਤਾ ਜਾਵੇ।

ਮੈਂ ਬਹੁਤ ਖੁਸ਼ ਹਾਂ ਕਿ ਤੁਸੀਂ ਇਸ ਸਰਜ਼ਮੀਨ ਉਤੇ ਤਰੱਕੀ ਕੀਤੀ ਹੈ। ਸਾਨੂੰ ਆਪਣੀਆਂ ਪ੍ਰਾਪਤੀਆਂ ਉਤੇ ਮਾਣ ਹੁੰਦਾ ਹੈ। ਜਦੋਂ ਮੈਂ ਵਿੱਤ ਮੰਤਰੀ ਸਾਂ, ਮੈਂ ਇਹੋ ਸਿੱਖਿਆ ਕਿ ਭਾਰਤੀ ਇਸ ਗੱਲ ਨੂੰ ਸਾਬਤ ਕਰਨ ਲਈ ਪੂਰਾ ਜ਼ੋਰ ਲਾ ਦਿੰਦੇ ਹਨ ਕਿ ਜੇ ਉਨ੍ਹਾਂ ਨੂੰ ਸਹੀ ਮਾਹੌਲ ਦਿੱਤਾ ਜਾਵੇ ਤਾਂ ਉਹ ਵੀ ਕਿਸੇ ਤੋਂ ਪਿੱਛੇ ਨਹੀਂ ਰਹਿੰਦੇ। ਸਾਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਭਾਰਤੀਆਂ ਨੂੰ ਇਹ ਗੱਲ ਸਾਬਤ ਕਰਨ ਲਈ ਭਾਰਤ ਛੱਡ ਕੇ ਸਿਲੀਕਾਨ ਵੈਲੀ ਨਾ ਜਾਣਾ ਪਵੇ। ਮੈਂ ਇਹ ਕਹਿਣਾ ਚਾਹਾਂਗਾ ਕਿ ਤੁਸੀਂ ਜ਼ਿੰਦਗੀ ਦੇ ਹਰੇਕ ਖੇਤਰ ਵਿਚ ਆਪਣਾ ਨਾਂ ਬਣਾਇਆ ਹੈ, ਇਹ ਭਾਵੇਂ ਸਿਆਸਤ ਹੋਵੇ, ਭਾਵੇਂ ਸਨਅਤ ਹੋਵੇ, ਭਾਵੇਂ ਵਪਾਰ ਹੋਵੇ, ਇਨ੍ਹਾਂ ਸਾਰੇ ਖੇਤਰਾਂ ਵਿਚ ਭਾਰਤੀ ਮੂਲ ਦੇ ਲੋਕਾਂ ਨੇ ਸਾਡਾ ਸਿਰ ਉਚਾ ਕੀਤਾ ਹੈ।

ਮੈਂ ਇਕ ਸ਼ਬਦ ਕਹਿਣਾ ਹੈ ਕਿ ਸਾਨੂੰ ਪਿੱਛੋਂ ਭਾਰਤ ਤੋਂ ਸਿਆਸਤ ਦੇ ਫੁੱਟ-ਪਾਊ ਤੱਤਾਂ ਨੂੰ ਇਸ ਮੁਲਕ ਵਿਚ ਨਹੀਂ ਲਿਆਉਣਾ ਚਾਹੀਦਾ। ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਇਸ ਨਾਲ ਭਾਈਚਾਰੇ ਦਾ ਕੋਈ ਭਲਾ ਨਹੀਂ ਹੁੰਦਾ। ਅਤੀਤ ਵਿਚ ਰਹਿਣ ਦਾ ਕਦੇ ਕੋਈ ਫਾਇਦਾ ਨਹੀਂ ਹੁੰਦਾ। ਸਾਨੂੰ ਇਸ ਗੱਲ ਉਤੇ ਮਾਣ ਹੁੰਦਾ ਹੈ ਕਿ ਆਪਣੀਆਂ ਜੜ੍ਹਾਂ (ਪਿਛੋਕੜ) ਸਦਕਾ ਤੁਸੀਂ ਵੱਖੋ-ਵੱਖ ਸੂਬਿਆਂ ਪ੍ਰਤੀ ਭਾਵੁਕ ਹੁੰਦੇ ਹੋ, ਆਪਣੇ ਰਾਜਾਂ ਪ੍ਰਤੀ ਭਾਵਨਾ ਰੱਖਦੇ ਹੋ ਪਰ ਇਸ ਦੇ ਨਾਲ ਹੀ ਸਮੁੱਚੇ ਇੰਡੋ-ਕੈਨੇਡੀਅਨ ਭਾਈਚਾਰੇ ਦਾ ਇਕਮੁੱਠ ਅਕਸ ਪੇਸ਼ ਕਰਨ ਦੀ ਹਾਲੇ ਵੀ ਲੋੜ ਹੈ। ਮੈਂ ਸਿਰਫ ਇਹੋ ਬੇਨਤੀ ਕਰਨੀ ਹੈ।

ਬਹੁਤ ਸਾਰੇ ਮੁੱਦੇ ਤੁਸੀਂ ਉਠਾਏ ਹਨ ਅਤੇ ਹੋਰਾਂ ਦੇ ਵੀ ਅਜਿਹੇ ਮੁੱਦੇ ਹੋ ਸਕਦੇ ਹਨ। ਮੈਂ ਵਾਅਦਾ ਕਰਦਾ ਹਾਂ ਕਿ ਜਦੋਂ ਮੈਂ ਵਾਪਸ ਭਾਰਤ ਜਾਵਾਂਗਾ ਤਾਂ ਮੈਂ ਅਜਿਹਾ ਕੋਈ ਢਾਂਚਾ ਤਿਆਰ ਕਰਾਂਗਾ ਜਿਹੜਾ ਉਨ੍ਹਾਂ ਮੁੱਦਿਆਂ ਉਤੇ ਵਿਚਾਰ ਕਰੇ ਜਿਹੜੇ ਇਥੇ ਉਠਾਏ ਗਏ ਹਨ ਜਾਂ ਹੋਰ ਕਿਤੇ ਇੰਡੋ-ਕੈਨੇਡੀਅਨ ਭਾਈਚਾਰੇ ਵਲੋਂ ਉਠਾਏ ਗਏ ਹਨ।

ਜਿੱਥੋਂ ਤਕ 1984 ਦੀਆਂ ਘਟਨਾਵਾਂ ਦਾ ਸਵਾਲ ਹੈ, ਉਹ ਭਿਆਨਕ ਸਨ ਅਤੇ ਕਦੇ ਵੀ ਵਾਪਰਨੀਆਂ ਨਹੀਂ ਸੀ ਚਾਹੀਦੀਆਂ। ਜੋ ਕੁਝ 1984 ਵਿਚ ਵਾਪਰਿਆ ਮੈਂ ਉਸ ਲਈ ਭਾਰਤ ਸਰਕਾਰ ਵਲੋਂ ਮੁਆਫੀ ਮੰਗੀ ਹੈ, ਦੇਸ਼ ਵਲੋਂ ਮੁਆਫੀ ਮੰਗੀ ਹੈ। ਭਾਰਤੀ ਕਾਨੂੰਨੀ ਪ੍ਰਬੰਧ ਵਿਚ ਸੰਭਵ ਤੌਰ 'ਤੇ ਕਮਜ਼ੋਰੀਆਂ ਹੋ ਸਕਦੀਆਂ ਹਨ, ਜਿਵੇਂ ਇਹ ਕੈਨੇਡੀਅਨ ਸਿਸਟਮ ਵਿਚ ਵੀ ਹੋ ਸਕਦੀਆਂ ਹਨ। ਅਸੀਂ ਇਨ੍ਹਾਂ ਮੁੱਦਿਆਂ ਦਾ ਹੱਲ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਸਾਡੀ ਯੂ.ਪੀ.ਏ. ਸਰਕਾਰ ਨੇ ਮੁਆਵਜ਼ੇ ਦੇ ਸਾਰੇ ਕੇਸ ਖੋਲ੍ਹੇ ਹਨ, ਅਸੀਂ ਰਾਹਤ ਦੇਣ ਲਈ ਤਿਆਰ ਹਾਂ, ਪੀੜਤਾਂ ਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਸਹਾਰਾ ਦੇਣ ਲਈ ਤਿਆਰ ਹਾਂ ਤਾਂ ਕਿ ਉਹ ਇਕ ਵਾਰੀ ਫੇਰ ਮਾਣ-ਸਨਮਾਨ ਵਾਲੀ ਜ਼ਿੰਦਗੀ ਜਿਉਂ ਸਕਣ। ਅਤੀਤ ਵਿਚ ਰਹਿਣ ਦਾ ਕੋਈ ਫਾਇਦਾ ਨਹੀਂ ਹੈ। ਅਸੀਂ ਆਪਣੇ ਬੀਤੇ ਨੂੰ ਭੁਲਾ ਨਹੀਂ ਸਕਦੇ ਪਰ ਸਾਡੇ ਲਈ ਅਗਾਂਹ ਦੇਖਣ ਦੀ ਚੁਣੌਤੀ ਹੈ, ਉਸ ਸੰਸਾਰ ਵਿਚ ਜੋ ਤੇਜ਼ੀ ਨਾਲ ਗਲੋਬਲਾਈਜ਼ ਹੋ ਰਿਹਾ ਹੈ, ਇਕਮੁੱਠ ਹੋ ਰਿਹਾ ਹੈ, ਭਾਵੇਂ ਤੁਸੀਂ ਇਥੇ ਹੋਵੋ ਜਾਂ ਭਾਰਤ ਵਿਚ। ਅਸੀਂ ਭਾਰਤ ਦਾ ਇਕ ਹਿੱਸਾ ਹਾਂ, ਮਹਾਨ ਅਨੇਕਤਾਵਾਂ ਵਾਲਾ ਦੇਸ਼, ਜਿਸ ਦਾ ਸਿੱਖ ਵੀ ਸਨਮਾਨਿਤ ਹਿੱਸਾ ਹਨ, ਜਿੱਥੇ ਮੈਂ ਭਾਰਤ ਦਾ ਪ੍ਰਧਾਨ ਮੰਤਰੀ ਹਾਂ। ਦੋ ਸਾਲ ਪਹਿਲਾਂ ਤਕ ਸਾਡੇ ਕੋਲ ਜੇ.ਜੇ. ਸਿੰਘ ਦੇ ਰੂਪ ਵਿਚ ਭਾਰਤੀ ਫੌਜ ਦਾ ਸਿੱਖ ਕਮਾਂਡਰ ਸੀ। ਸਾਡੇ ਕੋਲ ਸਿੱਖ ਰਾਜਦੂਤ ਵੀ ਹਨ। ਪੰਜਾਬ ਵਿਚ ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਹੈ। ਸਿੱਖਾਂ ਨੇ ਨਾਂ ਅਤੇ ਸ਼ੁਹਰਤ ਕਮਾਈ ਹੈ। ਸਿੱਖ ਹੁਣ 1984 ਤੋਂ ਅੱਗੇ ਤੁਰਨਾ ਚਾਹੁੰਦੇ ਹਨ। ਕਈ ਵਾਰ ਅਸੀਂ ਅਜਿਹਾ ਮਾਹੌਲ ਬਣਾ ਲੈਂਦੇ ਹਾਂ ਜਿਹੜਾ ਸਿੱਖ ਭਾਈਚਾਰੇ ਵਿਚ ਨਾਖੁਸ਼ੀ ਪੈਦਾ ਕਰਦਾ ਹੈ। ਇਸ ਲਈ ਪਰਵਾਸੀ ਸਿੱਖ ਭਾਈਚਾਰੇ ਲਈ ਇਹ ਜ਼ਰੂਰੀ ਹੈ ਕਿ ਉਹ ਭਾਰਤ ਅਤੇ ਕੈਨੇਡਾ ਦੇ ਰਿਸ਼ਤਿਆਂ ਦੀ ਗੰਢ ਪੀਡੀ ਕਰਨ। ਤੁਸੀਂ ਗੋਲਬਲਾਈਜ਼ ਹੋਏ ਸੰਸਾਰ ਵਿਚ ਪੂਰੀ ਤਰ੍ਹਾਂ ਸ਼ਾਮਲ ਹੋ ਰਹੇ ਹੋ ਅਤੇ ਇਸ ਤਹਿਤ ਹੋਈਆਂ ਤਬਦੀਲੀਆਂ ਨੂੰ ਵੀ ਸਵੀਕਾਰ ਕੀਤਾ ਹੈ। ਇਸ ਤਰ੍ਹਾਂ ਇਕਮੁੱਠ ਹੋ ਰਹੇ ਸੰਸਾਰ ਵਿਚ ਵੰਡ-ਪਾਊ ਤੱਤਾਂ ਲਈ ਕੋਈ ਥਾਂ ਨਹੀਂ ਹੈ। ਮੈਂ ਤੁਹਾਨੂੰ ਸਾਰਿਆਂ ਨੂੰ ਇਕਮੁੱਠ ਰਹਿਣ ਅਤੇ ਇਕ-ਦੂਜੇ ਦਾ ਸਤਿਕਾਰ ਕਰਨ ਦੀ ਅਪੀਲ ਕਰਦਾ ਹਾਂ। ਤੁਸੀਂ ਭਾਰਤੀ ਹੋ, ਤੁਹਾਡੇ ਬੜੇ ਡੂੰਘੇ ਰਿਸ਼ਤੇ ਹਨ। ਤੁਸੀਂ ਆਪਣੀ ਏਕਤਾ ਨੂੰ ਅਗੇ ਵਧਣ ਲਈ ਵਰਤ ਸਕਦੇ ਹੋ ਅਤੇ ਉਨ੍ਹਾਂ ਮੌਕਿਆਂ ਦਾ ਫਾਇਦਾ ਉਠਾ ਸਕਦੇ ਹੋ ਜਿਹੜੇ ਮੌਕੇ ਦੋਵੇਂ ਦੇਸ਼-ਭਾਰਤ ਤੇ ਕੈਨੇਡਾ ਪੇਸ਼ ਕਰਦੇ ਹਨ। ਅਸੀਂ ਦੋਵੇਂ ਮੁਲਕ ਬਿਹਤਰੀਨ ਸਬੰਧਾਂ ਦੀ ਕਾਇਮੀ ਲਈ ਵਚਨਬੱਧ ਹਾਂ। ਭਾਰਤ ਨੂੰ ਤੁਹਾਡੀਆਂ ਪ੍ਰਾਪਤੀਆਂ ਉਤੇ ਮਾਣ ਹੈ ਅਤੇ ਮੈਂ ਵੀ ਤੁਹਾਡੀਆਂ ਪ੍ਰਾਪਤੀਆਂ ਉਤੇ ਖੁਸ਼ੀ ਜ਼ਾਹਰ ਕਰਨੀ ਚਾਹੁੰਦਾ ਹਾਂ। ਜੇ ਤੁਹਾਨੂੰ ਕੋਈ ਸਮੱਸਿਆ ਹੋਵੇ ਸਾਡਾ ਹਾਈ ਕਮਿਸ਼ਨ ਇਥੇ ਤੁਹਾਡੀ ਮਦਦ ਲਈ ਹਾਜ਼ਰ ਹੈ ਅਤੇ ਮੈਂ ਭਰੋਸਾ ਦਿਵਾਉਂਦਾ ਹਾਂ ਕਿ ਇਨ੍ਹਾਂ ਮੁੱਦਿਆਂ ਦਾ ਭਾਰਤ ਵਿਚ ਢੁਕਵਾਂ ਹੱਲ ਕੀਤਾ ਜਾਵੇਗਾ।

# ਭਾਰਤੀ ਸੱਭਿਆਚਾਰ ਦਾ ਵਿਲੱਖਣ ਅੰਗ ਬਣ ਗਈ ਕਪਟ ਵਿੱਦਿਆ

**ਸੁਕੀਰਤ**

2004 ਦੀਆਂ ਲੋਕ ਸਭਾ ਚੋਣਾਂ ਦੇ ਸਮੇਂ ਦੀ ਗੱਲ ਹੈ। ਉਸ ਸਮੇਂ ਦੀ, ਜਦੋਂ 'ਭਾਰਤ ਲਿਸ਼ਕ ਰਿਹਾ ਹੈ' ਦੇ ਨਾਅਰੇ ਦੇ ਮੋਢਿਆਂ 'ਤੇ ਚੜ੍ਹੀ ਹੋਈ ਭਾਜਪਾ ਇਕੇਰਾਂ ਫੇਰ ਕੇਂਦਰ 'ਤੇ ਕਾਬਜ਼ ਹੋਣ ਦੀ ਤਿਆਰੀ ਵਿਚ ਸੀ। ਪਰ ਜਦੋਂ ਨਤੀਜੇ ਆਏ ਤਾਂ ਪਾਸਾ ਇਕਦਮ ਪਲਟ ਗਿਆ, ਫਾਡੀ ਜਾਪਦੀ ਅਤੇ ਕਈ ਸਾਲਾਂ ਤੋਂ ਸੱਤਾ ਬਾਹਰੀ ਹੋਈ ਹੋਈ ਕਾਂਗਰਸ ਹੈਰਾਨਕੁੰਨ ਢੰਗ ਨਾਲ ਉਭਰ ਕੇ ਆਈ, ਖੱਬੀਆਂ ਧਿਰਾਂ ਦੀਆਂ ਸੀਟਾਂ ਵਿਚ ਵੀ ਚੋਖਾ ਵਾਧਾ ਹੋਇਆ। ਸਪੱਸ਼ਟ ਹੋ ਗਿਆ ਕਿ ਸਰਕਾਰ ਇਸ ਵਾਰ ਭਾਜਪਾ ਦੀ ਅਗਵਾਈ ਹੇਠ ਨਹੀਂ ਬਣੇਗੀ, ਕਾਂਗਰਸ ਅਤੇ ਖੱਬੀਆਂ ਧਿਰਾਂ ਰਲ ਕੇ ਸਰਕਾਰ ਬਣਾਉਣ ਦੀ ਸਥਿਤੀ ਵਿਚ ਆ ਗਈਆਂ ਹਨ। ਅਣਕਿਆਸੀ ਜਿੱਤ ਤੋਂ ਭੌਂਚੱਕੀ ਕਾਂਗਰਸ ਵਿਚ ਅੰਦਰਖਾਤੇ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਭਾਵੇਂ ਕਈ ਸਨ ਪਰ ਹਰ ਪਾਸਿਉਂ ਸੋਨੀਆ ਗਾਂਧੀ ਨੂੰ ਕਮਾਨ ਸੰਭਾਲਣ ਦੀ ਬੇਨਤੀ ਦੇ ਸੁਰ ਉਭਰਨ ਲੱਗੇ। ਇਨ੍ਹਾਂ ਵਿਚ ਚਾਪਲੂਸ ਕਾਂਗਰਸੀ ਵੀ ਸ਼ਾਮਿਲ ਸਨ, ਇਕ-ਦੂਜੇ ਨੂੰ ਠਿੱਬੀ ਲਾਉਣ ਦਾ ਯਤਨ ਕਰਦੇ ਨੇਤਾਗਣ ਵੀ ਅਤੇ ਖੱਬੀਆਂ ਧਿਰਾਂ ਦੇ ਆਗੂ ਵੀ ਜਿਨ੍ਹਾਂ ਨੂੰ ਜਾਪਦਾ ਸੀ ਕਿ ਕਾਂਗਰਸ ਵਿਚ ਅੰਦਰੂਨੀ ਅਫਰਾ-ਤਫਰੀ ਦੇ ਮਾਹੌਲ ਨੂੰ ਦੇਖਦਿਆਂ ਸਿਰਫ ਸੋਨੀਆ ਗਾਂਧੀ ਦੀ ਅਗਵਾਈ ਹੀ ਸਾਰੀ ਪਾਰਟੀ ਨੂੰ ਇਕਮੁੱਠ ਰੱਖ ਸਕੇਗੀ।

ਦੂਜੇ ਪਾਸੇ, ਇਸ ਅਚਾਨਕ ਹਾਰ ਤੋਂ ਬੌਂਦਲੀ ਭਾਜਪਾ ਨੂੰ ਸਮਝ ਹੀ ਨਾ ਪਵੇ ਕਿ ਉਹ ਕੀ ਕਰੇ। ਉਸ ਸਮੇਂ ਸੋਨੀਆ ਗਾਂਧੀ ਦੇ ਵਿਦੇਸ਼ੀ ਹੋਣ ਦੇ ਉਸ ਮੁੱਦੇ ਨੂੰ ਮੁੜ ਉਛਾਲਿਆ ਗਿਆ, ਜੋ ਪਿਛਲੇ ਕੁਝ ਸਾਲਾਂ ਤੋਂ ਤਕਰੀਬਨ ਦਫਨਾਇਆ ਜਾ ਚੁੱਕਾ ਸੀ। ਹੁਣ ਇਸ ਦੱਬੇ ਮੁਰਦੇ ਨੂੰ ਪੁੱਟ ਕੇ ਸਭ ਤੋਂ ਵਧ ਵੈਣ ਪਾਉਣ ਵਾਲਿਆਂ ਵਿਚ ਭਾਜਪਾ ਦੀਆਂ ਕੇਂਦਰੀ ਕਰਤੀਆਂ-ਧਰਤੀਆਂ ਮੋਹਰੀ ਸਨ। ਸਵਦੇਸ਼ੀ ਸਨਿਆਸਣ ਉਮਾ ਭਾਰਤੀ ਨੇ ਵਿਦੇਸ਼ੀ ਸੋਨੀਆ ਗਾਂਧੀ ਦੇ ਵਿਰੁਧ ਨਿੱਤ ਨਵੇਂ ਬਿਆਨ ਦਾਗਣੇ ਸ਼ੁਰੂ ਕਰ ਦਿੱਤੇ। ਪਰ ਸਭ ਤੋਂ ਵਧ ਕੀਰਨੇ ਚੌੜੀ ਬਿੰਦੀ ਨਾਲ ਸਜੀ ਸੁਹਾਗਣ ਸੁਸ਼ਮਾ ਸਵਰਾਜ ਨੇ ਪਾਏ, "ਜੇ ਸੋਨੀਆ ਗਾਂਧੀ ਪ੍ਰਧਾਨ ਮੰਤਰੀ ਬਣ ਗਈ ਤਾਂ ਉਹ ਭਾਰਤ ਦੇ ਇਤਿਹਾਸ ਲਈ ਕਾਲਾ ਦਿਨ ਹੋਵੇਗਾ। ਅਜਿਹਾ ਅਨਰਥ ਹੋ ਜਾਣ ਦੀ ਸੂਰਤ ਵਿਚ ਮੈਂ ਸਾਰੀ ਉਮਰ ਭੁੰਜੇ ਸੌਂਵਾਂਗੀ, ਸਿਰਫ ਭੁੱਜੇ ਛੋਲੇ ਖਾਇਆ ਕਰਾਂਗੀ ਅਤੇ ਤਾਅ ਉਮਰ ਵਿਧਵਾ ਦਾ ਜੀਵਨ ਬਤੀਤ ਕਰਾਂਗੀ"।

ਓਧਰ ਕਾਂਗਰਸ ਦੇ ਖੇਮੇ ਵਲੋਂ 'ਸੋਨੀਆ ਨੂੰ ਪ੍ਰਧਾਨ ਮੰਤਰੀ ਬਣਾਉ' ਦੇ ਨਾਅਰੇ ਹੋਰ ਉਚੇ ਹੋ ਰਹੇ ਸਨ, ਪਰ ਇਸ ਸਾਰੇ ਤੂਫਾਨ ਦਾ ਕੇਂਦਰ ਸੋਨੀਆ ਗਾਂਧੀ ਬਿਲਕੁਲ ਚੁੱਪ ਸੀ। ਜਦੋਂ ਉਸ ਨੇ ਇਹ ਤੌਖਲਿਆਂ ਭਰੀ ਚੁੱਪ ਤੋੜੀ ਤਾਂ ਇਹ ਬਿਆਨ ਦਿੱਤਾ ਕਿ ਭਾਵੇਂ ਉਹ ਆਪਣਾ ਸਮਰਥਨ ਕਰਨ ਵਾਲਿਆਂ ਸਭਨਾਂ ਦੀ ਧੰਨਵਾਦੀ ਹੈ ਪਰ ਉਸ ਦੀ ਜ਼ਮੀਰ ਨਹੀਂ ਮੰਨਦੀ ਕਿ ਉਹ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲੇ।

ਸਾਰਾ ਦੇਸ਼ ਇਕ ਵਾਰ ਮੁੜ ਸਕਤੇ ਵਿਚ ਸੀ। ਕੀ ਸਮਰਥਕ ਤੇ ਕੀ ਵਿਰੋਧੀ, ਕੀ ਸਿਆਸਤਦਾਨ ਤੇ ਕੀ ਮਤਦਾਤੇ, ਕੀ ਅਖ਼ਬਾਰਨਵੀਸ ਤੇ ਕੀ ਪਾਠਕ-ਸਾਰੇ ਬੇਯਕੀਨੀ ਨਾਲ ਸੁਣ ਰਹੇ ਸਨ। ਭਲਾ ਇੰਜ ਕਦੇ ਹੋਇਆ ਹੈ ਕਿ ਦੇਸ਼ ਦਾ ਸਭ ਤੋਂ ਉਚਾ ਅਹੁਦਾ ਕਿਸੇ ਦੀ ਜੇਬ ਵਿਚ ਹੋਵੇ ਅਤੇ ਉਹ ਉਸ ਨੂੰ ਤਿਆਗਣ ਦਾ ਐਲਾਨ ਕਰ ਦੇਵੇ! ਸ਼ਾਇਦ ਇਸ ਵਿਚ ਵੀ ਕੋਈ ਡੂੰਘੀ ਚਾਲ ਸੀ, ਸੋਨੀਆ ਗਾਂਧੀ ਆਪਣਾ ਭਾਅ ਵਧਾ ਰਹੀ ਸੀ। ਦੋ ਦਿਨ ਬਾਅਦ ਆਪਣਾ ਬਿਆਨ ਬਦਲ ਲਵੇਗੀ ਕਿ ਆਪਣੇ ਸਮਰਥਕਾਂ ਦੀਆਂ ਭਾਵਨਾਵਾਂ ਦਾ ਖਿਆਲ ਕਰਦਿਆਂ ਮੈਂ ਉਨ੍ਹਾਂ ਦੀ ਇੱਛਾ ਅੱਗੇ ਸਿਰ ਝੁਕਾਉਂਦੀ ਹੋਈ, ਪ੍ਰਧਾਨ ਮੰਤਰੀ ਪਦ ਦਾ ਭਾਰ ਗ੍ਰਹਿਣ ਕਰਨ ਦਾ ਫੈਸਲਾ ਕੀਤਾ ਹੈ।

ਪ੍ਰਧਾਨ ਮੰਤਰੀ ਕੋਈ ਹੋਰ ਬਣ ਗਿਆ। ਜਿਸ ਜ਼ਮੀਰ ਦੀ ਆਵਾਜ਼ ਦੀ ਗੱਲ ਸੋਨੀਆ ਗਾਂਧੀ ਨੇ ਕੀਤੀ ਸੀ, ਉਸ ਨੂੰ ਉਸ ਨੇ ਸੁਣ ਵੀ ਲਿਆ ਸੀ ਅਤੇ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਨਾਂਹ ਕਰਨ ਵਾਲੇ ਆਪਣੇ ਬਿਆਨ 'ਤੇ ਕਾਇਮ ਵੀ ਰਹੀ ਸੀ ਤੇ ਉਸ ਦਿਨ ਮੈਨੂੰ ਮੇਰੇ ਮਿੱਤਰ ਵਿਸਾਖੇ ਦਾ ਫੋਨ ਆਇਆ, "ਸੋਨੀਆ ਨੇ ਅੱਜ ਸਾਬਤ ਕਰ ਦਿੱਤਾ ਹੈ ਕਿ ਉਹ ਵਿਦੇਸ਼ੀ ਔਰਤ ਹੀ ਹੈ, ਉਹ ਭਾਰਤੀ ਹੋ ਹੀ ਨਹੀਂ ਸਕਦੀ।"

ਮੈਨੂੰ ਥੋੜ੍ਹੀ ਹੈਰਾਨੀ ਹੋਈ, ਵਿਸਾਖਾ ਭਾਜਪਾ ਦੀ ਬੋਲੀ ਬੋਲਣ ਵਾਲਿਆਂ ਵਿਚੋਂ ਨਹੀਂ। ਸਗੋਂ, ਉਨ੍ਹਾਂ ਚੰਦ ਲੋਕਾਂ ਵਿਚੋਂ ਹੈ ਜੋ ਗੱਲ ਥੋੜ੍ਹੀ ਕਰਦੇ ਹਨ, ਪਰ ਕਰਦੇ ਪਤੇ ਦੀ ਹਨ। ਉਹ ਬਹੁਤਾ ਪੜ੍ਹਿਆ ਹੋਇਆ ਨਹੀਂ, ਪਰ ਲੋਕਾਂ ਨੂੰ ਪੜ੍ਹ ਲੈਣ, ਘਟਨਾਵਾਂ ਦੀ ਸਹੀ ਪੁਣ-ਛਾਣ ਕਰ ਸਕਣ ਵਿਚ ਉਸ ਦਾ ਕੋਈ ਸਾਨੀ ਨਹੀਂ। ਅੱਜ ਉਹ ਸੋਨੀਆ ਦੇ ਵਿਦੇਸ਼ੀ ਹੋਣ ਨੂੰ ਕਿਉਂ ਚਿਤਾਰ ਰਿਹਾ ਸੀ!

ਪਰ ਅਗਲੇ ਪਲ ਹੀ ਸਮਝ ਪੈ ਗਈ ਕਿ ਵਿਸਾਖੇ ਨੇ ਕੀ ਗੁਗਲੀ ਮਾਰੀ ਸੀ, "ਜੇ ਸੋਨੀਆ ਸਚਮੁੱਚ ਭਾਰਤੀ ਬਣ ਗਈ ਹੁੰਦੀ ਤਾਂ ਉਪਰੋਂ ਕਹਿੰਦੀ ਭਾਵੇਂ ਜੋ ਮਰਜ਼ੀ, ਅਖੀਰ 'ਤੇ ਅਹੁਦਾ ਉਸ ਨੇ ਸੰਭਾਲ ਹੀ ਲੈਣਾ ਸੀ। ਇਹ ਕੰਮ ਤਾਂ ਕੋਈ ਵਿਦੇਸ਼ੀ ਹੀ ਕਰ ਸਕਦਾ ਹੈ ਕਿ ਜੋ ਕਿਹਾ, ਉਹੀ ਕੀਤਾ ਵੀ। ਨਹੀਂ ਤਾਂ ਸਾਡੇ ਲੀਡਰ ਕਹਿੰਦੇ ਕੁਝ ਨੇ, ਕਰਦੇ ਕੁਝ ਹੋਰ"। ਸਾਲਾਂਬੱਧੀ ਵਿਦੇਸ਼




*ਇਸ ਲੇਖ ਵਿਚ ਸੁਕੀਰਤ ਨੇ ਭਾਰਤੀ ਸਮਾਜ ਅਤੇ ਸਿਆਸਤ ਬਾਰੇ ਚਰਚਾ ਕਰਦਿਆਂ ਇਸ ਦੇ ਕਪਟੀ/ ਹਿੱਪੋਕਰੇਟਿਕ ਹੋਣ ਦੀ ਗੱਲ ਕਹੀ ਹੈ। ਇਹੀ ਗੱਲ ਪਿਛਲੇ ਦਿਨੀਂ ਕੈਨੇਡਾ ਵਿਚ ਭਾਰਤੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਦੌਰੇ ਦਾ ਵਿਰੋਧ ਕਰ ਰਹੇ ਸਿੱਖ ਪ੍ਰਦਰਸ਼ਨਕਾਰੀਆਂ ਵਲੋਂ ਆਖੀ ਗਈ ਹੈ। ਇਸੇ ਲਈ ਅਸੀਂ ਟੋਰਾਂਟੋ ਵਿਚ ਹੋਏ ਪ੍ਰਦਰਸ਼ਨਾਂ ਸਮੇਂ ਸਿੱਖਾਂ ਵਲੋਂ ਭਾਰਤ ਨੂੰ ਇਕ ਹਿਪੋਕਰੇਟਿਕ ਦੇਸ਼ ਕਹਿਣ ਵਾਲੇ ਬੈਨਰ ਨੂੰ ਇਸ ਲੇਖ ਦੇ ਨਾਲ ਛਾਪ ਰਹੇ ਹਾਂ। -ਸੰਪਾਦਕ*

ਰਹਿ ਚੁੱਕੇ ਵਿਸਾਖੇ ਨੇ ਆਪਣੇ ਅਤੇ ਬਾਹਰਲੇ ਲੋਕਾਂ ਨੂੰ ਚੰਗੀ ਤਰ੍ਹਾਂ ਘੋਖਿਆ-ਦੇਖਿਆ ਹੋਇਆ ਹੈ ਅਤੇ ਇਸ ਗੱਲ ਵਿਚ ਬਹੁਤ ਵੱਡੀ ਸੱਚਾਈ ਹੈ ਕਿ ਵਿਦੇਸ਼ੀਆਂ ਦੇ ਮੁਕਾਬਲੇ ਅਸੀਂ ਡਾਹਢੀ ਦੋ-ਮੂੰਹੀ ਕੌਮ ਹਾਂ। ਕਹਿੰਦੇ ਕੁਝ ਹਾਂ, ਆਮ ਤੌਰ 'ਤੇ ਕਰਦੇ ਕੁਝ ਹੋਰ। ਅਜਿਹੇ ਵਿਸ਼ਵਾਸਾਂ, ਭਾਵਨਾਵਾਂ ਜਾਂ ਗੁਣਾਂ ਦੇ ਧਾਰਕ ਹੋਣ ਦਾ ਪ੍ਰਗਟਾਵਾ ਜਿਨ੍ਹਾਂ ਤੋਂ ਅਸੀਂ ਅਸਲ ਵਿਚ ਵਿਰਵੇ ਹੋਈਏ ਜਾਂ ਜਿਨ੍ਹਾਂ ਉਪਰ ਆਪ ਅਮਲ ਨਾ ਕਰਦੇ ਹੋਈਏ ਨਿਰਾ-ਪੁਰਾ ਦੋਮੂੰਹਾਪਣ ਹੈ ਜੋ ਸਾਡੇ ਸਮਾਜਕ ਵਰਤਾਰੇ ਵਿਚ ਹਰ ਪੱਧਰ 'ਤੇ ਦੇਖਿਆ ਜਾ ਸਕਦਾ ਹੈ। ਦੂਜੇ ਸ਼ਬਦਾਂ ਵਿਚ ਇਸ ਨੂੰ ਝੂਠਾ ਆਚਰਨ ਵੀ ਕਿਹਾ ਜਾ ਸਕਦਾ ਹੈ ਕਿਉਂਕਿ ਅਸੀਂ ਜੋ ਹੋਣ ਦਾ ਨਾਟਕ ਕਰਦੇ ਹਾਂ, ਦਰਅਸਲ ਆਪਣੀ ਜੀਵਨ-ਜਾਚ ਵਿਚ ਉਹੋ ਜਿਹੇ ਹੁੰਦੇ ਨਹੀਂ।

ਸਾਡੇ ਸਿਆਸੀ ਆਗੂ ਗੱਲ ਤਾਂ ਆਮ ਜਨਤਾ ਦੇ ਅਲੰਬਰਦਾਰ ਹੋਣ ਦੀ ਕਰਦੇ ਹਨ, ਆਪ ਵਾਹ ਲਗਦੀ ਰਜਵਾੜਿਆਂ ਵਾਂਗ ਰਹਿਣ ਦੀ ਕੋਸ਼ਿਸ਼ ਕਰਦੇ ਹਨ। ਗਰੀਬ ਜਨਤਾ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਕਰਨ ਵਾਲੇ ਇਹੋ ਜਿਹੇ ਆਲੀਸ਼ਾਨ ਢੰਗ ਨਾਲ ਜੀਵਨ ਬਤੀਤ ਕਰਦੇ ਹਨ ਕਿ ਧਨਾਢ ਸਨਅਤਕਾਰਾਂ ਨੂੰ ਵੀ ਮਾਤ ਪਾਉਂਦੇ ਹਨ। ਸੰਸਦ ਵਿਚ ਹਰ ਅਹਿਮ ਬਿੱਲ ਦੇ ਪਾਸ ਹੋਣ ਸਮੇਂ ਵਿਚਾਰਧਾਰਕ ਵੰਡੀਆਂ ਕਾਰਨ ਸਿੰਙ ਫਸਾਈ ਰੱਖਣ ਵਾਲੇ ਮੈਂਬਰ ਉਸ ਸਮੇਂ ਸਾਰੇ ਮੱਤਭੇਦ ਭੁਲਾ ਕੇ ਇਕਮੁੱਠ ਹੋ ਜਾਂਦੇ ਹਨ ਜਦੋਂ ਗੱਲ ਉਨ੍ਹਾਂ ਦੇ ਆਪਣੇ ਭੱਤੇ ਵਧਾਉਣ ਦੀ ਹੋਵੇ।

ਪਰ ਦੋਸ਼ ਨਿਰਾ ਸਿਆਸਤਦਾਨਾਂ ਨੂੰ ਹੀ ਕਿਉਂ ਦੇਈਏ। ਦੋਗਲਾਪਣ, ਕਥਨੀ ਅਤੇ ਕਰਨੀ ਦਾ ਇਹ ਫਰਕ ਸਮਾਜ ਦੇ ਹਰ ਅੰਗ, ਹਰ ਤਬਕੇ ਵਿਚ ਦੇਖਿਆ ਜਾ ਸਕਦਾ ਹੈ। ਰਾਜਨੀਤੀ ਜਾਂ ਅਫਸਰਸ਼ਾਹੀ ਵਿਚ ਫੈਲੇ ਭ੍ਰਿਸ਼ਟਾਚਾਰ ਬਾਰੇ ਕਾਲਮਾਂ ਦੇ ਕਾਲਮ ਲਿਖਣ ਵਾਲੇ ਅਖ਼ਬਾਰ-ਨਵੀਸ, ਪੱਤਰਕਾਰ ਆਪਣੀ ਕਲਮ ਅਤੇ ਰਸੂਖ ਦੀ ਵਰਤੋਂ ਰਾਹੀਂ ਬਲੈਕਮੇਲ ਕਰਕੇ ਪੈਸਾ ਵਸੂਲਣੋਂ ਰਤਾ ਵੀ ਨਹੀਂ ਝਿਜਕਦੇ। ਪ੍ਰੈਸ ਦੀ ਆਜ਼ਾਦੀ ਦੀ ਦੁਹਾਈ ਦੇਣ ਵਾਲੇ ਵੱਡੇ ਅਖਬਾਰਾਂ ਦੇ ਸੰਪਾਦਕੀਆਂ ਤਕ ਦੇ ਵਿਕਣ ਦੀ ਗੱਲ ਹੁਣ ਗੁੱਝੀ ਨਹੀਂ ਰਹੀ। ਲੋਕਾਂ ਨੂੰ ਸਾਦਗੀ ਦਾ ਪਾਠ ਪੜ੍ਹਾਉਣ ਵਾਲੇ ਟਿੱਪਣੀਕਾਰ ਅਤੇ ਉਪਦੇਸ਼ਕ ਆਪਣੇ ਬੱਚਿਆਂ ਦੀਆਂ ਵਿਆਹ ਰਸਮਾਂ ਪੂਰੇ ਢੋਲ-ਢਮੱਕੇ ਅਤੇ ਸ਼ਾਨ-ਓ-ਸ਼ੌਕਤ ਨਾਲ ਕਰਦੇ ਹਨ। ਸੁੱਚੀਆਂ ਕਦਰਾਂ ਕੀਮਤਾਂ ਦੇ ਪਹਿਰੇਦਾਰ ਹੋਣ ਦਾ ਦਾਅਵਾ ਕਰਦੇ ਲੇਖਕ ਇਨਾਮਾਂ-ਸਨਮਾਨਾਂ ਨੂੰ ਆਪ ਹੜੱਪਣ ਜਾਂ ਆਪਣੇ ਮਿੱਤਰਾਂ-ਸਹੇਲੀਆਂ ਨੂੰ ਦੁਆਉਣ ਲਈ ਹਰ ਹਰਬਾ ਵਰਤਦੇ ਹਨ। ਸਟੇਜਾਂ ਤੋਂ ਭਰੂਣ ਹੱਤਿਆ ਵਿਰੁਧ ਨਾਅਰੇਬਾਜ਼ੀ ਕਰਨ ਵਾਲੇ ਬੁਲਾਰੇ, ਔਰਤਾਂ ਦੀ ਬਰਾਬਰੀ ਦੀ ਗੱਲ ਕਰਨ ਵਾਲੇ ਸੱਜਣ, ਨਿੱਜੀ ਜ਼ਿੰਦਗੀ ਵਿਚ ਨਾ ਤਾਂ ਆਪਣੀਆਂ ਪਤਨੀਆਂ ਦਾ ਗਰਭ ਗਿਰਾਉਣ ਤੋਂ ਝਿਜਕਦੇ ਹਨ ਅਤੇ ਨਾ ਹੀ ਉਨ੍ਹਾਂ ਨੂੰ ਘਰਾਂ ਵਿਚ ਦਬਾਅ ਕੇ ਰੱਖਣ ਤੋਂ।

ਪਰਿਵਾਰਾਂ ਵਿਚ ਬਜ਼ੁਰਗ ਮਾਪਿਆਂ ਨੂੰ ਗੁੱਠੇ ਲਾ ਕੇ ਭੁਲਾਈ ਰੱਖਣ ਵਾਲੇ, ਉਨ੍ਹਾਂ ਦੇ ਦਵਾ-ਦਾਰੂ 'ਤੇ ਪੈਸੇ ਖਰਚਣੋਂ ਗੁਰੇਜ਼ ਕਰਨ ਵਾਲੇ ਪੁੱਤਰ-ਨੂੰਹਾਂ, ਉਨ੍ਹਾਂ ਦੇ ਮਰ ਜਾਣ 'ਤੇ ਵੱਡੇ-ਵੱਡੇ ਸਮਾਗਮ ਕਰਾ ਕੇ ਭੰਡਾਰੇ ਕਰਦੇ ਹਨ ਅਤੇ ਇਹੋ ਜਿਹੀਆਂ ਗਿਣਤੀਆਂ-ਮਿਣਤੀਆਂ ਕਰਕੇ ਖੁਸ਼ ਹੁੰਦੇ ਹਨ ਕਿ ਲੋਕਾਂ ਦਾ ਇਕੱਠ ਕਿੰਨਾ ਭਰਵਾਂ ਸੀ। ਯਾਨਿ ਸਾਬਤ ਹੋ ਗਿਆ ਹੈ ਕਿ ਸ਼ਹਿਰ ਵਿਚ ਸਾਡੀ ਕਿੰਨੀ ਵੱਡੀ ਧਾਂਕ ਹੈ। ਵਿਗਿਆਨਕ ਸੋਚ ਦਾ ਧਾਰਨੀ ਹੋਣ ਦਾ ਦਾਅਵਾ ਕਰਨ ਵਾਲੇ ਅਤੇ ਆਪਣੇ ਆਪ ਨੂੰ ਤਰਕਸ਼ੀਲ ਕਹਿਣ ਵਾਲੇ ਸਿਆਣੇ ਆਪਣੇ ਘਰੇਲੂ ਸਮਾਗਮਾਂ ਵਿਚ ਪਾਠਾਂ ਦੇ ਭੋਗ ਪੁਆਉਣ, ਹਵਨ ਕਰਾਉਣ ਵੇਲੇ ਕਿਸੇ ਕਿਸਮ ਦੇ ਦਵੰਦ ਵਿਚੋਂ ਨਹੀਂ ਲੰਘਦੇ।

ਕੈਨੇਡਾ-ਅਮਰੀਕਾ ਅਤੇ ਹੋਰ ਦੇਸ਼ਾਂ ਵਿਚ ਵਸੇ ਭਾਰਤੀਆਂ ਦੇ ਵਧਦੇ ਰਸੂਖ ਕਾਰਨ ਇਕ ਪਾਸੇ ਮਾਣ ਨਾਲ ਛਾਤੀ ਫੁਲਾਉਣ ਵਾਲੇ ਲੋਕ ਦੂਜੇ ਪਾਸੇ ਪੰਜਾਬ ਵਿਚੋਂ ਭਈਆ ਕੌਮ ਨੂੰ ਕੱਢਣ ਦੀਆਂ ਗੱਲਾਂ ਕਰਦੇ ਹਨ, ਜਿਨ੍ਹਾਂ ਨੇ ਪੰਜਾਬ ਦੇ 'ਸੱਭਿਆਚਾਰ' ਨੂੰ ਗੰਧਲਾ ਕਰ ਦਿੱਤਾ ਹੈ, ਪੰਜਾਬੀ ਪੁੱਤਾਂ ਦੀਆਂ ਨੌਕਰੀਆਂ ਖੋਹ ਲਈਆਂ ਹਨ। ਆਸਟ੍ਰੇਲੀਆ ਵਿਚ ਭਾਰਤੀਆਂ 'ਤੇ ਹੋਏ ਹਮਲਿਆਂ ਦੀਆਂ ਕੁਝ ਮੰਦਭਾਗੀਆਂ ਘਟਨਾਵਾਂ ਉਤੇ ਸਾਰੇ ਆਸਟ੍ਰੇਲੀਅਨਾਂ ਨੂੰ ਨਸਲਵਾਦੀ ਗਰਦਾਨਣ ਵਾਲੇ ਲੋਕ ਜਦੋਂ ਨਿੱਜੀ (ਅਤੇ ਸਿਰਫ 'ਆਪਣੇ') ਚੌਗਿਰਦੇ ਵਿਚ ਬਹਿ ਕੇ ਖੁਲ੍ਹ ਕੇ ਗੱਲ ਕਰਦੇ ਹਨ ਤਾਂ ਦਲਿਤਾਂ ਪ੍ਰਤੀ ਆਪਣੇ ਅਸਲੀ ਵਤੀਰੇ ਨੂੰ ਵੀ ਨੰਗਾ ਕਰ ਜਾਂਦੇ ਹਨ।

ਆਪਣੇ ਮਿੱਤਰ ਵਿਸਾਖਾ ਸਿੰਘ ਵਾਂਗ ਮੈਂ ਵੀ ਆਪਣੀ ਜ਼ਿੰਦਗੀ ਦੇ ਬਹੁਤ ਸਾਰੇ ਵਰ੍ਹੇ ਭਾਰਤ ਤੋਂ ਬਾਹਰ ਗੁਜ਼ਾਰੇ ਹਨ ਅਤੇ ਮੈਨੂੰ ਭਾਂਤ ਭਾਂਤ ਦੀਆਂ ਕੌਮੀਅਤਾਂ ਦੇ ਲੋਕਾਂ ਵਿਚ ਰਹਿਣ ਵਿਚਰਨ, ਉਨ੍ਹਾਂ ਨੂੰ ਕੋਲੋਂ ਹੋ ਕੇ ਦੇਖਣ ਦਾ ਮੌਕਾ ਮਿਲਿਆ ਹੈ। ਕਥਨੀ-ਕਰਨੀ ਵਿਚ ਥੋੜ੍ਹਾ ਬਹੁਤ ਫਰਕ, ਆਪਣੇ ਅਕੀਦਿਆਂ ਤੋਂ ਕਦੇ ਕਦਾਈਂ ਥਿੜਕ ਜਾਣ ਦਾ ਵਰਤਾਰਾ ਹਰ ਥਾਂ ਲੱਭ ਜਾਂਦਾ ਹੈ ਪਰ ਜ਼ਿੰਦਗੀ ਦੇ ਹਰ ਪੜਾਅ, ਸਮਾਜ ਦੇ ਹਰ ਤਬਕੇ ਵਿਚ ਇਹੋ ਜਿਹਾ ਦੋਮੂੰਹਾਂਪਣ ਸ਼ਾਇਦ ਹੀ ਕਿਤੇ ਹੋਰ ਲੱਭੇ। ਇਹ ਸਾਡੇ ਭਾਰਤੀ ਸੱਭਿਆਚਾਰ ਦੀ ਵਿਲੱਖਣ ਨਿਸ਼ਾਨੀ ਹੈ, ਕਹਿਣਾ ਕੁਝ ਅਤੇ ਕਰਨਾ ਕੁਝ ਹੋਰ।

ਅੰਗਰੇਜ਼ੀ ਵਿਚ ਇਸ ਨੂੰ 'ਹਿਪੋਕ੍ਰੇਸੀ' ਕਹਿੰਦੇ ਹਨ। ਸ਼ਬਦਕੋਸ਼ ਵਿਚ ਤੁਹਾਨੂੰ ਇਸ ਦੇ ਇਹ ਅਰਥ ਮਿਲਣਗੇ:ਪਖੰਡ, ਛਲ, ਦੰਭ, ਮੋਮੋਠਗਣੀ ਅਤੇ ਕਪਟ ਵਿੱਦਿਆ।

ਇਨ੍ਹਾਂ ਵਿਚੋਂ ਮੈਨੂੰ ਕਪਟ ਵਿੱਦਿਆ ਸਭ ਤੋਂ ਵਧ ਢੁਕਵਾਂ ਸ਼ਬਦ ਜਾਪਦਾ ਹੈ। ਜਿੰਨਾ ਵਧ ਕੋਈ ਇਸ ਕਪਟ ਵਿੱਦਿਆ ਦਾ ਮਾਹਰ ਹੈ ਓਨਾ ਵਧ ਉਹ ਜ਼ਿੰਦਗੀ ਵਿਚ ਸਫਲ ਹੈ। ਸਗੋਂ ਸਾਡੇ ਦੇਸ਼ ਵਿਚ ਸਾਫ਼ਗੋਈ ਜਾਂ ਸਪੱਸ਼ਟ-ਬਿਆਨੀ ਨੂੰ ਕੋਈ ਢੋਈ ਨਹੀਂ। ਖਰੀ ਗੱਲ ਕਰਨ ਤੇ ਕਹਿਣ ਵਾਲਾ ਖੂੰਜੇ ਲੱਗਾ ਜਾਪਦਾ ਹੈ ਅਤੇ ਕਪਟ ਵਿੱਦਿਆ ਦਾ ਮਾਹਰ ਘਟਨਾਵਾਂ ਦੇ ਕੇਂਦਰ ਵਿਚ। ਸਾਡੇ ਇਸ ਸੱਭਿਆਚਾਰਕ ਵਰਤਾਰੇ ਨੇ ਸਾਡੇ ਅੰਦਰਲੀ ਪਖੰਡਬਾਜ਼ੀ ਉਤੇ ਇਹੋ ਜਿਹਾ ਮੁਲੰਮਾ ਚੜ੍ਹਾ ਦਿੱਤਾ ਹੈ ਕਿ ਇਹ ਆਪਣੇ ਆਪ ਵਿਚ ਇਕ ਵਿੱਦਿਆ ਜਾਂ ਵਿਗਿਆਨ ਦਾ ਰੂਪ ਧਾਰਨ ਕਰ ਚੁੱਕੀ ਹੈ। ਚੁਫੇਰੇ ਨਜ਼ਰ ਮਾਰਿਆਂ ਕਈ ਵਾਰ ਜਾਪਦਾ ਹੈ ਕਿ ਸਾਡੇ ਸਮਾਜ ਵਿਚ 'ਕਪਟੀਆਂ ਦਾ ਬੋਲ-ਬਾਲਾ, ਸੁੱਚਿਆਂ ਦਾ ਮੂੰਹ ਕਾਲਾ' ਵਾਲੀ ਹਾਲਤ ਹੋ ਗਈ ਹੈ।

# ਹਿੰਦ-ਪਾਕਿ ਦੁਵੱਲੀ ਗੱਲਬਾਤ ਦੀ ਦਿਸ਼ਾ

**ਡਾ. ਤਾਰਾ ਸਿੰਘ ਸੰਧੂ**

ਭਾਰਤ ਅਤੇ ਪਾਕਿਸਤਾਨ ਦਰਮਿਆਨ ਇਸਲਾਮਾਬਾਦ ਵਿਖੇ ਸਕੱਤਰ ਪੱਧਰ ਦੀ ਉਚ-ਵਾਰਤਾ ਦੇ ਵਿਰੋਧੀ, ਇਸ ਨੂੰ ਅਮਰੀਕਾ ਦੇ ਭਾਰਤ ਉਤੇ ਦਬਾਅ ਪਾ ਕੇ ਵਾਰਤਾ ਸ਼ੁਰੂ ਕਰਾਉਣ ਦਾ ਦੋਸ਼ ਲਾ ਰਹੇ ਹਨ। ਇਸ ਤੋਂ ਪਹਿਲਾਂ 29 ਅਪਰੈਲ ਨੂੰ ਥਿੰਪੂ ਵਿਚ ਹੋਈ ਮੁਲਾਕਾਤ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਵਿਚਕਾਰ ਦੋਵਾਂ ਦੇਸ਼ਾਂ ਦੇ ਵਿਸ਼ਵਾਸ ਦੀ ਬਹਾਲੀ ਲਈ ਸਕੱਤਰ ਪੱਧਰ ਦੀ ਵਾਰਤਾ ਸ਼ੁਰੂ ਕਰਨ 'ਤੇ ਸਹਿਮਤੀ ਹੋਈ ਸੀ।

ਪਾਕਿਸਤਾਨ ਨਾਲ 1947 ਤੋਂ ਬਾਅਦ ਸਮਝੌਤੇ ਅਤੇ ਯੁੱਧ ਹੋਏ ਹੋਣ ਕਰ ਕੇ ਦੋਵਾਂ ਪਾਸਿਆਂ ਦੀਆਂ ਸਰਕਾਰਾਂ ਅਤੇ ਲੋਕਾਂ ਵਿਚ ਇਨ੍ਹਾਂ ਵਾਰਤਾਵਾਂ ਦੇ ਨਰੋਏ ਸਿੱਟੇ ਨਿਕਲਣ ਬਾਰੇ ਹਮੇਸ਼ਾ ਸ਼ੰਕਾ ਬਣਿਆ ਰਹਿੰਦਾ ਹੈ, ਜਿਸ ਦੀਆਂ ਜੜ੍ਹਾਂ ਬਹੁਤ ਦੂਰ-ਦੂਰ ਤਕ ਜਾਂਦੀਆਂ ਹਨ। ਹਕੀਕਤ ਵਿਚ ਭਾਰਤ ਵਿਚ ਸੋਚ ਦਾ ਇਕ ਧੜਾ "ਪਾਕਿਸਤਾਨ ਦੀ ਹੋਂਦ ਤੋਂ ਹੀ ਇਨਕਾਰੀ" ਹੈ।

ਇਸ ਦਾ ਮੁੱਖ ਕਾਰਨ ਇਹ ਹੈ ਕਿ 1947 ਦੀ ਵੰਡ ਨੇ ਜਿੰਨਾ ਨੁਕਸਾਨ ਪੰਜਾਬ ਤੇ ਪੱਛਮੀ ਬੰਗਾਲ ਦਾ ਕੀਤਾ ਹੈ, ਓਨਾ ਕਿਸੇ ਵੀ ਭਾਰਤੀ ਕੌਮੀਅਤ ਦਾ ਕਸ਼ਮੀਰ ਤੋਂ ਬਿਨਾਂ ਨਹੀਂ ਹੋਇਆ। ਇਸ ਵੰਡ ਕਰ ਕੇ ਦੋਹੀਂ ਪਾਸੀਂ ਫਸਾਦਾਂ ਵਿਚ ਦਸ ਲੱਖ ਲੋਕ ਮਾਰੇ ਗਏ ਅਤੇ ਅੱਸੀ ਲੱਖ ਉਜੜ ਗਏ। ਔਰਤਾਂ 30,335 ਉਧਾਲੀਆਂ ਗਈਆਂ ਅਤੇ 860 ਬੱਚੇ ਭਾਰਤ ਦੇ ਪੰਜਾਬ ਵਿਚ ਮਾਂ-ਮਹਿਟਰ ਬਣ ਗਏ, ਜਿਨ੍ਹਾਂ ਦੀਆਂ ਮਾਂਵਾਂ ਨੂੰ ਪਾਕਿਸਤਾਨ ਦੀ ਫੌਜ ਲੈ ਗਈ।

ਇਸ ਤੋਂ ਪਹਿਲਾਂ 1929 ਵਿਚ ਯੂਨਾਨ ਅਤੇ ਬੁਲਗਾਰੀਆ ਵਿਚ ਵੀਹ ਲੱਖ ਦੀ ਆਬਾਦੀ ਦੇ ਪੁਰਅਮਨ ਤਬਾਦਲੇ ਦੀ ਉਦਾਹਰਣ ਸੰਸਾਰ ਵਿਚ ਮਿਲਦੀ ਹੈ ਜੋ ਤਿੰਨ ਸਾਲ ਵਿਚ ਹੋਇਆ ਸੀ ਅਤੇ ਦੋਹੀਂ ਪਾਸੀਂ ਇਕ ਵੀ ਵਿਅਕਤੀ ਮਾਰਿਆ ਨਹੀਂ ਸੀ ਗਿਆ। ਇਥੋਂ ਤਕ ਕਿ ਉਨ੍ਹਾਂ ਦੀਆਂ ਜਾਇਦਾਦਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ ਸੀ, ਪ੍ਰੰਤੂ ਇਥੇ ਤਾਂ ਮਾਲੀ ਨੁਕਸਾਨ ਵੀ ਸਾਰੀਆਂ ਹੱਦਾਂ ਟੱਪ ਗਿਆ ਸੀ। ਇਕੱਲੇ ਲਹਿੰਦੇ ਪੰਜਾਬ (ਪਾਕਿਸਤਾਨ) ਦੇ ਹਿੰਦੂ ਅਤੇ ਸਿੱਖ, ਸ਼ਹਿਰਾਂ ਵਿਚ ਹੀ 1,54,000 ਮਕਾਨ ਅਤੇ 51,000 ਦੁਕਾਨਾਂ ਛੱਡ ਆਏ ਅਤੇ ਚੜ੍ਹਦੇ ਪੰਜਾਬ (ਭਾਰਤ) ਵਿਚੋਂ ਮੁਸਲਮਾਨ ਸ਼ਹਿਰੀ 1,12,000 ਮਕਾਨ ਅਤੇ 17,000 ਦੁਕਾਨਾਂ ਛੱਡ ਗਏ। ਸੰਨ 1947 ਤੋਂ ਬਾਅਦ ਜਦੋਂ ਜ਼ਮੀਨਾਂ ਦੀ ਅਲਾਟਮੈਂਟ ਕੀਤੀ ਤਾਂ ਚੜ੍ਹਦੇ ਪੰਜਾਬ ਵਿਚ ਦਸ ਏਕੜ ਵਾਲੇ ਨੂੰ ਸਾਢੇ ਸੱਤ ਏਕੜ, ਸੌ ਏਕੜ ਵਾਲੇ ਨੂੰ ਸਿਰਫ ਸਾਢੇ ਪੰਜਾਹ ਏਕੜ ਜ਼ਮੀਨ ਅਲਾਟ ਹੋਈ। ਪੰਜਾਬ ਨਾਲ ਇਹ ਬੇਇਨਸਾਫੀ ਦੂਹਰੀ ਹੋ ਗਈ ਕਿਉਂਕਿ ਇਨ੍ਹਾਂ ਨੂੰ ਜ਼ਮੀਨ ਅਲਾਟ ਵੀ ਪੰਜਾਬ ਵਿਚ ਕੀਤੀ ਗਈ ਜਦੋਂ ਕਿ ਯੂ.ਪੀ., ਮੱਧ ਪ੍ਰਦੇਸ਼, ਰਾਜਸਥਾਨ ਅਤੇ ਬਿਹਾਰ ਵਰਗੇ ਖੁਲ੍ਹੀਆਂ ਜ਼ਮੀਨਾਂ ਵਾਲੇ ਸੂਬਿਆਂ ਵਿਚ ਪੂਰੀ ਜਾਂ ਵਧੇਰੇ ਜ਼ਮੀਨ ਅਲਾਟ ਕੀਤੀ ਜਾ ਸਕਦੀ ਸੀ।



1947 ਦੀ ਵੰਡ ਤੋਂ ਪਹਿਲਾਂ ਨਹਿਰੀ-ਪ੍ਰਣਾਲੀ ਰਾਹੀਂ 260 ਲੱਖ ਏਕੜ ਨੂੰ ਸਿੰਜਿਆ ਜਾਂਦਾ ਸੀ ਜੋ ਸੰਸਾਰ ਵਿਚ ਸਭ ਤੋਂ ਵਧ ਸਿੰਜਾਈ ਵਾਲਾ ਇਲਾਕਾ ਸੀ। ਅਮਰੀਕਾ ਵਿਚ 230 ਲੱਖ ਏਕੜ ਨੂੰ ਨਹਿਰੀ ਪਾਣੀ ਰਾਹੀਂ ਸਿੰਜਿਆ ਜਾਂਦਾ ਹੈ। 18 ਸਤੰਬਰ 1960 ਨੂੰ ਰਾਵਲਪਿੰਡੀ ਵਿਖੇ ਦੋਵਾਂ ਦੇਸ਼ਾਂ ਵਿਚ ਹੋਈ ਸਿੰਧ ਜਲ ਸੰਧੀ ਵਿਚ ਭਾਰਤ ਨੂੰ ਸਿੰਧ ਦੇ ਪਾਣੀਆਂ ਵਿਚੋਂ ਕੇਵਲ 20 ਪ੍ਰਤੀਸ਼ਤ ਪਾਣੀ ਹੀ ਮਿਲਿਆ ਅਤੇ ਪਾਕਿਸਤਾਨ ਨੂੰ 80 ਪ੍ਰਤੀਸ਼ਤ ਪਾਣੀ ਚਲਿਆ ਗਿਆ, ਕਿਉਂਕਿ ਪੱਛਮੀ ਦਰਿਆਵਾਂ ਵਿਚ ਪੂਰਬੀ ਦਰਿਆਵਾਂ ਨਾਲੋਂ ਪਾਣੀ ਦੀ ਮਿਕਦਾਰ ਬਹੁਤ ਜ਼ਿਆਦਾ ਹੈ।

ਸਭ ਤੋਂ ਵੱਡਾ ਨੁਕਸਾਨ ਇਹ ਵੀ ਹੋਇਆ ਕਿ ਪੰਜਾਬ, ਜੋ ਇਕ ਕੌਮੀਅਤ ਤੋਂ ਪੰਜਾਬੀ ਸੱਭਿਅਤਾ ਦੀ ਉਸਾਰੀ ਵਲ ਤੇਜ਼ੀ ਨਾਲ ਵਧ ਰਿਹਾ ਸੀ, ਉਹ ਅਮਲ ਬਿਲਕੁਲ ਬੰਦ ਹੋ ਗਿਆ ਅਤੇ ਪੰਜਾਬੀ ਬੋਲੀ, ਪੰਜਾਬੀ ਸਭਿਆਚਾਰ ਨੂੰ ਬਹੁਤ ਵੱਡੀ ਸੱਟ ਵੱਜ ਗਈ। ਇਸ ਦੇ ਨਾਲ-ਨਾਲ ਪੰਜਾਬ 1965 ਅਤੇ 1971 ਦੀਆਂ ਜੰਗਾਂ ਦੀ ਲਪੇਟ ਵਿਚ ਆਇਆ। ਬਹੁਤ ਸਾਰਾ ਨੁਕਸਾਨ ਆਪਣੇ ਪਿੰਡੇ 'ਤੇ ਝੱਲ ਗਿਆ। ਹੁਣ ਦੋਵਾਂ ਪਾਸਿਆਂ ਦੇ ਲੋਕ 1947 ਦੀ ਵੰਡ ਦੇ ਦੁਖਾਂਤ ਨੂੰ ਭੁੱਲ ਕੇ ਸਰਹੱਦਾਂ, ਦੀਵਾਰਾਂ ਨੂੰ ਨਰਮ ਕਰਨ ਅਤੇ ਖੁਸ਼ਕੀ ਦੇ ਰਸਤੇ ਨੂੰ ਖੋਲ੍ਹਣ ਦੇ ਜਜ਼ਬਾਤ ਦਾ ਕਈ ਵਾਰ ਇਜ਼ਹਾਰ ਕਰ ਚੁੱਕੇ ਹਨ। ਹੁਣ ਪਾਕਿਸਤਾਨ ਇਕ ਹਕੀਕਤ ਹੈ ਅਤੇ ਉਹ ਸਾਡਾ ਗੁਆਂਢੀ ਦੇਸ਼ ਹੈ। ਹੁਣ ਉਸ ਦੀ ਹੋਂਦ ਤੋਂ ਮੁਨਕਰ ਹੋਣਾ ਵਾਜਬ ਨਹੀਂ ਹੈ।

ਦੋਵਾਂ ਦੇਸ਼ਾਂ ਵਿਚ ਇਹ ਵਾਰਤਾ ਉਸ ਸਮੇਂ ਹੋ ਰਹੀ ਹੈ ਜਦੋਂ ਚੀਨ-ਪਾਕਿਸਤਾਨ ਪ੍ਰਮਾਣੂ ਸਮਝੌਤਾ ਆਪਸ ਵਿਚ ਕਰ ਚੁੱਕੇ ਹਨ ਅਤੇ ਭਾਰਤ ਨਾਲ ਦੋਵਾਂ ਦੇਸ਼ਾਂ ਦੀ ਘੱਟ-ਵਧ ਦੂਰੀ ਹੈ। ਅਮਰੀਕਾ ਪਹਿਲਾਂ ਹੀ ਏਸ਼ੀਆ ਵਿਚ ਚੀਨ ਅਤੇ ਭਾਰਤ ਦੇ ਵਧ ਰਹੇ ਪ੍ਰਭਾਵ ਅਤੇ ਵਿਕਾਸ ਤੋਂ ਚਿੰਤਤ ਹੈ। ਦੂਜੇ ਪਾਸੇ ਚੀਨ ਦੇ ਕਾਮਰੇਡ ਮਾਓ-ਜ਼ੇ-ਤੁੰਗ ਦੇ ਸੱਭਿਆਚਾਰਕ ਇਨਕਲਾਬ ਅਤੇ 1962 ਦੀ ਜੰਗ ਦੇ ਸਮੇਂ ਤੋਂ ਪਸਾਰ ਵਾਦੀ ਨੀਤੀ ਆਏ ਦਿਨ ਭਾਰਤ ਨੂੰ ਨਵੇਂ ਰੰਗ ਵਿਖਾ ਰਹੀ ਹੈ। ਭਾਰਤ ਇੱਕੋ ਸਮੇਂ ਚੀਨ ਤੇ ਪਾਕਿਸਤਾਨ ਨਾਲ ਦੁਸ਼ਮਣੀ ਰੱਖਣ ਜਾਂ ਸਵੈ-ਸੁਰੱਖਿਆ ਦੀ ਹੈਸੀਅਤ ਵਿਚ ਨਹੀਂ ਹੈ। ਭਾਰਤ ਦੇ ਆਰਥਿਕ ਹਿਤ ਤੇ ਪਾਕਿਸਤਾਨ ਦੀ ਭੂਗੋਲਿਕ ਸਥਿਤੀ ਵੀ ਦਾਰ-ਉਲ-ਇਸਲਾਮ ਦੇ 90 ਦੇਸ਼ਾਂ ਨਾਲ ਭਾਰਤ ਦੇ ਵਪਾਰ ਨੂੰ ਦੋਸਤੀ ਅਤੇ ਸ਼ਾਂਤੀ ਨਾਲ ਜੋੜ ਸਕਦੀ ਹੈ। ਇਹ ਹੀ ਸੋਚ ਭਾਰਤ ਨੂੰ ਅਫਗਾਨਿਸਤਾਨ ਵਿਚ ਸੋਵੀਅਤ ਯੂਨੀਅਨ ਅਤੇ ਅਮਰੀਕਾ ਦੇ ਹੱਥ ਜਲਾ ਕੇ ਭੱਜਣ ਤੋਂ ਬਾਅਦ ਵੀ ਅੱਗ ਵਿਚ ਹੱਥ ਪਾਉਣ ਲਈ ਮਜਬੂਰ ਕਰ ਰਹੀ ਹੈ। 21ਵੀਂ ਸਦੀ ਆਰਥਿਕਤਾ ਦੀ ਸਦੀ ਹੈ ਅਤੇ ਭਾਰਤ ਲਈ ਦਾਰ-ਉਲ-ਇਸਲਾਮ ਦੀ ਵੱਡੀ ਮੰਡੀ ਚੁੰਬਕੀ ਖਿੱਚ ਬਣੀ ਹੋਈ ਹੈ। ਦਹਿਸ਼ਤਗਰਦੀ ਕੌਮੀ ਵਰਤਾਰਾ ਬਣਦਾ ਜਾ ਰਿਹਾ ਹੈ ਅਤੇ ਪਾਕਿਸਤਾਨ ਦੇ ਇਲਾਕੇ ਦਾ ਬਹੁਤਾ ਵੱਡਾ ਹਿੱਸਾ ਇਸ ਦੀ ਮਾਰ ਵਿਚ ਹੈ। ਪੰਜਾਬੀ ਦੀ ਇਕ ਕਹਾਵਤ ਹੈ, 'ਚੰਦਰਾ ਗੁਆਂਢ ਬੁਰਾ...'

ਜਿਸ ਦਾ ਇੱਥੇ ਜ਼ਿਕਰ ਕਰਨਾ ਵਾਜਬ ਜਾਪਦਾ ਹੈ।

ਪਾਕਿਸਤਾਨ ਦੀ ਦਹਿਸ਼ਤਗਰਦੀ ਦਾ ਸੇਕ ਸਭ ਤੋਂ ਵਧ ਭਾਰਤ ਨੂੰ ਲਗਦਾ ਹੈ। ਜੇਕਰ ਭਾਰਤ-ਪਾਕਿਸਤਾਨ ਦਹਿਸ਼ਤਗਰਦੀ ਦੀ ਰੋਕਥਾਮ, ਖੁਸ਼ਕ ਬੰਦਰਗਾਹ ਰਾਹੀਂ ਵਪਾਰਕ ਲਾਂਘਾ ਬਣਾਉਣ, ਵਿੱਦਿਆ ਅਤੇ ਟੂਰਿਜ਼ਮ, ਧਾਰਮਿਕ ਅਸਥਾਨਾਂ ਦੀ ਯਾਤਰਾ ਦੀ ਖੁਲ੍ਹ ਤੇ ਵੀਜ਼ਾ-ਪ੍ਰਣਾਲੀ ਨੂੰ ਸੌਖੇਰੇ ਬਣਾਉਣ ਵਰਗੇ ਕਦਮਾਂ 'ਤੇ ਕੁਝ ਅੱਗੇ ਵਧ ਸਕਦੇ ਹਨ ਤਾਂ ਇਹ ਦੋਹਾਂ ਦੇਸ਼ਾਂ ਦੇ ਲੋਕਾਂ ਤੇ ਸਰਕਾਰਾਂ ਦੇ ਭਲੇ ਵਾਲੇ ਕਦਮ ਹਨ।

'ਅੱਗ ਦਾ ਜਲਿਆ ਲੱਸੀ ਨੂੰ ਵੀ ਫੂਕਾਂ ਮਾਰ ਕੇ ਪੀਂਦਾ ਹੈ।' ਇਹ ਇਕ ਠੋਸ ਹਕੀਕਤ ਹੈ, ਪ੍ਰੰਤੂ ਔਖੇ ਤੇ ਬਿਖੜੇ ਪੈਂਡਿਆਂ ਤੇ ਕੌਮਾਂ, ਦੇਸ਼ਾਂ, ਵਿਅਕਤੀਆਂ ਨੂੰ ਚੱਲਣਾ ਪੈਂਦਾ ਹੈ। ਦੋਵਾਂ ਦੇਸ਼ਾਂ ਦੀ ਇਸ ਵਾਰਤਾ ਤੋਂ ਘਬਰਾਹਟ ਚੀਨ, ਅਮਰੀਕਾ ਜਾਂ ਹੋਰ ਕਿਸੇ ਭਾਰਤ ਵਿਰੋਧੀ ਨੂੰ ਹੋ ਸਕਦੀ ਹੈ ਪ੍ਰੰਤੂ ਕਾਲੇ ਬੱਦਲਾਂ 'ਚੋਂ ਰੌਸ਼ਨੀ ਦੀਆਂ ਕੁਝ ਕਿਰਨਾਂ ਵੀ ਬਾਹਰ ਆਉਣ ਤਾਂ ਚੰਗੀਆਂ ਹਨ।

# ਜਾਨੀ ਚੋਰ ਦਾ ਜਾਂ-ਨਸ਼ੀਨ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਰੋਜ਼ ਦੀ ਤਰ੍ਹਾਂ ਪਹੁ-ਫੁਟਾਲਾ ਹੁੰਦਿਆਂ ਹੀ ਲਾਲਾ ਗਿਰਧਾਰੀ ਲਾਲ 'ਹਰੀ ਓਮ, ਹਰੀ ਓਮ' ਕਰਦਾ ਆਪਣੀ ਦੁਕਾਨ ਦੇ ਦਰਵਾਜ਼ੇ ਅੱਗੇ ਜਾ ਖੜ੍ਹਾ ਹੋਇਆ। ਘਰ ਤਾਂ ਉਸਦਾ ਪਿੰਡ ਦੇ ਵਿਚਕਾਰ ਜਿਹੇ ਸੀ, ਪਰ ਦੁਕਾਨ ਪਿੰਡ ਵਿਚੋਂ ਗੁਜ਼ਰਦੀ ਸੜਕ 'ਤੇ ਦੋਪਾਸੀਂ ਬਣੇ ਹੋਏ ਰਿਹਾਇਸ਼ੀ ਮਕਾਨਾਂ ਵਿਚੋਂ ਇਕ 'ਚ ਸੀ। ਖੰਡ, ਚਾਹ-ਪੱਤੀ ਜਾਂ ਹੋਰ ਨਿੱਕੇ ਮੋਟੇ ਘਰੇਲੂ ਸੌਦੇ-ਪੱਤੇ ਲੈਣ ਲਈ ਕਈ ਪੇਂਡੂ ਸੁਆਣੀਆਂ ਮੂੰਹ-ਹਨ੍ਹੇਰੇ ਹੀ ਦੁਕਾਨ 'ਤੇ ਆ ਜਾਂਦੀਆਂ ਜਾਂ ਆਪਣੇ ਬਾਲਾਂ ਨੂੰ ਭੇਜ ਦਿੰਦੀਆਂ। ਇਸ ਤੋਂ ਇਲਾਵਾ ਸੁਵਖਤੇ ਤੁਰੇ ਹੋਏ ਰਾਹੀ-ਮੁਸਾਫਿਰ ਅਤੇ ਪਿੰਡ ਦੇ ਕਈ ਨਸ਼ੇੜੀ, ਬੀੜੀ-ਸਿਗਰਟ ਲੈਣ ਵਾਸਤੇ ਵੀ ਦੁਕਾਨ 'ਤੇ ਸਾਝਰੇ ਪਹੁੰਚ ਜਾਂਦੇ। ਗਾਹਕ ਤਾਂ ਦੁਕਾਨਦਾਰ ਲਈ ਰੱਬ ਦਾ ਰੂਪ ਹੁੰਦੇ ਹਨ। ਇਸੇ ਕਰਕੇ ਲਾਲਾ, ਅੰਮ੍ਰਿਤ ਵੇਲੇ ਦੁਕਾਨ ਖੋਲ੍ਹਣੋਂ ਕਦੀ ਨਾ ਖੁੰਝਦਾ।

ਅੱਜ ਉਸਨੇ ਕੰਨਾਂ ਨੂੰ ਹੱਥ ਛੁਹਾ ਕੇ ਰੱਬ ਨੂੰ ਧਿਆਉਂਦਿਆਂ ਜਿਉਂ ਹੀ ਫਤੂਹੀ ਦੀ ਅੰਦਰਲੀ ਜੇਬ 'ਚੋਂ ਕੁੰਜੀ ਕੱਢ ਕੇ ਜਿੰਦਰੇ ਨੂੰ ਹੱਥ ਪਾਇਆ ਤਾਂ ਖੁੱਲ੍ਹਾ ਜਿੰਦਰਾ ਦੇਖ ਕੇ ਉਹਦੇ ਹੋਸ਼ ਉਡ ਗਏ! ਇੱਕ ਤਾਂ ਲਾਲਾ ਊਂ ਦਮੇ ਦਾ ਮਰੀਜ਼, ਉਤੋਂ ਦੁਕਾਨ ਦਾ ਟੁੱਟਾ ਤਾਲਾ ਦੇਖ ਕੇ ਉਹਦਾ ਹੇਠਲਾ ਸਾਹ ਹੇਠਾਂ ਤੇ ਉਤਲਾ ਸਾਹ ਉਤੇ ਰਹਿ ਗਿਆ! ਉਸਦਾ ਚਿੱਤ ਕਰੇ ਕਿ 'ਮਾਰੇ ਗਏ-ਲੁੱਟੇ ਗਏ' ਦਾ ਰੌਲਾ ਪਾ ਦੇਵੇ। ਪਰ ਦੂਸਰੇ ਹੀ ਪਲ ਉਸ ਦੇ ਢਹਿੰਦੇ ਜਾ ਰਹੇ ਦਿਲ ਨੂੰ 'ਸਵੈ-ਧਰਵਾਸ' ਮਿਲ ਗਿਆ, 'ਹੋ ਸਕਦੈ ਕਿ ਰਾਤੀਂ ਮੇਰੇ ਕੋਲੋਂ ਹੀ ਜਿੰਦਾ ਲਾਉਣ ਵੇਲੇ ਕਾਹਲੀ 'ਚ ਖੁੱਲ੍ਹਾ ਰਹਿ ਗਿਆ ਹੋਵੇ।' ਇਹ ਚਿਤਵਦਿਆਂ ਉਸਨੇ ਸੁੱਕਦੇ ਮੂੰਹ ਨਾਲ ਦੋ ਵਾਰ 'ਰਾਮ ਰਾਮ' ਕਿਹਾ 'ਰੱਬ ਕਰੇ ਇਉਂ ਹੀ ਹੋਇਆ ਹੋਵੇ।' ਇਹ ਸੋਚ ਕੇ ਤਕੜਾ ਜਿਹਾ ਜਿਗਰਾ ਕਰਕੇ ਲਾਲੇ ਨੇ ਦਰਵਾਜ਼ਾ ਖੋਲ੍ਹਿਆ। ਆਲੇ ਵਿਚ ਪਿਆ ਲੈਂਪ ਜਗਾਇਆ। ਰੋਸ਼ਨੀ ਹੋਈ ਤੇ ਉਸਨੇ ਦੋਹਾਂ ਹੱਥਾਂ ਨਾਲ ਆਪਣੀ ਐਨਕ ਉਤਾਂਹ ਨੂੰ ਚੁੱਕਦਿਆਂ ਸਭ ਤੋਂ ਪਹਿਲਾਂ ਗੱਲੇ ਵਲ ਨਜ਼ਰ ਮਾਰੀ। ਭਾਂਅ-ਭਾਂਅ ਕਰਦਾ ਖਾਲੀ ਪਿਆ ਗੱਲਾ ਦੇਖ ਕੇ ਗਿਰਧਾਰੀ ਲਾਲ ਨੂੰ ਗਸ਼ ਪੈਣ ਨੂੰ ਕਰੇ। ਆਪਣੇ ਆਪ ਨੂੰ ਕਾਬੂ 'ਚ ਰੱਖਦਿਆਂ ਉਸਨੇ ਕੰਬਦੇ ਹੱਥਾਂ ਨਾਲ ਗੱਲਾ ਚੁੱਕਿਆ ਤੇ ਬੰਦ ਕਰਕੇ ਥਾਂ ਸਿਰ ਰੱਖਿਆ। ਬੇ-ਦਿਲੀ ਨਾਲ ਆਲੇ-ਦੁਆਲੇ ਨਿਗਾਹ ਘੁਮਾਈ। ਹੋਏ ਨੁਕਸਾਨ ਦਾ ਅੰਦਾਜ਼ਾ ਲਾਉਣ ਲਈ ਉਸਨੇ ਦੁਕਾਨ 'ਚ ਪਈਆਂ ਵਸਤਾਂ ਨੂੰ ਗਹੁ ਨਾਲ ਤਾੜਿਆ।

ਲਾਲੇ ਦਾ ਕਿਆਸ ਗ਼ਲਤ ਨਿਕਲਿਆ। ਉਸਨੇ ਤਾਂ ਸੋਚਿਆ ਸੀ ਕਿ ਚੋਰ ਦੁਕਾਨ 'ਚੋਂ ਸਭ ਕੁਝ ਹੂੰਝ ਕੇ ਲੈ ਗਏ ਹੋਣਗੇ, ਪਰ ਅੰਦਰ ਸਾਰਾ ਕੁਝ ਥਾਉਂ-ਥਾਈਂ ਪਿਆ ਦੇਖ ਕੇ ਉਹਦੇ ਸਾਹ 'ਚ ਸਾਹ ਆਇਆ। ਹੈਰਾਨੀ ਵਾਲੀ ਗੱਲ ਇਹ ਸੀ ਕਿ ਗੱਲਾ ਲੁੱਟਣ ਤੋਂ ਇਲਾਵਾ ਚੋਰਾਂ ਨੇ ਅੰਦਰੋਂ ਭੁਜੀਏ ਦੇ ਸਾਰੇ ਪੈਕਟ, ਤਿਲਾਂ ਵਾਲੀਆਂ ਰਿਉੜੀਆਂ, ਬਿਸਕੁਟਾਂ, ਟਾਫੀਆਂ ਦੇ ਪੈਕਟ ਅਤੇ ਮੂੰਗਫਲੀ ਦਾ ਅੱਧਾ ਕੁ ਥੈਲਾ ਹੀ ਚੁੱਕੇ ਸਨ, ਹੋਰ ਕੁਝ ਨਹੀਂ ਸੀ ਹਿਲਾਇਆ ਹੋਇਆ। ਗੱਲੇ ਦਾ ਵੀ ਬਹੁਤਾ ਨੁਕਸਾਨ ਨਹੀਂ ਸੀ ਹੋਇਆ, ਕਿਉਂਕਿ ਰਾਤੀਂ ਜਾਣ ਵੇਲੇ ਲਾਲੇ ਨੇ ਮੋਟੇ-ਮੋਟੇ ਨੋਟ ਜੇਬ 'ਚ ਪਾ ਲਏ ਸਨ। ਇਸ ਅਚੰਭੇ ਭਰੀ ਚੋਰੀ ਕਾਰਨ ਲਾਲਾ ਭੈਅ-ਭੀਤ ਹੋ ਗਿਆ।

ਦਿਨ ਚੜ੍ਹੇ ਖੋਜੀ ਸੱਦਿਆ ਗਿਆ। ਕੁਝ ਹੱਥ-ਪੱਲੇ ਨਾ ਪਿਆ। ਲਾਗਲੇ ਸ਼ਹਿਰ ਦੇ ਠਾਣੇ ਰਪਟ ਲਿਖਾਈ ਗਈ। ਪੁਲਿਸ ਵਾਲੇ ਲਾਲੇ ਨੂੰ ਕਿਸੇ 'ਸ਼ੱਕੀ' ਦਾ ਨਾਂ ਲੈਣ ਲਈ ਆਖਣ ਲੱਗੇ ਤਾਂ ਕਿ ਕਿਸੇ ਦੇ ਹੱਡ ਸੇਕ ਕੇ ਉਹ ਆਪਣੀ ਜੇਬ ਗਰਮ ਕਰ ਸਕਣ। ਪਰ ਲਾਲੇ ਨੇ ਕਿਸੇ ਦਾ ਨਾਮ ਨਾ ਲਿਆ। ਇਸ ਅਜੀਬ ਕਿਸਮ ਦੀ ਚੋਰੀ ਦੀ ਚਰਚਾ ਪਿੰਡ ਵਿਚ ਕਈ ਦਿਨ ਚਲਦੀ ਰਹੀ, ਪਰ ਸੁਰਾਗ ਕੋਈ ਨਾ ਮਿਲਿਆ। ਬੇਸ਼ੱਕ ਨੁਕਸਾਨ ਬਹੁਤਾ ਨਾ ਹੋਇਆ ਹੋਣ ਕਰਕੇ ਲਾਲੇ ਨੂੰ ਇਸ ਚੋਰੀ ਦਾ ਕੋਈ ਖਾਸ ਗਮ ਨਾ ਹੋਇਆ ਪਰ ਉਹਦੇ ਦਿਲ ਨੂੰ ਧੁਖ-ਧੁਖੀ ਜ਼ਰੂਰ ਲੱਗ ਗਈ ਕਿ ਕੱਲ੍ਹ-ਕਲੋਤਰ ਨੂੰ ਵੱਡੀ ਚੋਰੀ ਵੀ ਹੋ ਸਕਦੀ ਹੈ। ਚੋਰਾਂ ਦਾ ਕੀ ਭਰੋਸਾ? ਕਿਸੇ ਦਿਨ ਫਿਰ ਹੱਥ ਫੇਰ ਜਾਣ। ਇਹਤਿਆਤ ਵਜੋਂ ਜਿੰਦਰਾ ਬਦਲ ਦਿੱਤਾ। ਚੋਰਾਂ ਦੀ ਸ਼ਨਾਖਤ ਦਾ ਕੰਮ ਰੱਬ ਆਸਰੇ ਛੱਡ ਕੇ ਲਾਲਾ ਪਹਿਲਾਂ ਵਾਂਗ ਹੀ ਦੁਕਾਨ ਚਲਾਉਣ ਲੱਗ ਪਿਆ।

ਦਸਾਂ ਬਾਰਾਂ ਕੁ ਦਿਨਾਂ ਬਾਅਦ ਜਦ ਸਰਕਾਰੀ ਸਕੂਲ ਵਿਚ ਛੁੱਟੀ ਹੋਈ ਤਾਂ ਦੁਕਾਨ ਮੋਹਰਿਉਂ ਗਿਰਧਾਰੀ ਦਾ ਭਤੀਜਾ ਸ਼ਾਮੂ ਲੰਘਿਆ। ਦੋ ਕੂ ਪੈਰ ਅਗਾਂਹ ਜਾ ਕੇ, ਉਹ ਆਪਣੇ ਬਸਤੇ ਵਿਚੋਂ ਕੁਝ ਕੱਢਣ ਦੀ ਕੋਸ਼ਿਸ਼ ਕਰਦਾ ਹੋਇਆ ਦੁਕਾਨ ਵਲ ਨੂੰ ਮੁੜਿਆ। ਲਾਲੇ ਨੂੰ ਇਕ ਸਿੱਕਾ ਫੜਾਉਂਦਿਆਂ ਉਸ ਆਖਿਆ, "ਚਾਚਾ ਚੁਆਨੀ ਦੀਆਂ ਸਲੇਟੀਆਂ ਦੇਈਂ?"

"ਓਏ ਕਮਲਿਆ, ਚੁਆਨੀ ਤਾਂ ਤੂੰ ਖੋਟੀ ਚੁੱਕੀ ਫਿਰਦੈਂ?" ਆਪਣੀ ਹਥੇਲੀ 'ਤੇ ਪਈ ਚੁਆਨੀ ਨੂੰ ਸਿੱਧੀ-ਪੁੱਠੀ ਕਰਕੇ ਦੇਖਦਾ ਹੋਇਆ ਲਾਲਾ ਬੋਲਿਆ। ਚੁਆਨੀ ਦੇ ਸਿੱਕੇ ਦਾ ਸ਼ੇਰਾਂ ਵਾਲਾ ਪਾਸਾ ਅੱਧਾ ਕਾਲਾ ਹੋਇਆ ਦੇਖ ਕੇ ਲਾਲੇ ਨੂੰ ਕੁਝ ਚੇਤਾ ਆਇਆ। ਕੁਝ ਯਾਦ ਆਉਂਦਿਆਂ ਹੀ ਉਸਦੀਆਂ ਅੱਖਾਂ ਵਿਚ ਇਕ ਦਮ ਚਮਕ ਆ ਗਈ। ਕਿਸੇ ਬਹੁਤ ਹੀ ਪਿਆਰੀ ਸ਼ੈਅ ਵਾਂਗ ਉਸਨੇ ਖੋਟੀ ਚੁਆਨੀ ਨੂੰ ਫਤੂਹੀ ਦੀ ਅੰਦਰਲੀ ਜੇਬ ਵਿਚ ਪਾ ਲਿਆ।

ਸ਼ਾਮੂ ਦੇ ਨਾਲ ਪੜ੍ਹਦਾ ਉਸਦਾ ਦੋਸਤ ਘੁੱਦਾ ਇਕ ਦਿਨ ਅੱਧੀ ਛੁੱਟੀ ਵੇਲੇ ਹੀ ਸਕੂਲੋਂ ਦੌੜ ਗਿਆ। ਕੈਂਚੀ-ਸਟਾਈਲ ਸਾਈਕਲ ਚਲਾਉਂਦਾ ਉਹ ਆਪਣੇ ਪਿੰਡੋਂ ਤਿੰਨ-ਚੌਂਹ ਕੁ ਮੀਲਾਂ ਦੀ ਵਿੱਥ 'ਤੇ ਵਸਦੇ ਆਪਣੀ ਭੂਆ ਦੇ ਪਿੰਡ ਜਾ ਪਹੁੰਚਿਆ। ਕੁਵੇਲੇ ਜਿਹੇ ਆਇਆ ਭਤੀਜਾ ਦੇਖ ਕੇ ਭੂਆ ਦਾ ਮੱਥਾ ਠਣਕਿਆ। ਖ਼ੈਰ-ਸੁੱਖ ਹੋਵੇ। ਭੂਆ ਵਲੋਂ ਪੇਕੇ ਪਰਿਵਾਰ ਦੀ ਰਾਜੀ-ਖੁਸ਼ੀ ਪੁੱਛਣ ਤੋਂ ਬਾਅਦ ਘੁੱਦੇ ਨੇ ਆਪਣੀ ਇਸ 'ਐਮਰਜੈਂਸੀ ਫੇਰੀ' ਦਾ ਕਾਰਨ ਇਹ ਦੱਸਿਆ, "ਭੂਆ, ਮੈਂ ਹੋਰ ਮੁੰਡਿਆਂ ਨਾਲ ਰਲ ਕੇ ਖੇਤਾਂ 'ਚੋਂ ਬਾਲਣ ਚੁੱਕਣ ਗਿਆ ਸਾਂ। ਘਰ ਨੂੰ ਜਿੰਦਾ ਲਾ ਕੇ ਕੁੰਜੀ ਮੈਂ ਕੋਲ ਹੀ ਲੈ ਗਿਆ ਸਾਂ। ਬਾਹਰ ਜਾ ਕੇ ਕੁੰਜੀ ਕਿਤੇ ਗੁਆਚ ਗਈ। ਭਾਪੇ ਦੇ ਗੁੱਸੇ ਦਾ ਤਾਂ ਤੈਨੂੰ ਪਤਾ ਈ ਐ, ਉਸ ਨੇ ਕੁੱਟ ਕੁੱਟ ਕੇ ਮੇਰੀ ਚਮੜੀ ਉਧੇੜ ਸੁੱਟਣੀ ਹੈ।...ਹੁਣ ਤਾਂ ਛੁਡਾਉਣ ਵਾਲੀ ਮਾਂ ਵੀ ਨਹੀਂ ਜਿਊਂਦੀ।" ਘੁੱਦੇ ਨੂੰ ਡੁਸਕਦਾ ਦੇਖ ਕੇ ਭੂਆ ਦਾ ਵੀ ਗੱਚ ਭਰ ਆਇਆ ਪਰ ਉਹ ਮਾਂ-ਮਹਿੱਟਰ ਭਤੀਜੇ ਨੂੰ ਗਲਵਕੜੀ 'ਚ ਲੈ ਕੇ ਸੋਚਣ ਲੱਗੀ, "ਕੁੰਜੀ ਕਿਤੇ ਹੋਰ ਗਵਾਚੀ ਹੈ, ਪਰ ਇਹ ਮੇਰੇ ਕੋਲ ਕੀ ਕਰਨ ਆਇਆ ਹੋਵੇਗਾ?...ਮੈਂ ਕਿਹੜੀ ਇੱਥੇ ਜਿੰਦੇ-ਕੁੰਜੀਆਂ ਬਣਾਉਣ ਦੀ ਫੈਕਟਰੀ ਲਾਈ ਬੈਠੀ ਹਾਂ।"

ਦਿਲ 'ਚ ਇਹੋ ਜਿਹੀਆਂ ਵਿਚਾਰਾਂ ਕਰਦਿਆਂ ਭੂਆ ਬੋਲੀ, "ਫੇਰ ਹੁਣ ਪੁੱਤ ਕੀਤਾ ਕੀ ਜਾਵੇ?"

"ਮੈਂ ਤੁਹਾਡੇ ਦਰਵਾਜ਼ੇ ਨਾਲ ਲਟਕਦਾ ਜਿੰਦਾ ਦੇਖਿਆ ਹੋਇਐ।" ਘੁੱਦੇ ਨੇ ਅਸਲ ਗੱਲ ਵਲ ਆਉਂਦਿਆਂ ਆਖਿਆ, "ਬੱਸ, ਐਨ ਇਹਦੇ ਨਾਲ ਦਾ ਹੀ ਜਿੰਦਾ ਸਾਡਾ ਐ। ਅੱਜ ਮੈਨੂੰ ਆਪਣੀ ਕੁੰਜੀ ਦੇ ਦਿਉ, ਕੱਲ੍ਹ ਨੂੰ ਮੋੜ ਜਾਊਂਗਾ।" ਭਤੀਜੇ ਦੀ ਯਾਦਦਾਸ਼ਤ ਦੇ ਬਲਿਹਾਰੇ ਜਾਂਦਿਆਂ 'ਮਾਂ-ਸਦਕੇ' ਆਖ ਕੇ ਭੂਆ ਨੇ ਘੁੱਦੇ ਨੂੰ ਕੁੰਜੀ ਫੜਾ ਦਿੱਤੀ। ਉਹ ਢੋਲੇ ਦੀਆਂ ਗਾਉਂਦਾ ਭੂਆ ਦੇ ਪਿੰਡੋਂ ਚਲ ਪਿਆ ਤੇ ਆਪਣੇ ਭਾਪੇ ਦੇ ਸ਼ਹਿਰੋਂ ਮੁੜ ਆਉਣ ਤੋਂ ਪਹਿਲਾਂ ਘਰ ਵਾਪਸ ਆ ਪਹੁੰਚਿਆ।

ਭੂਆ ਦੇ ਘਰ ਜਾਣ ਦੀ ਇਸ 'ਅਚਨਚੇਤੀ ਯਾਤਰਾ' ਤੋਂ ਠੀਕ ਦੋ ਦਿਨ ਪਹਿਲਾਂ ਘੁੱਦਾ ਤੇ ਸ਼ਾਮੂ ਦੋਵੇਂ ਜਣੇ ਸਕੂਲੋਂ ਰਫੂ-ਚੱਕਰ ਹੋ ਗਏ ਸਨ ਕਿਉਂਕਿ ਉਨ੍ਹਾਂ ਦੀ ਕਲਾਸ ਦਾ ਇੰਚਾਰਜ ਟੀਚਰ ਗੈਰ-ਹਾਜ਼ਰ ਸੀ। ਉਸ ਦਿਨ ਦੋਹਾਂ ਜੋਟੀਦਾਰਾਂ ਨੇ ਬੇਫਿਕਰ ਹੋ ਕੇ ਇੱਧਰ-ਉਧਰ ਘੁੰਮਦਿਆਂ ਕਿਸੇ ਦੇ ਖੇਤ 'ਚੋਂ ਖਰਬੂਜ਼ੇ ਚੋਰੀ ਕੀਤੇ, ਕਿਸੇ ਦਿਉਂ ਛੱਲੀਆਂ ਭੰਨੀਆਂ ਅਤੇ ਕਿਸੇ ਦੇ ਖੂਹ ਤੋਂ ਅਮਰੂਦ ਤੋੜ ਕੇ ਖਾਧੇ। ਮਟਰ-ਗਸ਼ਤੀ ਦੌਰਾਨ ਹੀ ਸ਼ਾਮੂ ਨੇ ਆਪਣੀ ਮਾਂ ਕੋਲੋਂ ਸੁਣੀਆਂ ਗੱਲਾਂ ਆਪਣੇ ਆੜੀ ਘੁੱਦੇ ਨਾਲ ਸਾਂਝੀਆਂ ਕੀਤੀਆਂ ਕਿ ਕਿਵੇਂ ਉਸ ਦੇ ਚਾਚੇ ਗਿਰਧਾਰੀ ਨੇ ਇਕੱਲੇ ਨੇ ਹੀ ਸਾਂਝੀ ਦੁਕਾਨ 'ਤੇ ਕਬਜ਼ਾ ਕਰ ਲਿਆ ਸੀ ਅਤੇ ਇਸੇ ਕਾਰਨ ਸ਼ਾਮੂ ਦਾ ਪਿਓ ਪਿੰਡਾਂ ਵਿਚ ਸਬਜ਼ੀ ਦੀ ਫੇਰੀ ਲਾਉਣ ਜੋਗਾ ਹੀ ਰਹਿ ਗਿਆ ਸੀ।

ਸ਼ਾਮੂ ਮੂੰਹੋਂ ਗਿਰਧਾਰੀ ਪ੍ਰਤੀ ਬਦਖੋਈ ਦੀਆਂ ਗੱਲਾਂ ਸੁਣ ਕੇ ਘੁੱਦੇ ਦੀਆਂ ਅੱਖਾਂ ਚਮਕ ਉਠੀਆਂ। ਪਹਿਲਾਂ ਤੋਂ ਹੀ ਆਪਣੇ ਮਨ ਵਿਚ ਕੋਈ ਸਕੀਮ ਬਣਾਈ ਬੈਠੇ ਘੁੱਦੇ ਨੇ, ਆਪਣੇ ਦਿਲ ਦੀ ਗੱਲ ਸ਼ਾਮੂ ਦੇ ਕੰਨੀਂ ਪਾਈ। ਉਹ ਥੋੜਾ ਡਰ ਗਿਆ, "ਆਪਾਂ ਇਹ ਕਿਵੇਂ ਕਰ ਸਕਾਂਗੇ?" ਵੱਡੀ ਉਂਗਲ 'ਤੇ ਅੰਗੂਠੇ ਨਾਲ ਚੁਟਕੀ ਵਜਾਉਂਦਿਆਂ, ਅੱਖ ਦਬਾ ਕੇ ਘੁੱਦੇ ਨੇ ਉਸਨੂੰ ਯਕੀਨ ਦੁਆਇਆ, "ਤੂੰ ਫਿਕਰ ਨਾ ਕਰ, ਸਾਰਾ ਇੰਤਜ਼ਾਮ ਮੈਂ ਕਰ ਲਵਾਂਗਾ।" ਇੰਜ ਦੋਹਾਂ ਜਣਿਆਂ ਨੇ ਗਿੱਟ-ਮਿੱਟ ਕਰਕੇ ਦਿਨ ਅਤੇ ਸਮਾਂ ਤੈਅ ਕਰ ਲਿਆ।

ਪਿੰਡ ਵਿਚ ਜਗਰਾਤਾ ਹੋ ਰਿਹਾ ਸੀ। ਨਗਰ ਨਿਵਾਸੀ ਜੀਆ-ਜੰਤ ਉਥੇ ਮਾਤਾ ਦੀਆਂ ਭੇਟਾਂ ਸਰਵਣ ਕਰ ਰਹੇ ਸਨ। ਇੱਧਰ ਘੁੱਦਾ ਤੇ ਸ਼ਾਮੂ ਮਿੱਥੀ ਹੋਈ ਯੋਜਨਾ ਨੂੰ ਸਫਲਤਾ ਸਹਿਤ ਨੇਪਰੇ ਚਾੜ੍ਹ ਕੇ ਆਪੋ-ਆਪਣੇ ਘਰੀਂ ਜਾ ਸੁੱਤੇ।

ਲਓ ਆਪਾਂ ਹੁਣ ਥੋੜ੍ਹਾ ਜਿਹਾ ਪਿੱਛੇ ਮੁੜ ਕੇ ਲਾਲਾ ਗਿਰਧਾਰੀ ਲਾਲ ਦੇ ਬੋਝੇ 'ਚ ਪਈ ਖੋਟੀ ਚੁਆਨੀ ਦੀ ਨਿਰਖ-ਪਰਖ ਕਰੀਏ।

ਸਲੇਟੀਆਂ ਲੈਣ ਲਈ ਦੁਕਾਨ 'ਤੇ ਆਏ ਸ਼ਾਮੂ ਹੱਥੋਂ ਲਈ ਚੁਆਨੀ, ਗਿਰਧਾਰੀ ਨੇ ਪਹਿਲੀ ਨਜ਼ਰੇ ਹੀ ਦੇਖ ਲਈ ਸੀ ਕਿ ਇਹ ਖੋਟੀ ਹੈ। ਪਰ ਜਦ ਉਸਨੇ ਅੱਖਾਂ ਸੁੰਗੇੜ ਕੇ ਰਤਾ ਗਹੁ ਨਾਲ ਦੇਖਿਆ ਤਾਂ ਉਹ ਹੈਰਾਨ ਹੀ ਰਹਿ ਗਿਆ। ਇਹ ਤਾਂ ਉਹੋ ਚੁਆਨੀ ਸੀ ਜਿਹੜੀ ਉਸ ਨੂੰ ਕਿਸੇ ਜੋਤਸ਼ੀ ਨੇ 'ਮੰਤਰ ਕੇ' ਦਿੱਤੀ ਹੋਈ ਸੀ। ਉਸ ਨੇ 'ਵਰ' ਦਿੱਤਾ ਸੀ ਕਿ ਜਦੋਂ ਤਕ ਇਹ ਤੇਰੇ ਗੱਲੇ 'ਚ ਰਹੇਗੀ, ਕਮਾਈਆਂ ਵਿਚ ਦੂਣ-ਸਵਾਈਆਂ ਬਰਕਤਾਂ ਪੈਂਦੀਆਂ ਰਹਿਣਗੀਆਂ। ਉਦੋਂ ਤੋਂ ਹੀ ਇਸ ਨੂੰ ਲਾਲ ਕਾਗਜ਼ 'ਚ ਲਪੇਟ ਕੇ ਉਸਨੇ ਆਪਣੇ ਗੱਲੇ 'ਚ ਰੱਖਿਆ ਹੋਇਆ ਸੀ।

ਲਾਲੇ ਨੇ ਆਪਣੇ ਭਤੀਜੇ ਨੂੰ 'ਕਿੱਥੋਂ ਲਿਆਇਆਂ ਉਏ ਇਹ ਚੁਆਨੀ?' ਦਾ ਸਵਾਲ ਪੁੱਛਿਆ। ਉਹ ਅੱਗਿਉਂ ਲੱਲੇ-ਭੱਬੇ ਪੜ੍ਹਨ ਲੱਗ ਪਿਆ। ਜਦ ਉਸਨੇ ਉਠ ਕੇ ਦਬਕਾ ਮਾਰਦਿਆਂ ਸ਼ਾਮੂ ਦਾ ਕੰਨ ਮਰੋੜਿਆ ਤਾਂ ਉਸਨੇ ਪੈਂਦੀ ਸੱਟੇ ਘੁੱਦੇ ਦਾ ਨਾਂ ਨਸ਼ਰ ਕਰ ਦਿੱਤਾ। ਖਫ਼ਾ ਹੋਇਆ ਗਿਰਧਾਰੀ, ਸ਼ਾਮੂ ਨੂੰ ਬਾਹੋਂ ਫੜ ਕੇ ਧੂੰਹਦਾ ਹੋਇਆ ਘੁੱਦੇ ਦੇ ਘਰ ਵਲ ਰਵਾਨਾ ਹੋ ਗਿਆ। ਲਾਲੇ ਦੇ ਉਚੀ ਉਚੀ ਅਬਾ-ਤਬਾ ਬੋਲਣ ਕਾਰਨ ਕਈ ਤਮਾਸ਼ਬੀਨ ਵੀ ਉਹਦੇ ਪਿੱਛੇ ਤੁਰ ਪਏ। ਲਾਲੇ ਵਲੋਂ ਆਪਣੇ ਜੋਟੀਦਾਰ ਨੂੰ ਮੁਜ਼ਰਮ ਵਾਂਗ ਫੜਿਆ ਦੂਰੋਂ ਆਪਣੇ ਘਰ ਦੀ ਬਾਰੀ 'ਚੋਂ ਦੇਖ ਕੇ ਘੁੱਦਾ ਠਠੰਬਰ ਗਿਆ। ਉਸ ਨੂੰ ਖੁੜਕ ਗਈ ਕਿ ਕੋਈ ਗੜਬੜ ਹੋ ਗਈ ਹੈ। ਪ੍ਰਭਾਤ ਫੇਰੀ ਵਾਂਗ ਸਾਰੀ ਮੰਡਲੀ ਆਪਣੇ ਘਰ ਨੂੰ ਆ ਰਹੀ ਦੇਖ ਕੇ ਘੁੱਦੇ ਨੂੰ ਹੱਥਾਂ-ਪੈਰਾਂ ਦੀ ਪੈ ਗਈ।

ਬਿਪਤਾ ਦੀ ਇਸ ਘੜੀ ਤੋਂ ਬਚਾਅ ਲਈ ਘੁੱਦੇ ਨੇ 'ਰੱਬ ਦਾ ਆਸਰਾ' ਲੈਣ ਦੀ ਸੋਚੀ। ਫਟਾ-ਫਟ ਸਿਰ 'ਤੇ ਸਾਫਾ ਲਪੇਟ ਕੇ ਉਹ ਭਾਪੇ ਵਾਲਾ ਗੁਟਕਾ ਲੈ ਕੇ ਬਹਿ ਗਿਆ। ਕਿਸੇ ਨੂੰ ਕੀ ਪਤਾ ਕਿ ਘੁੱਦੇ ਵਲੋਂ ਗੁਟਕਾ ਹੱਥ 'ਚ ਲੈਣ ਦਾ ਅੱਜ ਪਹਿਲਾ ਦਿਨ ਸੀ। ਉਹਦੀ ਪਾਠ ਕਰਦੇ ਦੀ 'ਲਿਵ' ਉਦੋਂ ਟੁੱਟੀ ਜਦ ਗਿਰਧਾਰੀ ਵਿਹੜੇ 'ਚ ਆ ਗਰਜਿਆ, "ਹੂੰ, ਬੱਚੂ ਪਾਠ ਹੁਣ ਫੇਰ ਈ ਕਰੀਂ, ਪਹਿਲਾਂ ਚੋਰੀ ਦਾ ਸਾਮਾਨ ਦੱਸ ਕਿੱਥੇ ਲੁਕਾ ਰੱਖਿਆ ਈ?" ਪਹਿਲਾਂ ਤਾਂ ਘੁੱਦੇ ਨੇ ਪੈਰਾਂ 'ਤੇ ਪਾਣੀ ਹੀ ਨਾ ਪੈਣ ਦਿੱਤਾ, ਪਰ ਜਦ ਕ੍ਰੋਧੀ ਸੁਭਾਅ ਵਾਲਾ ਉਸਦਾ ਭਾਪਾ ਉਤੋਂ ਆ ਗਿਆ, ਫਿਰ ਛਿਤਰੌਲ ਦੇ ਡਰੋਂ ਉਸਨੇ ਤੂੜੀ ਵਾਲੇ ਕੋਠੇ 'ਚੋਂ ਸਮੇਤ ਭਾਨ ਦੀ ਗੁਥਲੀ ਅਤੇ ਮੂੰਗਫਲੀ ਵਾਲਾ ਥੈਲਾ, ਸਭ ਕੁਝ ਬਾਹਰ ਕੱਢ ਲਿਆਂਦਾ।

ਪਿੰਡ ਵਾਸੀਆਂ ਵਲੋਂ ਮਨ੍ਹਾਂ ਕਰਨ ਦੇ ਬਾਵਜੂਦ ਲਾਲੇ ਨੇ ਪੁਲਿਸ ਬੁਲਾ ਲਈ। ਠਾਣੇਦਾਰ ਨੇ ਗਿਰਧਾਰੀ ਦੀ ਦੁਕਾਨ ਨੂੰ ਲੱਗੇ ਜਿੰਦਰੇ ਨੂੰ ਤਾੜ 'ਚ ਰੱਖ ਕੇ, ਭੂਆ ਦੇ ਘਰੋਂ ਕੁੰਜੀ ਲਿਆਉਣ ਵਾਲੀ ਹੈਰਾਨਕੁੰਨ ਗੱਲ ਸੁਣ ਕੇ ਅੱਖਾਂ ਅੱਡਦਿਆਂ ਘੁੱਦੇ ਨੂੰ ਪੁੱਛਿਆ ਕਿ ਤੇਰਾ ਇਹ ਚੋਰੀ ਕਰਨ ਦਾ ਹੌਂਸਲਾ ਕਿਵੇਂ ਪਿਆ? ਇਹ ਪਲੈਨਿੰਗ ਕਿਵੇਂ ਬਣਾਈ? ਘੁੱਦੇ ਨੇ ਇਕ ਹੋਰ 'ਇੰਕਸ਼ਾਫ' ਕਰ ਦਿੱਤਾ, "ਜੀ ਸਾਡੇ ਗੁਆਂਢ ਵਿਚ ਵੱਡੇ ਮੁੰਡੇ ਇਕੱਠੇ ਹੋ ਕੇ ਜਾਨੀ ਚੋਰ ਦਾ ਕਿੱਸਾ ਪੜ੍ਹਦੇ ਹੁੰਦੇ ਐ। ਮੈਂ ਉਹ ਪੂਰਾ ਕਿੱਸਾ ਸੁਣ ਚੁੱਕਾ ਹਾਂ।" ਕਿਸੇ ਹੰਢੇ ਵਰਤੇ ਵਕੀਲ ਵਾਂਗ ਘੁੱਦੇ ਨੇ ਢਿੱਲਾ ਜਿਹਾ ਮੂੰਹ ਕਰਕੇ, ਆਪਣੇ ਮਾਂ-ਮਹਿੱਟਰ ਹੋਣ ਵਾਲਾ ਤਰਸਯੋਗ ਹਵਾਲਾ ਵੀ ਨਾਲ ਹੀ ਦੇ ਦਿੱਤਾ।

ਠਾਣੇਦਾਰ ਨੇ ਘੁੱਦੇ ਦੇ ਪੋਲੀ ਜਿਹੀ ਜੜਦਿਆਂ ਬੱਸ ਇੰਨਾ ਹੀ ਕਿਹਾ-

"ਵੱਡਾ ਆਇਆ ਜਾਨੀ ਚੋਰ ਦਾ ਜਾਂ-ਨਸ਼ੀਨ!"

# ਵੇਖੋ ਕੇਹੋ ਜਿਹਾ ਤਰੀਕਾ ਖੁਸ਼ੀ ਮਨਾਉਣ ਦਾ

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com

ਅਰਸ਼ ਤੋਂ ਫਰਸ਼ 'ਤੇ ਉਹੀ ਡਿੱਗਦਾ ਹੈ ਜੋ ਆਪਣਾ ਅਤੀਤ ਭੁੱਲ ਜਾਂਦਾ ਹੈ। ਖੱਦਰ ਦਾ ਕੁੜਤਾ ਪਜਾਮਾ ਪਾਉਣ ਵਾਲਾ ਜਦੋਂ ਗੱਲ ਕੋਟ-ਪੈਂਟ ਤੇ ਟਾਈ ਦੀ ਕਰਨ ਲੱਗ ਜਾਵੇ, ਉਦੋਂ ਸਮਝ ਲੈਣਾ ਚਾਹੀਦਾ ਹੈ ਕਿ ਇਸ ਨੇ ਪੰਜਾਬ ਨੈਸ਼ਨਲ ਬੈਂਕ ਵਿਚ ਆਪਣਾ ਖਾਤਾ ਖੁਲ੍ਹਵਾ ਲਿਆ ਹੈ। ਖੁਦ ਆਪ ਡੱਡੂ-ਛੜੱਪੇ ਲਾਉਣ ਵਾਲਾ ਜਦੋਂ ਹੋਰਾਂ ਦੀਆਂ ਕਤਾਰਾਂ ਲਗਵਾਉਣ ਲੱਗ ਜਾਵੇ ਤਾਂ ਸਮਝ ਲਓ ਪੈਸਿਆਂ ਨਾਲ ਅਕਲ ਜੇਬ ਵਿਚ ਪਾਉਣ ਦਾ ਯਤਨ ਕਰ ਰਿਹਾ ਹੈ। ਕੁਦਰਤ ਦੀ ਮਾਰ ਉਦੋਂ ਪੈਂਦੀ ਹੈ ਜਦੋਂ ਆਦਮੀ ਦਾਤਾਰ ਨੂੰ ਭੁੱਲ ਜਾਂਦਾ ਹੈ। ਆਹ ਮੈਂ ਕੀਤਾ ਹੈ, ਉਹ ਮੈਂ ਕਰਵਾਇਆ ਹੈ, ਮੈਂ ਦੀ ਤਖਤੀ ਗਲ ਵਿਚ ਪਾ ਕੇ ਤੂੰ ਹੀ, ਤੂੰ ਹੀ ਨੂੰ ਮਨ ਵਿਚੋਂ ਕੱਢਣ ਵਾਲਾ ਕਿਸੇ ਪਾਸੇ ਦਾ ਵੀ ਨਹੀਂ ਰਹਿੰਦਾ। ਖੁਸ਼ੀ ਵਿਚ ਤੁਹਾਡੇ ਨਾਲ ਭੰਗੜਾ ਪਾਉਣ ਵਾਲੇ ਦੁੱਖ ਵਿਚ ਸੁਨਾਮੀ ਲਹਿਰਾਂ ਹੋ ਜਾਂਦੇ ਹਨ। ਪੋਹ ਮਾਘ ਦੀਆਂ ਰਾਤਾਂ ਵਿਚ ਨੰਗੇ ਪੈਰੀਂ ਤੁਰਨ ਨਾਲ ਮਨ ਦੀ ਸ਼ੀਤਲਤਾ ਇਕੱਠੀ ਨਹੀਂ ਕੀਤੀ ਜਾ ਸਕਦੀ। ਖੂਹ ਵਿਚ ਉਤਰ ਕੇ ਕੀਤੀ ਗੱਲ ਵੀ ਕੰਨੋਂ-ਕੰਨੀਂ ਦਾ ਸਫਰ ਤੈਅ ਕਰਕੇ ਅਖਬਾਰਾਂ ਦੀ ਸੁਰਖੀ ਬਣ ਜਾਂਦੀ ਹੈ। ਦਿਖਾਵੇ ਦੀਆਂ ਐਨਕਾਂ ਉਤਾਰ ਕੇ ਮਨ ਦੀਆਂ ਬੰਦ ਪਈਆਂ ਅੱਖਾਂ ਨੂੰ ਖੋਲੋ। ਪਖੰਡੀ ਦੇਹਾਂ ਨੂੰ ਨਹੀਂ, ਸ਼ਬਦ ਗੁਰੂ ਨੂੰ ਮਨ ਵੇਚੀਏ, ਉਮਰਾਂ ਦੇ ਸੁੱਖ ਝੋਲੀ ਪੈਂਦੇ ਨੇ।



ਇਸ ਸਾਲ ਦੇ ਸ਼ੁਰੂ 'ਚ ਬਾਈ ਜੀ ਤਰਲੋਚਨ ਸਿੰਘ 'ਦੁਪਾਲਪੁਰ' ਦੇ ਵਿਹੜੇ ਪੋਤਰੇ ਨੇ ਜਨਮ ਲਿਆ। ਮੈਂ ਵੀ ਇਸ ਖੁਸ਼ੀ ਵਿਚ ਬਾਈ ਜੀ ਨੂੰ ਫੋਨ 'ਤੇ ਵਧਾਈਆਂ ਦਿੱਤੀਆਂ। ਵਧਾਈਆਂ ਦੇ ਨਾਲ ਹੀ ਬਾਈ ਜੀ ਤੋਂ ਪਾਰਟੀ ਮੰਗ ਲਈ। ਬਾਈ ਜੀ ਹੋਰਾਂ ਪੁੱਛਿਆ, "ਭਾਈ ਸਾਹਿਬ ਕਿਹੋ ਜਿਹੀ ਪਾਰਟੀ ਲੈਣੀ ਹੈ।" ਮੈਂ ਕਿਹਾ, "ਬਾਈ ਜੀ ਮੈਂ ਤੁਹਾਡੇ ਘਰ ਆਵਾਂ, ਸਭ ਨੂੰ ਮਿਲਾਂ, ਵਧਾਈਆਂ ਦੇਵਾਂ, ਫਿਰ ਆਪਾਂ ਸਾਰਾ ਪਰਿਵਾਰ ਬੈਠ ਕੇ ਇਕ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰੀਏ। ਪਹਿਲਾਂ ਇਕ ਅਸ਼ਟਪਦੀ ਤੁਸੀਂ ਪੜ੍ਹੋ, ਫਿਰ ਦੂਜੀ ਅਸ਼ਟਪਦੀ ਮੈਂ ਪੜ੍ਹਾਂ। ਸਾਰਾ ਪਰਿਵਾਰ ਬੈਠ ਕੇ ਪਾਠ ਸੁਣੇ, ਪਾਠ ਦੀ ਸੰਪੂਰਨਤਾ ਤੋਂ ਬਾਅਦ ਦਰਬਾਰ ਸਾਹਿਬ ਦੇ ਲੰਗਰ ਵਰਗੇ ਪ੍ਰਸ਼ਾਦੇ ਹੋਣ, ਉਪਰ ਸੂਜ਼ੀ ਦਾ ਪ੍ਰਸ਼ਾਦ ਹੋਵੇ, ਥੱਲੇ ਚੌਂਕੜੇ ਮਾਰ ਕੇ ਬੈਠੇ ਹੋਈਏ। ਫਿਰ ਪ੍ਰਸ਼ਾਦ ਦੇ ਲੋਈਏ ਬਣਾ-ਬਣਾ ਛਕੀਏ, ਇਹੋ ਜਿਹੀ ਪਾਰਟੀ ਚਾਹੀਦੀ ਹੈ।" ਇਹ ਸੁਣ ਕੇ ਬਾਈ ਜੀ ਦੇ ਮੂੰਹੋਂ ਆਪ ਮੁਹਾਰੇ ਹੀ ਨਿਕਲ ਗਿਆ, "ਧੰਨ ਵਾਹਿਗੁਰੂ, ਧੰਨ ਗੁਰੂ ਨਾਨਕ, ਭਾਈ ਸਾਬ੍ਹ ਕਿਆ ਬਾਤਾਂ ਨੇ, ਮੈਨੂੰ ਇਸ ਦਿਨ ਦੀ ਉਡੀਕ ਹੈ। ਵਾਹਿਗੁਰੂ ਆਪ ਕ੍ਰਿਪਾ ਕਰਨ, ਇਹ ਦਿਨ ਛੇਤੀ ਆਵੇ।"

ਮੇਰਾ ਇਕ ਕਰੀਬੀ ਮਿੱਤਰ ਕਹਿਣ ਲੱਗਿਆ, "ਕੱਲ੍ਹ ਆਪਾਂ ਮੇਰੀ ਭੂਆ ਦੇ ਘਰ ਜਾਣਾ ਹੈ, ਭੂਆ ਦਾ ਮੁੰਡਾ ਇੰਡੀਆ ਤੋਂ ਆਇਆ ਹੈ ਤੇ ਘਰਦਿਆਂ ਨੇ ਥੋੜ੍ਹਾ ਸਾਮਾਨ ਘੱਲਿਆ ਹੈ, ਆਪਾਂ ਸਾਮਾਨ ਫੜ ਕੇ ਹੀ ਮੁੜ ਆਉਣਾ ਹੈ।" ਮੈਂ ਛੇਤੀ ਮੁੜ ਆਉਣ ਕਰਕੇ ਹਾਂ ਕਰ ਦਿੱਤੀ, ਪਰ ਅੰਦਰੋਂ ਦਿਹਾੜੀ ਵੀ ਛੱਡਣੀ ਨਹੀਂ ਚਾਹੁੰਦਾ ਸੀ। ਅਸੀਂ ਦੋਵੇਂ ਜਣੇ ਭੂਆ ਦੇ ਘਰ ਚਲੇ ਗਏ। ਸਾਡਾ ਬਹੁਤ ਮਾਣ-ਤਾਣ ਕੀਤਾ। ਚਾਹ-ਪਾਣੀ ਪੀਣ ਤੋਂ ਬਾਅਦ ਭੂਆ ਦੇ ਮੁੰਡੇ ਨੇ ਪਿੰਡ ਵਿਚ ਪਾਈ ਨਵੀਂ ਕੋਠੀ ਦੀ ਸੀ.ਡੀ. ਚਲਾ ਦਿੱਤੀ। ਮੈਂ ਜੋ ਕੁਝ ਉਸ ਵਿਚ ਵੇਖਿਆ, ਉਹ ਲਿਖਣਾ ਨਹੀਂ ਚਾਹੁੰਦਾ ਸੀ ਪਰ ਰਹਿ ਵੀ ਨਹੀਂ ਹੋਇਆ। ਕੋਠੀ ਦੇ ਮਹੂਰਤ ਦੀ ਇਹ ਸੀ.ਡੀ. ਵੇਖਦਿਆਂ ਮੈਂ ਆਪਣਾ ਕੰਮ 'ਤੇ ਜਾਣਾ ਭੁੱਲ ਗਿਆ।

ਪੂਰੇ ਇਕ ਕਰੋੜ ਵਿਚ ਤਿਆਰ ਹੋਈ ਇਹ ਕੋਠੀ ਬਹੁਤ ਸੋਹਣੀ ਤੇ ਸ਼ਾਨਦਾਰ ਬਣੀ ਹੈ। ਇਸ ਦੇ ਮਹੂਰਤ ਦੀ ਸ਼ੁਰੂਆਤ ਅਖੰਡ ਪਾਠ ਸਮੇਤ ਜਪੁਜੀ ਸਾਹਿਬ ਨਾਲ ਹੁੰਦੀ ਹੈ। ਤਿੰਨ ਦਿਨਾਂ ਦੀ ਸੀ.ਡੀ. ਵਿਚ ਜੋ ਮੈਂ ਵੇਖਿਆ, ਲਿਖਣਾ ਔਖਾ ਲਗਦਾ ਹੈ। ਪਿੰਡੋਂ ਥੋੜ੍ਹੀ ਬਾਹਰ ਹੋਣ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਇਕ ਸਫਾਰੀ ਗੱਡੀ ਵਿਚ ਲਿਆਂਦਾ ਗਿਆ। ਡਰਾਈਵਰ ਸਣੇ ਪੰਜ ਬੰਦੇ ਸਨ। ਜਦਕਿ ਕੋਠੀ ਵਿਚ ਸੌ ਬੰਦੇ ਤੋਂ ਉਪਰ ਦਾ ਇਕੱਠ ਸੀ। ਜਿੰਨੇ ਵਧ ਬੰਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲੈਣ ਜਾਣਗੇ, ਓਨਾ ਹੀ ਗੁਰੂ ਜੀ ਦਾ ਸਤਿਕਾਰ ਵਧਦਾ ਹੈ। ਅਰੰਭ ਤੋਂ ਬਾਅਦ ਕੋਠੀ ਵਿਚਲਾ ਮਾਹੌਲ ਵਿਆਹ ਵਰਗਾ ਹੋਣ ਲੱਗਦਾ ਹੈ। ਦੇਗ ਵਰਤਾਉਣ ਵਾਸਤੇ ਇਕ ਬਜ਼ੁਰਗ ਬੈਠਾ ਹੈ। ਕੋਈ ਵੀ ਘਰ ਦਾ ਮੈਂਬਰ ਜਾਂ ਰਿਸ਼ਤੇਦਾਰ ਮਿੱਤਰ, ਬੈਠ ਕੇ ਪਾਠ ਸੁਣਦਾ ਵਿਖਾਈ ਨਹੀਂ ਦਿੰਦਾ। ਪਾਠੀ ਸਿੰਘ ਆਪਣੀਆਂ ਡਿਊਟੀਆਂ ਲਾ ਕੇ ਆ ਜਾ ਰਹੇ ਹਨ। ਹਲਵਾਈ ਆਪਣੀਆਂ ਭੱਠੀਆਂ ਤਪਾਈ ਬੈਠਾ ਹੈ। ਉਸ ਦੇ ਦੁਆਲੇ ਵੀਹ ਬੰਦੇ ਬੈਠੇ ਗੱਪ-ਸ਼ੱਪ ਲਾ ਰਹੇ ਹਨ। ਬੀਬੀਆਂ ਦਾ ਆਪਣਾ ਰੌਲ੍ਹਾ ਪੈਂਦਾ ਸੁਣਾਈ ਦਿੰਦਾ ਹੈ। ਕਈ ਬੀਬੀਆਂ ਦੇ ਸਿਰ ਵੀ ਨੰਗੇ ਹਨ।

ਭੂਆ ਦੇ ਮੁੰਡੇ ਨੇ ਚੰਗਾ ਪੁੰਨ-ਦਾਨ ਕਰਨਾ ਮਿਥਿਆ ਹੋਇਆ ਲਗਦਾ ਸੀ। ਰਾਤ ਨੂੰ ਕੋਠੀ ਦਾ ਆਲਾ-ਦੁਆਲਾ ਲੜੀਆਂ ਤੇ ਬਿਜਲੀ ਦੇ ਰੰਗ-ਬਰੰਗੇ ਲਾਟੂਆਂ ਨਾਲ ਜਗਮਗਾ ਰਿਹਾ ਸੀ। ਸਭ ਕੁਝ ਦੇਖ ਕੇ ਕੋਠੀ ਵਾਲੇ ਬਾਈ ਦੇ ਮੂੰਹ 'ਤੇ ਵੱਖਰੀ ਚਮਕ ਲਿਸ਼ਕਾਰਾ ਮਾਰ ਰਹੀ ਸੀ।

ਕੋਠੀ ਵਿਚਲੇ ਮਾਹੌਲ ਤੋਂ ਲੱਗ ਨਹੀਂ ਸੀ ਰਿਹਾ ਕਿ ਇਥੇ 'ਧੁਰ ਕੀ ਬਾਣੀ ਆਈ' ਦੇ ਅਖੰਡ ਜਾਪ ਹੋ ਰਹੇ ਹਨ। ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਕੋਈ ਵਿਆਹ ਦਾ ਸਮਾਗਮ ਚਲ ਰਿਹਾ ਹੋਵੇ। ਕਿਸੇ ਪਾਸੇ ਵੀ ਕੋਈ ਮਰਿਆਦਾ ਨਹੀਂ ਵੇਖੀ। ਕਈ ਰਿਸ਼ਤੇਦਾਰ, ਨਜ਼ਦੀਕੀ ਆਏ

(ਬਾਕੀ ਸਫਾ 29 'ਤੇ)

## ਚੱਲ ਸੋ ਚੱਲ

# ਜੋਗਿੰਦਰ ਟਾਈਗਰ ਦੇ ਪਿੰਡ ਦੀ ਯਾਤਰਾ

**ਇਕਬਾਲ ਜੱਬੋਵਾਲੀਆ***

ਬੜੇ ਚਿਰਾਂ ਤੋਂ ਮਨ ਦੀ ਤਮੰਨਾ ਸੀ ਕਿ ਟਾਈਗਰ ਦਾ ਖਿਤਾਬ ਜਿੱਤਣ ਵਾਲੇ ਜੋਗਿੰਦਰ ਸਿੰਘ ਦੇ ਪਿੰਡ ਦੇ ਦਰਸ਼ਨ ਕੀਤੇ ਜਾਣ। ਐਤਕੀਂ ਭਾਰਤ ਫੇਰੀ ਦੌਰਾਨ ਅਚਾਨਕ ਇਹ ਵੀ ਸਬੱਬ ਬਣ ਗਿਆ। ਚਲ ਪਏ ਪਿੰਡ ਸ਼ੇਰੋਂ ਵੇਖਣ ਨੂੰ। ਜੰਡਿਆਲਾ ਗੁਰੂ ਤੋਂ ਤਰਨਤਾਰਨ 15 ਕਿਲੋਮੀਟਰ ਸੀ। ਇਤਿਹਾਸਕ ਇਲਾਕੇ ਦੀ ਸੜਕ ਕੋਈ ਐਨੀ



ਵਧੀਆ ਨਹੀਂ ਸੀ। ਪੰਜਾਬੀ ਫਿਲਮਾਂ 'ਚ ਕੰਮ ਕਰਨ ਵਾਲਾ ਸ਼ੇਰੋਂ ਦਾ ਹੀ ਮਿਸ਼ੀਗਨ ਰਹਿਣ ਵਾਲਾ ਮੇਰਾ ਦੋਸਤ ਭਗਵਾਨ ਖੈਰਾ ਉਰਫ ਬਾਬ ਖੈਰਾ ਵੀ ਉਸ ਵਕਤ ਪਿੰਡ ਆਇਆ ਹੋਇਆ ਸੀ (ਖੈਰਾ ਸਾਹਿਬ ਕੁਦਰਤੀ ਤਰਨਤਾਰਨ ਕਚਹਿਰੀਆਂ 'ਚ ਕਿਸੇ ਕੰਮ ਆਏ ਹੋਏ ਸਨ)। ਕਰਦੇ ਕਰਾਂਦੇ ਅਸੀਂ ਤਰਨਤਾਰਨ ਸ਼ਹਿਰ ਪੁੱਜ ਗਏ। ਲੁਧਿਆਣੇ ਵਾਂਗ ਇਥੇ ਵੀ ਕਾਫੀ ਭੀੜ ਭੜੱਕਾ ਸੀ। ਕਚਹਿਰੀਆਂ ਕੋਲ ਪਹੁੰਚੇ ਤਾਂ ਬਲਵੰਤ ਗਾਰਗੀ ਵਰਗੀ ਟੋਪੀ ਪਹਿਨੀ ਬਾਬ ਖੈਰਾ ਸਾਹਮਣੇ ਆ ਖੜੋਤਾ। ਗੱਡੀ ਸ਼ੇਰੋਂ ਵਲ ਨੂੰ ਤੋਰ ਲਈ ਜੋ ਪੰਜ ਸੱਤ ਕਿਲੋਮੀਟਰ ਦੀ ਦੂਰੀ 'ਤੇ ਸੀ। ਬਹਿੰਦੇ ਸਾਰ ਹੀ ਖੈਰਾ ਸਾਹਿਬ ਨੇ ਖਬਰ ਸੁਣਾਈ ਕਿ ਅੱਜ ਪਹਿਲਵਾਨ ਵੱਸਣ ਸਿੰਘ ਦਾ ਬਾਬਾ ਸਧਾਣਾ ਡੇਰੇ 'ਚ ਭੋਗ ਹੈ। ਬਾਬਾ ਸਧਾਣਾ ਦੇ ਡੇਰੇ ਦੇ ਅਖਾੜੇ ਵਿਚ ਹੀ ਪਹਿਲਵਾਨ ਵੱਸਣ ਸਿੰਘ, ਠਾਕਰ ਸਿੰਘ, ਜਵੰਦ ਸਿੰਘ, ਨਾਜ਼ਰ ਸਿੰਘ, ਸੁੱਚਾ ਸਿੰਘ ਜੌੜਾ, ਮਹਿੰਦਰ ਸਿੰਘ ਬੰਗਾਲੀਪੁਰੀਆ, ਟਾਈਗਰ ਜੋਗਿੰਦਰ ਸਿੰਘ, ਕਸ਼ਮੀਰ ਸਿੰਘ, ਪਹਿਲਵਾਨ ਪੂਰਨ ਸਿੰਘ ਦੇ ਬੇਟੇ ਫੱਤਾ, ਕੇਹਰ ਤੇ ਸੁਮੇਰ ਤਿੰਨੇ ਭਰਾ ਤੇ ਹੋਰ ਪਹਿਲਾਵਨ ਜ਼ੋਰ ਕਰਿਆ ਕਰਦੇ ਸਨ। ਪਹਿਲਵਾਨ ਵੱਸਣ ਸਿੰਘ ਬਾਰੇ ਸੁਣਿਆ ਤੇ ਲਿਖਿਆ ਵੀ ਹੈ, ਪਰ ਕਦੇ ਦੀਦਾਰ ਨਹੀਂ ਸਨ ਹੋਏ। ਵੱਸਣ ਪਹਿਲਵਾਨ ਵੀ ਮੇਹਰਦੀਨ ਦੇ ਬਰਾਬਰ ਦਾ ਪਹਿਲਵਾਨ ਹੋਇਐ, ਜਿਨ੍ਹਾਂ ਦੀਆਂ ਕਈ ਕੁਸ਼ਤੀਆਂ ਬਰਾਬਰ ਰਹੀਆਂ। ਤਸੱਲੀ ਹੋਈ ਕਿ ਇਸ ਪਹਿਲਵਾਨ ਦੀ ਅੰਤਮ ਅਰਦਾਸ ਵਿਚ ਸ਼ਾਮਲ ਹੋਣ ਦਾ ਮੌਕਾ ਮਿਲਿਆ।

ਡੇਰੇ ਪਹੁੰਚੇ ਤਾਂ ਕੀਰਤਨ ਚਲ ਰਿਹਾ ਸੀ। ਨਵੇਂ ਪੁਰਾਣੇ ਕਈ ਭਲਵਾਨ ਤੇ ਕਾਫੀ ਪ੍ਰਸ਼ੰਸਕ ਆਏ ਹੋਏ ਸਨ। ਪੁਲਿਸ ਦੇ ਕਈ ਪਹਿਲਵਾਨ ਅਫਸਰ ਪਹੁੰਚੇ ਹੋਏ ਸਨ। ਪੁਲਿਸ ਅਫਸਰ ਕੇਹਰ ਪਹਿਲਵਾਨ ਲਾਲ ਬੱਤੀ ਵਾਲੀ ਗੱਡੀ ਲੈ ਕੇ ਆਇਆ ਸੀ। ਖੈਰਾ ਸਾਹਿਬ ਨੇ ਉਠ ਰਹੇ ਨਵੇਂ ਪਹਿਲਵਾਨਾਂ ਨਾਲ ਮੇਰਾ ਤੁਅੱਰਫ ਕਰਵਾਇਆ ਜਿਨ੍ਹਾਂ ਵਿਚ ਸੁਖਰਾਜ ਸਿੰਘ ਹੈਪੀ, ਦਿਲਬਾਗ ਸਿੰਘ, ਚੈਰੀ ਪਹਿਲਵਾਨ, ਕਰਨ ਪਹਿਲਵਾਨ (ਕਸ਼ਮੀਰ ਦਾ ਬੇਟਾ ਤੇ ਟਾਈਗਰ ਦਾ ਪੋਤਾ), ਗੁਰਸੇਵਕ ਸੇਵੀ, ਬਾਵਾ ਨਿੰਮਾ, ਨਿਸ਼ਾਨ ਸਿੰਘ, ਸ਼ਿੰਦਰ, ਯਾਦਵਿੰਦਰ ਸਿੰਘ, ਮੇਜਰ ਸਿੰਘ, ਰਣਜੋਧ ਸਿੰਘ, ਅਠਾਰਾਂ ਸਾਲ ਦੀ ਉਮਰ ਦਾ ਪੰਜਾਬ ਚੈਂਪੀਅਨ ਲਾਹੌਰੀ ਪਹਿਲਵਾਨ, ਗੁਰਭੇਜ ਸਿੰਘ, ਨਿੱਕਾ ਨਿਸ਼ਾਨ, ਮੀਤ, ਚਾਂਦੀ ਚਮਕੌਰ, ਸੋਖਾ ਤੇ ਲੱਖਾ ਪਹਿਲਵਾਨ ਮਿਲੇ।

ਵੱਸਣ ਪਹਿਲਵਾਨ ਦੇ ਪਹਿਲਵਾਨ ਬੇਟੇ ਤੇ ਰੇਲਵੇ ਅਫਸਰ ਪ੍ਰਗਟ ਸਿੰਘ ਨੇ ਲੰਗਰ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਹੋਇਆ ਸੀ। ਵੱਸਣ ਪਹਿਲਵਾਨ ਦੇ ਪਹਿਲਵਾਨ ਭਾਣਜੇ ਤੇ ਰੇਲਵੇ ਅਫਸਰ ਹਰਪਾਲ ਸਿੰਘ ਨੂੰ ਵੀ ਮਿਲਣ ਦਾ ਮੌਕਾ ਮਿਲਿਆ। ਅਸੀਂ ਕੇਹਰ ਪਹਿਲਵਾਨ ਨੂੰ ਮਿਲਣਾ ਚਾਹੁੰਦੇ ਸਾਂ ਪਰ ਮਿਲ ਨਾ ਸਕੇ। ਫਿਰ ਟਾਈਗਰ ਦੇ ਬੇਟੇ ਸੁਖਵੰਤ ਸਿੰਘ ਪੱਪੂ ਬਾਰੇ ਪੁੱਛਿਆ ਤਾਂ ਪਤਾ ਲੱਗਾ ਕਿ ਉਹ ਪਿੰਡ 'ਚ ਕਿਸੇ ਦੇ ਵਿਆਹ ਵਾਲੇ ਘਰ ਗਿਆ ਹੋਇਐ। ਖੈਰਾ ਸਾਹਿਬ ਨੂੰ ਨਾਲ ਲੈ ਕੇ ਅਸੀਂ ਪੱਪੂ ਨੂੰ ਮਿਲਣ ਚਲ ਪਏ। ਖੈਰਾ ਸਾਹਿਬ ਨਾਲ ਦੀ ਨਾਲ ਪਿੰਡਾਂ ਤੇ ਇਲਾਕੇ ਦੀ ਜਾਣਕਾਰੀ ਦਿੰਦੇ ਰਹੇ। ਅੱਡੇ ਵਿਚ ਹੀ ਟਾਈਗਰ ਦੇ ਭਰਾ ਸ਼ਿੰਗਾਰਾ ਸਿੰਘ ਦਾ ਘਰ ਵਿਖਾਇਆ ਤੇ ਅੱਡੇ ਨਾਲ ਹੀ ਟਾਈਗਰ ਦੀ ਜ਼ਮੀਨ ਵੀ ਵਿਖਾਈ। ਜਿਥੇ ਕਦੇ ਰੇਤ ਦੇ ਟਿੱਬੇ ਹੁੰਦੇ ਸਨ, ਉਥੇ ਹੁਣ ਚੰਗੀਆਂ ਫਸਲਾਂ ਦੀ ਪੈਦਾਵਾਰ ਹੁੰਦੀ ਸੀ। ਅੱਜ ਅਸੀਂ ਟਾਈਗਰ ਦੇ ਪਿੰਡ ਘੁੰਮ ਰਹੇ ਸਾਂ, ਜਿਥੇ ਉਹਨੇ ਜਨਮ ਲਿਆ ਤੇ ਜੁਆਨੀ ਦੀ ਦਹਿਲੀਜ਼ 'ਤੇ ਪੈਰ ਧਰਿਆ ਸੀ। ਪਿੰਡ, ਇਲਾਕੇ ਤੇ ਭਾਰਤ ਦਾ ਮਾਣ ਟਾਈਗਰ ਜਦੋਂ ਚਾਦਰਾ ਲਾ ਕੇ ਤੁਰਦਾ ਤਾਂ ਰਾਹੀ ਰੁਕ ਜਾਂਦੇ ਉਸ ਨੂੰ ਵੇਖਣ ਲਈ। ਉਹਨੂੰ ਵੇਖਣ ਲਈ ਟਰੱਕਾਂ ਵਾਲੇ ਟਰੱਕ ਰੋਕ ਖੜ ਜਾਂਦੇ। ਜਦੋਂ ਤੁਰਦਾ ਤਾਂ ਰਾਹ ਭਰਿਆ-ਭਰਿਆ ਲਗਦਾ।

ਉਸਮਾਂ, ਨੌਸ਼ਹਿਰਾ ਪੰਨੂਆਂ, ਚੰਬਲ, ਜੱਟਾਂ, ਜਵੰਦਾ, ਡੁੱਗਰੀ ਢੋਟੀਆਂ (ਪਹਿਲਵਾਨ ਅਰਜਨ ਢੋਟੀ ਦਾ ਪਿੰਡ), ਪਿੰਦੀ, ਰਸੂਲਪੁਰ, ਤਰਨਤਾਰਨ ਤੇ ਅਲਾਦੀਨਪੁਰ ਪਿੰਡਾਂ 'ਚ ਘਿਰੇ ਸ਼ੇਰੋਂ ਨੇ ਬਹੁਤ ਤਕੜੇ-ਤਕੜੇ ਮੱਲ ਪੈਦਾ ਕੀਤੇ। ਦੁਨੀਆਂ ਦੇ ਨਕਸ਼ੇ 'ਤੇ ਆਉਣ ਵਾਲਾ ਟਾਈਗਰ ਦਾ ਪਿੰਡ ਸ਼ੇਰੋਂ ਹਾਲੇ ਵੀ ਸਰਕਾਰੀ ਸਹੂਲਤਾਂ ਤੋਂ ਕਾਫੀ ਸੱਖਣਾ ਹੋਣ ਦੀ ਝਲਕ ਦੇ ਰਿਹਾ ਸੀ। ਮਹਾਂਬਲੀਆਂ ਦੇ ਪਿੰਡ 'ਚ ਪਛੜੇਪਨ ਦਾ ਝਾਉਲਾ ਪੈ ਰਿਹਾ ਸੀ। ਖੈਰਾ ਸਾਹਿਬ ਦੇ ਦੱਸਣ ਅਨੁਸਾਰ ਉਸ ਨੇ ਪਿੰਡ ਦੀਆਂ ਗਲੀਆਂ-ਨਾਲੀਆਂ ਦੀ ਉਸਾਰੀ ਵਾਸਤੇ ਕਦਮ ਚੁੱਕਿਆ ਸੀ ਪਰ ਪਿੰਡ ਅਤੇ ਪੰਚਾਇਤ ਦਾ ਸਹਿਯੋਗ ਨਾ ਹੋਣ ਕਰਕੇ ਇਹ ਕੰਮ ਵਿਚਾਲੇ ਹੀ ਰਹਿ ਗਿਆ। ਸਾਢੇ ਕੁ ਚਾਰ ਸੌ ਘਰਾਂ ਵਾਲੇ ਇਸ ਪਿੰਡ ਦੀ ਸਰਪੰਚ ਬੀਬੀ ਸੁਰਜੀਤ ਕੌਰ ਹੈ।

ਜਦੋਂ ਅਸੀਂ ਪੱਪੂ ਨੂੰ ਲੱਭਣ ਪਿੰਡ 'ਚ ਗਏ ਤਾਂ ਵਿਆਹ ਵਾਲੇ ਘਰ ਲਾਗੇ ਜਾ ਕੇ ਸੁਨੇਹਾ ਭੇਜਿਆ ਤਾਂ ਥੋੜੀ ਦੇਰ ਬਾਅਦ ਚਿੱਟਾ ਚਾਦਰਾ, ਚਿੱਟਾ ਕੁੜਤਾ, ਮੋਢੇ 'ਤੇ ਚਿੱਟਾ ਪਰਨਾ, ਪੈਰੀਂ ਖੁੱਸਾ ਤੇ ਕੁੰਢੀਆਂ ਮੁੱਛਾਂ ਤੇ ਹੱਥ ਫੇਰਦਾ, ਛੇ ਫੁੱਟ ਤੋਂ ਉਤੇ ਪੱਪੂ ਦਬਾ-ਦਬ ਸਾਡੇ ਵਲ ਆ ਰਿਹਾ ਸੀ। ਉਹ ਦੂਰੋਂ ਵੇਖਣ ਨੂੰ ਕ੍ਰਿਕਟਰ ਤੋਂ ਪੰਜਾਬੀ ਐਕਟਰ ਬਣੇ ਯੋਗਰਾਜ ਸਿੰਘ ਵਰਗਾ ਲਗਦਾ ਸੀ। ਜਦੋਂ ਕੋਲ ਆਇਆ ਤਾਂ ਪਿਤਾ ਟਾਈਗਰ ਵਾਂਗ ਮੁੱਛਾਂ, ਚਿਹਰਾ-ਮੋਹਰਾ ਤੇ ਕੱਦ ਕਾਠ ਵੇਖ ਕੇ ਮਨ ਖੁਸ਼ ਹੋ ਗਿਆ। ਪਹਿਲੀਆਂ 'ਚ ਪੱਪੂ ਵੀ ਘੁਲਣ ਲੱਗਾ ਸੀ, ਫਿਰ ਛੇਤੀ ਹਟ ਗਿਆ। ਉਹ ਹੁਣ ਖੇਤੀਬਾੜੀ ਦਾ ਕੰਮ ਕਾਰ ਤੇ ਫੇਰਾ-ਤੋਰਾ ਰੱਖਦੈ। ਉਹ ਵਾਰ ਵਾਰ ਮੁੱਛਾਂ ਨੂੰ ਤਾਅ ਦੇਈ ਜਾ ਰਿਹਾ ਸੀ। ਲਗਦਾ ਸੀ ਉਹ ਦਿਨੇ ਹੀ ਵਿਆਹ ਦੇ ਰੰਗ 'ਚ ਰੰਗੀਨ ਹੋਇਆ ਫਿਰਦਾ ਸੀ। ਖੈਰਾ ਸਾਹਿਬ ਨੇ ਉਹਦੇ ਨਾਲ ਮੁਲਾਕਾਤ ਕਰਾਈ। ਉਹ ਸੇਵਾ ਪਾਣੀ ਨੂੰ ਜੋਰ ਲਾ ਰਿਹਾ ਸੀ ਪਰ ਅਸਾਂ ਨਾਂਹ ਕਰ ਦਿੱਤੀ। ਉਸ ਦੇ ਪਿਤਾ ਬਾਰੇ ਬਹੁਤ ਗੱਲਾਂ ਹੋਈਆਂ। ਥੋੜ੍ਹੀ ਦੇਰ ਬਾਅਦ ਅਸੀਂ ਉਥੋਂ ਚਲ ਪਏ। ਜਿਨ੍ਹਾਂ ਗਲੀਆਂ 'ਚ ਕਦੇ ਟਾਈਗਰ ਘੁੰਮਦਾ ਹੁੰਦਾ ਸੀ, ਉਥੇ ਅੱਜ ਅਸੀਂ ਘੁੰਮ ਰਹੇ ਸਾਂ। ਜਿਥੇ ਕਦੇ ਰੇਤਾ ਈ ਰੇਤਾ ਹੁੰਦਾ ਸੀ, ਉਥੇ ਹੁਣ ਸੜਕਾਂ ਬਣ ਗਈਆਂ ਸਨ ਤੇ ਹਰੀਆਂ ਭਰੀਆਂ ਫਸਲਾਂ ਠਾਠਾਂ ਮਾਰ ਰਹੀਆਂ ਸਨ। ਉਚੇ-ਉਚੇ ਟਿੱਬੇ ਕਰਾਹਿਆਂ ਨਾਲ ਬਰਾਬਰ ਕਰ ਲਏ ਸਨ।



ਤਰਨਤਾਰਨ ਇਲਾਕੇ ਦੇ ਦਬੁਰਜੀ, ਗੋਹਲਵਾੜ, ਚੱਬਾ, ਸ਼ਹੀਦਾਂ ਦੀ ਜਗ੍ਹਾ ਬਾਬੇ ਨੌਧ ਸਿੰਘ ਦੀ ਸਮਾਧ (ਬਾਬਾ ਦੀਪ ਸਿੰਘ ਦਾ ਸਾਥੀ), ਗਿਲਵਾਲੀ, ਝਬਾਲ (ਜਿਥੇ ਖੈਰਾ ਸਾਹਿਬ ਦੀ ਮੱਝਾਂ, ਗਾਈਆਂ ਤੇ ਘੋੜੀਆਂ ਦੀ ਵੱਡੀ ਡੇਅਰੀ ਹੈ), ਨੂਰ ਦੀ (ਬਾਬਾ ਗਰਜਾ ਸਿੰਘ ਤੇ ਬੋਤਾ ਸਿੰਘ ਦਾ ਗੁਰਦੁਆਰਾ) ਤੇ ਪਹਿਲਵਾਨ ਦਾਰਾ ਸਿੰਘ ਦਾ ਸਹੁਰਾ ਪਿੰਡ ਕੋਟ ਧਰਮ ਚੰਦ, ਇਨ੍ਹਾਂ ਸਾਰੇ ਪਿੰਡਾਂ ਤੇ ਇਤਿਹਾਸਕ ਸਥਾਨਾਂ ਦੇ ਅਸੀਂ ਸੜਕ 'ਤੇ ਜਾਂਦਿਆਂ ਨੇ ਹੀ ਦਰਸ਼ਨ ਕੀਤੇ।

ਬਾਬ ਖੈਰਾ ਨੇ ਦੱਸਿਆ ਕਿ ਉਹ ਖਡੂਰ ਸਾਹਿਬ ਦੇ ਐਮ.ਐਲ.ਏ. ਸ. ਨਿਰੰਜਨ ਸਿੰਘ ਸ਼ੇਰੋਂ ਦੀ ਗੱਡੀ ਚਲਾਉਂਦਾ ਰਿਹੈ। ਜੋਗਿੰਦਰ ਸਿੰਘ ਟਾਈਗਰ ਕਿਤੇ-ਕਿਤੇ ਉਨ੍ਹਾਂ ਦੀ ਗੱਡੀ 'ਚ ਬਹਿ ਕੇ ਚਲੇ ਜਾਇਆ ਕਰਦਾ ਸੀ ਅਤੇ ਆਪਣੇ ਸਮੇਂ ਦੀਆਂ ਕੁਸ਼ਤੀਆਂ ਅਤੇ ਜ਼ੋਰ ਦੀਆਂ ਗੱਲਾਂ ਕਰਿਆ ਕਰਦਾ ਸੀ। 'ਟਾਈਗਰ' ਦਾ ਖਿਤਾਬ ਉਹਨੂੰ ਰੂਸ ਵਿਚ ਮਿਲਿਆ ਸੀ ਜਦੋਂ ਉਹ ਰਿੰਗ ਵਿਚ ਸ਼ੇਰ ਵਾਂਗ ਗਰਜਦਾ ਹੁੰਦਾ ਸੀ। ਆਸਟ੍ਰੇਲੀਆ, ਜਾਪਾਨ, ਇੰਗਲੈਂਡ, ਅਮਰੀਕਾ, ਕੈਨੇਡਾ ਤੇ ਹੋਰ ਦੇਸ਼ਾਂ-ਵਿਦੇਸ਼ਾਂ ਵਿਚ ਦਹਾੜਨ ਵਾਲਾ ਬੱਬਰ ਸ਼ੇਰ ਜੋਗਿੰਦਰ ਸਿੰਘ ਟਾਈਗਰ 1990 'ਚ ਇਸ ਫਾਨੀ ਸੰਸਾਰ ਤੋਂ ਹਮੇਸ਼ਾ ਲਈ ਕੂਚ ਕਰ ਗਿਆ।

ਟਾਈਗਰ ਦੇ ਚਾਰ ਬੇਟੇ ਸਨ। ਜਸ, ਕਸ਼ਮੀਰ, ਅਮਰੀਕ ਤੇ ਸੁਖਵੰਤ ਪੱਪੂ। ਜਸ ਇਕ ਮੋਟਰ ਸਾਈਕਲ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ ਜਦ ਕਿ ਕਸਮੀਰ ਸਿੰਘ ਕਿਸੇ ਦਰਦ ਕਾਰਨ ਹਸਪਤਾਲ ਜਾਂਦਾ ਹੋਇਆ, ਅੰਮ੍ਰਿਤਸਰ ਦੇ ਗੋਲ ਬਾਗ ਕੋਲ ਖੈਰਾ ਸਾਹਿਬ ਦੀ ਗੱਡੀ 'ਚ ਦਮ ਤੋੜ ਗਿਆ ਸੀ। ਅਮਰੀਕ ਸਿੰਘ ਇਸ ਵਕਤ ਕੈਨੇਡਾ ਹੈ ਤੇ ਸੁਖਵੰਤ ਪੱਪੂ ਪਿੰਡ ਖੇਤੀਬਾੜੀ ਦੀ ਸਾਂਭ-ਸੰਭਾਲ ਕਰਦੈ। ਟਾਈਗਰ ਦਾ ਪੋਤਾ ਕਰਨ ਪਹਿਲਵਾਨ ਬਾਬੇ ਦੀਆਂ ਪੈੜਾਂ 'ਚ ਪੈਰ ਧਰਦਾ ਹੋਇਆ ਪਹਿਲਵਾਨੀ ਪਰੰਪਰਾ ਨੂੰ ਬਰਕਰਾਰ ਰੱਖਣ ਲਈ ਕਾਫੀ ਮਿਹਨਤ ਕਰ ਰਿਹੈ।

*ਫੋਨ:917-375-6395*

# ਭੁਪਾਲ ਗੈਸ ਕਾਂਡ : ਸਜ਼ਾ ਵਧਾਉਣ ਬਾਰੇ ਫ਼ੈਸਲਾ ਰਾਖਵਾਂ

**ਭੁਪਾਲ :** ਭੁਪਾਲ ਗੈਸ ਕਾਂਡ 'ਚ ਸ਼ਹਿਰ ਦੇ ਤਤਕਾਲੀ ਮੁੱਖ ਜੁਡੀਸ਼ੀਅਲ ਮੈਜਿਸਟਰੇਟ ਮੋਹਨ ਪੀ. ਤਿਵਾੜੀ ਦੁਆਰਾ ਬੀਤੀ 7 ਜੂਨ ਨੂੰ ਸੁਣਾਏ ਗਏ ਫ਼ੈਸਲੇ ਖਿਲਾਫ਼ ਦੋਸ਼ੀਆਂ ਦੀ ਸਜ਼ਾ ਵਧਾਉਣ ਸਬੰਧੀ ਰਾਜ ਸਰਕਾਰ ਵਲੋਂ ਦਾਇਰ ਅਪੀਲ 'ਤੇ ਬੀਤੀ 5 ਜੁਲਾਈ ਨੂੰ ਜਿਲ੍ਹਾ ਤੇ ਸੈਸ਼ਨ ਅਦਾਲਤ 'ਚ ਸੁਣਵਾਈ ਪੂਰੀ ਹੋ ਗਈ ਅਤੇ ਇਸ ਸਬੰਧੀ ਅਦਾਲਤ ਨੇ ਆਪਣਾ ਫ਼ੈਸਲਾ ਰਾਖਵਾਂ ਰੱਖ ਲਿਆ। ਮੁੱਖ ਜੁਡੀਸ਼ੀਅਲ ਮੈਜਿਸਟਰੇਟ ਦੇ ਫ਼ੈਸਲੇ ਨੂੰ ਲੈ ਕੇ ਰਾਜ ਸਰਕਾਰ ਵਲੋਂ ਬਣਾਈ ਗਈ ਕਮੇਟੀ ਦੇ ਮੈਂਬਰ ਤੇ ਸਹਾਇਕ ਸਾਲਿਸਟਰ ਜਨਰਲ ਵਿਵੇਕ ਤਨਖਾ ਨੇ 5 ਜੁਲਾਈ ਨੂੰ ਜ਼ਿਲ੍ਹਾ ਤੇ ਸੈਸ਼ਨ ਜੱਜ ਸੁਭਾਸ਼ ਕਾਕੜੇ ਦੀ ਅਦਾਲਤ 'ਚ ਪੇਸ਼ ਹੋ ਕੇ ਸਰਕਾਰ ਦਾ ਪੱਖ ਰੱਖਿਆ।ਸ੍ਰੀ ਤਨਖਾ ਨੇ ਅਦਾਲਤ 'ਚ ਇਸ ਮਾਮਲੇ ਦੀ ਜਲਦੀ ਸੁਣਵਾਈ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਰਾਜ ਸਰਕਾਰ ਨੇ ਭੁਪਾਲ ਗੈਸ ਕਾਂਡ ਦੇ ਪੀੜਤਾਂ ਦੀ ਸੁਰੱਖਿਆ ਤੇ ਉਨ੍ਹਾਂ ਨੂੰ ਇਨਸਾਫ਼ ਦਿਵਾਉਣ ਲਈ ਇਹ ਅਪੀਲ ਦਾਇਰ ਕੀਤੀ ਹੈ। ਉਨ੍ਹਾਂ ਨੇ ਭਾਰਤੀ ਦੰਡ ਕਾਨੂੰਨ ਦੀ ਧਾਰਾ 379 ਦਾ ਹਵਾਲਾ ਦਿੰਦਿਆਂ ਕਿਹਾ ਕਿ ਇਸ ਤਹਿਤ ਅਦਾਲਤ ਨੂੰ ਅਪੀਲ ਸੁਣਨ ਦਾ ਹੱਕ ਹੈ। ਇਸ ਮਾਮਲੇ 'ਤੇ ਬਹਿਸ ਖਤਮ ਹੋਣ 'ਤੇ ਸੈਸ਼ਨ ਜੱਜ ਸੁਭਾਸ਼ ਕਾਕੜੇ ਨੇ ਫ਼ੈਸਲਾ ਰਾਖਵਾਂ ਰੱਖ ਲਿਆ।

ਇਸ ਦੌਰਾਨ ਕੇਂਦਰੀ ਮੰਤਰੀਆਂ ਦੇ ਸਮੂਹ ਵਲੋਂ ਭੁਪਾਲ ਗੈਸ ਪੀੜਤਾਂ ਨੂੰ ਮੁਆਵਜ਼ੇ ਵਜੋਂ ਦਿੱਤੀ ਜਾਣ ਵਾਲੀ ਰਾਸ਼ੀ ਨੂੰ ਨਾਕਾਫ਼ੀ ਦੱਸਦਿਆ ਸੀ ਪੀ ਆਈ (ਐਮ) ਦੇ ਕੁਲ ਹਿੰਦ ਜਨਰਲ



**ਭੁਪਾਲ ਗੈਸ ਪੀੜਤਾਂ ਨੂੰ ਮੁਆਵਜ਼ਾ ਬਹੁਤ ਹੀ ਥੋੜ੍ਹਾ - ਕਾਰਤ**

ਸਕੱਤਰ ਪ੍ਰਕਾਸ਼ ਕਰਤ ਨੇ ਕਿਹਾ ਕਿ ਯੂਨੀਅਨ ਕਾਰਬਾਈਡ ਨੂੰ ਖਰੀਦਣ ਵਾਲੀ ਕੰਪਨੀ ਡਾਊ ਕੈਮੀਕਲਜ਼ ਤੋਂ ਗੈਸ ਪੀੜਤਾਂ ਦੇ ਇਲਾਜ ਅਤੇ ਮੁੜ ਵਸੇਬੇ ਦੇ ਨਾਲ-ਨਾਲ ਮੁਆਵਜ਼ੇ ਦੀ ਪੂਰੀ ਰਾਸ਼ੀ ਵਸੂਲੀ ਜਾਣੀ ਚਾਹੀਦੀ ਹੈ।

ਕਾਮਰੇਡ ਕਾਰਤ ਨੇ ਬੀਤੇ ਹਫਤੇ ਸ਼ੁੱਕਰਵਾਰ ਨੂੰ ਵੱਖ-ਵੱਖ ਜਥੇਬੰਦੀਆਂ ਦੁਆਰਾ ਗੈਸ ਪੀੜਤਾਂ ਨੂੰ ਲੈ ਕੇ ਆਯੋਜਿਤ ਇਕ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਡਾਊ ਕੈਮੀਕਲਜ਼ ਦੁਆਰਾ ਭਾਰਤ 'ਚ 8 ਸਥਾਨਾਂ 'ਤੇ ਪਲਾਂਟ ਚਲਾਏ ਜਾ ਰਹੇ ਹਨ ਅਤੇ ਮੁਆਵਜ਼ੇ ਸਮੇਤ ਪੂਰੀ ਰਾਸ਼ੀ ਡਾਊ ਕੈਮੀਕਲਜ਼ ਤੋਂ ਵਸੂਲੀ ਜਾਏ ਤੇ ਜੇਕਰ ਉਹ ਇਸ ਤੋਂ ਇਨਕਾਰ ਕਰੇ ਤਾਂ ਉਸ ਦੇ ਸਾਰੇ ਲਾਇਸੰਸ ਰੱਦ ਕਰ ਦਿੱਤੇ ਜਾਣੇ ਚਾਹੀਦੇ ਹਨ। ਉਨ੍ਹਾਂ ਮੰਗ ਕੀਤੀ ਕਿ ਸੁਪਰੀਮ ਕੋਰਟ ਨੂੰ ਚਾਹੀਦਾ ਹੈ ਕਿ ਉਹ ਖ਼ੁਦ ਭੁਪਾਲ ਗੈਸ ਤਰਾਸਦੀ ਨਾਲ ਜੁੜੇ ਕਾਂਡ ਨੂੰ ਆਪਣੇ ਅਧੀਨ ਲੈ ਲਵੇ ਅਤੇ ਰੋਜ਼ਾਨਾ ਸੁਣਵਾਈ ਕਰ ਕੇ 6 ਮਹੀਨਿਆਂ 'ਚ ਇਨ੍ਹਾਂ ਦਾ ਨਿਪਟਾਰਾ ਕਰੇ। ਕਾਮਰੇਡ ਕਾਰਤ ਨੇ ਕਿਹਾ ਕਿ ਸਰਕਾਰ ਨੂੰ ਇਸ ਮਾਮਲੇ 'ਚ ਅਦਾਲਤ 'ਚ ਜਾਣ ਦੀ ਬਜਾਏ ਪ੍ਰਸ਼ਾਸਨਿਕ ਕਦਮ ਉਠਾ ਕੇ ਡਾਊ ਕੈਮੀਕਲਜ਼ ਤੋਂ ਵਧ ਤੋਂ ਵਧ ਪੈਸਾ ਮੰਗਣਾ ਚਾਹੀਦਾ ਹੈ।

ਕੇਂਦਰ ਸਰਕਾਰ 'ਤੇ ਪੂੰਜਪਤੀਆਂ ਦੇ ਹਿੱਤਾਂ ਦੇ ਹੱਕ 'ਚ ਕੰਮ ਕਰਨ ਦਾ ਦੋਸ਼ ਲਗਾਉਂਦਿਆਂ ਕਾਮਰੇਡ ਕਾਰਤ ਨੇ ਕਿਹਾ ਕਿ ਲੋਕ ਸਭਾ ਦੇ ਮਾਨਸੂਨ ਸੈਸ਼ਨ 'ਚ ਸਾਰੀਆਂ ਸਿਆਸੀ ਪਾਰਟੀਆਂ ਨਾਲ ਮਿਲ ਕੇ ਇਸ ਮਾਮਲੇ ਨੂੰ ਉਠਾ ਕੇ ਗੈਸ ਪੀੜਤਾਂ ਨੂੰ ਇਨਸਾਫ਼ ਦਿਵਾਉਣ ਦਾ ਯਤਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਭੁਪਾਲ ਗੈਸ ਤਰਾਸਦੀ ਦੇ 26 ਸਾਲ ਬਾਅਦ ਕੇਂਦਰ ਨੇ ਇਕ ਬਿਲ ਪੇਸ਼ ਕੀਤਾ ਹੈ, ਪਰ ਇਸ ਵਿਚ ਅਨੇਕਾਂ ਖਾਮੀਆਂ ਹਨ। ਇਸ ਵਿਚ ਇਹ ਤਜਵੀਜ਼ ਹੈ ਕਿ ਜੇਕਰ ਕੋਈ ਪਰਮਾਣੂ ਦੁਰਘਟਨਾ ਵਾਪਰਦੀ ਹੈ ਅਤੇ ਉਸ ਵਿਚ ਲੱਖਾਂ ਲੋਕ ਸ਼ਿਕਾਰ ਹੋ ਜਾਂਦੇ ਹਨ ਤਾਂ ਵਿਦੇਸ਼ੀ ਕੰਪਨੀਆਂ ਉਸ ਦੀ ਜ਼ਿੰਮੇਵਾਰੀ ਤੋਂ ਮੁਕਤ ਹੋਣਗੀਆਂ ਅਤੇ ਸਾਰੀ ਜ਼ਿੰਮੇਵਾਰੀ ਭਾਰਤ ਸਰਕਾਰ ਦੀ ਹੋਵੇਗੀ।

ਕਾਮਰੇਡ ਕਾਰਤ ਨੇ ਕਿਹਾ ਕਿ ਇਹ ਸੰਘਰਸ਼ ਸਿਰਫ਼ ਭੁਪਾਲ ਦਾ ਨਹੀਂ, ਸਗੋਂ ਸਾਰੇ ਦੇਸ਼ ਦਾ ਹੈ ਅਤੇ ਇਸ ਸੰਘਰਸ਼ ਨੂੰ ਜਾਰੀ ਰੱਖਿਆ ਜਾਵੇਗਾ ਤਾਂ ਕਿ ਭੁਪਾਲ ਵਰਗੇ ਹਾਦਸੇ ਮੁੜ ਨਾ ਵਾਪਰ ਸਕਣ। ਸੀ ਪੀ ਆਈ (ਐਮ) ਦੇ ਕੌਮੀ ਸਕੱਤਰ ਅਤੁੱਲ ਕੁਮਾਰ ਅਨਜਾਣ ਨੇ ਇਸ ਮੌਕੇ ਸਾਲ 1996 'ਚ ਜਸਟਿਸ ਏ ਐਮ ਅਹਿਮਦੀ ਦੁਆਰਾ ਭੁਪਾਲ ਗੈਸ ਕਾਂਡ ਦੇ ਸਬੰਧ 'ਚ ਦਿੱਤੇ ਗਏ ਫ਼ੈਸਲੇ ਦੀ ਆਲੋਚਨਾ ਕੀਤੀ।

# ਹੁਣ ਵਿਧਾਇਕਾਂ ਨੂੰ ਮਿਲਿਆ ਕਰੇਗਾ ਦੁੱਗਣਾ ਸਫ਼ਰ ਭੱਤਾ

**ਚੰਡੀਗੜ੍ਹ:** ਸਿਖ਼ਰਾਂ ਉਤੇ ਪੁੱਜੀ ਮਹਿੰਗਾਈ ਅਤੇ ਤੇਲ ਦੀਆਂ ਕੀਮਤਾਂ 'ਚ ਵਾਧੇ ਦੇ ਸਨਮੁਖ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਨਿਰਮਲ ਸਿੰਘ ਕਾਹਲੋਂ ਨੇ ਵਿਧਾਇਕਾਂ ਨੂੰ ਵੱਡੀ ਰਾਹਤ ਦਿੰਦਿਆਂ ਬੀਤੀ 1 ਜੁਲਾਈ ਨੂੰ ਯਾਤਰਾ ਭੱਤੇ 'ਚ ਪ੍ਰਤੀ ਕਿਲੋਮੀਟਰ ਦਾ ਰੇਟ 6 ਤੋਂ ਵਧਾ ਕੇ 12 ਰੁਪਏ ਕਰ ਦਿਤਾ ਹੈ। ਪਿਛਲੇ ਵਰ੍ਹੇ 11 ਜੁਲਾਈ ਨੂੰ ਵਿਧਾਨ ਸਭਾ ਇਜਲਾਸ ਦੌਰਾਨ 15 ਮੈਂਬਰੀ ਵਿਧਾਇਕਾਂ ਦੀ ਕਮੇਟੀ ਵਲੋਂ ਪੇਸ਼ 9 ਸਫ਼ਿਆਂ ਦੀ ਰੀਪੋਰਟ ਪ੍ਰਵਾਨ ਕਰ ਲਈ ਸੀ ਜਿਸ ਵਿਚ ਵਿਧਾਇਕਾਂ ਦੀ ਤਨਖ਼ਾਹ ਅਤੇ ਭੱਤੇ ਵਧਾਉਣ, ਮੈਡੀਕਲ ਸਹੂਲਤਾਂ 'ਚ ਵਾਧਾ ਕਰਨ ਅਤੇ ਮਕਾਨ ਤੇ ਕਾਰ ਲਈ ਕਰਜ਼ੇ ਦੀਆਂ ਸਹੂਲਤਾਂ 'ਚ ਵਾਧੇ ਦੀਆਂ ਮਦਾਂ ਸ਼ਾਮਲ ਸਨ।

ਸ. ਕਾਹਲੋਂ ਅਨੁਸਾਰ ਵਿਧਾਇਕ ਦੇ ਸਰਕਾਰੀ ਟੂਰ ਲਈ ਦਿਤਾ ਜਾਂਦਾ ਰੋਜ਼ਾਨਾ ਭੱਤਾ 500 ਰੁਪਏ ਤੋਂ ਵਧਾ ਕੇ 1000 ਕਰਨ ਦੀ ਤਜਵੀਜ਼ ਨੂੰ ਮਨਜ਼ੂਰੀ ਦਿਤੀ ਜਾ ਚੁਕੀ ਹੈ ਪਰ ਇਸ ਸਬੰਧੀ ਨੋਟੀਫ਼ਿਕੇਸ਼ਨ ਅਗਲੇ ਦਿਨਾਂ 'ਚ ਜਾਰੀ ਹੋਣ ਦੀ ਆਸ ਹੈ। ਵਿਧਾਇਕਾਂ ਨੇ ਪ੍ਰਤੀ ਕਿਲੋਮੀਟਰ ਰੇਟ ਨੂੰ ਦੁੱਗਣਾ ਕੀਤੇ ਜਾਣ ਦੀ ਸ਼ਲਾਘਾ ਕੀਤੀ ਹੈ। ਵਿਧਾਨ ਸਭਾ ਸਕੱਤਰੇਤ ਤੋਂ ਮਿਲੀ ਜਾਣਕਾਰੀ ਅਨੁਸਾਰ ਜਾਰੀ ਕੀਤਾ ਗਿਆ ਨੋਟੀਫ਼ਿਕੇਸ਼ਨ ਤਕਨੀਕੀ ਤੌਰ 'ਤੇ 1 ਜਨਵਰੀ, 2010 ਤੋਂ ਲਾਗੂ ਹੋ ਜਾਵੇਗਾ।



# ਅਫਗਾਨਿਸਤਾਨ ਦੇ ਸਿੱਖ ਅਤੇ ਹਿੰਦੂ ਬੁਰੇ ਹਾਲਾਂ 'ਚ

**ਚੰਡੀਗੜ੍ਹ:** ਅਫ਼ਗ਼ਾਨਿਸਤਾਨ ਵਿਚ ਸਦੀਆਂ ਤੋਂ ਰਹਿੰਦੇ ਆ ਰਹੇ ਸਿੱਖ ਅਤੇ ਹਿੰਦੂ ਜਿਨ੍ਹਾਂ ਨੇ ਉਥੋਂ ਦੀ ਆਰਥਿਕਤਾ ਵਿਚ ਕਈ ਵਾਰ ਮਹੱਤਵਪੂਰਨ ਭੂਮਿਕਾ ਨਿਭਾਅ ਕੇ ਦੇਸ਼ ਨੂੰ ਮਜ਼ਬੂਤ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ, ਹੁਣ ਖ਼ੁਦ ਨਿਰਾਸ਼ਾ ਭਰੀ ਜ਼ਿੰਦਗੀ ਗੁਜ਼ਾਰਨ ਲਈ ਮਜਬੂਰ ਹਨ। ਅਫ਼ਗ਼ਾਨਿਸਤਾਨ ਵਿਚ ਹੁਣ ਉਨ੍ਹਾਂ ਦੀ ਕੋਈ ਗੱਲ ਸੁਣਨ ਲਈ ਤਿਆਰ ਨਹੀਂ। ਉਨ੍ਹਾਂ ਦੇ ਘਰਾਂ ਅਤੇ ਹੋਰ ਜਾਇਦਾਦਾਂ ਨੂੰ ਲੋਕ ਅਪਣੇ ਕਬਜ਼ੇ ਵਿਚ ਲੈ ਰਹੇ ਹਨ। ਹਾਲਾਤ ਇਸ ਹੱਦ ਤਕ ਖ਼ਰਾਬ ਦੱਸੇ ਜਾ ਰਹੇ ਹਨ ਕਿ ਇਕੋ-ਇਕ ਗ਼ੈਰ-ਮੁਸਲਿਮ ਸੰਸਦ ਮੈਂਬਰ ਸ. ਅਵਤਾਰ ਸਿੰਘ ਵੀ ਘੱਟ-ਗਿਣਤੀਆਂ ਦੀ ਮਦਦ ਕਰਨ ਵਿਚ ਅਪਣੇ-ਆਪ ਨੂੰ ਅਸਮਰੱਥ ਮਹਿਸੂਸ ਕਰਨ ਲੱਗੇ ਹਨ।

1992 ਵਿਚ ਰੂਸ ਦੀ ਹਮਾਇਤ ਵਾਲੀ ਸਰਕਾਰ ਦੇ ਟੁੱਟਣ ਤੋਂ ਬਾਅਦ ਜਿਥੇ 2 ਲੱਖ ਸਿੱਖ ਅਤੇ ਹਿੰਦੂ ਰਹਿੰਦੇ ਸਨ, ਹੁਣ ਉਨ੍ਹਾਂ ਦੀ ਗਿਣਤੀ ਕੁਝ ਕੁ ਹਜ਼ਾਰ ਹੀ ਰਹਿ ਗਈ ਹੈ। ਉਨ੍ਹਾਂ ਦਾ ਵੀ ਅਫ਼ਗ਼ਾਨਿਸਤਾਨ ਦੀ ਹਿੰਸਾਗ੍ਰਸਤ ਫ਼ਿਜ਼ਾ ਵਿਚ ਦਮ ਘੁੱਟਣ ਲੱਗਾ ਹੈ। ਜਦੋਂ ਕਾਬਲ 'ਤੇ ਕਬਜ਼ੇ ਲਈ ਲੜਾਈ ਹੋ ਰਹੀ ਸੀ ਤਾਂ ਦੋਵੇਂ ਘੱਟ ਗਿਣਤੀਆਂ ਅਪਣੇ ਧਰਮ ਕਾਰਨ ਹਮਲੇ ਦੀ ਮਾਰ ਵਿਚ ਆ ਗਈਆਂ। ਭਾਰਤ ਵਿਚ ਬਾਬਰੀ ਮਸਜਿਦ ਡੇਗਣ ਦੇ ਵਿਰੋਧ ਵਿਚ ਕਾਬਲ ਵਿਚ ਇਕ ਮੰਦਰ ਢਾਹ ਦਿਤਾ ਗਿਆ। ਅਗ਼ਵਾ, ਬਲਾਤਕਾਰ ਤੇ ਫਿਰੌਤੀ ਦੇ ਵਧ ਰਹੇ ਮਾਮਲਿਆਂ ਨੂੰ ਵੇਖਦੇ ਹੋਏ ਬਹੁਤ ਸਾਰੇ ਹਿੰਦੂ ਤੇ ਸਿੱਖ ਦੇਸ਼ ਛੱਡ ਕੇ ਭਾਰਤ ਚਲੇ ਆਏ। ਭਾਵੇਂ ਭਾਰਤ ਸਰਕਾਰ ਨੇ ਘੱਟ-ਗਿਣਤੀਆਂ ਨੂੰ ਸੁਰੱਖਿਆ ਦੇਣ ਦਾ ਵਾਅਦਾ ਕੀਤਾ ਹੈ ਪਰ ਹਾਲ ਦੀ ਘੜੀ ਤਾਂ ਇਹ ਹਵਾਈ ਕਿਲ੍ਹੇ ਉਸਾਰਨ ਵਰਗੀ ਗੱਲ ਲਗਦਾ ਹੈ।

ਖਾਨਾਜੰਗੀ ਦੌਰਾਨ ਹਿੰਦੂਆਂ ਤੇ ਸਿੱਖਾਂ ਦੀ ਬਹੁਤ ਸਾਰੀ ਜਾਇਦਾਦ 'ਤੇ ਲੋਕਾਂ ਨੇ ਕਬਜ਼ਾ ਕਰ ਲਿਆ। ਜਦੋਂ ਮੌਜੂਦਾ ਸਰਕਾਰ ਕੋਲ ਇਸ ਸਬੰਧੀ ਸ਼ਿਕਾਇਤਾਂ ਦਰਜ ਕਰਵਾਈਆਂ ਗਈਆਂ ਤਾਂ ਅਫ਼ਸਰਸ਼ਾਹੀ ਨੇ ਕੋਈ ਕਾਰਵਾਈ ਨਾ ਕੀਤੀ। ਸੰਸਦ ਮੈਂਬਰ ਸ. ਅਵਤਾਰ ਸਿੰਘ ਨੇ ਕਿਹਾ, "ਸਾਡੇ ਕੋਲ ਕੋਈ ਸਹਾਰਾ ਨਹੀਂ, ਕੋਈ ਜ਼ਮੀਨ ਨਹੀਂ ਤੇ ਨਾ ਹੀ ਕਿਧਰੇ ਸਾਡੀ ਸੁਣਵਾਈ ਹੁੰਦੀ ਹੈ। ਅਜਿਹੇ ਹਾਲਾਤ ਵਿਚ ਅਸੀਂ ਸਬਰ ਹੀ ਕਰ ਸਕਦੇ ਹਾਂ। ਸਾਡੇ ਕੋਲ ਹੋਰ ਕੋਈ ਚਾਰਾ ਵੀ ਨਹੀਂ।" ਅਵਤਾਰ ਸਿੰਘ ਨੇ ਕਿਹਾ, "ਇਸਲਾਮਿਕ ਤਾਲਿਬਾਨ ਦੇ ਪੈਦਾ ਹੋਣ ਨਾਲ ਸਾਨੂੰ ਕੋਈ ਨੁਕਸਾਨ ਨਹੀਂ ਹੋਇਆ ਕਿਉਂਕਿ ਤਾਲਿਬਾਨ ਨੇ ਸਿੱਖਾਂ ਨੂੰ ਦਬਾਉਣ ਦੀ ਕਦੇ ਕੋਸ਼ਿਸ਼ ਨਹੀਂ ਕੀਤੀ ਬਲਕਿ ਉਹ ਸਾਡਾ ਅਤੇ ਸਾਡੇ ਧਰਮ ਦਾ ਸਤਿਕਾਰ ਕਰਦੇ ਸਨ। ਤਾਲਿਬਾਨ ਸਰਕਾਰ ਨੇ ਘੱਟ ਗਿਣਤੀਆਂ ਦਾ ਖ਼ਿਆਲ ਰੱਖਿਆ ਅਤੇ ਜਿਹੜੀ ਸਮੱਸਿਆ ਵੀ ਉਤਪੰਨ ਹੋਈ, ਉਸ ਨੂੰ ਤੁਰਤ ਹੱਲ ਕੀਤਾ।" ਸ. ਅਵਤਾਰ ਸਿੰਘ ਨੇ ਦਸਿਆ ਕਿ ਤਾਲਿਬਾਨ ਦੇ ਪਤਨ ਪਿੱਛੋਂ ਅਫ਼ਗ਼ਾਨਿਸਤਾਨ ਦੇ ਨਵੇਂ ਵਿਧਾਨ ਵਿਚ ਘੱਟ ਗਿਣਤੀਆਂ ਨੂੰ ਅਹਿਮੀਅਤ ਦੇਣ ਦੀ ਗੱਲ ਤਾਂ ਕੀਤੀ ਗਈ ਪਰ ਉਸ ਨੂੰ ਅਮਲੀ ਜਾਮਾ ਨਾ ਪਹਿਨਾਇਆ ਗਿਆ। ਘਰੇਲੂ ਯੁੱਧ ਵਰਗੇ ਹਾਲਾਤ ਵਿਚ ਘੱਟ ਗਿਣਤੀਆਂ ਦੀਆਂ ਸੰਪਤੀਆਂ ਨੂੰ ਅੰਨ੍ਹੇਵਾਹ ਕਬਜ਼ੇ ਵਿਚ ਕਰ ਲਿਆ ਗਿਆ।

ਕਾਬਲ ਵਿਚ ਇਕ ਦਵਾਈਆਂ ਦੀ ਦੁਕਾਨ ਚਲਾ ਰਹੇ ਸ. ਆਤਮਾ ਸਿੰਘ ਨੇ ਦਸਿਆ, "ਮੈਨੂੰ ਅਪਣਾ ਪਰਿਵਾਰ ਭਾਰਤ ਭੇਜਣਾ ਪਿਆ ਕਿਉਂਕਿ ਮੈਂ ਆਪਣਾ ਘਰ ਤੇ ਹੋਰ ਜਾਇਦਾਦ ਗੁਆ ਚੁੱਕਾ ਹਾਂ।" ਉਹ ਨਿਹੋਰੇ ਨਾਲ ਕਹਿੰਦਾ ਹੈ, "ਸਾਨੂੰ ਸਰਕਾਰ ਵਲੋਂ ਪੂਰੀ ਤਰ੍ਹਾਂ ਅਣਦੇਖਿਆ ਕੀਤਾ ਜਾ ਰਿਹਾ ਹੈ।"

ਕੁਝ ਹਿੰਦੂ ਤੇ ਸਿੱਖ ਇਸ ਸਮੇਂ ਕਾਬਲ ਤੇ ਜਲਾਲਾਬਾਦ ਦੇ ਸੁਰੱਖਿਅਤ ਇਲਾਕਿਆਂ ਵਿਚ ਰਹਿ ਰਹੇ ਹਨ। ਹਿੰਦੂਆਂ ਤੇ ਸਿੱਖਾਂ ਦੇ ਸ਼ਮਸ਼ਾਨਘਾਟਾਂ 'ਤੇ ਵੀ ਭੂ-ਮਾਫ਼ੀਆ ਨੇ ਕਬਜ਼ਾ ਕਰ ਲਿਆ ਹੈ। ਆਤਮਾ ਸਿੰਘ ਦੁਖੀ ਹੋ ਕੇ ਕਹਿੰਦਾ ਹੈ, "ਮੈਨੂੰ ਲਗਦਾ ਨਹੀਂ ਕਿ ਹਾਲਾਤ ਕਦੇ ਠੀਕ ਵੀ ਹੋਣਗੇ। ਭਾਰਤ ਕਹਿੰਦਾ ਹੈ ਕਿ ਅਸੀਂ ਅਫ਼ਗ਼ਾਨੀ ਹਾਂ ਤੇ ਇਥੇ ਸਾਨੂੰ ਭਾਰਤੀ ਸਮਝਿਆ ਜਾਂਦਾ ਹੈ। ਕਿਸੇ ਸਰਕਾਰ ਨੂੰ ਸਾਡੀ ਚਿੰਤਾ ਨਹੀਂ।"

# ਕ੍ਰਿਕਟਰ ਮਹਿੰਦਰ ਸਿੰਘ ਧੋਨੀ ਵਿਆਹਿਆ ਗਿਆ



**ਡੇਹਰਾਦੂਨ :** ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਮਹਿੰਦਰ ਸਿੰਘ ਧੋਨੀ ਦਾ ਆਪਣੇ ਬਚਪਨ ਦੀ ਦੋਸਤ ਸਾਕਸ਼ੀ ਰਾਵਤ ਨਾਲ ਬੀਤੀ 4 ਜੁਲਾਈ ਨੂੰ ਵਿਆਹ ਹੋ ਗਿਆ। ਦੋਹਾਂ ਦੀ 3ਜੁਲਾਈ ਨੂੰ ਮੰਗਣੀ ਹੋਈ ਸੀ। ਇਥੋਂ 40 ਕਿਲੋਮੀਟਰ ਦੂਰ ਸਥਿਤ ਫ਼ਾਰਮ ਹਾਊਸ ਵਿਖੇ ਆਯੋਜਿਤ ਵੱਡੇ ਸਮਾਗਮ ਦੌਰਾਨ ਧੋਨੀ ਅਤੇ ਸਾਕਸ਼ੀ ਵਿਆਹੇ ਗਏ। ਸਾਕਸ਼ੀ ਹੋਟਲ ਮੈਨੇਜਮੈਂਟ ਦੀ ਵਿਦਿਆਰਥਣ ਹੈ। ਵਿਆਹ ਵਿਚ ਭਾਰਤੀ ਕ੍ਰਿਕਟ ਟੀਮ ਦੇ ਖਿਡਾਰੀ ਹਰਭਜਨ ਸਿੰਘ ਅਤੇ ਆਸ਼ੀਸ਼ ਨਹਿਰਾ ਵਿਸ਼ੇਸ਼ ਤੌਰ 'ਤੇ ਪੁੱਜੇ। ਇਸ ਤੋਂ ਇਲਾਵਾ ਭਾਰਤੀ ਕ੍ਰਿਕਟ ਕੰਟਰੋਲ ਬੋਰਡ ਦੇ ਕਈ ਅਹੁਦੇਦਾਰ ਵੀ ਸ਼ਾਮਲ ਸਨ। ਧੋਨੀ ਤੇ ਸਾਕਸ਼ੀ ਸਕੂਲ ਦੇ ਸਮੇਂ ਤੋਂ ਹੀ ਦੋਸਤ ਹਨ। ਦੋਹਾਂ ਦੇ ਪਿਤਾ ਮੈਕੋਨ ਨਾਂ ਦੀ ਕੰਪਨੀ ਵਿਚ ਇਕੱਠੇ ਕੰਮ ਕਰਦੇ ਸਨ ਪਰ ਬਾਅਦ ਵਿਚ ਰਾਵਤ ਪਰਵਾਰ ਦੇਹਰਾਦੂਨ ਚਲਾ ਗਿਆ। ਦਸੰਬਰ 2004 ਵਿਚ ਆਪਣੇ ਕੌਮਾਂਤਰੀ ਕੈਰੀਅਰ ਦੀ ਸ਼ੁਰੂਆਤ ਕਰਨ ਵਾਲਾ ਧੋਨੀ 43 ਟੈਸਟ ਮੈਚ ਤੇ 166 ਇਕ ਦਿਨਾ ਅੰਤਰਰਾਸ਼ਟਰੀ ਮੈਚ ਖੇਡ ਚੁੱਕਾ ਹੈ।

# ਅਲਕਾਇਦਾ ਅੰਗਰੇਜ਼ੀ ਅਖ਼ਬਾਰ ਸ਼ੁਰੂ ਕਰੇਗਾ

**ਨਿਊਯਾਰਕ :** ਅਲਕਾਇਦਾ ਹੁਣ ਆਪਣਾ ਪ੍ਰਚਾਰ ਅੰਗਰੇਜ਼ੀ ਵਿਚ ਕਰਨ ਦੀ ਤਿਆਰੀ ਕਰ ਰਿਹਾ ਹੈ। ਇਸ ਦੇ ਲਈ ਜਥੇਬੰਦੀ ਨੇ ਆਪਣਾ ਪਹਿਲਾ ਆਨਲਾਈਨ ਅਖ਼ਬਾਰ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਸ਼ੰਕਾ ਪ੍ਰਗਟਾਈ ਜਾ ਰਹੀ ਹੈ ਕਿ ਜਥੇਬੰਦੀ ਦਾ ਇਸ ਕਦਮ ਦੇ ਪਿਛੇ ਅਸਲੀ ਉਦੇਸ਼ ਅਮਰੀਕਾ ਤੇ ਯੂਰਪ ਵਿਚ ਲੜਾਕਿਆਂ ਦੀ ਭਰਤੀ ਕਰਨਾ ਹੈ। ਸੰਗਠਨ ਨੇ ਆਪਣੇ ਇਸ ਅਖ਼ਬਾਰ 'ਇੰਸਪਾਇਰ' ਦੇ ਆਨਲਾਈਨ ਐਨੀਮੇਟਿਡ ਗ੍ਰਾਫਿਕਸ ਵੀ ਦੇਣੇ ਸ਼ੁਰੂ ਕਰ ਦਿੱਤੇ ਹਨ ਜਿਨ੍ਹਾਂ ਬਾਰੇ ਕਿਹਾ ਹੈ ਕਿ ਇਹ ਇਸਲਾਮੀ ਦੇਸ਼ਾਂ ਲਈ ਵਿਸ਼ੇਸ਼ ਤੋਹਫਾ ਹੈ। ਅੱਤਵਾਦ ਰੋਕੂ ਅਧਿਕਾਰੀਆਂ ਅਤੇ ਅੱਤਵਾਦ ਮਾਹਿਰਾਂ ਦਾ ਵਿਚਾਰ ਹੈ ਕਿ ਇਸ ਅਖ਼ਬਾਰ ਦਾ ਸੰਚਾਲਨ ਅਲਕਾਇਦਾ ਦੀ ਯਮਨ ਬ੍ਰਾਂਚ ਵਲੋਂ ਕੀਤਾ ਜਾਵੇਗਾ। ਮੰਨਿਆ ਜਾ ਰਿਹਾ ਹੈ ਕਿ ਡ੍ਰੋਨ ਹਮਲਿਆਂ ਨਾਲ ਕਮਜ਼ੋਰ ਹੋਇਆ ਅਲਕਾਇਦਾ ਹੁਣ ਅਮਰੀਕਾ ਅੰਦਰ ਆਪਣੀ ਪਕੜ ਮਜ਼ਬੂਤ ਕਰਨ ਦੀ ਕੋਸ਼ਿਸ਼ ਵਿਚ ਹੈ ਅਤੇ ਇਸ ਲਈ ਇਹ ਕਦਮ ਚੁੱਕ ਰਿਹਾ ਹੈ।

# ਓਬਾਮਾ ਅਮਰੀਕਾ ਦੇ 15ਵੇਂ ਸਰਵੋਤਮ ਰਾਸ਼ਟਰਪਤੀ



**ਵਾਸ਼ਿੰਗਟਨ :** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਹੁਣ ਤਕ ਦੇ ਸਭ ਤੋਂ ਬਿਹਤਰੀਨ ਅਮਰੀਕੀ ਰਾਸ਼ਟਰਪਤੀਆਂ ਦੀ ਸੂਚੀ 'ਚ 15ਵੇਂ ਸਥਾਨ 'ਤੇ ਰੱਖਿਆ ਗਿਆ ਹੈ। ਸਾਬਕਾ ਰਾਸ਼ਟਰਪਤੀ ਫਰੈਂਕਲਿਨ ਡੀ ਰੂਜ਼ਵੇਲਟ ਨੂੰ ਜਿੱਥੇ ਸਭ ਤੋਂ ਬਿਹਤਰੀਨ ਅਮਰੀਕੀ ਰਾਸ਼ਟਰਪਤੀਆਂ ਦੀ ਸੂਚੀ 'ਚ ਪਹਿਲੇ ਸਥਾਨ 'ਤੇ ਰੱਖਿਆ ਗਿਆ ਹੈ, ਉਥੇ ਬਿਲ ਕਲਿੰਟਨ 13ਵਾਂ ਸਥਾਨ ਹਾਸਲ ਕਰਨ 'ਚ ਕਾਮਯਾਬ ਰਹੇ ਹਨ।

ਸੀਏਨਾ ਕਾਲਜ ਵਲੋਂ ਕਰਵਾਏ ਗਏ ਸਰਵੇਖਣ ਮੁਤਾਬਕ ਜਾਰਜ ਡਬਲਿਊ ਬੁਸ਼ ਨੂੰ 29ਵਾਂ ਸਥਾਨ ਦਿੱਤਾ ਗਿਆ ਹੈ। ਸਰਵੇਖਣ ਕਰਨ ਵਾਲਿਆਂ ਵਲੋਂ ਅਮਰੀਕੀ ਰਾਸ਼ਟਰਪਤੀ ਦੀਆਂ ਕਾਨੂੰਨੀ ਉਪਲਬਧੀਆਂ ਤੋਂ ਲੈ ਕੇ ਪ੍ਰਤੀਬੱਧਤਾ ਅਤੇ ਕਲਪਨਾ ਦੀ ਕਸੌਟੀ ਨੂੰ ਜਾਂਚਿਆ ਗਿਆ ਹੈ।

# ਬੱਚਿਆਂ ਦਾ ਜਿਸਮਾਨੀ ਸ਼ੋਸ਼ਣ ਕਰਨ ਵਾਲੇ ਪਾਦਰੀ ਨੂੰ 20 ਸਾਲ ਦੀ ਕੈਦ

**ਸਿਡਨੀ :** ਬੱਚਿਆਂ ਦਾ ਜਿਸਮਾਨੀ ਸ਼ੋਸ਼ਣ ਕਰਨ ਦੇ ਦੋਸ਼ ਵਿਚ ਆਸਟਰੇਲੀਆ ਦੇ ਕੈਥੋਲਿਕ ਪਾਦਰੀ ਨੂੰ 20 ਸਾਲ ਦੀ ਸਜ਼ਾ ਸੁਣਾਈ ਗਈ ਹੈ। ਜੱਜ ਨੇ ਪਾਦਰੀ ਦੀਆਂ ਹਰਕਤਾਂ ਨੂੰ ਅਫ਼ਸੋਸਨਾਕ ਕਰਾਰ ਦਿਤਾ। 67 ਸਾਲ ਦੇ ਜੌਹਨ ਸਿਡਨੀ ਡੈਨਹੈਮ ਨੂੰ 5 ਤੋਂ 16 ਸਾਲ ਦੀ ਉਮਰ ਦੇ ਬੱਚਿਆਂ ਦਾ ਜਿਸਮਾਨੀ ਸ਼ੋਸ਼ਣ ਕਰਨ ਦਾ ਦੋਸ਼ੀ ਪਾਏ ਜਾਣ ਮਗਰੋਂ 19 ਸਾਲ ਅਤੇ 10 ਮਹੀਨੇ ਦੀ ਕੈਦ ਸੁਣਾਈ ਗਈ।

ਜੱਜ ਹੈਲਨ ਸਾਈਮ ਨੇ ਸਿਡਨੀ ਦੀ ਅਦਾਲਤ ਨੂੰ ਦਸਿਆ ਕਿ ਡੈਨਹੈਮ ਨੇ 1968 ਤੋਂ 1986 ਦਰਮਿਆਨ ਸਿਡਨੀ ਅਤੇ ਨਿਊ ਸਾਊਥ ਵੇਲਜ਼ ਦੇ ਸਕੂਲਾਂ ਵਿਚ 25 ਬੱਚਿਆਂ ਨੂੰ ਆਪਣਾ ਸ਼ਿਕਾਰ ਬਣਾਇਆ। ਸਾਈਮ ਨੇ ਕਿਹਾ, "ਇੰਨੇ ਬੱਚਿਆਂ ਦਾ ਜਿਸਮਾਨੀ ਸ਼ੋਸ਼ਣ ਕਰਨ ਦੀ ਘਟਨਾ ਗੰਭੀਰ ਅਤੇ ਅਫ਼ਸੋਸਨਾਕ ਹੈ। ਅਪਰਾਧੀ ਦੀਆਂ ਹਰਕਤਾਂ ਨੇ ਬੱਚਿਆਂ ਵਿਚ ਡਰ ਦਾ ਮਾਹੌਲ ਪੈਦਾ ਕਰ ਦਿਤਾ ਹੈ।" ਅਦਾਲਤ ਵਿਚ ਮੌਜੂਦ ਲੋਕਾਂ ਨੇ ਪਾਦਰੀ ਨੂੰ ਸਜ਼ਾ ਦਿਤੇ ਜਾਣ ਦਾ ਸਵਾਗਤ ਕੀਤਾ। ਇਸ ਤੋਂ ਪਹਿਲਾਂ ਅਦਾਲਤ ਵਿਚ ਸੁਣਵਾਈ ਦੌਰਾਨ ਡੈਨਹੈਮ ਨੇ ਕਿਹਾ ਸੀ ਕਿ ਉਹ ਇਹ ਜਾਨਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਉਸ ਨੇ ਅਜਿਹੀਆਂ ਹਰਕਤਾਂ ਕਿਉਂ ਕੀਤੀਆਂ।

# ਫਰਾਂਸ ਵਿਚ ਬੁਰਕੇ 'ਤੇ ਪਾਬੰਦੀ ਦੀ ਤਿਆਰੀ



**ਪੈਰਿਸ :** ਬੈਲਜ਼ੀਅਮ ਅਤੇ ਸਪੇਨ ਤੋਂ ਬਾਅਦ ਹੁਣ ਫਰਾਂਸ ਵਿਚ ਬੁਰਕੇ 'ਤੇ ਪਾਬੰਦੀ ਲਗਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਲਈ ਫਰਾਂਸ ਦੀ ਸੰਸਦ ਮੈਂਬਰ ਨੈਸ਼ਨਲ ਅਸੰਬਲੀ 'ਚ ਬੀਤੇ ਮੰਗਲਵਾਰ ਤੋਂ ਇੱਕ ਬਿਲ 'ਤੇ ਚਰਚਾ ਕਰ ਰਹੇ ਹਨ, ਜਿਸ ਦਾ ਮਕਸਦ ਦੇਸ਼ ਵਿਚ ਬੁਰਕਾ ਪਾਉਣ 'ਤੇ ਪਾਬੰਦੀ ਲਗਾਉਣਾ ਹੈ। ਬਿਲ ਦੇ ਕਾਨੂੰਨ ਬਣ ਜਾਣ 'ਤੇ ਜਨਤਕ ਥਾਵਾਂ 'ਤੇ ਬੁਰਕਾ ਪਾਉਣ ਵਾਲੀਆਂ ਔਰਤਾਂ 'ਤੇ 190 ਡਾਲਰ ਦਾ ਜੁਰਮਾਨਾ ਲਾਇਆ ਜਾਵੇਗਾ। ਫਰਾਂਸ ਦੇ ਰਾਸ਼ਟਰਪਤੀ ਨਿਕੋਲਸ ਸਰਕੋਜੀ ਨੇ ਬੁਰਕੇ ਨੂੰ ਔਰਤਾਂ ਲਈ ਅਪਮਾਨਜਨਕ ਦੱਸਿਆ ਹੈ।

# ਸਿੰਗਾਪੁਰ ਦੀ ਤਰੱਕੀ 'ਚ ਸਿੱਖਾਂ ਦਾ ਖ਼ਾਸ ਹੱਥ

**ਸਿੰਗਾਪੁਰ :** ਸਿੰਗਾਪੁਰ ਦੇ ਸੀਨੀਅਰ ਆਗੂ ਲੀ ਕੁਆਨ ਯੂ ਨੇ ਸਿੱਖਾਂ ਵਲੋਂ ਦੇਸ਼ ਦੇ ਵਿਕਾਸ ਵਿਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ। ਭਾਈ ਮਹਾਰਾਜ ਸਿੰਘ ਮੈਮੋਰੀਅਲ ਗੁਰਦਵਾਰੇ ਦੇ ਉਦਘਾਟਨ ਮੌਕੇ ਆਧੁਨਿਕ ਸਿੰਗਾਪੁਰ ਦੇ ਨਿਰਮਾਤਾ ਅਤੇ ਪਹਿਲੇ ਪ੍ਰਧਾਨ ਮੰਤਰੀ ਲੀ ਨੇ ਕਿਹਾ ਕਿ ਸਿੱਖਾਂ ਵਾਂਗ ਹੋਰਨਾਂ ਧਰਮਾਂ ਦੇ ਲੋਕਾਂ ਨੂੰ ਵੀ ਦੇਸ਼ ਵਿਚ ਆਪਣੇ ਸਭਿਆਚਾਰ ਅਤੇ ਰਵਾਇਤਾਂ ਅਨੁਸਾਰ ਰਹਿਣ ਦੀ ਖੁੱਲ੍ਹ ਹੈ। ਉਨ੍ਹਾਂ ਆਖਿਆ ਕਿ ਇਹ ਦੇਸ਼ ਹਰ ਇਕ ਨੂੰ ਤਰੱਕੀ ਕਰਨ ਦਾ ਮੌਕਾ ਦਿੰਦਾ ਹੈ ਤਾਂ ਕਿ ਆਪਸੀ ਸਦਭਾਵਨਾ ਵਾਲੇ ਸਮਾਜ ਦੀ ਨੀਂਹ ਹੋਰ ਪੱਕੀ ਕੀਤੀ ਜਾ ਸਕੇ। ਲੀ ਨੇ ਕਿਹਾ ਕਿ ਦੇਸ਼ ਵਿਚ ਰਹਿ ਰਹੇ ਲੋਕਾਂ ਨੂੰ ਅਪਣੀ ਮਾਂ ਬੋਲੀ 'ਚ ਪੜ੍ਹਨਾ ਅਤੇ ਪੜ੍ਹਾਉਣਾ ਚਾਹੀਦਾ ਹੈ ਜੋ ਕਾਫ਼ੀ ਦਿਲਚਸਪ ਹੋਵੇਗਾ।

ਸਿੰਗਾਪੁਰ 'ਚ ਲਗਭਗ 15 ਹਜ਼ਾਰ ਸਿੱਖ ਵਸਦੇ ਹਨ ਅਤੇ ਇਥੇ 30 ਲੱਖ ਡਾਲਰ ਦੀ ਲਾਗਤ ਨਾਲ ਦੋ ਗੁਰਦਵਾਰਿਆਂ ਦੀ ਕਾਰ ਸੇਵਾ ਮੁਕੰਮਲ ਕੀਤੀ ਗਈ ਹੈ। ਪ੍ਰਵਾਸੀਆਂ ਦੀ ਵਧਦੀ ਗਿਣਤੀ ਦਾ ਜ਼ਿਕਰ ਕਰਦਿਆਂ ਲੀ ਨੇ ਕਿਹਾ ਕਿ ਸਰਕਾਰ ਇਸ ਨੂੰ ਘਟਾਉਣ ਲਈ ਯਤਨ ਕਰ ਰਹੀ ਹੈ ਪਰ ਸਿੰਗਾਪੁਰ 'ਚ ਘੱਟ ਜਨਮ ਦਰ ਹੋਣ ਕਾਰਨ ਪ੍ਰਵਾਸੀਆਂ ਨੂੰ ਆਕਰਸ਼ਿਤ ਕਰਨਾ ਵੀ ਜ਼ਰੂਰੀ ਹੈ।

# ਭਾਰਤੀ ਮੂਲ ਦੇ ਡਾਕਟਰ ਪਟੇਲ ਨੂੰ 7 ਸਾਲ ਦੀ ਸਜ਼ਾ

**ਮੈਲਬੋਰਨ :** ਭਾਰਤੀ ਮੂਲ ਦੇ ਸਰਜਨ ਅਤੇ ਆਸਟਰੇਲੀਅਨ ਮੀਡੀਆ ਵਿਚ ਡਾਕਟਰ ਡੈਥ ਦੇ ਨਾਂਅ ਨਾਲ ਬਦਨਾਮ ਜਯੰਤ ਪਟੇਲ ਨੂੰ ਮਨੁੱਖੀ ਹੱਤਿਆ ਦਾ ਦੋਸ਼ੀ ਪਾਇਆ ਗਿਆ ਹੈ। ਬ੍ਰਿਸਬੇਨ ਸੁਪਰੀਮ ਕੋਰਟ ਨੇ ਪਟੇਲ ਨੂੰ ਸੱਤ ਸਾਲ ਦੀ ਸਜ਼ਾ ਸੁਣਾਈ ਹੈ। ਉਸ 'ਤੇ ਦੋਸ਼ ਸੀ ਕਿ ਉਸ ਨੇ ਆਪਣੇ ਤਿੰਨ ਆਸਟਰੇਲੀਅਨ ਮਰੀਜ਼ਾਂ ਦੀ ਹੱਤਿਆ ਕਰ ਦਿੱਤੀ ਅਤੇ ਇਕ ਨੂੰ ਗੰਭੀਰ ਸੱਟ ਪਹੁੰਚਾਈ। ਪਟੇਲ 'ਤੇ 14 ਹਫਤਿਆਂ ਤਕ ਮੁਕੱਦਮਾ ਚੱਲਿਆ।

ਪਟੇਲ (60) ਇਕ ਅਮਰੀਕੀ ਨਾਗਰਿਕ ਹੈ। ਇਨ੍ਹਾਂ ਕਤਲਾਂ ਦੇ ਦੋਸ਼ ਉਸ ਸਮੇਂ ਦੇ ਹਨ, ਜਦ ਪਟੇਲ 2003-05 ਵਿਚ ਕਵੀਂਸਲੈਂਡ ਦੇ ਬੰਡਾਬਰਗ ਬੇਸ ਹਸਪਤਾਲ ਵਿਚ ਸਰਜਰੀ ਵਿਭਾਗ ਦੇ ਡਾਇਰੈਕਟਰ ਸਨ। ਬਾਅਦ ਵਿਚ ਡਾਕਟਰ ਨੂੰ ਬ੍ਰਿਸਬੇਨ ਦੀ ਸੁਪਰੀਮ ਕੋਰਟ ਦਾ ਸਾਹਮਣਾ ਕਰਨ ਲਈ ਅਮਰੀਕਾ ਤੋਂ ਫੜਿਆ ਗਿਆ।

ਉਸ 'ਤੇ ਦੋਸ਼ ਸੀ ਕਿ ਉਸ ਨੇ ਆਪਣੇ ਕੁਝ ਮਰੀਜ਼ਾਂ ਦੇ ਖਤਰਨਾਕ, ਗੈਰ ਜ਼ਰੂਰੀ ਅਪਰੇਸ਼ਨ ਕੀਤੇ, ਹਾਲਾਂਕਿ ਪਟੇਲ ਨੇ ਖੁਦ ਨੂੰ ਬੇਗੁਨਾਹ ਦੱਸਿਆ, ਪਰ ਜਿਊਰੀ ਨੇ ਉਸ ਨੂੰ ਜੇਮਸ ਫਿਲਿਪਸ (46), ਗੈਰੀ ਕੈਂਪਸ (77) ਅਤੇ ਮਰਵਿਨ ਮਾਰਿਸ (75) ਦੀ ਹੱਤਿਆ ਦਾ ਦੋਸ਼ੀ ਪਾਇਆ। ਇਨ੍ਹਾਂ ਲੋਕਾਂ ਦੀ ਮੌਤ ਉਸ ਵੇਲੇ ਹੋਈ, ਜਦੋਂ ਪਟੇਲ ਉਨ੍ਹਾਂ ਦੀ ਸਰਜਰੀ ਕਰ ਰਹੇ ਸੀ। ਪਟੇਲ ਨੂੰ ਇਆਨ ਵੋਵਲਸ ਨੂੰ ਵੀ ਗੰਭੀਰ ਸੱਟ ਪਹੁੰਚਾਉਣ ਦਾ ਦੋਸ਼ੀ ਪਾਇਆ ਗਿਆ। ਪਟੇਲ ਨੇ ਅਕਤੂਬਰ 2004 ਵਿਚ ਇਆਨ ਦੀਆਂ ਤੰਦਰੁਸਤ ਅੰਤੜੀਆਂ ਕੱਢ ਦਿੱਤੀਆਂ ਸਨ।

ਇਸ ਮੁਕੱਦਮੇ ਨਾਲ ਲਗਪਗ 25 ਸਾਲ ਪਹਿਲਾਂ ਤੋਂ ਸਰਜਨ ਵਜੋਂ ਕੰਮ ਕਰ ਰਹੇ ਪਟੇਲ ਦੀ ਸਰਜਰੀ ਕਰਨ ਦੀ ਕਾਬਲੀਅਤ 'ਤੇ ਸੁਆਲ ਉਠਣ ਲੱਗੇ ਸਨ। ਜਿਊਰੀ ਨੂੰ ਦੱਸਿਆ ਗਿਆ ਸੀ ਕਿ ਅਮਰੀਕੀ ਹੈਲਥ ਅਥਾਰਟੀ ਨੇ ਪਟੇਲ ਨੂੰ ਕੁਝ ਅਪ੍ਰੇਸ਼ਨ ਕਰਨ ਤੋਂ ਰੋਕਿਆ ਸੀ। ਇਸਤਗਾਸਾ ਨੇ ਦੋਸ਼ ਲਾਏ ਸੀ ਕਿ ਤਿੰਨਾਂ ਲੋਕਾਂ ਦੇ ਬੰਡਬਰਗ ਦੇ ਹਸਪਤਾਲ ਵਿਚ ਅਪਰੇਸ਼ਨ ਨਹੀਂ ਕੀਤੇ ਜਾਣੇ ਚਾਹੀਦੇ ਸਨ, ਕਿਉਂਕਿ ਉਥੇ ਏਨੇ ਮੇਜਰ ਅਪਰੇਸ਼ਨ ਕਰਨ ਲਈ ਸਾਧਨ ਮੌਜੂਦ ਨਹੀਂ ਸਨ।

ਇਸ ਦੌਰਾਨ ਰੌਇਲ ਪਰਥ ਹਸਪਤਾਲ 'ਚ ਕੰਮ ਕਰਦੇ ਡਾ. ਸੁਹੇਲ ਅਹਿਮਦ ਖਾਨ ਦੁਰਾਨੀ ਨਾਮੀ 34 ਸਾਲਾ ਡਾਕਟਰ 'ਤੇ ਇਕ ਔਰਤ ਮਰੀਜ਼ ਵਲੋਂ ਬੀਤੀ 20 ਫਰਵਰੀ ਨੂੰ ਇਹ ਦੋਸ਼ ਲਗਾਇਆ ਗਿਆ ਕਿ ਡਾਕਟਰ ਨੇ ਉਸ ਦੇ ਨਿਰੀਖਣ ਦੌਰਾਨ ਉਸ ਨਾਲ ਜਿਸਮਾਨੀ ਛੇੜਖਾਨੀ ਕੀਤੀ ਹੈ। ਇਸ ਤੋਂ ਬਾਅਦ ਕੇਸ ਅਦਾਲਤ ਵਿਚ ਚਲਾ ਗਿਆ ਸੀ। ਡਾ. ਦੁਰਾਨੀ ਵਲੋਂ ਅਦਾਲਤ ਤੋਂ ਜ਼ਮਾਨਤ ਲੈ ਲਈ ਗਈ ਸੀ। ਕੇਸ ਦੀ ਅਗਲੀ ਸੁਣਵਾਈ 11 ਅਗਸਤ ਨੂੰ ਕੀਤੀ ਜਾਵੇਗੀ।

# ਡਾ. ਹਨੀਫ਼ ਵਲੋਂ ਸਰਕਾਰ ਤੇ ਸਾਬਕਾ ਮੰਤਰੀ 'ਤੇ ਕੇਸ

**ਮੈਲਬੌਰਨ :** 2007 ਵਿਚ ਬਰਤਾਨੀਆ 'ਤੇ ਅੱਤਵਾਦੀ ਹਮਲੇ ਦੇ ਦੋਸ਼ ਵਿਚ ਗਲਤੀ ਨਾਲ ਗ੍ਰਿਫਤਾਰ ਕੀਤੇ ਗਏ ਭਾਰਤੀ ਮੂਲ ਦੇ ਡਾਕਟਰ ਮੁਹੰਮਦ ਹਨੀਫ ਨੇ ਆਸਟ੍ਰੇਲੀਆ ਦੇ ਸਾਬਕਾ ਆਵਾਸ ਮੰਤਰੀ ਕੇਵਿਨ ਐਂਡ੍ਰਿਊਜ਼ ਵਿਰੁਧ ਮਾਨਹਾਨੀ ਅਤੇ ਸਰਕਾਰ ਵਿਰੁਧ ਗ਼ੈਰ-ਕਾਨੂੰਨੀ ਗ੍ਰਿਫਤਾਰੀ ਅਤੇ ਤਾਕਤ ਦੀ ਦੁਰਵਰਤੋਂ ਦਾ ਮੁਕੱਦਮਾ ਦਾਇਰ ਕਰ ਦਿੱਤਾ ਹੈ। ਹਨੀਫ ਦੇ ਵਕੀਲ ਮੋਰਾਈਸ ਬਲੈਕਬਰਨ ਨੇ ਦੱਸਿਆ ਕਿ ਇਹ ਮੁਕੱਦਮੇ ਬ੍ਰਿਸਬੇਨ ਸੁਪਰੀਮ ਕੋਰਟ ਵਿਚ ਕੀਤੇ ਗਏ ਹਨ। ਉਸ ਨੇ ਦੱਸਿਆ ਕਿ ਉਸ ਦੇ ਮੁਅੱਕਲ ਨੂੰ ਬਿਨਾਂ ਠੋਸ ਸਬੂਤਾਂ ਤੋਂ ਬ੍ਰਿਸਬੇਨ ਦੇ ਹਵਾਈ ਅੱਡੇ ਤੋਂ ਗ੍ਰਿਫਤਾਰ ਕੀਤਾ ਗਿਆ ਸੀ, ਜੋ ਕਿ ਛਾਣਬੀਣ ਤੋਂ ਬਾਅਦ ਨਿਰਦੋਸ਼ ਪਾਇਆ ਗਿਆ। ਉਨ੍ਹਾਂ ਕਿਹਾ ਕਿ ਇਸ ਸਾਰੀ ਕਾਰਵਾਈ ਨੇ ਹਨੀਫ ਦਾ ਸਮਾਜਿਕ ਤੇ ਆਰਥਿਕ ਤੌਰ 'ਤੇ ਵੀ ਭਾਰੀ ਨੁਕਸਾਨ ਕੀਤਾ ਹੈ। ਇਸ ਲਈ ਦੋ ਵੱਖ-ਵੱਖ ਮੁਕੱਦਮੇ ਸਰਕਾਰ ਤੇ ਤੱਤਕਾਲੀਨ ਆਵਾਸ ਮੰਤਰੀ ਐਂਡ੍ਰਿਊਜ਼ ਵਿਰੁਧ ਦਾਇਰ ਕੀਤੇ ਗਏ ਹਨ।

# ਮੀਕਾ 'ਤੇ ਬਾਈਕਰ ਨੂੰ ਕੁਚਲਣ ਦਾ ਦੋਸ਼



**ਮੁੰਬਈ :** ਪੰਜਾਬੀ ਅਤੇ ਬਾਲੀਵੁੱਡ ਗਾਇਕ ਮੀਕਾ 'ਤੇ ਹਿਟ ਐਂਡ ਰਨ ਦਾ ਦੋਸ਼ ਲਗਾਇਆ ਗਿਆ। ਬੀਤੀ 3 ਜੁਲਾਈ ਸ਼ਨੀਵਾਰ ਰਾਤ ਨੂੰ ਲੋਹਖੰਡਵਾਲਾ ਵਿਚ ਇਕ ਬਾਈਕਰ ਨੂੰ ਇਕ ਕਾਰ ਤੋਂ ਟੱਕਰ ਵੱਜੀ ਸੀ ਜਿਸ ਨਾਲ ਉਸ ਦੀ ਹਾਲਤ ਗੰਭੀਰ ਬਣੀ ਹੋਈ ਹੈ। ਘਟਨਾ ਤੋਂ ਬਾਅਦ ਜ਼ਖਮੀ ਦੇ ਪਰਿਵਾਰ ਵਾਲਿਆਂ ਨੇ ਦੋਸ਼ ਲਗਾਇਆ ਕਿ ਇਹ ਟੱਕਰ ਮੀਕਾ ਦੀ ਕਾਰ ਨੇ ਮਾਰੀ ਹੈ ਜਦਕਿ ਮੀਕਾ ਨੇ ਇਸ ਗੱਲ ਨੂੰ ਪੂਰੀ ਤਰ੍ਹਾਂ ਖਾਰਜ ਕਰਦੇ ਹੋਏ ਕਿਹਾ ਕਿ ਉਸ ਨੇ ਨੌਜਵਾਨ ਨੂੰ ਸੜਕ 'ਤੇ ਬੁਰੀ ਤਰ੍ਹਾਂ ਜ਼ਖਮੀ ਦੇਖਿਆ ਸੀ ਅਤੇ ਜਿਸ ਤੋਂ ਬਾਅਦ ਉਸ ਨੂੰ ਚੁੱਕ ਕੇ ਹਸਪਤਾਲ ਪਹੁੰਚਾਇਆ।

# ਦੋ ਪਤੀਆਂ ਵਿਚਕਾਰ ਲਟਕ ਗਈ ਫੁਲਕੁੰਵਰੀ

**ਕੁਸ਼ੀਨਗਰ :** ਉਤਰ ਪ੍ਰਦੇਸ਼ ਦੇ ਜ਼ਿਲ੍ਹੇ ਕੁਸ਼ੀਨਗਰ ਦੇ ਪਿੰਡ ਲਕਸ਼ਮੀਪੁਰ ਵਿਚ ਸ਼ੰਭੂਰਾਮ, ਪਾਕਿ ਦੀ ਜੇਲ੍ਹ 'ਚੋਂ ਰਿਹਾਅ ਹੋ ਕੇ ਪੰਜ ਸਾਲ ਬਾਅਦ ਘਰ ਆ ਰਿਹਾ ਹੈ। ਜਿਥੇ ਉਸ ਦੇ ਪਰਿਵਾਰ ਵਾਲੇ ਬੇਹੱਦ ਖੁਸ਼ ਹਨ, ਉਥੇ ਉਸ ਦੀ ਪਤਨੀ ਫੁਲਕੁੰਵਰੀ ਸ਼ਸ਼ੋਪੰਜ ਵਿਚ ਹੈ ਕਿਉਂ ਜੋ ਪਤੀ ਦੇ ਕਈ ਸਾਲਾਂ ਤਕ ਵਾਪਸ ਨਾ ਆਉਣ 'ਤੇ ਘਰ ਵਾਲਿਆਂ ਨੇ ਉਸ ਦੇ ਦਿਉਰ ਰਜ਼ੇਸ਼ਵਰ ਨਾਲ ਉਸ ਦਾ ਵਿਆਹ ਕਰ ਦਿੱਤਾ ਸੀ। ਦੋਵੇਂ ਵਿਆਹਾਂ ਸਮੇਂ ਭਾਵੇਂ ਉਸ ਦੀ ਪਸੰਦ, ਨਾ-ਪਸੰਦ ਨੂੰ ਕੋਈ ਅਹਿਮੀਅਤ ਨਹੀਂ ਦਿੱਤੀ ਗਈ ਪਰ ਹੁਣ ਉਸ ਦੇ ਫੈਸਲੇ 'ਤੇ ਹੀ ਸਾਰੀ ਗੱਲ ਨਿਬੜੇਗੀ। ਦੋ ਪਤੀਆਂ ਵਿਚਕਾਰ ਫਸੀ ਫੁਲਕੁੰਵਰੀ ਦਾ ਕਹਿਣਾ ਹੈ, "ਮੈਂ ਪਹਿਲਾਂ ਪਤੀ ਦੀ ਹਾਲਤ ਵੇਖਾਂਗੀ। ਕਮਾਉਣ ਲਾਇਕ ਮਿਲਿਆ ਤਾਂ ਉਸ ਨਾਲ ਰਹਾਂਗੀ ਕਿਉਂਕਿ ਮੈਂ ਇਕੱਲੀ ਨਹੀਂ। ਜੇ ਅਜਿਹਾ ਨਾ ਹੋਇਆ ਤਾਂ ਵਰਤਮਾਨ ਪਤੀ ਨਾਲ ਹੀ ਗੁਜ਼ਾਰਾ ਕਰਾਂਗੀ।" ਸਿਲਾਈ ਦਾ ਕੰਮ ਕਰਨ ਵਾਲਾ ਸ਼ੰਭੂਰਾਮ ਅਕਸਰ ਹੀ ਘਰੋਂ ਗਾਇਬ ਹੋ ਜਾਂਦਾ ਸੀ ਤੇ ਹਫਤਿਆਂ ਬਾਅਦ ਮੁੜਦਾ ਸੀ। ਇਸ ਦੌਰਾਨ ਫੁਲਕੁੰਵਰੀ ਨੇ ਮਾਇਆ ਨਾਂਅ ਦੀ ਬੱਚੀ ਨੂੰ ਜਨਮ ਦਿਤਾ। ਥੋੜੇ ਹੀ ਦਿਨਾਂ ਬਾਅਦ ਸ਼ੰਭੂ ਫਿਰ ਘਰ ਤੋਂ ਗਾਇਬ ਹੋ ਗਿਆ। ਪਰਵਾਰ ਨੇ ਭਾਲ ਕੀਤੀ ਪਰ ਕੁਝ ਪਤਾ ਨਾ ਲੱਗਾ। ਪਤੀ ਦੇ ਨਾ ਆਉਣ 'ਤੇ ਫੁੱਲਕੁੰਵਰੀ ਪੇਕੇ ਚਲੀ ਗਈ। ਚਾਰ ਸਾਲ ਬਾਅਦ ਪਰਤੀ ਤਾਂ ਪਰਿਵਾਰ ਵਾਲਿਆਂ ਨੇ ਉਸ ਦਾ ਹੱਥ ਦਿਉਰ ਨੂੰ ਫੜਾ ਦਿੱਤਾ। ਫਿਰ ਉਸ ਨੇ ਇਕ ਪੁੱਤਰ ਨੂੰ ਜਨਮ ਦਿੱਤਾ।

# ਸਕੂਲ 'ਚ ਪੜ੍ਹਾਉਂਦੇ ਸਮੇਂ ਮੋਬਾਈਲ ਫੋਨ ਦੀ ਘੰਟੀ ਵੱਜੀ ਤਾਂ ਅਧਿਆਪਕ ਦੀ ਤਨਖਾਹ ਕੱਟੀ ਜਾਵੇਗੀ



**ਉਜੈਨ :** ਮੱਧ ਪ੍ਰਦੇਸ਼ ਦੇ ਉਜੈਨ ਜ਼ਿਲ੍ਹੇ ਵਿਚ ਸਕੂਲ ਵਿਚ ਪੜ੍ਹਾਉਂਦੇ ਸਮੇਂ ਜੇ ਕਿਸੇ ਅਧਿਆਪਕ ਦੇ ਮੋਬਾਈਲ ਫੋਨ ਦੀ ਘੰਟੀ ਵੱਜ ਗਈ ਤਾਂ ਉਸਦੀ ਤਨਖਾਹ ਕੱਟ ਲਈ ਜਾਵੇਗੀ। ਕੁਲੈਕਟਰ ਡਾ. ਐਮ.ਗੀਤਾ ਨੇ ਨਵੇਂ ਸਿੱਖਿਆ ਸੈਸ਼ਨ ਦੇ ਪਹਿਲੇ ਦਿਨ ਬੀਤੀ 2 ਜੁਲਾਈ ਸ਼ੁੱਕਰਵਾਰ ਨੂੰ ਉਜੈਨ ਜ਼ਿਲ੍ਹੇ ਦੇ ਕਈ ਸਕੂਲਾਂ ਦਾ ਦੌਰਾ ਕੀਤਾ। ਉਨ੍ਹਾਂ ਜ਼ਿਲ੍ਹਾ ਸਿੱਖਿਆ ਅਧਿਕਾਰੀ ਨੂੰ ਇਹ ਗੱਲ ਯਕੀਨੀ ਬਣਾਉਣ ਲਈ ਕਿਹਾ ਕਿ ਬੱਚਿਆਂ ਨੂੰ ਪੜ੍ਹਾਉਂਦੇ ਸਮੇਂ ਅਧਿਆਪਕਾਂ ਨੂੰ ਮੋਬਾਈਲ ਫੋਨ ਨਹੀਂ ਸੁਣਨਾ ਚਾਹੀਦਾ। ਜੇ ਕਿਸੇ ਅਧਿਆਪਕ ਦੀ ਮੋਬਾਈਲ ਫੋਨ ਦੀ ਘੰਟੀ ਬੱਚਿਆਂ ਨੂੰ ਪੜ੍ਹਾਉਂਦੇ ਸਮੇਂ ਵੱਜੇ ਤਾਂ ਉਸ ਦੀ ਤਨਖਾਹ ਵਿਚੋਂ ਕਟੌਤੀ ਕੀਤੀ ਜਾਵੇ।

# ਵਿਸ਼ਵ ਕੱਪ ਫੁੱਟਬਾਲ:ਉਰੂਗੁਏ ਨੂੰ ਹਰਾ ਕੇ ਨੀਦਰਲੈਂਡ ਫਾਈਨਲ 'ਚ

**ਕੇਪਟਾਊਨ (ਪੰਜਾਬ ਟਾਈਮਜ਼ ਬਿਊਰੋ):** ਫੁੱਟਬਾਲ ਦਾ ਮਹਾਂਕੁੰਭ ਹੁਣ ਨਿਰਣਾਇਕ ਦੌਰ 'ਚ ਹੈ। ਪਹਿਲੇ ਸੈਮੀਫਾਈਨਲ ਮੁਕਾਬਲੇ 'ਚ ਉਰੂਗੁਏ ਨੂੰ 3-2 ਨਾਲ ਹਰਾ ਕੇ ਨੀਦਰਲੈਂਡ ਫਾਈਨਲ 'ਚ ਪੱਜਾ ਗਿਆ ਹੈ। ਸ਼ੁਰੂ 'ਚ ਇਹ ਮੈਚ ਜ਼ਿਆਦਾ ਰੌਮਾਂਚਿਕ ਨਾ ਰਿਹਾ ਪਰ ਦੂਜੇ ਹਾਫ 'ਚ ਨੀਦਰਲੈਂਡ ਨੇ ਚੰਗੀ ਖੇਡ ਦਾ ਪ੍ਰਦਰਸ਼ਨ ਕੀਤਾ ਤੇ ਸੈਮੀਫਾਈਨਲ 'ਚ ਪਹੁੰਚਣ ਵਾਲੀ ਪਹਿਲੀ ਟੀਮ ਦਾ ਮਾਣ ਹਾਸਲ ਕੀਤਾ। ਫਾਈਨਲ 'ਚ ਹੁਣ ਦੋਵੇਂ ਟੀਮਾਂ ਯੂਰਪ ਦੀਆਂ ਹੀ ਭਿੜਣਗੀਆਂ।

ਨੀਦਰਲੈਂਡ ਵੱਲੋਂ ਕਪਤਾਨ ਜਿਓਵਨੀ ਵੈਨ ਨੇ 35 ਮੀਟਰ ਦੀ ਦੂਰੀ ਤੋਂ ਅਜਿਹਾ ਸ਼ਾਟ ਲਾਇਆ ਕਿ ਕਿਸੇ ਦੀ ਵੀ ਸਮਝ 'ਚ ਕੁਝ ਨਹੀਂ ਆਇਆ। ਇਸ ਤੋਂ ਬਾਅਦ 41 ਮਿੰਟ 'ਚ ਉਰੂਗੁਏ ਦੇ ਕਪਤਾਨ ਡਿਆਗੋ ਫੋਰਲੈਨ ਨੇ ਗੋਲ ਦਾਗ ਕੇ ਮੈਚ ਨੂੰ ਬਰਾਬਰੀ 'ਤੇ ਲੈ ਆਂਦਾ। ਇਸ ਮਗਰੋਂ 70ਵੇਂ ਮਿੰਟ 'ਤੇ ਨੀਦਰਲੈਂਡ ਦੇ ਸ਼ਨਾਈਡਰ ਦਾ ਸ਼ਾਟ ਗੋਲ ਪੋਸਟ ਨਾਲ ਟਕਰਾ ਕੇ ਗੋਲ ਦੇ ਅੰਦਰ ਚਲਾ ਗਿਆ। ਇਸ ਤੋਂ ਬਾਅਦ ਨੀਦਰਲੈਂਡ ਦੀ ਟੀਮ ਪੂਰੀ ਤਾਅ 'ਚ ਆ ਗਈ ਤੇ ਤਿੰਨ ਮਿੰਟਾਂ ਦੇ ਅੰਦਰ ਹੀ ਆਇਨ ਰੋਬਨ ਨੇ ਹੈਡਰ ਨਾਲ ਗੋਲ ਕਰਕੇ ਆਪਣੀ ਟੀਮ ਨੂੰ 3-1 ਨਾਲ ਬੜ੍ਹਤ ਦਿਵਾ ਦਿੱਤੀ। ਨੀਦਰਲੈਂਡ 1978 ਤੋਂ ਬਾਅਦ ਪਹਿਲੀ ਵਾਰ ਸੈਮੀਫਾਈਨਲ 'ਚ ਪੁੱਜਾ ਹੈ।





ਇਸ ਤੋਂ ਪਹਿਲਾਂ ਪੰਜ ਵਾਰ ਦੇ ਚੈਂਪੀਅਨ ਬਰਾਜ਼ੀਲ ਨੂੰ ਯੂਰਪੀ ਪਾਵਰ ਹਾਊਸ ਨੀਦਰਲੈਂਡ ਨੇ ਕੁਆਰਟਰ ਫਾਈਨਲ ਦੇ ਪਹਿਲੇ ਮੈਚ 'ਚ 2-1 ਨਾਲ ਹਰਾ ਕੇ ਬਾਹਰ ਦਾ ਰਸਤਾ ਦਿਖਾ ਦਿੱਤਾ ਸੀ। ਨੀਦਰਲੈਂਡ ਦੀ ਟੀਮ 24 ਅੰਤਰਰਾਸ਼ਟਰੀ ਮੁਕਾਬਲਿਆਂ 'ਚ ਅਜੇਤੂ ਰਹੀ ਹੈ। ਦੂਸਰੇ ਪਾਸੇ ਸਾਲ 2006 ਦੀ ਤਰ੍ਹਾਂ ਇਸ ਵਾਰ ਵੀ ਬਰਾਜ਼ੀਲ ਦੀ ਟੀਮ ਨੂੰ ਕੁਆਰਟਰ ਫਾਈਨਲ 'ਚ ਹਾਰ ਦਾ ਸਾਹਮਣਾ ਕਰਨਾ ਪਿਆ। ਲਗਾਤਾਰ ਤਿੰਨ ਵਾਰ (2002, 1998, 1994) ਫਾਈਨਲ 'ਚ ਜਗ੍ਹਾ ਬਣਾਉਣ ਤੋਂ ਬਾਅਦ ਬਰਾਜ਼ੀਲ ਦੀ ਟੀਮ ਲਗਾਤਾਰ ਦੋ ਮੁਕਾਬਲਿਆਂ ਤੋਂ ਵਿਸ਼ਵ ਕੱਪ ਦੇ ਸੈਮੀ ਫਾਈਨਲ 'ਚ ਵੀ ਨਹੀਂ ਪਹੁੰਚ ਸਕੀ ਹੈ। ਨੀਦਰਲੈਂਡ ਵੱਲੋਂ ਮੈਚ ਦਾ ਦੂਸਰਾ ਗੋਲ ਸਟ੍ਰਾਈਕਰ ਵੇਸਲੇ ਸ਼ਨਾਈਡਰ ਨੇ 68ਵੇਂ ਮਿੰਟ 'ਚ ਕੀਤਾ। ਇਸ ਤੋਂ ਪਹਿਲਾ 53ਵੇਂ ਮਿੰਟ 'ਚ ਨੀਦਰਲੈਂਡ ਨੇ ਬਰਾਬਰੀ ਦਾ ਗੋਲ ਕੀਤਾ ਸੀ। ਬਰਾਜ਼ੀਲ ਦੇ ਲਈ ਦੁੱਖ ਦੀ ਗੱਲ ਇਹ ਰਹੀ ਕਿ ਉਸ ਦੇ ਖ਼ਿਲਾਫ਼ ਉਸੇ ਦੇ ਖਿਡਾਰੀ ਫੇਲਿਪੀ ਮੇਲੋ ਨੇ ਹੀ ਇਹ ਗੋਲ ਕੀਤਾ। ਇਹ ਇਸ ਵਿਸ਼ਵ ਕੱਪ ਦਾ ਤੀਸਰਾ ਆਤਮਘਾਤੀ ਗੋਲ ਸੀ। ਇਹ ਗੋਲ 53ਵੇਂ ਮਿੰਟ 'ਚ ਨੀਦਰਲੈਂਡ ਦੇ ਸਟ੍ਰਾਈਕਰ ਵੇਲਸੇ ਸ਼ਨਾਈਡਰ ਵੱਲੋਂ ਫ੍ਰੀਕਿੱਕ ਰਾਹੀਂ ਹੋਇਆ।

ਸੈਮੀਫਾਈਨਲ 'ਚ ਪੁੱਜਣ ਵਾਲੀ ਦੂਜੀ ਟੀਮ ਉਰੂਗੁਏ ਨੇ ਘਾਨਾ ਨੂੰ ਹਰਾਇਆ। ਕੁਆਟਰ ਫਾਈਨਲ ਦੇ ਇਸ ਸੰਘਰਸ਼ਪੂਰਨ ਮੈਚ ਵਿੱਚ ਦੋਵਾਂ ਟੀਮਾਂ ਨੇ ਆਪਣਾ ਪਲੜ੍ਹਾ ਭਾਰੀ ਕਰਨ ਲਈ ਕਾਫ਼ੀ ਜਦੋ-ਜਹਿਦ ਕੀਤੀ ਪਰ ਅੰਤ ਪੈਨਲਟੀ ਸ਼ੂਟ ਆਊਟ ਨਾਲ ਉਰੂਗੁਏ ਨੇ ਘਾਨਾ ਨੂੰ 4-2 ਨਾਲ ਹਰਾ ਦਿੱਤਾ। ਪਹਿਲੇ ਅੱਧ ਤੋਂ ਬਾਅਦ ਉਰੂਗੁਏ ਨੇ ਘਾਨਾ ਖਿਲਾਫ਼ ਗੋਲ ਦਾਗ ਕੇ ਮੈਚ ਨੂੰ 1-1 ਦੀ ਬਰਾਬਰੀ 'ਤੇ ਲੈ ਆਂਦਾ। ਮੈਚ ਦੇ 73ਵੇਂ ਮਿੰਟ ਤੱਕ ਦੋਵਾਂ ਨੇ ਟੀਮਾਂ ਨੇ ਬੜ੍ਹਤ ਹਾਸਲ ਕਰਨ ਲਈ ਜਦੋ-ਜਹਿਦ ਜਾਰੀ ਰੱਖੀ ਪਰ ਸਫ਼ਲਤਾ ਨਹੀਂ ਮਿਲੀ। ਮੈਚ ਦਾ ਸਮਾਂ ਪੂਰਾ ਹੋਣ 'ਤੇ 15 ਮਿੰਟ ਦਾ ਵਾਧੂ ਸਮਾਂ ਦਿੱਤਾ ਗਿਆ ਪਰ ਫਿਰ ਵੀ ਕੋਈ ਟੀਮ ਗੋਲ ਨਹੀਂ ਕਰ ਸਕੀ ਜਿਸ ਕਾਰਨ ਕਿਸੇ ਸਿੱਟੇ 'ਤੇ ਪੁੱਜਣ ਲਈ ਹੋਰ 15 ਮਿੰਟ ਦਿੱਤੇ ਗਏ। ਇਸ ਤੋਂ ਬਾਅਦ ਦੋਵਾਂ ਟੀਮਾਂ ਨੂੰ 5-5 ਗੋਲ ਕਰਨ ਲਈ ਪੈਨਲਟੀ ਸ਼ੂਟ ਆਉਟ ਦਿੱਤੇ ਗਏ ਜਿਸ ਸਦਕਾ ਉਰੂਗੁਏ ਨੇ ਘਾਨਾ ਨੂੰ 4-2 ਨਾਲ ਹਰਾ ਦਿੱਤਾ।

ਇਨ੍ਹਾਂ ਤੋਂ ਇਲਾਵਾ ਅਰਜਨਟੀਨਾ ਨੂੰ 4-2 ਨਾਲ ਹਰਾ ਕੇ ਜਰਮਨੀ ਤੇ ਪੈਰਾਗੂਏ ਨੂੰ 1-0 ਨਾਲ ਹਰਾ ਕੇ ਸਪੇਨ ਸੈਮੀ ਫਾਈਨਲ 'ਚ ਪੁੱਜਮ 'ਚ ਸਫਲ ਹੋਏ। ਤੀਸਰੇ ਕੁਆਰਟਰ ਫਾਈਨਲ ਮੁਕਾਬਲੇ 'ਚ ਜਰਮਨੀ ਨੇ ਅਰਜਨਟੀਨਾ ਨੂੰ 4-0 ਨਾਲ ਕਰਾਰੀ ਹਾਰ ਦਿੱਤੀ। ਜਰਮਨੀ ਦੀ ਇਸ ਜਿੱਤ ਦੇ ਨਾਲ ਹੀ ਅਰਜਨਟੀਨਾ ਦੇ ਕੋਚ ਮਾਰਾਡੋਨਾ ਦਾ ਵਿਸ਼ਵ ਕੱਪ ਜਿੱਤਣ ਦਾ ਸੁਪਨਾ ਟੁੱਟ ਗਿਆ ਤੇ ਜਰਮਨੀ ਦੀ ਟੀਮ ਸੈਮੀਫਾਈਨਲ 'ਚ ਪੁੱਜ ਗਈ। ਜਰਮਨੀ ਨੇ ਇਸ ਮੈਚ 'ਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਚਾਰ ਗੋਲ ਕੀਤੇ ਤੇ ਅਰਜਨਟੀਨਾ ਦੇ ਖਿਡਾਰੀਆਂ ਨੂੰ ਗੋਲ ਕਰਨ ਦਾ ਕੋਈ ਮੌਕਾ ਨਹੀਂ ਦਿੱਤਾ। ਜਰਮਨੀ ਨੇ ਮੈਚ ਦੇ ਤੀਸਰੇ ਮਿੰਟ 'ਚ ਪਹਿਲਾ, 68ਵੇਂ ਮਿੰਟ 'ਚ ਦੂਸਰਾ, 74ਵੇਂ ਮਿੰਟ 'ਚ ਤੀਸਰਾ ਅਤੇ 89ਵੇਂ ਮਿੰਟ 'ਚ ਚੌਥਾ ਗੋਲ ਕੀਤਾ। ਪਹਿਲਾ ਗੋਲ ਤੇਜ਼ ਤਰਾਰ ਮਿਡਫੀਲਡਰ ਥਾਮਸ ਮੂਲਰ ਨੇ, ਦੂਸਰਾ ਫਾਰਵਰਡ ਖਿਡਾਰੀ ਮਿਰੋਸਲੇਵ ਕਲੋਸ ਨੇ, ਤੀਸਰਾ ਆਨਰੇ ਫ੍ਰੈਂਡਰਿਕ ਨੇ ਤੇ ਚੌਥਾ ਗੋਲ ਵੀ ਕਲੋਸ ਨੇ ਹੀ ਕੀਤਾ। ਜਰਮਨੀ ਦੇ ਮਿਡਫੀਲਡਰ ਬਾਸਤਿਆਨ ਸ਼ਵੀਸਟੀਗਰ ਨੇ ਲਗਭਗ ਹਰ ਗੋਲ 'ਚ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਸ਼ਾਨਦਾਰ ਪ੍ਰਦਰਸ਼ਨ ਦੇ ਲਈ ਉਸ ਨੂੰ ਮੈਨ ਆਫ਼ ਦਾ ਮੈਚ ਚੁਣਿਆ ਗਿਆ।

ਆਖ਼ਰੀ ਕੁਆਟਰ ਫਾਈਨਲ ਮੈਚ 'ਚ ਸਪੇਨ ਨੇ ਪੈਰਾਗੂਏ ਖਿਲਾਫ਼ ਮੈਚ ਦੇ 83ਵੇਂ ਮਿੰਟ 'ਤੇ ਗੋਲ ਕਰਕੇ ਮੈਚ ਜਿੱਤ ਲਿਆ। ਭਾਵੇਂ ਦੋਵਾਂ ਟੀਮਾਂ ਨੇ ਜਿੱਤ ਲਈ ਸ਼ੁਰੂ ਤੋਂ ਹੀ ਪੂਰੀ ਵਾਹ ਲਾ ਦਿੱਤੀ ਪਰ ਪਹਿਲੇ ਅੱਧ ਤੱਕ ਕੋਈ ਵੀ ਟੀਮ ਗੋਲ ਨਾ ਕਰ ਸਕੀ। ਇਸ ਦੌਰਾਨ ਪੈਰਾਗੂਏ ਦੀ ਟੀਮ ਦੇ ਖਿਡਾਰੀ ਨੇ ਗੋਲ ਕਰ ਦਿੱਤਾ ਪਰ ਰੈਫ਼ਰੀ ਨੇ ਗੋਲ ਨੂੰ 'ਆਫ਼ ਸਾਈਡ' ਕਰਾਰ ਦਿੱਤਾ ਜਿਸ ਕਾਰਨ ਇਸ ਗੋਲ ਨੂੰ ਨਹੀਂ ਮੰਨਿਆ ਗਿਆ। ਇਸ 'ਤੇ ਪੈਰਾਗੂਏ ਖਿਡਾਰੀਆਂ ਨੇ ਵੱਡਾ ਇਤਰਾਜ਼ ਜਿਤਾਇਆ। ਪਹਿਲੇ ਅੱਧ ਤੋਂ ਬਾਅਦ ਮੈਚ ਮੁੜ ਸ਼ੁਰੂ ਹੋਣ 'ਤੇ ਮੁੜ ਦੋਵਾਂ ਟੀਮਾਂ ਨੇ ਗੋਲ ਦਾਗਣ ਲਈ ਜਦੋਜਹਿਦ ਆਰੰਭ ਕਰ ਦਿੱਤੀ ਪਰ 57ਵੇਂ ਮਿੰਟ ਤੱਕ ਵੀ ਗੋਲ ਨਾ ਕੀਤਾ ਜਾ ਸਕਿਆ। ਮੈਚ ਦੇ 58ਵੇਂ ਮਿੰਟ 'ਤੇ ਪੈਰਾਗੂਏ ਨੂੰ ਉਸ ਵੇਲੇ ਚੰਗਾ ਮੌਕਾ ਮਿਲਿਆ ਜਦੋਂ ਰੈਫ਼ਰੀ ਨੇ ਪੈਨਲਟੀ ਦੇ ਦਿੱਤੀ ਪਰ ਪੈਰਾਗੂਏ ਦਾ ਖਿਡਾਰੀ ਗੋਲ ਕਰਨ ਵਿਚ ਸਫ਼ਲ ਨਹੀਂ ਹੋ ਸਕਿਆ। ਇਸ ਤੋਂ ਬਾਅਦ ਸਪੇਨ ਨੂੰ ਪੈਨਲਟੀ ਮਿਲੀ ਪਰ ਇਸ ਦੇ ਬਾਵਜੂਦ ਵੀ ਸਪੇਨ ਦਾ ਖਿਡਾਰੀ ਗੋਲ ਕਰਨ ਵਿਚ ਸਫ਼ਲ ਨਹੀਂ ਹੋ ਸਕਿਆ। ਮੈਚ ਦੇ 83ਵੇਂ ਮਿੰਟ ਦੌਰਾਨ ਸਪੇਨ ਦੇ ਖਿਡਾਰੀ ਡੇਵਿਡ ਵਿਲਾ ਨੇ ਚਮਤਕਾਰੀ ਢੰਗ ਨਾਲ ਪੈਰਾਗੂਏ ਖਿਲਾਫ਼ ਗੋਲ ਕਰਕੇ ਮੈਚ ਨੂੰ 1-0 'ਤੇ ਲੈ ਆਂਦਾ ਤੇ ਅੰਤ ਤੱਕ ਇਹ ਬੜ੍ਹਤ ਕਾਇਮ ਰੱਖੀ।



## ਜਰਮਨ ਫੁੱਟਬਾਲ ਟੀਮ 'ਚ ਕਪਤਾਨੀ ਬਾਰੇ ਵਿਵਾਦ

**ਇਰਾਸਮੀਆ:** ਵਿਸ਼ਵ ਕੱਪ ਫੁੱਟਬਾਲ ਖ਼ਿਤਾਬ ਦੇ ਨੇੜੇ ਪਹੁੰਚਦੀ ਨਜ਼ਰ ਆ ਰਹੀ ਜਰਮਨੀ ਦੀ ਟੀਮ ਨੂੰ ਵਿਵਾਦਾਂ ਨੇ ਘੇਰ ਲਿਆ ਹੈ। ਟੀਮ ਦੇ ਕਪਤਾਨ ਫਿਲਿਪ ਲਾਹਮ ਨੇ ਇਕ ਅਖ਼ਬਾਰ ਕੋਲ ਬੀਤੀ 6 ਜੁਲਾਈ ਨੂੰ ਇੰਟਰਵਿਊ ਵਿਚ ਇਹ ਵਿਚਾਰ ਪ੍ਰਗਟਾਏ ਹਨ ਕਿ ਉਹ ਮਾਈਕਲ ਬੈਲਾਕ ਦੇ ਮੁੜ ਫਿੱਟ ਹੋ ਜਾਣ ਤੋਂ ਬਾਅਦ ਵੀ ਉਨ੍ਹਾਂ ਨੂੰ ਕਪਤਾਨੀ ਸੌਂਪਣ ਦੇ ਹੱਕ ਵਿਚ ਨਹੀਂ ਹਨ।

ਮੀਡੀਆ ਰਿਪੋਰਟਾਂ ਅਨੁਸਾਰ ਲਾਹਮ ਨੇ ਇੰਟਰਵਿਊ ਦੌਰਾਨ ਕਿਹਾ ਕਿ ਇਹ ਗੱਲ ਸਾਫ ਹੈ ਕਿ ਉਹ ਕਪਤਾਨੀ ਆਪਣੇ ਕੋਲ ਰੱਖਣਾ ਚਾਹੁਣਗੇ। ਉਨ੍ਹਾਂ ਕਿਹਾ ਕਿ ਕਪਤਾਨੀ ਦੀ ਜ਼ਿੰਮੇਵਾਰੀ ਨਿਭਾਉਣ ਵਿਚ ਉਨ੍ਹਾਂ ਨੂੰ ਬਹੁਤ ਮਜ਼ਾ ਆਉਂਦਾ ਹੈ ਅਤੇ ਜੇਕਰ ਅਜਿਹਾ ਹੈ ਤਾਂ ਉਹ ਆਪਣੀ ਮਰਜ਼ੀ ਨਾਲ ਕਪਤਾਨੀ ਕਿਉਂ ਛੱਡਣ। ਉਨ੍ਹਾਂ ਕਿਹਾ ਕਿ ਜੇਕਰ ਤੁਸੀਂ ਮੈਦਾਨ ਵਿਚ ਆਪਣਾ ਕੰਮ ਚੰਗੀ ਤਰ੍ਹਾਂ ਨਿਭਾਅ ਰਹੇ ਹੋ, ਜਿਵੇਂ ਕਿ ਉਨ੍ਹਾਂ ਦੇ ਮਾਮਲੇ ਵਿਚ ਹੋ ਰਿਹਾ ਹੈ, ਤਾਂ ਸੁਭਾਵਿਕ ਤੌਰ 'ਤੇ ਵਧੇਰੇ ਸਮੇਂ ਤੱਕ ਤੁਸੀਂ ਇਸ ਜ਼ਿੰਮੇਵਾਰੀ ਨੂੰ ਨਿਭਾਉਣਾ ਚਾਹੋਗੇ।

ਲਾਹਮ ਦੀਆਂ ਇਨ੍ਹਾਂ ਟਿੱਪਣੀਆਂ ਨਾਲ ਵਿਸ਼ਵ ਕੱਪ ਵਿਚ ਹੀ ਇਕ ਨਵਾਂ ਤੂਫ਼ਾਨ ਖੜ੍ਹਾ ਹੋ ਗਿਆ ਹੈ। ਜਰਮਨ ਟੀਮ ਦੇ ਮੈਨੇਜਰ ਔਲੀਵਰ ਬੀਰਹੌਫ ਨੇ ਕਿਹਾ ਹੈ ਕਿ ਟੀਮ ਵਿਚ ਹਰ ਕਿਸੇ ਨੂੰ ਆਪਣੇ ਵਿਚਾਰ ਰੱਖਣ ਅਤੇ ਆਪਣੇ ਮਨ ਦੀ ਗੱਲ ਕਹਿਣ ਦੀ ਪੂਰੀ ਆਜ਼ਾਦੀ ਹੈ। ਉਨ੍ਹਾਂ ਟੀਮ ਵਿਚ ਕਿਸੇ ਕਿਸਮ ਦੇ ਵਿਵਾਦ ਤੋਂ ਵੀ ਸਾਫ਼ ਇਨਕਾਰ ਕਰਦੇ ਹੋਏ ਕਿਹਾ ਹੈ ਕਿ ਟੀਮ ਵਿਚ ਵਿਵਾਦ ਤਾਂ ਇਕ ਪਾਸੇ, ਕਿਸੇ ਕਿਸਮ ਦੀ ਕੋਈ ਨਾਰਾਜ਼ਗੀ ਵੀ ਨਹੀਂ ਹੈ। ਉਨ੍ਹਾਂ ਇਹ ਵੀ ਕਿਹਾ ਕਿ ਵੈਸੇ ਵੀ ਇਹ ਕੋਚ ਹੀ ਹੁੰਦਾ ਹੈ, ਜੋ ਇਹ ਫੈਸਲਾ ਲੈਂਦਾ ਹੈ ਕਿ ਟੀਮ ਦੀ ਕਪਤਾਨੀ ਕੌਣ ਕਰੇਗਾ।

ਜ਼ਿਕਰਯੋਗ ਹੈ ਕਿ ਜਰਮਨੀ ਦੇ ਕਪਤਾਨ ਮਾਈਕਲ ਬੈਲਾਕ ਵਿਸ਼ਵ ਕੱਪ ਟੂਰਨਾਮੈਂਟ ਸ਼ੁਰੂ ਹੋਣ ਤੋਂ ਪਹਿਲਾਂ ਗਿੱਟੇ ਦੀ ਸੱਟ ਕਾਰਨ ਟੂਰਨਾਮੈਂਟ ਤੋਂ ਬਾਹਰ ਹੋ ਗਏ ਸਨ। ਪਰ, ਉਹ ਅਰਜਨਟਾਈਨਾ ਖਿਲਾਫ਼ ਖੇਡੇ ਗਏ ਕੁਆਰਟਰਫਾਈਨਲ ਮੈਚ ਤੋਂ ਪਹਿਲਾਂ ਟੀਮ ਵਿਚ ਵਾਪਿਸ ਆ ਗਏ ਸਨ। ਲਾਹਮ ਵਲੋਂ ਉਪਰੋਕਤ ਟਿੱਪਣੀਆਂ ਕੀਤੇ ਜਾਣ ਮਗਰੋਂ ਹੀ ਉਹ ਗੁੱਸੇ ਵਿਚ ਆ ਕੇ ਦੱਖਣੀ ਅਫ਼ਰੀਕਾ ਤੋਂ ਵਾਪਿਸ ਚਲੇ ਗਏ ਅਤੇ ਇਸ ਨਾਲ ਇਹ ਅਫ਼ਵਾਹਾਂ ਉੱਡਣ ਲੱਗੀਆਂ ਹਨ ਕਿ ਉਨ੍ਹਾਂ ਨੇ ਲਾਹਮ ਦੀਆਂ ਟਿੱਪਣੀਆਂ ਦਾ ਬੁਰਾ ਮਨਾਇਆ ਹੈ। ਇਹ ਵੀ ਦੱਸਣਯੋਗ ਹੈ ਕਿ ਜਿੱਥੇ ਅਧਿਕਾਰਿਤ ਤੌਰ 'ਤੇ ਲਾਹਮ ਵਿਸ਼ਵ ਕੱਪ ਕਪਤਾਨ ਹਨ, ਉਥੇ ਹੀ ਬੈਲਾਕ ਟੀਮ ਕਪਤਾਨ ਦੇ ਅਹੁਦੇ 'ਤੇ ਬਣੇ ਹੋਏ ਹਨ।

## ਕਾਂਗਰਸੀ ਐਮ ਪੀ ਜਗਨ ਮੋਹਨ ਵਲੋਂ ਸੋਨੀਆ ਨੂੰ ਚੁਣੌਤੀ

**ਨਵੀਂ ਦਿੱਲੀ :** ਕਾਂਗਰਸੀ ਸੰਸਦ ਮੈਂਬਰ ਤੇ ਆਂਧਰਾ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਵਾਈ ਐਸ ਰੈਡੀ ਦੇ ਪੁੱਤਰ ਜਗਨ ਮੋਹਨ ਰੈਡੀ ਤੇ ਕਾਂਗਰਸ ਹਾਈਕਮਾਂਡ ਵਿਚਾਲੇ ਅੰਦਰੂਨੀ ਖਾਨਾਜੰਗੀ ਤੇਜ਼ ਹੁੰਦੀ ਜਾ ਰਹੀ ਹੈ। ਆਪਣੀ ਪ੍ਰਸਤਾਵਿਤ ਯਾਤਰਾ ਨੂੰ ਸਿਰੇ ਚੜ੍ਹਾਉਣ ਲਈ ਜਗਨ ਮੋਹਨ ਨੇ ਇਸ ਮਾਮਲੇ 'ਚ ਹਾਈਕਮਾਂਡ ਦੀ ਅਪੀਲ ਨੂੰ ਵੀ ਠੁਕਰਾ ਦਿੱਤਾ ਹੈ। ਜਗਨ ਮੋਹਨ 'ਤੇ ਹਾਈਕਮਾਂਡ ਦੀ ਅਨੁਸ਼ਾਸਨੀ ਕਾਰਵਾਈ ਦਾ ਵੀ ਅਸਰ ਵਿਖਾਈ ਨਹੀਂ ਦੇ ਰਿਹਾ। ਜ਼ਿਕਰਯੋਗ ਹੈ ਕਿ ਜਗਨ ਮੋਹਨ ਨੇ ਆਪਣੇ ਪਿਤਾ ਤੇ ਆਂਧਰਾ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਵਾਈ ਐਸ ਰਾਜਸ਼ੇਖਰ ਰੈਡੀ ਦੀ ਹੈਲੀਕਾਪਟਰ ਹਾਦਸੇ 'ਚ ਹੋਈ ਮੌਤ ਤੋਂ ਬਾਅਦ ਬਗ਼ਾਵਤੀ ਰੁਖ਼ ਅਪਣਾਇਆ ਹੋਇਆ ਹੈ। ਸ੍ਰੀ ਰੈਡੀ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਸਮਰਥਕ ਜਗਨ ਮੋਹਨ ਨੂੰ ਮੁੱਖ ਮੰਤਰੀ ਬਣਾਉਣ ਦੀ ਮੰਗ ਕਰ ਰਹੇ ਸਨ, ਪਰ ਕੇਂਦਰ ਨੇ ਉਨ੍ਹਾਂ ਦੀ ਬਜਾਏ ਸੀਨੀਅਰ ਕਾਂਗਰਸੀ ਆਗੂ ਕੇ. ਰੋਸਈਆ ਨੂੰ ਮੁੱਖ ਮੰਤਰੀ ਬਣਾ ਦਿੱਤਾ।

ਹਾਈਕਮਾਂਡ ਦੀ ਇਸ ਕਾਰਵਾਈ ਉਪਰੰਤ ਜਗਨ ਮੋਹਨ ਨੇ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਸਦਮੇ 'ਚ ਮਾਰੇ ਗਏ ਵਿਅਕਤੀਆਂ ਦੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਲਈ 28 ਮਈ ਤੋਂ 'ਓਡਰਪੂ' ਯਾਤਰਾ ਸ਼ੁਰੂ ਕੀਤੀ ਸੀ, ਜੋ ਬਾਅਦ ਵਿਚ ਜਗਨ ਮੋਹਨ ਦੀ ਮਾਂ ਵਿਜੇ ਲਕਸ਼ਮੀ ਤੇ ਯੂਪੀਏ ਚੇਅਰਪਰਸਨ ਸੋਨੀਆ ਗਾਂਧੀ ਦੀ ਦਖਲਅੰਦਾਜ਼ੀ ਤੋਂ ਬਾਅਦ ਰੋਕ ਦਿੱਤੀ ਗਈ ਸੀ। ਉਸ ਸਮੇਂ ਜਗਨ ਮੋਹਨ ਨੇ ਕੁਝ ਸ਼ਰਤਾਂ ਅਨੁਸਾਰ ਇਹ ਯਾਤਰਾ ਰੋਕੀ ਸੀ, ਪਰ ਸੂਤਰਾਂ ਮੁਤਾਬਕ ਇਹ ਸ਼ਰਤਾਂ ਪੂਰੀਆਂ ਨਹੀਂ ਹੋ ਸਕੀਆਂ, ਇਸ ਲਈ ਉਹ 8 ਜੁਲਾਈ ਤੋਂ ਦੁਬਾਰਾ ਯਾਤਰਾ ਸ਼ੁਰੂ ਕਰਨ ਦਾ ਮਨ ਬਣਾ ਰਹੇ ਹਨ। ਦੂਜੇ ਪਾਸੇ ਕਾਂਗਰਸ ਹਾਈਕਮਾਂਡ ਇਸ ਤਰ੍ਹਾਂ ਦੀ ਕਿਸੇ ਵੀ ਯਾਤਰਾ ਦੇ ਵਿਰੋਧ 'ਚ ਹੈ। ਹਾਈਕਮਾਂਡ ਨੇ ਜਗਨ ਮੋਹਨ ਤੇ ਉਨ੍ਹਾਂ ਦੀ ਮਾਂ ਵਿਜੇ ਲਕਸ਼ਮੀ ਨੂੰ ਸਲਾਹ ਦਿੱਤੀ ਹੈ ਕਿ ਉਹ ਸਦਮੇ ਦੌਰਾਨ ਮਾਰੇ ਗਏ ਵਿਅਕਤੀਆਂ ਦੇ ਪਰਿਵਾਰਕ ਮੈਂਬਰਾਂ ਨੂੰ ਇਕ ਥਾਂ ਬੁਲਾ ਲਵੇ, ਪਰ ਜਗਨ ਮੋਹਨ ਨੇ ਸੋਨੀਆ ਦੀ ਇਹ ਅਪੀਲ ਖ਼ਾਰਜ ਕਰ ਦਿੱਤੀ ਹੈ। ਜਗਨ ਮੋਹਨ ਤੇ ਉਨ੍ਹਾਂ ਦੀ ਮਾਂ ਨੇ ਦਲੀਲ ਦਿੱਤੀ ਕਿ ਜਦੋਂ ਉਨ੍ਹਾਂ ਦੇ ਪਿਤਾ ਦੀ ਮੌਤ ਹੋਈ ਸੀ ਤਾਂ ਉਹ (ਸੋਨੀਆ) ਖ਼ੁਦ ਉਨ੍ਹਾਂ ਨੂੰ ਮਿਲਣ ਆਈ ਸੀ, ਨਾ ਕਿ ਅਸੀਂ ਤੁਹਾਨੂੰ ਮਿਲਣ ਗਏ ਸੀ। ਇਸ ਤਰ੍ਹਾਂ ਹੁਣ ਵੀ ਸਾਨੂੰ ਪੀੜਤਾਂ ਕੋਲ ਜਾਣਾ ਚਾਹੀਦਾ ਹੈ।

## ਜਥੇਦਾਰ ਵਲੋਂ ਐਲਾਨੀ 'ਆਮ ਮੁਆਫ਼ੀ' ਦੀ ਮਿਆਦ ਖ਼ਤਮ, ਕੋਈ ਵੀ ਪੇਸ਼ ਨਾ ਹੋਇਆ

**ਚੰਡੀਗੜ੍ਹ:** ਅਕਾਲ ਤਖ਼ਤ ਦੇ ਮੁੱਖ ਸੇਵਾਦਾਰ ਗਿਆਨੀ ਗੁਰਬਚਨ ਸਿੰਘ ਵਲੋਂ 6 ਜੂਨ ਨੂੰ ਪੇਸ਼ ਕੀਤੀ ਗਈ 'ਆਮ ਮੁਆਫ਼ੀ' ਦੀ ਤਜਵੀਜ਼ ਅਪਣੀ ਇਕ ਮਹੀਨੇ ਦੀ ਸਮਾਂ ਹੱਦ ਤੋਂ ਬਾਅਦ ਹੁੰਗਾਰਾ ਨਾ ਮਿਲਣ ਕਾਰਨ ਖ਼ਤਮ ਹੋ ਗਈ। ਅਕਾਲ ਤਖ਼ਤ ਦੇ ਜਥੇਦਾਰ ਨੇ ਪੰਥ ਚੋਂ ਛੇਕੇ ਸਿੱਖਾਂ ਨੂੰ ਦੂਜੀ ਵਾਰ ਇਹ ਮੌਕਾ ਦਿਤਾ ਪਰ ਇਸ ਪੇਸ਼ਕਸ਼ ਦਾ ਵੀ ਕੋਈ ਨਤੀਜਾ ਸਾਹਮਣੇ ਨਹੀਂ ਆਇਆ। ਪੰਜਾਬ ਤੋਂ ਬਾਹਰਲੇ ਇਕ ਤਖ਼ਤ ਦੇ ਜਥੇਦਾਰ ਇਸ ਪੇਸ਼ਕਸ਼ ਨੂੰ ਕੋਈ ਹੁੰਗਾਰਾ ਨਾ ਮਿਲਣ ਦਾ ਕਾਰਨ ਅਪਣੀ ਗ਼ੈਰ-ਮੌਜੂਦਗੀ ਹੋਣਾ ਦਸਦੇ ਹਨ।

ਅਕਾਲ ਤਖ਼ਤ ਦੇ ਸਾਬਕਾ ਮੁੱਖ ਸੇਵਾਦਾਰਾਂ ਭਾਈ ਰਣਜੀਤ ਸਿੰਘ, ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਤੇ ਮੌਜੂਦਾ ਮੁੱਖ ਸੇਵਾਦਾਰ ਗਿਆਨੀ ਗੁਰਬਚਨ ਸਿੰਘ ਵਲੋਂ ਛੇਕੇ 11 ਵਿਅਕਤੀਆਂ ਵਿਚੋਂ 10 ਅਪਣੇ ਪਹਿਲਾਂ ਵਾਲੇ ਸਟੈਂਡ 'ਤੇ ਹੀ ਕਾਇਮ ਹਨ ਜਦਕਿ ਗਿਆਨੀ ਗੁਰਬਚਨ ਸਿੰਘ ਵਲੋਂ ਛੇਕੇ ਗਏ ਪ੍ਰੋ. ਦਰਸ਼ਨ ਸਿੰਘ ਹਾਲੇ ਕੋਈ ਫੈਸਲਾ ਨਹੀਂ ਕਰ ਸਕੇ। ਉਨ੍ਹਾਂ ਕੁੱਝ ਦਿਨ ਪਹਿਲਾਂ ਹੀ ਜਥੇਦਾਰਾਂ ਨੂੰ ਚਿੱਠੀ ਲਿਖ ਕੇ ਪੇਸ਼ਕਸ਼ ਕੀਤੀ ਸੀ ਕਿ ਤੁਸੀਂ ਵੀ ਆਉ, ਅਸੀਂ ਵੀ ਆ ਜਾਂਦੇ ਹਾਂ। ਦਿੱਲੀ, ਲੁਧਿਆਣਾ, ਚੰਡੀਗੜ੍ਹ ਜਾਂ ਕਿਤੇ ਹੋਰ ਬੈਠ ਕੇ ਵਿਚਾਰ ਕਰ ਲੈਂਦੇ ਹਾਂ। ਪਰ ਜਥੇਦਾਰ ਸਾਹਿਬਾਨ ਵਲੋਂ ਕੋਈ ਹੁੰਘਾਰਾ ਨਾ ਮਿਲਿਆ।

# ਵਿਛੜੇ ਗੁਰਧਾਮਾਂ ਦੇ ਦਰਸ਼ਨ ਦੀਦਾਰੇ

**ਸਫਰਨਾਮਾ**

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*



**ਮਝੈਲ ਸਿੰਘ ਸਰਾਂ**

ਚੜ੍ਹਦੇ ਪੰਜਾਬ ਵਿਚ ਅੱਜ ਵੀ 3 ਸਾਬਤੇ ਦਰਿਆ ਸਤਲੁਜ, ਬਿਆਸ ਤੇ ਰਾਵੀ ਵਗਦੇ ਆ ਤੇ ਲਹਿੰਦੇ ਪੰਜਾਬ ਵਿਚ 2, ਉਹ ਵੀ ਪੂਰੇ ਨਹੀਂ ਕਿਉਂਕਿ ਝਨਾਂ ਦਰਿਆ 'ਚੋਂ ਅਖਨੂਰ ਜਿਹੜਾ ਜੰਮੂ ਤੋਂ 30 ਕੁ ਮੀਲ ਦੂਰ ਹੈ, ਤੋਂ ਇਕ ਵੱਡੀ ਨਹਿਰ ਜੰਮੂ ਏਰੀਏ ਨੂੰ ਸਿੰਜਦੀ ਹੈ। ਉਥੇ ਜੇ ਡੇਢ ਦਰਿਆ ਹੀ ਸਾਰੇ ਪੰਜਾਬ ਨੂੰ ਸਿੰਜ ਕੇ ਹਰਾ ਭਰਾ ਰੱਖ ਰਿਹਾ ਹੈ ਤਾਂ ਸਾਡੇ ਵਲ ਦੇ ਤਿੰਨਾਂ ਤੋਂ ਕਿਉਂ ਪੂਰੀ ਨਹੀਂ ਪੈਂਦੀ? ਸਾਡੇ ਸਾਰਿਆਂ ਦੇ ਸਾਹਮਣੇ ਹੀ ਦਿਸਦਾ ਪਈ ਸਭ ਵੱਡੀਆਂ ਨਹਿਰਾਂ ਨੱਕੋ-ਨੱਕ ਭਰੀਆਂ ਜਾ ਰਹੀਆਂ ਨੇ ਹੋਰਨਾਂ ਦੇ ਖੇਤਾਂ ਨੂੰ ਸਿੰਜਣ, ਆਪਣਿਆਂ ਨੂੰ ਬੰਜਰ ਬਣਾ ਕੇ। ਇਹ ਚਿੱਟੇ ਦਿਨ ਬੇਇਨਸਾਫੀ ਨਹੀਂ ਤਾਂ ਹੋਰ ਕੀ ਹੈ।

ਹੋਰ ਇਕ ਗੱਲ ਜੋ ਆਪਣੇ ਪੰਜਾਬ ਵਿਚ ਦਿਸਦੀ ਹੈ ਕਿ ਪਿੰਡਾਂ ਵਿਚ ਪੀਣ ਵਾਲੇ ਪਾਣੀ ਦੀਆਂ ਸਰਕਾਰੀ ਟੈਂਕੀਆਂ ਬਣੀਆਂ ਹੋਈਆਂ ਹਨ, ਪਾਕਿਸਤਾਨੀ ਪਿੰਡਾਂ ਵਿਚ ਨਹੀਂ ਦਿਸੀਆਂ। ਨਲਕਿਆਂ ਦਾ ਪਾਣੀ ਹੀ ਵਰਤੋਂ ਲਈ ਬਹੁਤ ਹੈ। ਨਾ ਹੀ ਸਾਡੇ ਪਾਸੇ ਵਾਂਗ ਇੱਟਾਂ ਦੇ ਭੱਠਿਆਂ ਦੇ ਦਰਸ਼ਨ ਹੋਏ ਉਧਰ। ਲਾਹੌਰ ਸ਼ਹਿਰ ਦੇ ਨੇੜੇ ਜ਼ਰੂਰ ਦਿਸੇ ਸੀ ਪਰ ਘੱਟ ਗਿਣਤੀ ਵਿਚ ਹੀ। ਰਸਤੇ 'ਚ ਲੰਘਦਿਆਂ ਜਦੋਂ ਇਕ ਪਿੰਡ ਆਇਆ ਤਾਂ ਕਾਦਿਰ ਭਾਈ ਨੇ ਦੱਸਿਆ ਕਿ ਇਸ ਪਿੰਡ ਵਿਚ ਹਰ ਹਫਤੇ ਗੋਲੀ ਚਲਦੀ ਹੈ। ਇਹ ਗੱਲ ਉਹਨੂੰ ਪੁਲਿਸ ਵਾਲੇ ਨੇ ਏਮਨਾਬਾਦ ਵਿਚ ਦੱਸੀ



*ਉਹ ਥਾਂ ਜਿਥੇ ਮੁਸਲਮਾਨਾਂ ਬਾਬੇ ਨਾਨਕ ਨੂੰ ਦਫਨਾਇਆ ਅਤੇ ਹਿੰਦੂਆਂ ਸਸਕਾਰ ਕੀਤਾ*

ਸੀ। ਜਦੋਂ ਉਹਨੂੰ ਇਹਦਾ ਕਾਰਨ ਪੁੱਛਿਆ ਤਾਂ ਕਹਿੰਦਾ ਕਿ ਪਿੰਡ ਸਾਰਾ ਜ਼ਿਮੀਂਦਾਰ ਜੱਟਾਂ ਦਾ ਤੇ ਦੋ ਧੜਿਆਂ ਵਿਚ ਵੰਡਿਆ ਹੋਇਆ ਹੈ। ਦੋਹਾਂ ਹੀ ਧੜਿਆਂ ਦੀ ਸਰਕਾਰੇ ਦਰਬਾਰੇ ਵੀ ਪਹੁੰਚ ਹੈ ਤੇ ਇਕ ਦੂਜੇ ਨੂੰ ਥੱਲੇ ਲਾਉਣ ਲਈ ਬੱਸ ਠੂਣਾ ਜਿਹਾ ਹੀ ਚਾਹੁੰਦੇ ਹਨ ਤੇ ਫਿਰ ਰਫ਼ਲਾਂ ਦੇ ਫਾਇਰ ਹੁੰਦੇ ਹਨ। ਦੋਹਾਂ ਧੜਿਆਂ ਦੇ ਕਈ-ਕਈ ਬੰਦੇ ਮਾਰੇ ਵੀ ਜਾ ਚੁੱਕੇ ਆ, ਦੁਸ਼ਮਣੀ ਨਹੀਂ ਘਟੀ।

ਰਸਤੇ ਵਿਚ ਇਕ ਥਾਂ ਟੈਕਸੀ ਡਰਾਈਵਰ ਔਟਲ ਕੇ ਹੋਰ ਸੜਕ ਨੂੰ ਪੈ ਗਿਆ, ਜਿਹੜੀ ਇਕ ਸੂਏ ਦੇ ਨਾਲ-ਨਾਲ ਜਾਂਦੀ ਸੀ ਤੇ ਅੱਗੋਂ ਬਣ ਵੀ ਰਹੀ ਸੀ ਜਿਸ ਕਰਕੇ ਟੈਕਸੀ ਨੂੰ ਅੱਧਾ ਘੰਟਾ ਰੁਕਣਾ ਵੀ ਪਿਆ। ਪਿੰਡਾਂ ਵਿਚੋਂ ਲੋਕ ਆਟੋ-ਟੈਂਪੂਆਂ ਵਿਚ ਆ ਜਾ ਰਹੇ ਸਨ ਤੇ ਸਾਡੇ ਕੋਲੋਂ ਲੰਘਦਿਆਂ ਕਿੰਨੀ ਦੇਰ ਹੀ ਦੇਖੀ ਜਾਂਦੇ। ਇੱਥੇ ਇਕ ਬੌਲਦ ਵਾਲੇ ਗੱਡੇ ਪੱਠਿਆਂ ਲਈ ਵਰਤੇ ਜਾਂਦੇ ਹਨ। ਉਥੋਂ ਚੱਲ ਕੇ ਅੱਗੇ ਸ਼ਹਿਰ ਨਾਰੋਵਾਲ ਆਉਂਦਾ ਹੈ ਜਿਹੜਾ ਅੱਜ ਕੱਲ੍ਹ ਜ਼ਿਲ੍ਹਾ ਹੈ, ਪਹਿਲਾਂ ਤਹਿਸੀਲ ਸੀ ਜ਼ਿਲ੍ਹਾ ਸਿਆਲਕੋਟ ਦੀ। ਕਰਤਾਰਪੁਰ ਸਾਹਿਬ ਨਾਰੋਵਾਲ ਜ਼ਿਲ੍ਹੇ ਵਿਚ ਹੀ ਪੈਂਦਾ ਹੈ। ਪਾਕਿਸਤਾਨ ਵਾਲੇ ਪੰਜਾਬ ਵਿਚ ਹੁਣ 22 ਜ਼ਿਲ੍ਹੇ ਹਨ। ਵੰਡ ਤੋਂ ਪਹਿਲਾਂ ਕਰਤਾਰਪੁਰ ਸਾਹਿਬ ਜ਼ਿਲ੍ਹਾ ਗੁਰਦਾਸਪੁਰ ਵਿਚ ਸੀ। ਨਾਰੋਵਾਲ ਬਹੁਤਾ ਵੱਡਾ ਸ਼ਹਿਰ ਨਹੀਂ ਲੱਗਿਆ, ਉਦਾਂ ਇਹ ਇਤਿਹਾਸਕ ਵੀ ਹੈ ਕਿਉਂਕਿ ਇਥੇ ਮਹਾਰਾਜਾ ਰਣਜੀਤ ਸਿੰਘ ਨੇ ਇਕ ਸੰਧੀ ਵੀ ਕੀਤੀ ਸੀ ਜਿਸਨੂੰ ਹਿਸਟਰੀ ਵਿਚ 'ਨਾਰੋਵਾਲ ਦੀ ਸੰਧੀ' ਕਰਕੇ ਜਾਣਿਆ ਜਾਂਦਾ ਹੈ। ਦੂਜੀ ਪਾਰਟੀ ਜਿਸ ਨਾਲ ਸੰਧੀ ਕੀਤੀ ਸੀ, ਦਾ ਨਾਂ ਹੁਣ ਮੇਰੇ ਚੇਤੇ ਵਿਚ ਨਹੀਂ ਆਉਂਦਾ। ਨਾਰੋਵਾਲ ਤੋਂ ਕਰਤਾਰਪੁਰ ਸਾਹਿਬ 20 ਕੁ ਕਿਲੋਮੀਟਰ ਹੋਣੈ। ਨਾਰੋਵਾਲ ਦੇ ਬਾਜ਼ਾਰ ਵਿਚੋਂ ਲੰਘਦਿਆਂ ਕਾਦਰ ਭਾਈ ਕਹਿਣ ਲੱਗਾ ਕਿ ਮੈਂ ਤੁਹਾਨੂੰ ਗੱਲ ਕਹਿਣੀ ਹੈ ਪਰ ਗੁੱਸਾ ਨਾ ਕਰਿਓ। ਸ਼ਰਧਾਲੂ ਕਰਤਾਰਪੁਰ ਸਾਹਿਬ ਗੁਰਦੁਆਰੇ ਦੇ ਦਰਸ਼ਨਾਂ ਲਈ ਜਾਂਦੇ ਹਨ ਤਾਂ ਉਥੇ ਜਾ ਕੇ ਸ਼ਰਧਾ ਵਜੋਂ ਪੈਸੇ ਚੜ੍ਹਾਉਣਾ ਚਾਹੁੰਦੇ ਹਨ ਪਰ ਅਸਲ ਵਿਚ ਉਥੇ ਜ਼ਰੂਰਤ ਹੁੰਦੀ ਹੈ ਰਾਸ਼ਨ ਦੀ। ਰਾਸ਼ਨ ਜਾਂਦਾ ਸਾਰਾ ਇਥੋਂ ਹੀ ਹੈ ਤੇ ਉਥੇ ਜਿਹੜੇ ਗ੍ਰੰਥੀ ਸਿੰਘ ਰਹਿੰਦੇ ਹਨ, ਉਨ੍ਹਾਂ ਕੋਲ ਆਪਣਾ ਸਾਧਨ ਕੋਈ ਨਹੀਂ ਮਤਲਬ ਕਿ ਕਾਰ ਜਾਂ ਜੀਪ। ਇਹਦੇ ਨਾਲੋਂ ਵਧੀਆ ਇਹੋ ਹੈ ਕਿ ਜੇ ਤੁਹਾਡੀ ਸ਼ਰਧਾ ਉਥੇ ਪੈਸੇ ਚੜ੍ਹਾਉਣ ਦੀ ਹੈ ਤਾਂ ਚੰਗਾ ਹੋਊਗਾ ਜੇ ਰਾਸ਼ਨ ਹੀ ਲੈ ਚੱਲੀਏ। ਉਹਦੀ ਗੱਲ ਸਾਨੂੰ ਚੰਗੀ ਵੀ ਲੱਗੀ। ਭਾਵੇਂ ਮੈਂ ਤੇ ਮੇਰਾ ਭਰਾ ਗੁਰਦੁਆਰਿਆਂ ਵਿਚ ਜ਼ਿਆਦਾ ਪੈਸੇ ਚੜ੍ਹਾਉਣ ਦੇ ਕਦੇ ਵੀ ਸ਼ਰਧਾਵਾਨ ਨਹੀਂ ਹਾਂ। ਏਸ ਗੱਲ ਨੂੰ ਸੁਣਨ-ਪੜ੍ਹਨ ਵਾਲਾ ਜੋ ਮਰਜ਼ੀ ਸਮਝ ਲਵੇ ਪਰ ਸਾਡੀ ਛੋਟੀ ਮੱਤ ਇਸ ਪੈਸੇ ਨੂੰ ਹੀ ਗੁਰਦੁਆਰਿਆਂ ਵਿਚ ਸਭ ਸਿਆਪਿਆਂ ਦੀ ਜੜ੍ਹ ਸਮਝਦੀ ਹੈ। ਪਰ ਉਹਦੀ ਰਾਸ਼ਨ ਵਾਲੀ ਦਲੀਲ ਨਾਲ ਅਸੀਂ ਸਹਿਮਤ ਸੀ ਤੇ ਮੇਰੇ ਭਰਾ ਨੇ ਵਿਤ ਮੁਜ਼ਬ ਖੰਡ, ਘਿਓ, ਚਾਹ-ਪੱਤੀ ਤੇ ਦਾਲਾਂ ਖਰੀਦਣ ਲਈ ਕਾਦਿਰ ਭਾਈ ਨੂੰ ਪੈਸੇ ਦੇ ਦਿੱਤੇ। ਜਿਸ ਦੁਕਾਨ ਤੋਂ ਸਾਮਾਨ ਖਰੀਦਿਆ, ਚੰਗੀ ਵੱਡੀ ਸੀ ਤੇ ਪਿੰਡਾਂ ਦੀਆਂ ਹੱਟੀਆਂ ਵਾਲੇ ਤੇ ਹੋਰ ਛੋਟੇ ਦੁਕਾਨਦਾਰ ਉਥੋਂ ਹੀ ਖਰੀਦਦੇ ਹਨ। ਸਾਮਾਨ ਟੈਕਸੀ ਵਿਚ ਰੱਖ ਕੇ ਕਰਤਾਰਪੁਰ ਸਾਹਿਬ ਵਲ ਨੂੰ ਚਲ ਪਏ। ਜਿਸ ਸੜਕ 'ਤੇ ਅਸੀਂ ਜਾ ਰਹੇ ਸੀ ਇਹ ਅਗੋਂ ਕਿਸੇ ਹੋਰ ਪਿੰਡ ਨੂੰ ਜਾਂਦੀ ਹੈ ਤੇ ਕਰਤਾਰਪੁਰ ਸਾਹਿਬ ਉਸ ਤੋਂ ਕੋਈ ਡੇਢ-ਦੋ ਕਿਲੋਮੀਟਰ ਹਟਵਾਂ ਹੈ, ਇਹ ਏਰੀਆ ਰਾਵੀ ਦਾ ਹੀ ਕੰਢਾ ਪੈਂਦਾ ਤੇ ਇਸ ਸੜਕ ਦੇ ਆਲੇ-ਦੁਆਲੇ ਖੇਤਾਂ ਵਿਚ ਕਿਤੇ-ਕਿਤੇ ਡੂੰਘੇ ਜਿਹੇ ਪੱਕੇ ਭੋਰੇ ਜਿਹੇ ਬਣੇ ਹੋਏ ਦਿਸੇ ਜਿਨ੍ਹਾਂ ਉਪਰ ਮਿੱਟੀ ਤੇ ਘਾਹ ਕੰਡਾ ਉਗਿਆ ਦਿਸਦਾ ਸੀ। ਕਾਦਿਰ ਭਾਈ ਨੇ ਦੱਸਿਆ ਕਿ ਇਹ ਸਾਡੀ ਫੌਜ ਦੇ ਬੰਕਰ ਹਨ ਤੇ ਲਗਭਗ ਸਾਰੀ ਸਰਹੱਦ ਦੇ ਨਾਲ ਨਾਲ ਬਣੇ ਹੋਏ ਹਨ। ਭਾਵੇਂ ਇਹ ਖੇਤਾਂ ਵਿਚ ਹਨ ਪਰ ਇਹਦੇ ਨੇੜੇ ਤੇ ਅੰਦਰ ਕੋਈ ਵੀ ਸਿਵਲੀਅਨ ਨਹੀਂ ਜਾ ਸਕਦਾ, ਕਿਉਂਕਿ ਫੌਜ ਦਾ ਪਹਿਰਾ ਹੈ। ਰਸਤੇ ਵਿਚ ਇਕ ਰੇਲਵੇ ਲਾਈਨ ਵੀ ਪਾਰ ਕੀਤੀ, ਪਰ



*ਉਹ ਖੂਹ ਬਾਬਾ ਨਾਨਕ ਜਿਸ ਦਾ ਪਾਣੀ ਆਪਣੇ ਖੇਤਾਂ ਨੂੰ ਲਾਉਂਦੇ ਸਨ*

ਹੁਣ ਉਸ 'ਤੇ ਰੇਲ ਨਹੀਂ ਚਲਦੀ। 1947 ਤੋਂ ਪਹਿਲਾਂ ਇਹ ਲਾਈਨ ਪਠਾਨਕੋਟ ਨੂੰ ਜਾਂਦੀ ਸੀ। ਕਈ ਥਾਈਂ ਤਾਂ ਨਾਲ ਦੇ ਪਿੰਡਾਂ ਵਾਲਿਆਂ ਨੇ ਲਾਈਨ ਦੇ ਉਤੇ ਪੱਠਿਆਂ ਦੇ ਕੁੰਨੂੰ ਲਾਏ ਹੋਏ ਸਨ ਤੇ ਫਾਟਕਾਂ ਵਾਲੀ ਜਗ੍ਹਾ 'ਤੇ ਪਸ਼ੂ ਵੀ ਬੰਨ੍ਹੇ ਹੋਏ ਸਨ। ਜਾਂਦਿਆਂ ਜਾਂਦਿਆਂ ਹੀ ਕਾਦਿਰ ਭਾਈ ਦੱਸ ਰਿਹਾ ਸੀ ਕਿ ਇਸ ਸੜਕ ਦੀ ਹਾਲਤ ਬਹੁਤੀ ਚੰਗੀ ਨਹੀਂ ਸੀ ਤੇ ਜਿਹੜਾ 2 ਕੁ ਕਿਲੋਮੀਟਰ ਦਾ ਸਫਰ ਇਸ ਸੜਕ ਤੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਹੈ, ਉਹ ਕੱਚਾ ਸੀ। ਜਦੋਂ ਪੰਜਾਬ ਦਾ ਮੁਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸੀ ਤੇ ਉਸਨੇ ਕਿਹਾ ਸੀ ਕਿ ਉਹ ਪਾਕਿਸਤਾਨ ਦੀ ਫੇਰੀ ਸਮੇਂ ਗੁਰਦੁਆਰਾ ਕਰਤਾਰਪੁਰ ਸਾਹਿਬ ਵੀ ਮੱਥਾ ਟੇਕਣ ਜਾਵੇਗਾ ਤਾਂ ਇਹ ਸੜਕ ਦਿਨ-ਰਾਤ ਵਿਚ ਸਰਕਾਰ ਨੇ ਬਣਵਾਈ ਤੇ ਪਿਛੋਂ ਸਾਰੀ ਸੜਕ ਦੀ ਮੁਰੰਮਤ ਵੀ ਦੋ ਦਿਨਾਂ ਵਿਚ ਕੀਤੀ ਪਰ ਉਹ ਦਸਦਾ ਸੀ ਕਿ ਕੈਪਟਨ ਇਥੇ ਆਇਆ ਨਹੀਂ, ਨਨਕਾਣਾ ਸਾਹਿਬ ਤੋਂ ਹੀ ਵਾਪਸ ਚਲਾ ਗਿਆ ਸੀ। ਉਸਦੀਆਂ ਗੱਲਾਂ-ਬਾਤਾਂ ਤੋਂ ਲਗਦਾ ਸੀ ਕਿ ਕੈਪਟਨ ਅਮਰਿੰਦਰ ਸਿੰਘ ਦੀ ਪਾਕਿਸਤਾਨੀ ਪੰਜਾਬ ਵਿਚ ਲੋਕੀਂ ਬੜੀ ਕਦਰ ਕਰਦੇ ਹਨ। ਕਾਦਿਰ ਭਾਈ ਵੀ ਉਸਦਾ ਨਾਂ ਬੜੇ ਅਦਬ ਨਾਲ 'ਕੈਪਟਨ ਸਾਹਿਬ' ਹੀ ਲੈਂਦਾ ਸੀ। ਉਸ ਦਾ ਕਹਿਣਾ ਸੀ ਕਿ ਕੈਪਟਨ ਸਾਹਿਬ ਨੇ ਇਥੋਂ ਦੀ ਸਰਕਾਰ ਕੋਲੋਂ ਆਪਣਾ ਰਸੂਖ ਵਰਤ ਕੇ ਨਨਕਾਣਾ ਸਾਹਿਬ ਨੂੰ ਜ਼ਿਲੇ ਦਾ ਦਰਜਾ ਦਿਵਾਇਆ ਤੇ ਸ਼ਹਿਰ ਅਤੇ ਆਲੇ-ਦੁਆਲੇ ਦੀ ਡਿਵੈਲਪਮੈਂਟ ਖਾਸ ਤਵੱਜੋਂ ਦੇ ਕੇ ਕਰਵਾਈ, ਜਿਹਨੂੰ ਲੋਕੀਂ ਯਾਦ ਕਰਦੇ ਹਨ। ਇੰਨੀ ਦੇਰ ਨੂੰ ਗੁਰਦੁਆਰੇ ਨੂੰ ਜਾਣ ਵਾਲੀ ਸੜਕ ਦਾ ਮੋੜ ਵੀ ਆ ਗਿਆ ਤੇ ਟੈਕਸੀ ਉਧਰ ਵਲ ਨੂੰ ਮੁੜੀ ਤਾਂ ਦੂਰੋਂ ਗੁਰਦੁਆਰੇ ਦੇ ਦਰਸ਼ਨ ਵੀ ਹੋ ਗਏ। ਸੜਕ ਦੇ ਦੁਆਲੇ ਵਾਲੀ ਜ਼ਮੀਨ ਖੇਤੀ ਵਾਲੀ ਹੈ। ਕਰਤਾਰਪੁਰ ਸਾਹਿਬ ਗੁਰਦੁਆਰੇ ਦੇ ਖੱਬੇ ਪਾਸੇ ਕੋਈ ਅੱਧਾ ਕੁ ਕਿਲੋਮੀਟਰ ਦੂਰ ਪਿੰਡ 'ਦੋਦਾ' ਹੈ। ਇਸ ਪਿੰਡ ਦਾ ਨਾਂ ਉਥੋਂ ਦੇ ਰਹਿਣ ਵਾਲੇ 'ਦੋਦੇ' ਦੇ ਨਾਂ 'ਤੇ ਹੀ ਪਿਆ, ਜਿਹੜਾ ਬਾਬੇ ਨਾਨਕ ਦਾ ਸ਼ਰਧਾਲੂ ਸੀ ਤੇ ਇਹ ਜ਼ਮੀਨ ਲੈਣ ਵਿਚ ਬਾਬੇ ਨਾਨਕ ਦੀ ਉਸਨੇ ਮਦਦ ਵੀ ਕੀਤੀ।

ਗੁਰਦੁਆਰੇ ਦੇ ਨਾਂ ਦੀ ਫੱਟੀ ਸੀ-ਦਰਬਾਰ ਸਾਹਿਬ ਕਰਤਾਰਪੁਰ। ਜਿਵੇਂ ਹੋਰ ਗੁਰਦੁਆਰਿਆਂ ਦੇ ਸੀ, ਉਸੇ ਤਰ੍ਹਾਂ ਇਥੇ ਵੀ ਬਾਹਰਵਾਰ ਤਾਰ ਲਾ ਕੇ ਵਾਗਲਾ ਕੀਤਾ ਹੋਇਆ ਤੇ ਗੇਟ ਨੂੰ ਜ਼ਿੰਦਾ ਲਾਇਆ ਹੋਇਆ ਸੀ। ਕਾਦਿਰ ਭਾਈ ਨੇ ਆਉਂਦਿਆਂ ਰਸਤੇ ਵਿਚ ਹੀ ਗੁਰਦੁਆਰੇ ਦੇ ਸੇਵਾਦਾਰ ਗ੍ਰੰਥੀ ਸਿੰਘ ਨੂੰ ਆਉਣ ਦਾ ਦੱਸ ਦਿੱਤਾ ਸੀ ਤੇ ਪੰਜ ਬੰਦਿਆਂ ਲਈ ਲੰਗਰ ਦਾ ਵੀ ਕਹਿ ਦਿੱਤਾ ਸੀ। ਟੈਕਸੀ ਰੁਕਣ 'ਤੇ ਅੰਦਰੋਂ ਇਕ ਬੰਦੇ ਨੇ ਗੇਟ ਖੋਲ੍ਹ ਦਿੱਤਾ ਤੇ ਅਸੀਂ ਅੰਦਰ ਲੰਘ ਗਏ। ਗੇਟ ਦੇ ਨਾਲ ਹੀ ਅੰਦਰ ਵਾਲੇ ਪਾਸੇ ਇੰਜਣ ਵਾਲਾ ਟਿਊਬਵੈਲ ਸੀ। ਸਬਜ਼ੀਆਂ ਖਾਣ ਜੋਗੀਆਂ



*ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ, ਪਾਕਿਸਤਾਨ*

ਲਾਈਆਂ ਹੋਈਆਂ ਸਨ। ਅੰਦਰ ਕੁਝ ਫਲਾਂ ਦੇ ਬੂਟੇ ਵੀ ਹਨ ਤੇ ਅਗਾਂਹ ਇਕ ਹਲਟ ਸੀ ਪਰ ਪੈਲੀ ਵਿਚ ਘਾਹ-ਝਾੜੀਆਂ ਜਿਹੀਆਂ ਉਗੀਆਂ ਹੋਈਆਂ ਸਨ। ਹੋਰ ਸਭ ਕੁਝ ਸੀ ਜਿਵੇਂ ਮਾਹਲ, ਟਿੰਡਾਂ ਦੀ ਬੈੜ, ਚਕਲਾ, ਛੋਟਾ ਚਕਲਾ, ਲੱਠ, ਕੁੱਤਾ, ਗਾਂਧੀ, ਪਾੜਛਾ। ਉਨ੍ਹਾਂ ਦੱਸਿਆ ਕਿ ਇਹ ਖੂਹ ਗੁਰੂ ਨਾਨਕ ਦੇਵ ਜੀ ਦਾ ਹੈ, ਸ਼ਾਇਦ ਖੇਤ ਸਿੰਜਣ ਤੇ ਪੀਣ ਲਈ ਪਾਣੀ ਇਸੇ ਤੋਂ ਬਾਬੇ ਨਾਨਕ ਨੇ ਵਰਤਿਆ ਹੋਣਾ। ਹਲਟ ਤਾਂ ਬਾਅਦ 'ਚ ਲੱਗਿਆ ਹੋਣਾ ਕਿਉਂਕਿ ਉਦੋਂ ਤਾਂ ਹਲਟਾਂ ਦਾ ਰਿਵਾਜ਼ ਨਹੀਂ ਸੀ। ਅੱਜ ਤੋਂ ਹੀ ਕੋਈ 100 ਕੁ ਸਾਲ ਪਹਿਲਾਂ ਤੱਕ ਲੋਕ ਚਰਸਾਂ ਨਾਲ ਖੂਹਾਂ ਤੋਂ ਪਾਣੀ ਕੱਢਦੇ ਸੀ।

ਇਸ ਗੁਰਦੁਆਰੇ ਦੇ ਇਤਿਹਾਸ ਬਾਰੇ ਤਾਂ ਆਪਾਂ ਸਾਰਿਆਂ ਨੂੰ ਪਤਾ ਹੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੀ ਜ਼ਿੰਦਗੀ ਦੇ ਅਖੀਰੀ 18 ਸਾਲ ਇਸੇ ਪਵਿੱਤਰ ਜਗ੍ਹਾ 'ਤੇ ਬਿਤਾਏ। ਸਿਰਫ ਬਿਤਾਏ ਹੀ ਨਹੀਂ, ਖੇਤੀ ਵੀ ਕੀਤੀ। ਅੱਜ ਵੀ ਇਸ ਗੁਰਦੁਆਰੇ ਦੇ ਨਾਂ ਢਾਈ ਮੁਰੱਬੇ ਯਾਨਿ ਸਾਢੇ 62 ਕਿੱਲੇ ਜ਼ਮੀਨ ਹੈ। ਇਹ ਜ਼ਮੀਨ ਬਾਬੇ ਨੇ ਖਰੀਦੀ ਸੀ ਭਾਵੇਂ ਕਈ ਥਾਈਂ ਲਿਖਿਆ ਮਿਲਦਾ ਹੈ ਕਿ ਕਿਸੇ ਨੇ ਬਾਬੇ ਨੂੰ ਦਾਨ 'ਚ ਭੇਟ ਕੀਤੀ ਸੀ। ਜੇ ਬਾਬੇ ਨੇ ਦਾਨ ਵਾਲੀਆਂ ਜ਼ਮੀਨਾਂ 'ਤੇ ਰਹਿਣਾ ਹੁੰਦਾ ਤਾਂ ਨਨਕਾਣਾ ਸਾਹਿਬ ਰਾਇ ਬੁਲਾਰ ਨੇ 750 ਮੁਰੱਬੇ ਬਾਬੇ ਦੇ ਨਾਂ ਕਰਵਾ ਦਿੱਤੇ ਸਨ। ਗੁਰਦੁਆਰੇ ਦੀ ਮੌਜੂਦਾ ਬਿਲਡਿੰਗ 1920 ਵਿਚ ਮਹਾਰਾਜਾ ਪਟਿਆਲਾ ਨੇ ਬਣਵਾਈ ਸੀ। ਹੁਣ ਰਿਹਾਇਸ਼ ਲਈ ਵੀ ਤੇ ਲੰਗਰ ਲਈ ਵੀ ਲੋੜੀਂਦੀ ਜਗ੍ਹਾ ਬਣੀ ਹੋਈ ਹੈ। ਇਹ ਗੁਰਦੁਆਰਾ ਵੀ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੀ ਹੈ ਤੇ ਗ੍ਰੰਥੀ ਸਿੰਘ ਜੋ ਸੇਵਾ ਕਰਦੇ ਹਨ, ਉਥੇ ਹੀ ਰਹਿੰਦੇ ਹਨ ਸਮੇਤ ਪਰਿਵਾਰ ਦੇ। ਉਨ੍ਹਾਂ ਦੀ ਇਕ 6 ਕੁ ਸਾਲ ਦੀ ਬੱਚੀ ਹੈ। ਇਕ ਅੱਧ ਸ਼ਾਇਦ ਹੋਰ ਪਰਿਵਾਰ ਵੀ ਰਹਿੰਦਾ ਹੈ ਜੋ ਖੇਤੀ ਕਰਦੈ। ਉਦਾਂ ਗੁਰਦੁਆਰਾ ਬਿਲਕੁਲ ਇਕੱਲਾ ਹੀ ਹੈ, ਸਿਵਾਏ ਦੋਦਾ ਪਿੰਡ ਦੇ ਜੋ ਨੇੜੇ ਹੀ ਹੈ, ਹੋਰ ਕੋਈ ਆਬਾਦੀ ਵੀ ਲਾਗੇ-ਚਾਗੇ ਨਹੀਂ। ਇਕ ਪਾਸੇ ਤਾਂ ਹੈ ਈ ਰਾਵੀ ਦਰਿਆ, ਜਿਸਦਾ ਕੰਢਾ ਇੰਡੋ-ਪਾਕਿ ਬਾਰਡਰ ਹੀ ਹੈ ਤੇ ਉਥੋਂ ਸਿਰਫ ਪੰਜ ਕਿਲੋਮੀਟਰ ਹੈ। ਗੁਰਦੁਆਰੇ ਦੇ ਉਪਰੋਂ ਭਾਈ ਜੀ ਨੇ ਦਿਖਾਇਆ ਕਿ ਰਾਵੀ ਪਾਰ ਜਿਹੜੀ ਸਫੈਦਿਆਂ ਦੀ ਉਚੀ ਕਤਾਰ ਦਿਸਦੀ ਹੈ, ਇਹ ਹਿੰਦੋਸਤਾਨ ਵਾਲੇ ਪਾਸੇ ਹੈ। ਜਿਹੜੀ ਸੜਕ ਰਾਹੀਂ ਅਸੀਂ ਆਏ ਸੀ, ਉਹ ਤਾਂ ਗੁਰਦੁਆਰੇ ਵਲ ਹੀ ਸੀ। ਅੱਗੋਂ ਕੱਚਾ ਰਾਹ ਹੀ ਸੀ ਮੱਤੇ ਵਾਲਾ, ਉਹ ਸਿੱਧਾ ਬਾਰਡਰ ਤਕ ਚਲਾ ਜਾਂਦਾ ਸੀ।

ਗੁਰਦੁਆਰੇ ਦੇ ਦੁਆਲੇ ਦੀ ਢਾਈ ਮੁਰੱਬੇ ਜ਼ਮੀਨ ਗੁਰਦੁਆਰੇ ਦੀ ਹੈ, ਜਿਸਨੂੰ ਅਜੇ ਵੀ ਉਹ ਬਾਬੇ ਦੇ ਖੇਤ ਕਹਿੰਦੇ ਹਨ। ਸਾਡੇ ਜਾਣ ਤੋਂ ਪਹਿਲਾਂ ਹੀ ਭਾਈ ਸਾਹਿਬ ਨੇ ਲੰਗਰ ਤਿਆਰ ਕਰਵਾਇਆ ਹੋਇਆ ਸੀ। ਅਸਲ ਵਿਚ ਕੁਝ ਬੰਦੇ ਗੁਰਦੁਆਰੇ ਵਿਚ ਰੰਗ ਰੋਗਨ ਦਾ ਕੰਮ ਕਰਦੇ ਸਨ। ਉਨ੍ਹਾਂ ਸਾਰਿਆਂ ਲਈ ਵੀ ਲੰਗਰ ਉਥੇ ਹੀ ਬਣਿਆ ਹੋਇਆ ਸੀ। ਲਾਂਗਰੀ ਵੀ ਮੁਸਲਮਾਨ ਸੀ, ਕਿਉਂਕਿ ਉਸਦੀ ਟੋਪੀ ਤੇ ਸਲਵਾਰ ਤੋਂ ਹੀ ਜ਼ਾਹਰ ਸੀ। ਭਾਈ ਸਾਹਿਬ ਨੇ ਜਦੋਂ ਆਵਾਜ਼ ਦੋ ਕੁ ਵਾਰੀ ਮਾਰੀ ਤਾਂ ਨਾਂ ਤੋਂ ਜ਼ਾਹਰ ਹੋ ਗਿਆ। ਲੰਗਰ ਛਕਿਆ। ਭਾਈ ਜੀ ਨੇ ਦੱਸਿਆ ਕਿ ਇਹ ਚੌਲ ਵੀ ਬਾਬੇ ਦੇ ਖੇਤਾਂ ਦੇ ਹਨ ਤੇ ਰੋਟੀਆਂ ਵੀ। ਸੱਚ ਜਾਣਿਓ, ਲੰਗਰ ਹੋਰ ਵੀ ਸੁਆਦ ਲੱਗਾ ਕਿ ਬਾਬਾ ਇਹ ਵੀ ਤੇਰੀ ਰਹਿਮਤ ਹੋਈ ਕਿ ਤੂੰ ਆਪਣੇ ਖੇਤਾਂ ਦਾ ਅੰਨ ਸਾਡੇ ਮੂੰਹ ਪਾਇਆ, ਜਿਥੇ ਤੂੰ ਆਪ 18 ਸਾਲ ਹਲ ਵਾਹਿਆ।

1947 ਤੋਂ ਬਾਅਦ 53 ਸਾਲਾਂ ਤਕ ਇਹ ਗੁਰਦੁਆਰਾ ਬੰਦ ਹੀ ਰਿਹਾ। ਸੰਨ 2000 ਵਿਚ ਮੁੜ ਖੋਲ੍ਹਿਆ ਗਿਆ। ਗ੍ਰੰਥੀ ਸਿੰਘ ਨੇ ਦੱਸਿਆ ਕਿ ਕਿਉਂਕਿ ਇਹ ਗੁਰਦੁਆਰਾ ਕਿਸੇ ਵੀ ਆਬਾਦੀ 'ਚ ਤਾਂ ਹੈ ਨਹੀਂ ਸੀ ਤੇ ਨਾ ਹੀ ਕੋਈ ਪਹੁੰਚ ਰਸਤਾ ਸੀ, ਇਸ ਕਰਕੇ ਇਥੇ ਇਲਾਕੇ ਦੇ ਕਈ ਮਾੜੇ ਬੰਦੇ ਪੁਲਿਸ ਦੀ ਪਹੁੰਚ ਤੋਂ ਦੂਰ ਨਾਜਾਇਜ਼ ਤੇ ਮਾੜੇ ਧੰਦਿਆਂ ਲਈ ਇਸਨੂੰ ਵਰਤਦੇ ਰਹੇ। ਉਸਨੇ ਹੀ ਦੱਸਿਆ ਕਿ ਜਦੋਂ ਪਹਿਲੀ ਵਾਰੀ ਸੰਨ 2000 ਵਿਚ ਕੁਝ ਸਿੱਖ ਸ਼ਰਧਾਲੂ ਇਥੇ ਆਏ ਤਾਂ ਕੋਈ ਵੀ ਰਾਹ ਨਹੀਂ ਸੀ। ਆਲੇ-ਦੁਆਲੇ ਖੇਤਾਂ ਵਿਚੋਂ ਦੀ ਹੁੰਦੇ ਹੋਏ ਗਾਰੇ 'ਚ ਖੁੱਭਦੇ, ਇਥੇ ਪੁੱਜੇ ਸਨ ਤਾਂ ਉਨ੍ਹਾਂ ਨੂੰ ਗੁਰਦੁਆਰੇ ਦੀ ਅੰਦਰਲੀ ਹਾਲਤ ਦੇਖ ਕੇ ਝੋਰਾ ਲੱਗਾ ਕਿ ਜਿਸ ਬਾਬੇ ਨਾਨਕ ਦੇ ਗੁਰਦੁਆਰੇ ਦੁਨੀਆਂ ਦੇ ਹਰ ਮੁਲਕ ਵਿਚ

*(ਬਾਕੀ ਸਫਾ 22 'ਤੇ)*



*ਦਰਿਆ ਰਾਵੀ*

*ਤਸਵੀਰਾਂ: ਤੇਰੀ ਸਿੱਖੀ ਤੋਂ ਧੰਨਵਾਦ ਸਹਿਤ*

# ਜਾਇਦਾਦਾਂ ਦੇ ਜੱਭ:ਪਟੇਲ ਤੇ ਫਰਨਾਂਡੀਜ਼ ਅਦਾਲਤਾਂ ਵੱਸ

**-ਪੰਜਾਬ ਟਾਈਮਜ਼ ਬਿਊਰੋ**

**ਦਿੱਲੀ:** ਆਈ ਪੀ ਐਲ ਮਾਮਲੇ ਨਾਲ ਸੁਰਖੀਆਂ 'ਚ ਆਏ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਪ੍ਰਫੁੱਲ ਪਟੇਲ ਦੀਆਂ ਪ੍ਰੇਸ਼ਾਨੀਆਂ 'ਚ ਕਮੀ ਨਹੀਂ ਆ ਰਹੀ। ਬੈਤੂਲ ਜ਼ਿਲ੍ਹਾ ਅਦਾਲਤ ਦੇ ਪਹਿਲੀ ਸ਼੍ਰੇਣੀ ਦੇ ਜੱਜ ਨੇ ਇਕ ਜ਼ਮੀਨ ਦੀ ਦੋ ਵਿਅਕਤੀਆਂ ਦੇ ਨਾਂ ਰਜਿਸਟਰੀ ਕਰਨ ਦੇ ਮਾਮਲੇ 'ਚ ਪ੍ਰਫੁੱਲ ਪਟੇਲ ਅਤੇ ਕੰਪਨੀ ਮੈਸਰਜ਼ ਛੋਟੇ ਭਾਈ ਤੇ ਜੇਠਾ ਅਲੀ ਨੇ ਮੈਸਰਜ਼ ਛੋਟੇ ਭਾਈ ਜੇਠਾ ਭਾਈ ਐਂਡ ਕੰਪਨੀ, ਅਰਵਿੰਦ ਭਾਈ ਪਟੇਲ ਪਿਤਾ ਛੋਟਾ ਭਾਈ ਨਿਵਾਸੀ ਸਾਗਰ ਮੋਟਾਪੋਰ ਖੇੜਾ, ਗੁਜਰਾਤ ਨਿਵਾਸੀ ਹਰਸ਼ਦ ਭਾਈ ਪੁੱਤਰ ਨਟਵਰ ਲਾਲ, ਦੀਪਕ ਪੁੱਤਰ ਰਮਨ ਭਾਈ ਪਟੇਲ, ਕਿਰਨ ਭਾਈ ਪੁੱਤਰ ਰਮਨ ਭਾਈ, ਸ਼ੈਲੇਸ਼ ਭਾਈ ਪੁੱਤਰ ਰਮਨ ਭਾਈ ਪਟੇਲ, ਗੋਂਦਿਆ ਮਹਾਰਾਸ਼ਟਰ ਨਿਵਾਸੀ ਪ੍ਰਫੁੱਲ ਭਾਈ ਪੁੱਤਰ ਮਨੋਹਰ ਭਾਈ ਪਟੇਲ ਤੇ






ਭਾਈ ਪਟੇਲ ਸਮੇਤ 7 ਹਿੱਸੇਦਾਰਾਂ ਖ਼ਿਲਾਫ਼ ਧਾਰਾ 420 ਤਹਿਤ ਮਾਮਲਾ ਦਰਜ ਕੀਤਾ ਹੈ।

ਅਦਾਲਤ ਨੇ ਇਨ੍ਹਾਂ ਨੂੰ 19 ਜੁਲਾਈ ਨੂੰ ਪੇਸ਼ ਹੋਣ ਲਈ ਸੰਮਨ ਜਾਰੀ ਕੀਤੇ ਹਨ। ਪੂਰੇ ਮਾਮਲੇ ਅਨੁਸਾਰ ਜ਼ਿਲ੍ਹਾ ਹੈਡਕੁਆਟਰ ਦੇ ਨੇੜੇ ਰਾਸ਼ਟਰੀ ਰਾਜ ਮਾਰਗ 69 'ਤੇ ਸਥਿਤ ਪਿੰਡ ਬਡੋਦਰਾ 'ਚ ਪ੍ਰਫੁੱਲ ਪਟੇਲ ਦੀ ਕੰਪਨੀ 'ਚ ਛੋਟੇ ਭਾਈ ਅਤੇ ਜੇਠਾ ਭਾਈ ਐਂਡ ਕੰਪਨੀ ਨੇ 17 ਹਜ਼ਾਰ ਵਰਗ ਫੁੱਟ ਜ਼ਮੀਨ ਬੈਤੂਲ ਦੇ ਨਵਨੀਤ ਗਰਗ ਨੂੰ ਵੇਚੀ ਸੀ। ਇਸ ਦੀ ਰਜਿਸਟਰੀ 19 ਮਈ 2003 ਨੂੰ ਕੀਤੀ ਗਈ।

ਇਸ ਤੋਂ ਬਾਅਦ ਕੰਪਨੀ ਨੇ ਇਹ ਜ਼ਮੀਨ ਮੁੜ 11 ਜੂਨ, 2003 ਨੂੰ ਬੈਤੂਲ ਦੇ ਹੀ ਅਸ਼ੋਕ ਦੀਕਸ਼ਤ ਨੂੰ ਵੇਚ ਦਿੱਤੀ। ਇਸ ਜ਼ਮੀਨ ਦਾ ਕਬਜ਼ਾ ਲੈਣ ਲਈ ਨਵਨੀਤ ਗਰਗ ਕਰੀਬ 6 ਸਾਲਾਂ ਤਕ ਘੁੰਮਦਾ ਰਿਹਾ। ਇਸ ਤੋਂ ਬਾਅਦ ਉਨ੍ਹਾਂ ਨੇ ਇਸ ਮਾਮਲੇ ਨੂੰ ਲੈ ਕੇ ਬੈਤੂਲ ਦੇ ਨਿਆਂਇਕ ਮੈਜਿਸਟਰੇਟ ਸਾਹਮਣੇ ਸ਼ਿਕਾਇਤ ਪੇਸ਼ ਕੀਤੀ।

ਸ਼ਿਕਾਇਤਕਰਤਾ ਨਵਨੀਤ ਗਰਗ ਵਲੋਂ ਦਾਇਰ ਕੀਤੀ ਗਈ ਅਰਜ਼ੀ 'ਤੇ ਫ਼ੈਸਲਾ ਸੁਣਾਉਂਦਿਆਂ ਪਹਿਲੀ ਸ਼੍ਰੇਣੀ ਮੈਜਿਸਟਰੇਟ ਸਿਰਾਜ ਕੌਸ਼ਲ ਭਾਈ ਪੁੱਤਰ ਅਰਵਿੰਦ ਭਾਈ ਪਟੇਲ ਅਤੇ ਇੱਛਰ ਭਾਈ ਪਟੇਲ ਨੂੰ ਧੋਖਾਧੜੀ ਦਾ ਦੋਸ਼ੀ ਪਾਇਆ ਹੈ। ਜੱਜ ਨੇ ਆਪਣੇ ਆਦੇਸ਼ 'ਚ ਕਿਹਾ ਹੈ ਕਿ ਉਕਤ ਦੋਸ਼ੀਆਂ ਖ਼ਿਲਾਫ਼ ਧਾਰਾ 420 ਦੇ ਤਹਿਤ ਅਪਰਾਧ ਨੋਟਿਸ ਲਿਆ ਹੈ। ਜੱਜ ਨੇ ਦੋਸ਼ੀਆਂ ਨੂੰ 29 ਜੁਲਾਈ 2010 ਨੂੰ ਅਦਾਲਤ 'ਚ ਪੇਸ਼ ਹੋਣ ਦਾ ਆਦੇਸ਼ ਦਿੰਦਿਆਂ ਇਨ੍ਹਾਂ ਸਾਰਿਆਂ ਨੂੰ ਸੰਮਨ ਭੇਜ ਦਿੱਤੇ ਹਨ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਪ੍ਰਫੁੱਲ ਪਟੇਲ ਦਾ ਨਾਂ ਆਈ ਪੀ ਐਲ ਵਿਵਾਦ 'ਚ ਸਾਹਮਣੇ ਆਇਆ ਸੀ। ਉਸ ਸਮੇਂ ਉਨ੍ਹਾਂ ਦੀ ਪੁੱਤਰੀ ਵਲੋਂ ਉਨ੍ਹਾਂ ਦੇ ਅਹੁਦੇ ਦੀ ਦੁਰਵਰਤੋਂ ਕਰਦਿਆਂ ਇਕ ਜਹਾਜ਼ ਨੂੰ ਬਿਨਾਂ ਕਿਸੇ ਰੂਟ ਤੋਂ ਹੀ ਹੋਰ ਥਾਂ ਭੇਜ ਦਿੱਤਾ ਗਿਆ ਸੀ। ਇਸ ਤੋਂ ਇਲਾਵਾ ਉਨ੍ਹਾਂ 'ਤੇ ਆਈ ਪੀ ਐਲ 'ਚ ਧੋਖਾਧੜੀ ਕਰਨ ਦੇ ਮਾਮਲੇ 'ਚ ਘਿਰਨ ਵਾਲੇ ਲਲਿਤ ਮੋਦੀ ਦੀ ਮਦਦ ਕਰਨ ਦਾ ਦੋਸ਼ ਵੀ ਲੱਗਿਆ ਸੀ। ਹਾਲਾਂਕਿ ਉਨ੍ਹਾਂ ਨੇ ਇਨ੍ਹਾਂ ਦੋਸ਼ਾਂ ਨੂੰ ਨਕਾਰਿਆ ਸੀ, ਪਰ ਸੂਤਰਾਂ ਦਾ ਕਹਿਣਾ ਹੈ ਕਿ ਇਹ ਮਾਮਲਾ ਕੇਂਦਰ ਨੇ ਹੀ ਦਬਾਇਆ ਸੀ।

ਇਕ ਹੋਰ ਕੇਸ ਵਿਚ ਫਰਨਾਂਡੀਜ਼ ਦੀ ਦੇਖ-ਰੇਖ ਨੂੰ ਲੈ ਕੇ ਸ਼ੁਰੂ ਹੋਈ ਕਾਨੂੰਨੀ ਜੰਗ 'ਚ ਇਕ ਘੰਟੇ ਤੋਂ ਵਧ ਸਮੇਂ ਤਕ ਚੈਂਬਰ 'ਚ ਸੁਣਵਾਈ ਤੋਂ ਬਾਅਦ ਦਿੱਲੀ ਹਾਈ ਕੋਰਟ ਨੇ ਬੀਤੀ 5 ਜੁਲਾਈ ਨੂੰ ਕਿਹਾ ਕਿ ਸਾਬਕਾ ਕੇਂਦਰੀ ਮੰਤਰੀ ਆਪਣੀ ਪਤਨੀ ਲੈਲਾ ਕਬੀਰ ਨਾਲ ਹੀ ਰਹਿਣਗੇ ਤੇ ਉਨ੍ਹਾਂ ਦੇ ਭਰਾ ਉਨ੍ਹਾਂ ਨਾਲ ਮੁਲਾਕਾਤ ਕਰ ਸਕਦੇ ਹਨ।

ਜਸਟਿਸ ਵੀ ਕੇ ਸ਼ਾਲੀ ਨੇ ਅਲਜ਼ਾਈਮਰ ਦੀ ਬਿਮਾਰੀ ਤੋਂ ਪੀੜਤ 80 ਸਾਲਾ ਫਰਨਾਂਡੀਜ਼ ਨਾਲ ਆਹਮੋ-ਸਾਹਮਣੇ ਗੱਲਬਾਤ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਮੌਜੂਦਾ ਵਿਵਸਥਾ 'ਚ ਕੋਈ ਵੀ ਦਖ਼ਲਅੰਦਾਜ਼ੀ ਕਰਨ ਤੋਂ ਇਨਕਾਰ ਕਰ ਦਿੱਤਾ। ਜਸਟਿਸ ਸ਼ਾਲੀ ਨੇ ਦੋਹਾਂ ਧਿਰਾਂ ਨਾਲ ਵੱਖੋ-ਵੱਖਰੇ ਤੌਰ 'ਤੇ ਗੱਲਬਾਤ ਕੀਤੀ ਅਤੇ ਮਾਮਲੇ ਦੀ ਸੁਣਵਾਈ 19 ਜੁਲਾਈ ਤਕ ਟਾਲ ਦਿੱਤੀ। ਇਸ ਮੌਕੇ ਸ੍ਰੀ ਫਰਨਾਂਡੀਜ਼ ਪੂਰੀ ਤਰ੍ਹਾਂ ਗੁੰਮ-ਸੁੰਮ ਲੱਗ ਰਹੇ ਸਨ ਤੇ ਉਹ ਖ਼ੁਦ ਚੱਲਣ ਦੇ ਸਮਰੱਥ ਵੀ ਨਹੀਂ ਸਨ।

ਯਾਦ ਰਹੇ ਬੀਤੀ 1 ਜੁਲਾਈ ਨੂੰ ਦਿੱਲੀ ਹਾਈ ਕੋਰਟ ਨੇ ਬਿਮਾਰ ਚਲੇ ਆ ਰਹੇ ਸਾਬਕਾ ਕੇਂਦਰੀ ਮੰਤਰੀ ਜਾਰਜ ਫਰਨਾਂਡੀਜ਼ ਦੀ ਪਤਨੀ ਲੈਲਾ ਕਬੀਰ ਨੂੰ ਕਿਹਾ ਸੀ ਕਿ ਉਨ੍ਹਾਂ ਨੂੰ 5 ਜੁਲਾਈ ਨੂੰ ਅਦਾਲਤ ਦੇ ਸਾਹਮਣੇ ਪੇਸ਼ ਕੀਤਾ ਜਾਵੇ ਤਾਂ ਕਿ ਉਨ੍ਹਾਂ ਦੀ ਦੇਖਭਾਲ ਲਈ ਉਨ੍ਹਾਂ ਦੇ ਭਰਾਵਾਂ ਤੇ ਪਤਨੀ ਵਿਚਕਾਰ ਚਲ ਰਹੇ ਵਿਵਾਦ ਸਬੰਧੀ ਕੋਈ ਫ਼ੈਸਲਾ ਕੀਤਾ ਜਾ ਸਕੇ।

ਜ਼ਿਕਰਯੋਗ ਹੈ ਕਿ ਅਦਾਲਤ ਫਰਨਾਂਡੀਜ਼ ਦੇ ਭਰਾਵਾਂ ਰਿਚਰਡ ਅਤੇ ਮਾਈਕਲ ਦੀ ਅਰਜ਼ੀ 'ਤੇ ਸੁਣਵਾਈ ਕਰ ਰਹੀ ਹੈ, ਜਿਸ ਵਿਚ ਉਨ੍ਹਾਂ ਆਪਣੇ ਭਾਈ ਨੂੰ ਆਪਣੇ ਨਾਲ ਰੱਖਣ ਦੀ ਮੰਗ ਕੀਤੀ ਹੈ ਅਤੇ ਦੋਸ਼ ਲਗਾਇਆ ਹੈ ਕਿ ਦਿਮਾਗੀ ਰੋਗ ਤੋਂ ਪੀੜਤ ਫਰਨਾਂਡੀਜ਼ ਦੀ ਦੇਖਭਾਲ ਉਸ ਦੀ ਪਤਨੀ ਸਹੀ ਢੰਗ ਨਾਲ ਨਹੀਂ ਕਰ ਰਹੀ।

ਇਸ ਦੇ ਨਾਲ ਹੀ ਫਰਨਾਂਡੀਜ਼ ਦੇ ਭਰਾਵਾਂ ਨੇ 1 ਜੁਲਾਈ ਨੂੰ ਇਕ ਨਵੀਂ ਅਰਜ਼ੀ ਦਾਖਲ ਕਰਕੇ ਉਨ੍ਹਾਂ ਦੀ ਸਥਿਤੀ ਦਾ ਪਤਾ ਲਗਾਉਣ ਲਈ ਇਕ ਮੈਡੀਕਲ ਬੋਰਡ ਗਠਿਤ ਕਰਨ ਦੀ ਮੰਗ ਕੀਤੀ। ਜ਼ਿਕਰਯੋਗ ਹੈ ਕਿ ਸਮਾਜਵਾਦੀ ਪਾਰਟੀ ਦੇ ਆਗੂ ਜਾਰਜ ਫਰਨਾਂਡੀਜ਼ ਦੇ ਪਰਿਵਾਰ 'ਚ ਉਨ੍ਹਾਂ ਨੂੰ ਆਪਣੇ ਨਾਲ ਰੱਖਣ ਨੂੰ ਲੈ ਕੇ ਕਾਨੂੰਨੀ ਲੜਾਈ ਚੱਲ ਰਹੀ ਹੈ। ਉਸ ਦੇ ਭਰਾਵਾਂ ਨੇ ਦੋਸ਼ ਲਾਇਆ ਸੀ ਕਿ ਲੈਲਾ ਕਬੀਰ ਉਨ੍ਹਾਂ ਨੂੰ ਫਰਨਾਂਡੀਜ਼ ਨਾਲ ਮਿਲਣ ਨਹੀਂ ਦੇ ਰਹੀ।

ਇਸ ਦਰਮਿਆਨ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਬਾਰੇ ਕਥਿਤ ਅਪਮਾਨਜਨਕ ਟਿੱਪਣੀ ਦੇ ਮਾਮਲੇ 'ਚ ਬੂੰਦੀ (ਰਾਜਸਥਾਨ) ਦੀ ਇੱਕ ਅਦਾਲਤ 'ਚ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਖਿਲਾਫ਼ ਮਾਨਹਾਨੀ ਦਾ ਮੁਕੱਦਮਾ ਦਾਇਰ ਕੀਤਾ ਗਿਆ ਹੈ। ਯੁਵਾ ਕਾਂਗਰਸ ਦੇ ਸੂਬਾ ਸਕੱਤਰ ਚਾਰਮੇਸ਼ ਸ਼ਰਮਾ ਨੇ ਇਹ ਮਾਮਲਾ ਦਰਜ ਕਰਵਾਇਆ ਹੈ, ਜਿਸ ਦੀ 6 ਜੁਲਾਈ ਨੂੰ ਸੁਣਵਾਈ ਹੋਵੇਗੀ। ਸ੍ਰੀ ਸ਼ਰਮਾ ਨੇ ਦੋਸ਼ ਲਾਇਆ ਕਿ ਗੁਜਰਾਤ ਦੇ ਗਾਂਧੀ ਨਗਰ ਵਿਖੇ 5 ਜੂਨ ਨੂੰ ਭਾਜਪਾ ਦੀ ਇੱਕ ਰੈਲੀ 'ਚ ਮੋਦੀ ਨੇ ਕਿਹਾ ਸੀ ਕਿ ਨਹਿਰੂ ਨੇ ਬੱਚਿਆਂ ਲਈ ਕੁਝ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਮੋਦੀ ਦੀਆਂ ਟਿੱਪਣੀਆਂ ਨਾਲ ਉਨ੍ਹਾਂ ਦੀ ਅਤੇ ਨਹਿਰੂ ਦੇ ਪ੍ਰਸ਼ੰਸਕਾਂ ਦੀਆਂ ਭਾਵਨਾਵਾਂ ਨੂੰ ਸੱਟ ਵੱਜੀ ਹੈ।

ਇਕ ਹੋਰ ਰਿਪੋਰਟ ਅਨੁਸਾਰ ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ ਸੀ ਸੀ ਆਈ) ਨੇ ਸਰਬਸੰਮਤੀ ਨਾਲ ਇੰਡੀਅਨ ਪ੍ਰੀਮੀਅਰ ਲੀਗ (ਆਈ ਪੀ ਐਲ) ਦੇ ਮੁਅੱਤਲ ਕਮਿਸ਼ਨਰ ਲਲਿਤ ਮੋਦੀ ਖਿਲਾਫ਼ ਦੋਸ਼ਾਂ ਦੀ ਪੁਸ਼ਟੀ ਕਰਦਿਆਂ ਇਹ ਮਾਮਲਾ ਅਨੁਸ਼ਾਸਨੀ ਕਮੇਟੀ ਨੂੰ ਸੌਂਪ ਦਿੱਤਾ ਹੈ। ਬੀ ਸੀ ਸੀ ਆਈ ਨੇ ਆਪਣੀ ਵਿਸ਼ੇਸ਼ ਮੀਟਿੰਗ 'ਚ ਇਸ ਸਬੰਧੀ ਫ਼ੈਸਲਾ ਲਿਆ। ਬੀ ਸੀ ਸੀ ਆਈ ਦੇ ਪ੍ਰਧਾਨ ਮਨੋਹਰ ਸ਼ਸ਼ਾਂਕ ਨੇ ਦੱਸਿਆ ਕਿ ਇਹ ਕਮੇਟੀ ਮੋਦੀ ਖਿਲਾਫ਼ ਲੱਗੇ ਦੋਸ਼ਾਂ ਦੀ ਜਾਂਚ ਕਰੇਗੀ ਤੇ 26 ਅਕਤੂਬਰ ਤੋਂ ਪਹਿਲਾਂ-ਪਹਿਲਾਂ ਰਿਪੋਰਟ ਦੇਵੇਗੀ। ਦੂਜੇ ਪਾਸੇ ਸੂਤਰਾਂ ਦਾ ਕਹਿਣਾ ਹੈ ਕਿ ਜਲਦ ਹੀ ਮੋਦੀ ਖਿਲਾਫ਼ 12 ਸੌ ਕਰੋੜ ਦੀ ਧੋਖਾਧੜੀ ਦਾ ਮਾਮਲਾ ਦਰਜ ਹੋ ਸਕਦਾ ਹੈ।

## ਭੜਕਾਊ ਭਾਸ਼ਣ ਦੇਣ ਕਾਰਨ ਵਿਜੇ ਸ਼ਾਂਤੀ ਗ੍ਰਿਫਤਾਰ



**ਹੈਦਰਾਬਾਦ:** ਤੇਲੰਗਾਨਾ ਰਾਸ਼ਟਰ ਸਮਿਤੀ (ਟੀ.ਆਰ.ਐਸ.) ਦੀ ਸੰਸਦ ਮੈਂਬਰ ਅਤੇ ਫਿਲਮ ਅਦਾਕਾਰਾ ਵਿਜੇ ਸ਼ਾਂਤੀ ਨੂੰ ਬੀਤੇ ਦਿਨੀਂ ਹੋਈ ਪਾਰਟੀ ਦੀ ਮੀਟਿੰਗ ਦੌਰਾਨ ਭੜਕਾਊ ਭਾਸ਼ਣ ਦੇਣ ਦੇ ਦੋਸ਼ਾਂ ਤਹਿਤ 3 ਜੁਲਾਈ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਇਸ ਸਬੰਧੀ ਬੰਜਾਰਾ ਹਿੱਲਜ਼ ਪੁਲੀਸ ਨੇ ਉਸ ਖਿਲਾਫ ਕੇਸ ਦਰਜ ਕਰ ਲਿਆ ਸੀ। ਟੀ.ਆਰ.ਐਸ. ਨੇ ਤੇਲੰਗਾਨਾ ਖੇਤਰ ਵਿਚ 27 ਜੁਲਾਈ ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਸੰਬੰਧੀ ਬੀਤੇ ਹਫਤੇ ਬੁੱਧਵਾਰ ਨੂੰ ਮੀਟਿੰਗ ਕੀਤੀ ਸੀ। ਉਸ ਨੇ ਕਥਿਤ ਤੌਰ 'ਤੇ ਵੱਖਰਾ ਤੇਲੰਗਾਨਾ ਸੂਬਾ ਬਣਾਉਣ ਦਾ ਵਿਰੋਧ ਕਰਨ ਵਾਲਿਆਂ ਖਿਲਾਫ ਟਿੱਪਣੀਆਂ ਕੀਤੀਆਂ ਸਨ। ਪੁਲੀਸ ਨੇ ਉਸ ਖਿਲਾਫ ਕੇਸ ਦਰਜ ਕਰ ਲਿਆ ਹੈ।

## ਵਿਵਾਦਾਂ 'ਚ ਘਿਰੇ ਮੱਧ ਪ੍ਰਦੇਸ਼ ਦੇ ਮੰਤਰੀ ਵਲੋਂ ਅਸਤੀਫਾ

**ਭੋਪਾਲ :** ਇਕ ਜ਼ਮੀਨੀ ਝਗੜੇ 'ਚ ਹੋਏ ਕਤਲ 'ਚ ਨਜ਼ਦੀਕੀ ਰਿਸ਼ਤੇਦਾਰਾਂ ਦੇ ਸ਼ਾਮਲ ਹੋਣ ਦੇ ਦੋਸ਼ ਲੱਗਣ 'ਤੇ ਮੱਧ ਪ੍ਰਦੇਸ਼ ਦੇ ਸਿਹਤ ਮੰਤਰੀ ਅਨੂਪ ਮਿਸ਼ਰਾ ਨੇ ਬੀਤੀ 3 ਜੁਲਾਈ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ, ਜਿਸ ਨੂੰ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੀ ਸਿਫਾਰਸ਼ 'ਚ ਰਾਜਪਾਲ ਰਾਮੇਸ਼ਵਰ ਠਾਕੁਰ ਨੇ ਪ੍ਰਵਾਨ ਕਰ ਲਿਆ।

ਅਨੂਪ ਮਿਸ਼ਰਾ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦਾ ਭਤੀਜਾ ਹੈ ਅਤੇ ਉਸਦੇ ਜੱਦੀ ਸ਼ਹਿਰ ਗਵਾਲੀਅਰ ਦੇ ਬਾਹਰਵਾਰ ਸਥਿਤ ਬੇਲਾ ਪਿੰਡ 'ਚ ਉਸਦੀ ਪਤਨੀ ਵਲੋਂ ਚਲਾਏ ਜਾ ਰਹੇ ਆਈ ਪੀ ਐਸ ਕਾਲਜ ਦੀ ਚਾਰਦੀਵਾਰੀ ਦੀ ਉਸਾਰੀ ਵੇਲੇ ਹੋਏ ਝਗੜੇ 'ਚ ਇਕ 17 ਸਾਲਾ ਲੜਕੇ ਦੀ ਮੌਤ ਦੇ ਕੇਸ 'ਚ ਉਸ ਦੇ ਪੁੱਤਰ ਦੀ ਸ਼ਮੂਲੀਅਤ ਹੋਣ ਦੇ ਦੋਸ਼ ਲੱਗੇ ਸਨ। ਇਨ੍ਹਾਂ ਦੋਸ਼ਾਂ ਕਾਰਨ ਹੀ ਉਨ੍ਹਾਂ ਆਪਣਾ ਅਸਤੀਫਾ ਸੌਂਪ ਦਿੱਤਾ।


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.

Contact : Dr. Shweat Oberoi E-mail : shweat077@yahoo.com

Mobile : 98155-33933 Fax : 0091-181-5062627



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

*National Truck Driving School*



Call For Special Price

Kashmir S. Thandi
Office: (866) 933-3038
Balhar S. Ranu
Cell:916-502-7733

4585 Pell Dr. Secramento CA, 95838

# ਵੱਖ-ਵੱਖ ਰਾਜਾਂ 'ਚ ਨਕਸਲੀਆਂ ਵਲੋਂ ਹਿੰਸਕ ਕਾਰਵਾਈਆਂ ਜਾਰੀ

-ਪੰਜਾਬ ਟਾਈਮਜ਼ ਬਿਊਰੋ

**ਕੋਲਕਾਤਾ:** ਨਕਸਲੀਆਂ ਨੇ ਆਪਣੇ ਦੋ ਦਿਨਾ ਬੰਦ ਦੇ ਸੱਦੇ ਦੇ ਪਹਿਲੇ ਦਿਨ ਬੀਤੀ 30 ਜੂਨ ਨੂੰ ਪੰਜ ਸੂਬਿਆਂ 'ਚ ਹਿੰਸਕ ਕਾਰਵਾਈਆਂ ਨੂੰ ਅੰਜਾਮ ਦਿੱਤਾ। ਉਨ੍ਹਾਂ ਨੇ ਝਾਰਖੰਡ ਦੇ ਗੜਵਾ ਜ਼ਿਲ੍ਹੇ ਦੇ ਇਕ ਸਥਾਨਕ ਕਾਂਗਰਸੀ ਆਗੂ ਨੂੰ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਅਤੇ ਪੱਛਮੀ ਬੰਗਾਲ ਦੇ ਮਿਦਨਾਪੁਰ ਜ਼ਿਲ੍ਹੇ 'ਚ ਹਮਲਾ ਕਰਕੇ ਕੁਝ ਜਵਾਨਾਂ ਨੂੰ ਜ਼ਖ਼ਮੀ ਕਰ ਦਿੱਤਾ। ਗੜਵਾ ਦੇ ਐਸ ਪੀ ਰਿਚਰਡ ਲਾਕਰਾ ਨੇ ਦੱਸਿਆ ਕਿ ਇਲਾਕੇ ਦੇ ਆਦਿਵਾਸੀ ਕਾਂਗਰਸੀ ਆਗੂ ਬਰਧਨ ਕੱਛੂ ਨੂੰ ਪਹਿਲਾਂ ਉਨ੍ਹਾਂ ਦੇ ਪਿੰਡ ਤੋਂ ਅਗਵਾ ਕਰ ਲਿਆ ਅਤੇ ਬਾਅਦ 'ਚ ਦੇਰ ਰਾਤ ਗੋਲੀ ਮਾਰ ਦਿੱਤੀ।

ਦੱਸਣਾ ਬਣਦਾ ਹੈ ਕਿ ਛੱਤੀਸਗੜ੍ਹ 'ਚ ਬੀਤੀ 29 ਜੂਨ ਨੂੰ 26 ਜਵਾਨਾਂ ਨੂੰ ਹਲਾਕ ਕਰਨ ਤੋਂ ਬਾਅਦ ਨਕਸਲੀਆਂ ਨੇ ਬੀਤੇ ਹਫਤੇ ਬੁੱਧਵਾਰ ਤੋਂ ਪੰਜ ਰਾਜਾਂ 'ਚ ਬੰਦ ਦਾ ਸੱਦਾ ਦਿੱਤਾ ਹੋਇਆ ਸੀ। ਨਕਸਲੀਆਂ ਵਲੋਂ ਬਿਹਾਰ, ਝਾਰਖੰਡ, ਪੱਛਮੀ ਬੰਗਾਲ, ਛੱਤੀਸਗੜ੍ਹ ਅਤੇ ਉੜੀਸਾ ਨੂੰ ਪੂਰੀ ਤਰ੍ਹਾਂ ਬੰਦ ਰੱਖਣ ਦਾ ਐਲਾਨ ਕੀਤਾ ਗਿਆ ਸੀ।

ਨਕਸਲੀਆਂ ਵਲੋਂ ਦਿੱਤੇ ਗਏ ਬੰਦ ਦੇ ਸੱਦੇ ਦੇ ਪਹਿਲੇ ਦਿਨ ਹੀ ਝਾਰਖੰਡ 'ਚ ਜਨਜੀਵਨ ਪੂਰੀ ਤਰ੍ਹਾਂ ਠੱਪ ਹੋ ਕੇ ਰਹਿ ਗਿਆ। ਸੂਬੇ ਦੇ ਜ਼ਿਆਦਾਤਰ ਜ਼ਿਲ੍ਹਿਆਂ 'ਚ ਬੰਦ ਦਾ ਅਸਰ ਦੇਖਣ ਨੂੰ ਮਿਲਿਆ ਅਤੇ ਸੜਕਾਂ ਸੁੰਨੀਆਂ ਪਈਆਂ ਸਨ। ਪੇਂਡੂ ਇਲਾਕਿਆਂ 'ਚ ਸਥਿਤੀ ਹੋਰ ਵੀ ਗੰਭੀਰ ਬਣੀ ਰਹੀ। ਸਰਕਾਰੀ ਦਫ਼ਤਰਾਂ 'ਚ ਵੀ ਹਾਜ਼ਰੀ ਨਾਂਹ ਦੇ ਬਰਾਬਰ ਰਹੀ। ਇਸ ਤੋਂ ਇਲਾਵਾ ਜ਼ਿਆਦਾਤਰ ਕਸਬਿਆਂ ਤੇ ਪੇਂਡੂ ਇਲਾਕਿਆਂ 'ਚ ਸਕੂਲ ਅਤੇ ਕਾਲਜ ਵੀ ਬੰਦ ਰਹੇ। ਹਾਲਾਂਕਿ ਰਾਜਧਾਨੀ ਰਾਂਚੀ 'ਚ ਬੰਦ ਦਾ ਅਸਰ ਨਾਂਹ ਦੇ ਬਰਾਬਰ ਰਿਹਾ।

ਮਿਲੀਆਂ ਖ਼ਬਰਾਂ ਮੁਤਾਬਕ ਰਾਮਗੜ੍ਹ, ਹਜ਼ਾਰੀ ਬਾਗ, ਗਿਰੀਡਿਹੀ, ਗੁਮਲਾ, ਸਿਮਡੇਗਾ ਆਦਿ ਜ਼ਿਲ੍ਹਿਆਂ 'ਚ ਬੰਦ ਦਾ ਅਸਰ ਦਿਖਾਈ ਦਿੱਤਾ। ਸਰਕਾਰੀ ਬੱਸਾਂ ਵੀ ਨਾਂਹ ਦੇ ਬਰਾਬਰ ਹੀ ਚੱਲੀਆਂ। ਇਸ ਦੌਰਾਨ ਆਂਧਰਾ ਪ੍ਰਦੇਸ਼ 'ਚ ਬੀਤੇ ਸ਼ੁੱਕਰਵਾਰ ਨੂੰ ਪੁਲਿਸ ਨਾਲ ਹੋਏ ਇਕ ਮੁਕਾਬਲੇ 'ਚ ਪਾਬੰਦੀਸ਼ੁਦਾ ਜਥੇਬੰਦੀ ਸੀ ਪੀ ਆਈ (ਮਾਓਵਾਦੀ) ਨਾਲ ਸਬੰਧਤ ਇਕ ਇਨਾਮੀ ਨਕਸਲੀ ਦੇ ਮਾਰੇ ਜਾਣ ਦੀ ਖ਼ਬਰ ਹੈ। ਜਾਣਕਾਰੀ ਮੁਤਾਬਕ ਮੁਕਾਬਲੇ 'ਚ ਮਾਰੇ ਗਏ ਚੇਰੁਕੁਰੀ ਰਾਜ ਕੁਮਾਰ ਉਰਫ਼ ਆਜ਼ਾਦ ਨਾਂ ਦੇ ਇਸ ਨਕਸਲੀ 'ਤੇ 12 ਲੱਖ ਰੁਪਏ ਦਾ ਇਨਾਮ ਰੱਖਿਆ ਹੋਇਆ ਸੀ। ਪੁਲਿਸ ਸੂਤਰਾਂ ਮੁਤਾਬਕ ਹੈਦਰਾਬਾਦ ਤੋਂ ਲਗਭਗ 300 ਕਿਲੋਮੀਟਰ ਦੂਰ ਅਦੀਲਾਬਾਦ ਜ਼ਿਲ੍ਹੇ 'ਚ ਜੋਗਾਪੁਰ ਨੇੜਲੇ ਜੰਗਲ 'ਚ ਲਗਭਗ ਤਿੰਨ ਵਜੇ ਸਵੇਰੇ ਹੋਏ ਮੁਕਾਬਲੇ 'ਚ ਇਹ ਨਕਸਲੀ ਮਾਰਿਆ ਗਿਆ। ਮਰਨ ਵਾਲਾ ਇਹ ਨਕਸਲੀ ਆਪਣੀ ਪਾਰਟੀ ਦਾ ਪੋਲਿਟ ਬਿਊਰੋ ਮੈਂਬਰ ਤੇ ਮੁੱਖ ਬੁਲਾਰਾ ਵੀ ਦੱਸਿਆ ਜਾਂਦਾ ਹੈ। ਪੁਲਿਸ ਮੁਤਾਬਕ ਮੁਕਾਬਲੇ ਦੌਰਾਨ ਮਾਰੇ ਗਏ ਇਕ ਹੋਰ ਨਕਸਲੀ ਦੀ ਪਹਿਚਾਣ ਨਹੀਂ ਹੋ ਸਕੀ, ਜਦਕਿ ਘਟਨਾ ਵਾਲੀ ਥਾਂ ਤੋਂ ਇਕ ਏਕੇ-47 ਰਾਈਫਲ, 9 ਐਮ ਐਮ ਦੀ ਪਿਸਤੌਲ ਤੇ ਹੋਰ ਸਮੱਗਰੀ ਵੀ ਬਰਾਮਦ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਆਜ਼ਾਦ ਪਿਛਲੇ ਚਾਰ ਦਹਾਕਿਆਂ ਤੋਂ ਨਕਸਲੀ ਕਾਰਵਾਈਆਂ ਨੂੰ ਅੰਜਾਮ ਦੇਣ 'ਚ ਸਰਗਰਮ ਸੀ। ਇਸ ਦੇ ਨਾਲ ਹੀ ਆਜ਼ਾਦ ਕਾਂਗਰਸੀ ਵਿਧਾਇਕ ਕਰਸਾ ਰੈਡੀ ਦੇ ਕਤਲ ਸਮੇਤ ਦਰਜਨ ਭਰ ਮਾਮਲਿਆਂ ਤੇ ਸੂਬੇ ਦੇ ਸਾਬਕਾ ਮੁੱਖ ਮੰਤਰੀ ਐਨ ਜਨਾਰਦਨ ਰੈਡੀ ਦੀ ਹੱਤਿਆ ਦੀ ਨਾਕਾਮ ਕੋਸ਼ਿਸ਼ ਦਾ ਵੀ ਦੋਸ਼ੀ ਸੀ। ਦੂਜੇ ਪਾਸੇ ਸੀ ਪੀ ਆਈ (ਮਾਓਵਾਦੀ) ਨੇ ਦੋਸ਼



ਲਾਇਆ ਕਿ ਆਜ਼ਾਦ ਨੂੰ ਫਰਜ਼ੀ ਮੁਕਾਬਲੇ 'ਚ ਮਾਰਿਆ ਗਿਆ ਹੈ। ਪਾਰਟੀ ਅਨੁਸਾਰ ਪੁਲਿਸ ਨੇ ਆਜ਼ਾਦ ਨੂੰ ਨਾਗਪੁਰ ਤੋਂ ਅਦੀਲਾਬਾਦ ਲਿਆ ਕੇ ਮਾਰ ਮੁਕਾਇਆ ਹੈ। ਆਜ਼ਾਦ ਦੇ ਮਾਰੇ ਜਾਣ ਪਿਛੋਂ ਸੁਰੱਖਿਆ ਏਜੰਸੀਆਂ ਨੇ ਆਂਧਰਾ ਪ੍ਰਦੇਸ਼, ਉੜੀਸਾ, ਛੱਤੀਸਗੜ੍ਹ, ਮੱਧ ਪ੍ਰਦੇਸ਼ ਤੇ ਪੱਛਮੀ ਬੰਗਾਲ 'ਚ ਹਾਈ ਅਲਰਟ ਐਲਾਨ ਦਿੱਤਾ ਹੈ।

ਇਸ ਦੌਰਾਨ ਛੱਤੀਸਗੜ੍ਹ ਦੇ ਨਾਰਾਇਣਪੁਰ 'ਚ ਸੀ ਆਰ ਪੀ ਐਫ ਜਵਾਨਾਂ ਨੂੰ ਨਿਸ਼ਾਨਾ ਬਣਾਉਣ ਤੋਂ ਬਾਅਦ ਹੁਣ ਨਕਸਲੀਆਂ ਨੇ ਸੀਮਾ ਸੁਰੱਖਿਆ ਬਲ (ਬੀ ਐਸ ਐਫ) ਦੇ ਕੈਂਪ 'ਤੇ ਗੋਲੀਬਾਰੀ ਕੀਤੀ। ਇਸ ਗੋਲੀਬਾਰੀ 'ਚ ਭਾਵੇਂ ਕਿਸੇ ਜਾਨੀ ਨੁਕਸਾਨ ਦੀ ਕੋਈ ਖ਼ਬਰ ਨਹੀਂ ਹੈ, ਪਰ ਇਕ ਗੱਲ ਜ਼ਰੂਰ ਸਪੱਸ਼ਟ ਹੋ ਗਈ ਹੈ ਕਿ ਨਕਸਲੀ ਸੁਰੱਖਿਆ ਦਸਤਿਆਂ ਨੂੰ ਵਧ ਤੋਂ ਵਧ ਨਿਸ਼ਾਨਾ ਬਣਾਉਣਾ ਚਾਹੁੰਦੇ ਹਨ।

ਨਕਸਲੀਆਂ ਦੀ ਗੋਲੀਬਾਰੀ ਤੋਂ ਬਾਅਦ ਬੀ ਐਸ ਐਫ ਜਵਾਨਾਂ ਨੇ ਜਵਾਬੀ ਕਾਰਵਾਈ ਕੀਤੀ, ਜਿਸ ਕਾਰਨ ਉਹ ਉਥੋਂ ਫਰਾਰ ਹੋ ਗਏ। ਪੁਲਿਸ ਨੇ ਖੇਤਰ 'ਚ ਨਕਸਲੀਆਂ ਦੀ ਖੋਜ ਪੜਤਾਲ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਾਂਕੇਰ ਜ਼ਿਲ੍ਹੇ ਦੇ ਐਸ ਪੀ ਅਜੇ ਯਾਦਵ ਨੇ ਦੱਸਿਆ ਕਿ ਜ਼ਿਲ੍ਹੇ ਦੇ ਕੋਇਲੀ ਬੇੜਾ ਥਾਣਾ ਖੇਤਰ ਅਧੀਨ ਉਦਨਪੁਰ ਸਥਿਤ ਬੀ ਐਸ ਐਫ ਕੈਂਪ 'ਤੇ ਨਕਸਲੀਆਂ ਨੇ ਬੀਤੇ ਦਿਨੀਂ ਦੇਰ ਰਾਤ ਗੋਲੀਬਾਰੀ ਕੀਤੀ ਸੀ। ਉਨ੍ਹਾਂ ਦੱਸਿਆ ਕਿ ਇਸ ਦਾ ਬੀ ਐਸ ਐਫ ਜਵਾਨਾਂ ਨੇ ਮੋੜਵਾਂ ਜਵਾਬ ਦਿੱਤਾ ਅਤੇ ਅੱਧੇ ਘੰਟੇ ਤਕ ਗੋਲੀਬਾਰੀ ਹੋਣ ਤੋਂ ਬਾਅਦ ਨਕਸਲੀ ਉਥੋਂ ਫਰਾਰ ਹੋ ਗਏ। ਸ੍ਰੀ ਯਾਦਵ ਨੇ ਦੱਸਿਆ ਕਿ ਨਕਸਲੀਆਂ ਨੇ ਨੇੜੇ ਹੀ ਵਗ ਰਹੀ ਮੇਂਡਕੀ ਨਦੀ ਦੇ ਕਿਨਾਰੇ ਲੱਗਭਗ 100 ਫੁੱਟ ਦੀ ਦੂਰੀ ਤੋਂ ਕੈਂਪ 'ਤੇ ਗੋਲੀਬਾਰੀ ਕੀਤੀ। ਉਨ੍ਹਾਂ ਦੱਸਿਆ ਕਿ ਇਸ ਘਟਨਾ 'ਚ ਕਿਸੇ ਵੀ ਤਰ੍ਹਾਂ ਦਾ ਕੋਈ ਜਾਨੀ ਨੁਕਸਾਨ ਨਹੀਂ ਹੋਇਆ।

ਇਸੇ ਦੌਰਾਨ ਨਾਰਾਇਣਪੁਰ ਜ਼ਿਲ੍ਹੇ 'ਚ ਨਕਸਲੀਆਂ ਵਲੋਂ ਤਿੰਨ ਵਿਅਕਤੀਆਂ ਨੂੰ ਕਤਲ ਕਰਨ ਦੀ ਸੂਚਨਾ ਤੋਂ ਬਾਅਦ ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਨਾਰਾਇਣਪੁਰ ਜ਼ਿਲ੍ਹੇ ਦੇ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਨਾਰਾਇਣਪੁਰ ਥਾਣਾ ਖੇਤਰ ਅਧੀਨ ਸੀ ਆਰ ਪੀ ਐਫ ਕੈਂਪ ਏਕਦਾ ਦੇ ਕਰੀਬ ਹਿਤੁਲਵਾੜ ਪਿੰਡ 'ਚ ਨਕਸਲੀਆਂ ਵਲੋਂ ਤਿੰਨ ਵਿਅਕਤੀਆਂ ਨੂੰ ਕਤਲ ਕਰ ਦਿੱਤਾ ਗਿਆ ਸੀ। ਪੁਲਿਸ ਨੂੰ ਸ਼ੱਕ ਹੈ ਕਿ ਇਹ ਕਤਲ ਸੁਰੱਖਿਆ ਦਸਤਿਆਂ ਨੂੰ ਆਪਣੇ ਘੇਰੇ 'ਚ ਲੈਣ ਲਈ ਕੀਤੇ ਗਏ ਸਨ। ਅਧਿਕਾਰੀਆਂ ਨੇ ਦੱਸਿਆ ਕਿ ਕਤਲ ਕਰਨ ਤੋਂ ਬਾਅਦ ਲਾਸ਼ਾਂ ਸੜਕ 'ਤੇ ਸੁੱਟ ਦਿੱਤੀਆਂ ਗਈਆਂ ਸਨ। ਉਨ੍ਹਾਂ ਨਾਲ ਹੀ ਦੱਸਿਆ ਕਿ ਅਜੇ ਤਕ ਇਸ ਮਾਮਲੇ 'ਚ ਨਾ ਤਾਂ ਕੋਈ ਰਿਪੋਰਟ ਲਿਖਾਈ ਗਈ ਹੈ ਤੇ ਨਾ ਹੀ ਮ੍ਰਿਤਕਾਂ ਬਾਰੇ ਕੋਈ ਠੋਸ ਜਾਣਕਾਰੀ ਹਾਸਲ ਹੋ ਸਕੀ ਹੈ।

ਯਾਦ ਰਹੇ ਛੱਤੀਸਗੜ੍ਹ ਦੇ ਨਰਾਇਣਪੁਰ ਜ਼ਿਲ੍ਹੇ ਵਿਚ ਨਕਸਲੀਆਂ ਵਲੋਂ ਕੀਤੀ ਗਏ ਹਮਲੇ 'ਚ ਸੀ ਆਰ ਪੀ ਐਫ ਦੇ 26 ਜਵਾਨਾਂ ਦੇ ਮਾਰੇ ਜਾਣ ਤੋਂ ਬਾਅਦ ਸੁਰੱਖਿਆ ਦਸਤਿਆਂ ਨੇ ਜੰਗਲੀ ਖੇਤਰ 'ਚ ਨਕਸਲੀਆਂ ਵਿਰੁਧ ਵੱਡੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ, ਜਦਕਿ ਇਕ ਹੋਰ ਜਵਾਨ ਦੇ ਹਸਪਤਾਲ 'ਚ ਦਮ ਤੋੜ ਜਾਣ ਕਾਰਨ ਮੌਤਾਂ ਦੀ ਗਿਣਤੀ ਵਧ ਕੇ 27 ਹੋ ਗਈ ਹੈ। ਛੱਤੀਸਗੜ੍ਹ ਦੇ ਡੀ ਜੀ ਪੀ ਵਿਸ਼ਵਾ ਰੰਜਨ ਨੇ ਦੱਸਿਆ ਕਿ ਹਮਲੇ ਤੋਂ ਬਾਅਦ ਜਵਾਬੀ ਹਮਲੇ 'ਚ 15 ਨਕਸਲੀਆਂ ਦੇ ਵੀ ਮਾਰੇ ਜਾਣ ਦੀ ਖ਼ਬਰ ਹੈ।

ਭਾਵੇਂ ਨਕਸਲੀਆਂ ਦੀਆਂ ਲਾਸ਼ਾਂ ਨਹੀਂ ਮਿਲੀਆਂ। ਪਰ ਲਗਦਾ ਹੈ ਕਿ ਉਨ੍ਹਾਂ ਦੇ ਸਾਥੀ ਭੱਜਦੇ ਸਮੇਂ ਇਹ ਲਾਸ਼ਾਂ ਨਾਲ ਚੁੱਕ ਕੇ ਲੈ ਗਏ ਹਨ। ਪੁਲਸ ਅਨੁਸਾਰ ਸਵੈ-ਚਾਲਕ ਹਥਿਆਰਾਂ ਨਾਲ ਲੈਸ 100 ਤੋਂ ਵਧ ਨਕਸਲੀ ਇਸ ਹਮਲੇ 'ਚ ਸ਼ਾਮਲ ਸਨ। ਹਾਲਾਤ ਦੇ ਜਾਇਜ਼ੇ ਲਈ ਹੰਗਾਮੀ ਮੀਟਿੰਗ ਸੱਦਣ ਵਾਲੇ ਛੱਤੀਸਗੜ੍ਹ ਦੇ ਮੁੱਖ ਮੰਤਰੀ ਰਮਨ ਸਿੰਘ ਨੇ ਕਿਹਾ ਕਿ ਜਵਾਨਾਂ ਦੀਆਂ ਕੁਰਬਾਨੀਆਂ ਵਿਅਰਥ ਨਹੀਂ ਜਾਣਗੀਆਂ। ਉਨ੍ਹਾਂ ਕਿਹਾ ਕਿ ਨਕਸਲੀਆਂ ਦਾ ਇਹ ਕਾਇਰਤਾਪੂਰਨ ਕਾਰਾ ਹੈ।

## ਛਤੀਸਗੜ੍ਹ ਵਿਚ ਰਾਸ਼ਟਰਪਤੀ ਰਾਜ ਲਈ ਤਿਆਰੀਆਂ

**ਰਾਏਪੁਰ:** ਛਤੀਸਗੜ੍ਹ ਦੇ ਸਿਆਸੀ ਹਲਕਿਆਂ ਵਿਚ ਇਹ ਬਹਿਸ ਦਾ ਮੁੱਦਾ ਬਣ ਗਿਆ ਹੈ ਕਿ ਕੀ ਕਿਸੇ ਰਾਜ ਵਿਚ ਰਾਸ਼ਟਰਪਤੀ ਸ਼ਾਸਨ ਲਾਗੂ ਕਰਨ ਦੀ ਮੰਗ 'ਤੇ ਸੰਬੰਧਤ ਵਿਰੋਧੀ ਧਿਰ ਦੇ ਨੇਤਾ ਵਲੋਂ ਕੋਈ ਕਾਰਵਾਈ ਕੀਤੀ ਜਾ ਸਕਦੀ ਹੈ। ਇਹ ਬਹਿਸ ਕਾਂਗਰਸ ਦੇ ਜਨਰਲ ਸਕੱਤਰ ਬੀ. ਨਾਰਾਇਣ ਸਵਾਮੀ ਤੇ ਛੱਤੀਸਗੜ੍ਹ ਦੇ ਸਾਬਕਾ ਮੰਤਰੀ ਅਤੇ ਸੀਨੀਅਰ ਵਿਧਾਇਕ ਮੁਹੰਮਦ ਅਕਬਰ ਵਲੋਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਰਾਜ ਵਿਚ ਵਧਦੀਆਂ ਨਕਸਲੀ ਘਟਨਾਵਾਂ ਦੇ ਵਿਰੋਧ ਵਿਚ ਰਾਸ਼ਟਰਪਤੀ ਸ਼ਾਸਨ ਲਗਾਉਣ ਦੀ ਮੰਗ ਸੰਬੰਧੀ ਪੱਤਰ ਭੇਜੇ ਜਾਣ ਕਾਰਨ ਸ਼ੁਰੂ ਹੋਈ।

ਕਾਂਗਰਸ ਵਿਧਾਇਕ ਨੇ ਸ੍ਰੀਮਤੀ ਗਾਂਧੀ ਨੂੰ ਬੀਤੀ ਮਈ ਵਿਚ ਪੱਤਰ ਭੇਜ ਕੇ ਰਾਜ ਵਿਚ ਵਧਦੀਆਂ ਨਕਸਲੀ ਘਟਨਾਵਾਂ ਉਤੇ ਰਾਜ ਸਰਕਾਰ ਦਾ ਕੰਟਰੋਲ ਨਾ ਹੋਣ, ਉਸਦੇ ਕੋਲ ਸਮੱਸਿਆ ਨਾਲ ਨਿਪਟਣ ਦੀ ਕੋਈ ਕਾਰਜ ਯੋਜਨਾ ਵੀ ਨਾ ਹੋਣ ਦਾ ਵਰਨਣ ਕਰਦੇ ਹੋਏ, ਰਾਸ਼ਟਰਪਤੀ ਸ਼ਾਸਨ ਲਗਾਉਣ ਦੀ ਮੰਗ ਕੀਤੀ ਸੀ। ਸ੍ਰੀ ਅਕਬਰ ਦਾ ਇਹ ਪੱਤਰ ਕਾਂਗਰਸ ਪ੍ਰਧਾਨ ਦੇ ਦਫਤਰ ਤੋਂ ਕੇਂਦਰੀ ਮੰਤਰੀ ਅਤੇ ਪਾਰਟੀ ਦੇ ਸੂਬਾਈ ਇੰਚਾਰਜ ਜਨਰਲ ਸਕੱਤਰ ਬੀ. ਨਾਰਾਇਣ ਸਵਾਮੀ ਨੂੰ ਭੇਜ ਦਿੱਤਾ ਗਿਆ।

ਸ੍ਰੀ ਸਵਾਮੀ ਨੇ ਇਸ ਪੱਤਰ ਨੂੰ ਮੂਲ ਤੌਰ 'ਤੇ ਉਚਿਤ ਕਾਰਵਾਈ ਲਈ ਛੱਤੀਸਗੜ ਵਿਚ ਪਾਰਟੀ ਵਿਧਾਇਕ ਦਲ ਨੂੰ ਦਿੱਤਾ। ਉਨ੍ਹਾਂ ਅੱਗੇ ਰਵਿੰਦਰ ਚੌਬੇ ਨੂੰ ਭੇਜ ਦਿੱਤਾ ਅਤੇ ਉਨ੍ਹਾਂ ਨੂੰ ਇਸ ਉਤੇ ਕੀਤੀ ਕਾਰਵਾਈ ਤੋਂ ਜਾਣੂ ਕਰਵਾਉਣ ਲਈ ਕਿਹਾ ਹੈ। ਸ੍ਰੀ ਸਵਾਮੀ ਦੇ ਇਸ ਪੱਤਰ ਦੀ ਕਾਪੀ ਸ੍ਰੀ ਅਕਬਰ ਨੂੰ ਤਾਂ ਮਿਲ ਗਈ ਹੈ ਪਰ ਸ੍ਰੀ ਚੌਬੇ ਨੂੰ ਨਹੀਂ ਮਿਲੀ। ਇਸ ਪੱਤਰ 'ਤੇ ਉਹ ਕੀ ਕਾਰਵਾਈ ਕਰਨਗੇ। ਇਹ ਤਾਂ ਸ੍ਰੀ ਚੌਬੇ ਨਹੀਂ ਸਪੱਸ਼ਟ ਕਰ ਸਕੇ ਪਰ ਉਨ੍ਹਾਂ ਨੇ ਕਿਹਾ ਕਿ ਹਾਲਾਤ ਤਾਂ ਰਾਸ਼ਟਰਪਤੀ ਸ਼ਾਸਨ ਦੇ ਬਣ ਗਏ ਹਨ। ਸਾਬਕਾ ਮੰਤਰੀ ਅਜੀਤ ਜੋਗੀ ਤਾਂ ਰਾਸ਼ਟਰਪਤੀ ਸ਼ਾਸਨ ਲਗਾਉਣ ਦੀ ਮੰਗ ਕਾਫੀ ਸਮੇਂ ਤੋਂ ਕਰ ਰਹੇ ਹਨ ਪਰ ਸ੍ਰੀ ਚੌਬੇ ਨੇ ਕਦੇ ਜਨਤਕ ਤੌਰ 'ਤੇ ਰਾਸ਼ਟਰਪਤੀ ਸ਼ਾਸਨ ਲਗਾਉਣ ਦੀ ਮੰਗ ਨਹੀਂ ਕੀਤੀ। ਰਾਜ ਵਿਚ ਕਾਂਗਰਸੀ ਵਿਧਾਇਕਾਂ ਦਾ ਇਕ ਵਰਗ ਪਾਰਟੀ ਹਾਈਕਮਾਨ ਨੂੰ ਆਪੋਜੀਸ਼ਨ ਦੇ ਨੇਤਾ 'ਤੇ ਭਾਜਪਾ ਸਰਕਾਰ ਦੇ ਪ੍ਰਤੀ ਨਰਮ ਰਵੱਈਆ ਅਪਨਾਉਣ ਦੀਆਂ ਸ਼ਿਕਾਇਤਾਂ ਕਰਦਾ ਰਿਹਾ ਹੈ। ਇਸ ਵਰਗ ਦਾ ਦੋਸ਼ ਹੈ ਕਿ ਸ੍ਰੀ ਚੌਬੇ ਦਾ ਰੁਖ ਸਰਕਾਰ ਵਿਰੁਧ ਉਦਾਰਤਾ ਵਾਲਾ ਹੈ।

ਉਧਰ ਸ੍ਰੀ ਚੌਬੇ ਨਾਲ ਜੁੜੇ ਵਰਗ ਦਾ ਕਹਿਣਾ ਹੈ ਕਿ ਉਹ ਇਕ ਸੀਨੀਅਰ ਸੰਸਦੀ ਸਿਆਸਤਦਾਨ ਹਨ ਅਤੇ ਰਵਾਇਤਾਂ ਦੇ ਵਿਰੁਧ ਜਾ ਕੇ ਨਾ ਤਾਂ ਕੋਈ ਮੰਗ ਕਰਨ ਵਾਲੇ ਹਨ ਅਤੇ ਨਾ ਉਹ ਨਕਾਰਾਤਮਕ ਆਪੋਜੀਸ਼ਨ ਦੀ ਭੂਮਿਕਾ ਨਿਭਾਉਣ ਵਿਚ ਵਿਸ਼ਵਾਸ ਕਰਦੇ ਹਨ। ਫਿਲਹਾਲ ਰਾਸ਼ਟਰਪਤੀ ਸ਼ਾਸਨ ਲਗਾਉਣ ਦੀ ਪਾਰਟੀ ਵਿਧਾਇਕ ਦੀ ਮੰਗ ਨੂੰ ਆਪੋਜੀਸ਼ਨ ਦੇ ਨੇਤਾ ਨੂੰ ਭੇਜਣ ਨੂੰ ਲੈ ਕੇ ਪਾਰਟੀ ਹਲਕਿਆਂ ਵਿਚ ਹੈਰਾਨੀ ਨਾਲ ਦੇਖਿਆ ਜਾ ਰਿਹਾ ਹੈ।

# ਵਾਦੀ ਵਿਚ ਤਣਾਅ ਬਰਕਰਾਰ, ਕਈ ਸ਼ਹਿਰਾਂ 'ਚ ਕਰਫਿਊ

-ਪੰਜਾਬ ਟਾਈਮਜ਼ ਬਿਊਰੋ

**ਸ੍ਰੀਨਗਰ:** ਅਨੰਤਨਾਗ 'ਚ ਬੀਤੀ 4 ਜੁਲਾਈ ਨੂੰ ਸਵੇਰੇ ਕਰਫਿਊ 'ਚ ਦੋ ਘੰਟਿਆਂ ਲਈ ਦਿੱਤੀ ਗਈ ਢਿੱਲ ਦੌਰਾਨ ਨੌਜਵਾਨਾਂ ਦੇ ਕੁਝ ਸਮੂਹਾਂ ਦੀਆਂ ਪੁਲਿਸ ਨਾਲ ਝੜਪਾਂ ਤੋਂ ਬਾਅਦ ਮੁੜ ਕਰਫਿਊ ਲਗਾਇਆ ਗਿਆ, ਜਦਕਿ ਘਾਟੀ 'ਚ ਹੋਰਨਾਂ ਥਾਵਾਂ 'ਤੇ ਸਥਿਤੀ ਸ਼ਾਂਤੀਪੂਰਨ ਬਣੀ ਰਹੀ। ਬਾਰਾਮੂਲਾ, ਸੋਪੋਰ, ਕੁਲਗਾਮ, ਕੋਈਮੋਹ ਅਤੇ ਸ੍ਰੀਨਗਰ ਦੇ ਪੁਰਾਣੇ ਇਲਾਕਿਆਂ 'ਚ ਕਰਫਿਊ ਪੂਰੀ ਤਰ੍ਹਾਂ ਹਟਾ ਲਿਆ ਗਿਆ। 4 ਜੁਲਾਈ ਨੂੰ ਸਵੇਰੇ 8 ਵਜੇ ਤੋਂ ਕਰਫਿਊ 'ਚ ਢਿੱਲ ਦਿੱਤੀ ਗਈ ਸੀ, ਪਰ ਨੌਜਵਾਨਾਂ ਦਾ ਇਕ ਸਮੂਹ ਲਾਲ ਚੌਕ ਅਤੇ ਸੜਕਾਂ 'ਤੇ ਉਤਰ ਆਇਆ ਤੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਇਲਾਕੇ ਵਿਚ ਤਾਇਨਾਤ ਪੁਲਿਸ ਅਤੇ ਨੀਮ ਫੌਜੀ ਦਸਤਿਆਂ ਨੇ ਭੀੜ ਨੂੰ ਤਿੱਤਰ-ਬਿੱਤਰ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਤੋਂ ਬਾਅਦ ਪ੍ਰਦਰਸ਼ਨਕਾਰੀਆਂ ਨੇ ਪਥਰਾਅ ਸ਼ੁਰੂ ਕਰ ਦਿੱਤਾ, ਜਿਸ ਕਾਰਨ ਮੁੜ ਕਰਫਿਊ ਲਾਉਣਾ ਪਿਆ।

ਜ਼ਿਕਰਯੋਗ ਹੈ ਕਿ ਅਨੰਤਨਾਗ 'ਚ 20 ਜੂਨ ਨੂੰ ਪ੍ਰਦਰਸ਼ਨਕਾਰੀਆਂ ਅਤੇ ਸੁਰੱਖਿਆ ਦਸਤਿਆਂ ਵਿਚਾਲੇ ਸੰਘਰਸ਼ ਦੌਰਾਨ ਤਿੰਨ ਪ੍ਰਦਰਸ਼ਨਕਾਰੀਆਂ ਦੀ ਮੌਤ ਹੋ ਗਈ, ਜਿਸ ਤੋਂ ਬਾਅਦ ਮੁੜ ਕਰਫਿਊ ਲਾ ਦਿੱਤਾ ਗਿਆ ਸੀ। ਉਸ ਤੋਂ ਬਾਅਦ ਵਾਦੀ ਵਿਚ ਲਗਾਤਾਰ ਤਣਾਅ ਚਲ ਰਿਹਾ ਹੈ। ਜਾਣਕਾਰੀ ਅਨੁਸਾਰ ਪੁਲਵਾਮਾ ਅਤੇ ਰਾਜਪੁਰਾ ਕਸਬੇ 'ਚ ਕਰਫਿਊ 'ਚ ਢਿੱਲ ਦੌਰਾਨ ਕਿਸੇ ਵੀ ਅਣਸੁਖਾਵੀਂ ਘਟਨਾ ਦੀ ਜਾਣਕਾਰੀ ਨਹੀਂ ਮਿਲੀ। ਦੱਸਣਾ ਬਣਦਾ ਹੈ ਕਿ ਬੀਤੀ 3 ਜੁਲਾਈ ਨੂੰ ਸਥਿਤੀ ਸ਼ਾਂਤੀਪੂਰਨ ਰਹਿਣ ਕਾਰਨ ਬਾਰਾਮੂਲਾ, ਸੋਪੋਰ, ਕੁਲਗਾਮ ਅਤੇ ਕੋਈਮੋਹ 'ਚ ਕਰਫਿਊ ਪੂਰੀ ਤਰ੍ਹਾਂ ਹਟਾ ਲਿਆ ਗਿਆ। ਕਰਫਿਊ 'ਚ ਦਿੱਤੀ ਢਿੱਲ ਦੌਰਾਨ ਵੱਡੀ ਗਿਣਤੀ 'ਚ ਲੋਕ ਬਾਜ਼ਾਰਾਂ ਵਿਚ ਵੀ ਦਿਖਾਈ ਦਿੱਤੇ।

4 ਜੁਲਾਈ ਨੂੰ ਸਵੇਰੇ ਰਾਸ਼ਨ ਦੀਆਂ ਦੁਕਾਨਾਂ ਵੀ ਖੁੱਲ੍ਹੀਆਂ, ਜਿੱਥੇ ਲੋਕਾਂ ਦੀਆਂ ਲੰਮੀਆਂ ਕਤਾਰਾਂ ਦਿਖਾਈ ਦਿੱਤੀਆਂ। ਜ਼ਿਕਰਯੋਗ ਹੈ ਕਿ ਹਫ਼ਤੇ ਭਰ ਤੋਂ ਲੱਗੇ ਕਰਫਿਊ ਕਾਰਨ ਲੋਕਾਂ ਨੂੰ ਜ਼ਰੂਰੀ ਵਸਤਾਂ ਦੀ ਕਮੀ ਮਹਿਸੂਸ ਹੋ ਰਹੀ ਸੀ।

ਯਾਦ ਰਹੇ ਉੱਤਰੀ ਕਸ਼ਮੀਰ ਵਿਚ ਬੀਤੇ ਕੁਝ ਦਿਨਾਂ ਤੋਂ ਜਾਰੀ ਹਿੰਸਾ ਬੀਤੀ 30 ਜੂਨ ਨੂੰ ਦੱਖਣੀ ਕਸ਼ਮੀਰ 'ਚ ਵੀ ਫੈਲ ਗਈ ਸੀ ਜਿਸ ਕਾਰਨ ਦੱਖਣੀ ਕਸ਼ਮੀਰ ਦੇ ਕਈ ਹਿੱਸਿਆਂ 'ਚ ਵੀ ਕਰਫਿਊ ਲਾਉਣਾ ਪਿਆ ਸੀ। ਸ੍ਰੀਨਗਰ 'ਚ ਕਈ ਥਾਵਾਂ 'ਤੇ ਭੜਕੀ ਭੀੜ ਨੂੰ ਖਿੰਡਾਉਣ ਲਈ ਅੱਥਰੂ ਗੈਸ ਵੀ ਛੱਡਣੀ ਪਈ ਸੀ। ਪੁਲਿਸ ਨੇ ਦੱਸਿਆ ਸੀ ਕਿ ਰਾਤ ਭਰ ਚੱਲੇ ਮੁਜ਼ਾਹਰਿਆਂ ਨੂੰ ਦੇਖਦੇ ਹੋਏ ਬਿਜਬੇਹਰਾ, ਪਹਿਲਗਾਮ ਅਤੇ ਕੁਪਵਾੜਾ ਜ਼ਿਲ੍ਹੇ ਵਿਚ ਕਰਫਿਊ ਲਗਾ ਦਿਤਾ ਗਿਆ ਸੀ ਜਦਕਿ ਸੋਪੋਰ, ਬਾਰਾਮੂਲਾ, ਅਨੰਤਨਾਗ ਅਤੇ ਸ੍ਰੀਨਗਰ ਦੇ ਸੱਤ ਪੁਲਿਸ ਥਾਣਾ ਖੇਤਰਾਂ ਵਿਚ ਕਰਫਿਊ ਲਗਾਇਆ ਗਿਆ ਸੀ।

ਵਰਨਣਯੋਗ ਹੈ ਕਿ 20 ਜੂਨ ਨੂੰ ਅਨੰਤਨਾਗ ਵਿਚ ਹਿੰਸਕ ਮੁਜ਼ਾਹਰਾਕਾਰੀਆਂ 'ਤੇ ਸੁਰੱਖਿਆ ਬਲਾਂ ਦੀ ਗੋਲੀਬਾਰੀ 'ਚ ਤਿੰਨ ਨੌਜਵਾਨ ਮਾਰੇ ਗਏ ਸਨ ਜਦਕਿ ਦਰਜਨਾਂ ਹੋਰ ਜ਼ਖ਼ਮੀ ਹੋ ਗਏ। ਲੋਕਾਂ ਦਾ ਦੋਸ਼ ਹੈ ਕਿ ਪਥਰਾਅ ਦੌਰਾਨ ਸੀ.ਆਰ.ਪੀ.ਐਫ. ਦੇ ਜਵਾਨ ਜ਼ਬਰਦਸਤੀ ਲੋਕਾਂ ਦੇ ਘਰਾਂ 'ਚ ਵੜੇ ਅਤੇ ਉਪੱਦਰ ਮਚਾਇਆ। ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਜੰਮੂ-ਕਸ਼ਮੀਰ ਵਿਚ ਐਸ.ਐਮ.ਐਸ. ਸੇਵਾਵਾਂ ਵੀ ਬੰਦ ਕਰ ਦਿਤੀਆਂ ਗਈਆਂ ਹਨ ਤਾਂਕਿ ਵਿਰੋਧੀ



ਤੱਤ ਮੋਬਾਈਲਾਂ ਰਾਹੀਂ ਲੋਕਾਂ ਨੂੰ ਭੜਕਾ ਨਾ ਸਕਣ। ਉਨ੍ਹਾਂ ਕਿਹਾ ਕਿ ਮੋਬਾਈਲ ਸੇਵਾਵਾਂ ਦੀ ਦੁਰਵਰਤੋਂ ਹੋ ਰਹੀ ਹੈ।

ਉਧਰ ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਨੇ ਸੁਰੱਖਿਆ ਬਲਾਂ ਦਾ ਹੌਸਲਾ ਵਧਾਉਂਦਿਆਂ ਕਿਹਾ ਕਿ ਦੇਸ਼ ਦੀ ਸੁਰੱਖਿਆ ਅਤੇ ਅਤਿਵਾਦ ਨਾਲ ਸਖ਼ਤੀ ਨਾਲ ਨਿਪਟਣਾ ਜ਼ਰੂਰੀ ਹੈ। ਇਸੇ ਦੌਰਾਨ ਨਵੀਂ ਦਿੱਲੀ ਤੋਂ ਜੰਮੂ ਟੈਂਕਰ ਐਸੋਸੀਏਸ਼ਨ ਨੇ ਕਸ਼ਮੀਰ ਵਾਦੀ ਵਿਚ ਤੇਲ ਦੀ ਸਪਲਾਈ ਬੰਦ ਕਰਨ ਦਾ ਐਲਾਨ ਕਰਦਿਆਂ ਕਿਹਾ ਕਿ ਜਦੋਂ ਤਕ ਸੁਰੱਖਿਆ ਇੰਤਜ਼ਾਮ ਠੀਕ ਨਹੀਂ ਕੀਤੇ ਜਾਂਦੇ, ਉਦੋਂ ਤਕ ਸਪਲਾਈ ਸ਼ੁਰੂ ਨਹੀਂ ਕੀਤੀ ਜਾਵੇਗੀ। ਇਸ ਦੌਰਾਨ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਸੂਬੇ ਦੇ ਲੋਕਾਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਕੁਝ ਸ਼ਰਾਰਤੀ ਲੋਕ ਸੂਬੇ ਦਾ ਮਾਹੌਲ ਵਿਗਾੜਨ 'ਤੇ ਤੁਲੇ ਹੋਏ ਹਨ। ਉਧਰ ਜੰਮੂ-ਕਸ਼ਮੀਰ ਪਬਲਿਕ ਸਰਵਿਸ ਕਮਿਸ਼ਨ ਨੇ 1 ਅਤੇ 2 ਜੁਲਾਈ ਨੂੰ ਹੋਣ ਵਾਲੀਆਂ ਆਪਣੀਆਂ ਪ੍ਰੀਖਿਆਵਾਂ, ਵਾਦੀ ਦੇ ਤਾਜ਼ਾ ਹਾਲਾਤ ਦੇ ਮੱਦੇਨਜ਼ਰ ਮੁਲਤਵੀ ਕਰ ਦਿਤੀਆਂ ਹਨ। ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਤੇ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਵਲੋਂ ਬੀਤੀ 30 ਜੂਨ ਨੂੰ ਕੀਤੀ ਗਈ ਅਪੀਲ ਤੋਂ ਬਾਅਦ 1 ਜੁਲਾਈ ਨੂੰ ਘਾਟੀ 'ਚ ਹਿੰਸਕ ਪ੍ਰਦਰਸ਼ਨਾਂ ਵਿਚ ਕੁਝ ਕਮੀ ਦਰਜ ਕੀਤੀ ਗਈ, ਪਰ ਇਸ ਦੇ ਬਾਵਜੂਦ ਇਥੇ ਵੱਡੇ ਸ਼ਹਿਰਾਂ 'ਚ ਕਰਫਿਊ ਲਾਗੂ ਰਿਹਾ।

ਪਰ 3 ਜੁਲਾਈ ਨੂੰ ਪੁਰਾਣੇ ਅਨੰਤਨਾਗ ਕਸਬੇ ਵਿਚ ਕਰਫਿਊ ਵਿਚ ਦੋ ਘੰਟਿਆਂ ਦੀ ਢਿੱਲ ਦੇਣ ਸਮੇਂ ਪੁਲੀਸ ਨੇ ਪਥਰਾਉ ਕਰ ਰਹੇ ਮੁਜ਼ਾਹਰਾਕਾਰੀਆਂ ਨੂੰ ਤਿੱਤਰ-ਬਿੱਤਰ ਕਰਨ ਲਈ ਹਵਾਈ ਫਾਇਰ ਕੀਤੇ ਅਤੇ ਅੱਥਰੂ ਗੈਸ ਦੇ ਗੋਲੇ ਦਾਗੇ। ਇਸ ਦੌਰਾਨ ਤ੍ਰੇਹਗਾਮ ਅਤੇ ਕੁਪਵਾੜਾ 'ਚ ਵੀ ਕਰਫਿਊ ਲਗਾ ਦਿੱਤਾ ਗਿਆ।

ਸ੍ਰੀਨਗਰ ਦੇ ਕੁਝ ਉਤਲੇ ਇਲਾਕਿਆਂ ਨੂੰ ਛੱਡ ਕੇ ਬਾਰਾਮੂਲਾ, ਮਟਨ, ਬਿਜਬਹੇੜਾ, ਡੂਰੂ, ਕੋਕਰਨਾਗ, ਅਨੰਤਨਾਗ ਦੇ ਇੱਛਾਬਲ ਅਤੇ ਕੁਲਗਾਮ ਦੇ ਕਾਇਮੋਹ ਅਤੇ ਪੁਲਵਾਮਾ ਜ਼ਿਲ੍ਹੇ ਵਿਚ ਕਰਫਿਊ ਜਾਰੀ ਰਿਹਾ।

ਅਨੰਤਨਾਗ ਵਿਚ ਤਿੰਨ ਵਿਅਕਤੀਆਂ ਦੇ ਕਤਲ ਤੋਂ ਬਾਅਦ 29 ਜੂਨ ਨੂੰ ਕਰਫਿਊ ਲਗਾਇਆ ਗਿਆ ਸੀ। ਪੁਰਾਣੇ ਸ਼ਹਿਰ ਦੇ ਖੇਤਰਾਂ ਵਿਚ 3 ਜੁਲਾਈ ਨੂੰ ਸਵੇਰੇ 7 ਵਜੇ ਤੋਂ 2 ਘੰਟਿਆਂ ਦੀ ਢਿੱਲ ਦਿੱਤੀ ਗਈ। ਪੁਲੀਸ ਨੇ ਦੱਸਿਆ ਕਿ ਲੋਕਾਂ ਨੇ ਲਾਲ ਚੌਕ ਵਲ ਜਾਂਦੀਆਂ ਗਲੀਆਂ ਅਤੇ ਸ਼ੇਰਪੁਰਾ ਇਲਾਕੇ ਵਿਚ ਪ੍ਰਦਰਸ਼ਨ ਕੀਤਾ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਉਤੇ ਪਥਰਾਅ ਕੀਤਾ। ਪ੍ਰਦਰਸ਼ਨ ਹੋਰ ਤਿੱਖੇ ਹੋਣ 'ਤੇ ਪੁਲੀਸ ਨੇ ਲੋਕਾਂ ਨੂੰ ਖਿੰਡਾਉਣ ਲਈ ਅੱਥਰੂ ਗੈਸ ਛੱਡੀ ਅਤੇ ਹਵਾਈ ਫਾਇਰ ਕੀਤੇ, ਪਰ ਇਸ ਨਾਲ ਕੋਈ ਜ਼ਖਮੀ ਨਹੀਂ ਹੋਇਆ।

### ਕਸ਼ਮੀਰ ਦੇ ਹਾਲਾਤ ਲਈ ਲਸ਼ਕਰ-ਏ-ਤੋਇਬਾ ਜ਼ੁੰਮੇਵਾਰ - ਚਿਦੰਬਰਮ



**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਵਾਦੀ ਵਿਚ ਬੀਤੀ 30 ਜੂਨ ਨੂੰ ਅਮਨ ਕਾਨੂੰਨ ਦੀ ਬਹਾਲੀ ਲਈ ਸੂਬੇ ਦੀ ਅਬਦੁੱਲਾ ਸਰਕਾਰ ਵਲੋਂ ਚੁੱਕੇ ਕਦਮਾਂ ਦੀ ਹਮਾਇਤ ਕਰਦਿਆਂ ਕਿਹਾ ਕਿ ਉਹ ਅਮਨ ਕਾਨੂੰਨ ਦੀ ਬਹਾਲੀ ਲਈ ਹਰ ਤਰ੍ਹਾਂ ਦਾ ਸਹਿਯੋਗ ਦੇਣ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਵਾਦੀ 'ਚ ਸਥਿਤੀ ਵਿਗਾੜਨ ਲਈ ਲਸ਼ਕਰ-ਏ-ਤੋਇਬਾ ਦੇ ਆਗੂ ਗ਼ੈਰ ਸਮਾਜੀ ਤੱਤਾਂ ਨੂੰ ਮੋਹਰੇ ਵਜੋਂ ਵਰਤ ਰਹੇ ਹਨ। ਇਹ ਸਿੱਟਾ 30 ਜੂਨ ਨੂੰ ਵਾਦੀ ਦੀ ਤਾਜ਼ਾ ਸਥਿਤੀ 'ਤੇ ਹੋਈ ਉੱਚ ਪਧਰੀ ਮੀਟਿੰਗ ਵਿਚ ਕੱਢਿਆ ਗਿਆ ਜਿਸ ਦੀ ਪ੍ਰਧਾਨਗੀ ਡਾ. ਮਨਮੋਹਨ ਸਿੰਘ ਨੇ ਕੀਤੀ।

ਪ੍ਰਧਾਨ ਮੰਤਰੀ ਵਲੋਂ ਜੰਮੂ-ਕਸ਼ਮੀਰ ਦੀ ਹਾਲਤ ਦਾ ਜਾਇਜ਼ਾ ਲੈਣ ਲਈ ਬੁਲਾਈ ਇਸ ਮੀਟਿੰਗ ਵਿਚ ਵਾਦੀ 'ਚ ਸੁਰੱਖਿਆ ਦਸਤਿਆਂ ਹੱਥੋਂ ਮਾਰੇ ਗਏ ਤਿੰਨ ਕਸ਼ਮੀਰੀ ਨੌਜਵਾਨਾਂ ਦੀ ਮੌਤ ਤੋਂ ਬਾਅਦ ਉਪਜੀ ਸਥਿਤੀ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਕਰੀਬ ਡੇਢ ਘੰਟਾ ਚਲੀ ਮੀਟਿੰਗ ਵਿਚ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ, ਰਖਿਆ ਮੰਤਰੀ ਏ.ਕੇ. ਐਂਟਨੀ, ਕੌਮੀ ਸੁਰੱਖਿਆ ਸਲਾਹਕਾਰ ਸ਼ਿਵਸ਼ੰਕਰ ਮੈਨਨ ਅਤੇ ਕਈ ਸੀਨੀਅਰ ਅਧਿਕਾਰੀਆਂ ਤੋਂ ਇਲਾਵਾ ਦੋ ਹੋਰ ਮੰਤਰੀ ਵੀ ਸ਼ਾਮਲ ਸਨ। ਮੀਟਿੰਗ ਉਪਰੰਤ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਕਿਹਾ ਕਿ ਵਾਦੀ ਵਿਚ ਅਸ਼ਾਂਤੀ ਦੀ ਹਾਲਤ ਲਈ ਲਸ਼ਕਰ-ਏ-ਤੋਇਬਾ ਦਾ ਹੱਥ ਹੈ।

# ਬ੍ਰਾਹਮਣਵਾਦੀ ਸੋਚ, ਬਾਬੇ ਅਤੇ ਪੰਜਾਬ ਦੇ ਹਰੀਜਨ

**ਕੁਲਵਿੰਦਰ ਸਿੰਘ ਮਹੇ***

ਵਿਦੇਸ਼ਾਂ ਵਿਚ ਵਸਦੇ ਪੰਜਾਬ ਦੇ ਭਰਾਵੋ ਅੱਜ ਬ੍ਰਾਹਮਣਵਾਦ ਨੇ ਪੰਜਾਬ ਨੂੰ ਚਾਰੇ ਪਾਸਿਆਂ ਤੋਂ ਘੇਰਿਆ ਹੋਇਆ ਹੈ। ਧਾਰਮਿਕ ਪੱਖ ਤੋਂ ਸਿੱਖ ਧਰਮ ਉਤੇ ਵਾਰ ਵਾਰ ਹਮਲੇ, ਪੰਜਾਬ ਦੀ ਜਵਾਨੀ ਦੇ ਪੱਖ ਤੋਂ ਨੌਜਵਾਨਾਂ ਨੂੰ ਅਤੇ ਪੰਜਾਬ ਦੀ ਪੁੰਗਰ ਰਹੀ ਜਵਾਨੀ ਨੂੰ ਬਹੁਤ ਬੁਰੀ ਤਰ੍ਹਾਂ ਨਸ਼ਿਆਂ ਵਿਚ ਡੋਬਿਆ ਗਿਆ ਹੈ। ਰਾਜਨੀਤਕ ਪੱਖ ਤੋਂ ਬ੍ਰਾਹਮਣਵਾਦ ਨੇ ਪੰਜਾਬ ਦੀ ਰਾਜਨੀਤੀ ਅਤੇ ਹਰ ਰਾਜਨੀਤਕ ਪਾਰਟੀ ਨੂੰ ਗਾਂਧੀ ਦੇ ਹਰੀਜਨ ਬਣਾ ਕੇ ਬ੍ਰਾਹਮਣਵਾਦ ਦੇ ਤਲੇ ਚੱਟਣ ਲਈ ਮਜਬੂਰ ਕੀਤਾ ਹੋਇਆ ਹੈ। ਰਹੀ ਗੱਲ ਸਮਾਜਿਕ ਪੱਖ ਦੀ ਸਮਾਜ ਅੰਦਰ ਜਾਤੀਵਾਦ ਨੂੰ ਪੱਕਿਆਂ ਕਰਕੇ ਦੰਗੇ ਫਸਾਦ ਕਰਵਾਏ ਜਾ ਰਹੇ ਹਨ।

ਚਲੋ ਗੱਲ ਕਰੀਏ ਹਰੀਜਨ ਦੀ, ਅਖੌਤੀ ਮਹਾਤਮਾ ਮੋਹਨ ਦਾਸ ਕਰਮ ਚੰਦ ਗਾਂਧੀ ਨੇ ਇਹ ਨਾਂ ਗੈਰ ਬ੍ਰਾਹਮਣ ਨੂੰ ਦਿੱਤਾ ਸੀ ਜਿਨ੍ਹਾਂ ਦੀ ਗਿਣਤੀ ਦੇਸ਼ ਵਿਚ 85% ਹੈ। ਪ੍ਰੰਤੂ ਬਾਬਾ ਸਾਹਿਬ ਡਾ. ਅੰਬੇਡਕਰ ਨੇ ਕਰਮਚੰਦ ਗਾਂਧੀ ਅੱਗੇ ਹਿੱਕ ਤਾਣ ਕੇ ਪੂਰੇ ਜ਼ੋਰ ਨਾਲ ਇਸ ਸ਼ਬਦ ਦਾ ਵਿਰੋਧ ਕੀਤਾ ਸੀ, ਜਿਸ ਦਾ ਅਸਰ ਇਹ ਹੋਇਆ ਕਿ ਸ੍ਰੀਮਾਨ ਕਰਮਚੰਦ ਗਾਂਧੀ ਲੋਕਾਂ ਨੂੰ ਹਰੀਜਨ ਤਾਂ ਨਹੀਂ ਬਣਾ ਸਕਿਆ ਪ੍ਰੰਤੂ ਬ੍ਰਾਹਮਣਵਾਦ ਲਈ ਪਾਲਤੂ ਬਟੇਰੇ ਦੀ ਤਰ੍ਹਾਂ ਕੰਮ ਕਰਨ ਵਾਲੇ ਹਰੀਜਨ ਪੈਦਾ ਕਰਨ ਵਿਚ ਕਾਮਯਾਬ ਜ਼ਰੂਰ ਹੋ ਗਿਆ। ਅਸਲੀ ਹਰੀਜਨ ਉਹੀ ਆਦਮੀ ਬਣਦਾ ਹੈ ਜਿਹੜਾ ਆਪਣੇ ਸਮਾਜ ਨਾਲ ਗੱਦਾਰੀ ਕਰਕੇ ਆਪਣੇ ਹੀ ਸਮਾਜ ਨੂੰ ਜਾਂ ਧਰਮ ਨੂੰ ਬ੍ਰਾਹਮਣਵਾਦ ਅੱਗੇ ਲੇਲੜੀਆਂ ਕਢਾਉਣ ਲਈ ਮਜਬੂਰ ਕਰਵਾਏ। ਆਪਣੇ ਸਮਾਜ ਨੂੰ ਗੁਲਾਮ ਕਰਵਾ ਕੇ ਬ੍ਰਾਹਮਣ ਦੇ ਚਰਨੀ ਬੈਠਦਾ ਹੈ ਤੇ ਫਿਰ ਬ੍ਰਾਹਮਣ ਬੋਟੀ-ਬਹੁਤ ਟੁੱਕ ਉਸ ਅੱਗੇ ਸੁੱਟਦਾ ਹੈ ਜਾਂ ਫਿਰ ਉਸ ਹਰੀਜਨ ਨੂੰ ਸਕੀਮ ਦਿੰਦਾ ਹੈ ਕਿ ਤੂੰ ਆਪਣੇ ਹੀ ਸਮਾਜ ਨੂੰ ਕਿਵੇਂ ਲੁੱਟਣਾ ਹੈ, ਨੁਸਖੇ ਦੱਸਦਾ ਹੈ। ਇਥੇ ਸਪਸ਼ਟ ਕਰ ਦੇਵਾਂ ਕਿ ਬ੍ਰਾਹਮਣ ਜਾਂ ਬ੍ਰਾਹਮਣਵਾਦ ਤੋਂ ਮੇਰਾ ਭਾਵ ਬ੍ਰਾਹਮਣ ਜਾਤੀ ਤੋਂ ਨਹੀਂ ਸਗੋਂ ਉਸ ਵਰਤਾਰੇ ਤੋਂ ਹੈ ਜੋ ਮੰਨੂ ਦੀ ਵਿਚਾਰਧਾਰਾ ਦੀ ਪੈਰਵੀ ਕਰਦਿਆਂ ਦੂਜਿਆਂ ਨੂੰ ਗੁਲਾਮ ਬਣਾ ਕੇ ਹੀ ਰੱਖਣਾ ਚਾਹੁੰਦਾ ਹੈ। ਇਹ ਗੱਲ ਵੀ ਕਿਸੇ ਤੋਂ ਗੁੱਝੀ ਨਹੀਂ ਕਿ ਬ੍ਰਾਹਮਣ ਜਾਤੀ ਦੇ ਬਥੇਰੇ ਐਸੇ ਲੋਕ ਹਨ ਜੋ ਬਿਚਾਰੇ ਗਰੀਬੀ ਕਰਕੇ ਦਲਿਤਾਂ ਤੋਂ ਵੀ ਭੈੜੇ ਹਾਲਾਤ ਦਾ ਸਾਹਮਣਾ ਕਰ ਰਹੇ ਹਨ। ਬ੍ਰਾਹਮਣਵਾਦ ਦੇ ਨੁਕਤੇ ਹਨ:

1. ਵੱਡਾ ਨੁਕਤਾ-ਸੰਤ, ਬਾਬਾ, ਸਾਧ ਬਣ ਜਾਹ, ਰੱਜ ਕੇ ਸਮਾਜ ਨੂੰ ਲੁੱਟ।
2. ਸਮਾਜ ਵਿਚ ਦਾਦਾਗਿਰੀ ਪੈਦਾ ਕਰ, ਇਕ ਜਾਤ ਨੂੰ ਦੂਜੀ ਜਾਤ ਨਾਲ ਲੜਾਈ ਚਲ, ਇਨਾਮ ਤੈਨੂੰ ਪੂੱਜਦਾ ਹੁੰਦਾ ਰਹੇਗਾ।
3. ਸਮਾਜ ਨੂੰ ਵਧ ਤੋਂ ਵਧ ਅਨਪੜ੍ਹ ਬਣਾ ਕੇ ਰੱਖ।
4. ਸਰਕਾਰੇ ਦਰਬਾਰੇ ਬਣਾ ਕੇ ਰੱਖ, ਮਿਲਣ ਵਾਲੀ ਰਿਸ਼ਵਤ ਵਿਚੋਂ ਕੁਝ ਹਿੱਸਾ ਤੈਨੂੰ ਵੀ ਮਿਲੇਗਾ।

ਇਸ ਤਰ੍ਹਾਂ ਸਤਾਈ ਪੁਆਇੰਟ ਹਨ ਜੋ ਬ੍ਰਾਹਮਣਵਾਦੀ ਆਰ.ਐਸ.ਐਸ. ਨੇ ਆਪਣੇ ਖੁਫੀਆ ਪੱਤਰ ਵਿਚ ਆਪਣੀਆਂ ਬ੍ਰਾਂਚਾਂ ਨੂੰ ਜਾਰੀ ਕੀਤੇ ਸਨ ਉਹ ਵੀ ਆਉਣ ਵਾਲੇ ਸਮੇਂ ਅੰਦਰ ਪਾਠਕਾਂ ਦੇ ਸਾਹਮਣੇ ਰੱਖਾਂਗਾ।

ਵਿਦੇਸ਼ਾਂ ਵਿਚ ਬ੍ਰਾਹਮਣਵਾਦ ਦੇ 6000 ਮੂੰਹਾਂ ਵਾਲਾ ਘਟੀਆ ਸਿਸਟਮ ਟੁੱਟ ਰਿਹਾ ਹੈ। ਭਾਈਚਾਰਾ ਪੈਦਾ ਹੋਣ ਲਈ ਮੈਦਾਨ ਤਿਆਰ ਹੋ ਰਿਹਾ ਹੈ। ਇਸ ਟੁੱਟ ਰਹੇ ਬ੍ਰਾਹਮਣਵਾਦ ਦੇ ਨਾਸੂਰ ਨੂੰ ਬਚਾਉਣ ਲਈ ਅਤੇ ਜਿਉਂਦਾ ਰੱਖਣ ਲਈ ਉਹੀ ਹਰੀਜਨ ਬਣ ਕੇ ਅੱਗੇ ਆ ਰਹੇ ਹਨ ਜਿਨ੍ਹਾਂ ਦੇ ਕਦੀ ਇਸੇ ਹੀ ਬ੍ਰਾਹਮਣਵਾਦ ਨੇ ਮੂੰਹ ਦੇ ਮੋਹਰੇ ਕੁੱਜਾ ਅਤੇ ਪਿੱਛੇ ਝਾੜੂ ਬੰਨ੍ਹਿਆ ਸੀ, ਬੇਸ਼ੱਕ ਉਹ ਮਜ਼ਦੂਰੀ ਕਰਦਾ ਜਾਂ ਖੇਤੀ ਕਰਦਾ ਸੀ। ਵਲੱਭ ਭਾਈ ਪਟੇਲ ਨੇ ਅੰਤਿਮ ਸਾਹਾਂ ਵੇਲੇ ਹਿੰਦੋਸਤਾਨ ਦੇ ਲੀਡਰਾਂ ਨੂੰ ਪੁੱਛਿਆ ਸੀ ਕਿ ਪੇਸ਼ਵਾ ਰਾਜ ਕਦੋਂ ਆਵੇਗਾ? ਪੇਸ਼ਵਾ ਰਾਜ ਇਕ ਇਹੋ ਜਿਹਾ ਰਾਜ ਸੀ ਜਿਸ ਵਿਚ ਬ੍ਰਾਹਮਣ ਨੂੰ ਅਸੀਮਿਤ ਅਧਿਕਾਰ ਸਨ ਤੇ ਦੇਸ਼ ਦੇ 85% ਸੂਦਰਾਂ ਕੋਲ ਕੋਈ ਅਧਿਕਾਰ ਨਹੀਂ ਸਨ। ਕਿਸਾਨ ਤੋਂ ਖੇਤੀ ਕਰਵਾਈ ਜਾਂਦੀ ਸੀ, ਪੱਕੀ ਹੋਈ ਫਸਲ ਵੈਸ਼ ਭਾਵ ਬਾਣੀਏ ਅੱਗੇ ਸੁੱਟੀ ਜਾਂਦੀ ਸੀ। ਪੇਸ਼ਵਾ ਸਰਕਾਰ ਵਲੋਂ ਸਖਤ ਹਦਾਇਤ ਸੀ ਕਿ ਕਿਸਾਨ ਨੂੰ ਸਿਰਫ ਖਾਣ ਜੋਗਾ ਹੀ ਅੰਨ ਦਿੱਤਾ ਜਾਵੇ।

ਅੱਜ ਸਿੱਖ ਧਰਮ ਦੀ ਬਦੌਲਤ ਹਰ ਕਿਸੇ ਨੂੰ ਗੁਰਦੁਆਰਾ ਖੋਲ੍ਹਣ ਦਾ ਅਧਿਕਾਰ ਹੈ। ਗੁਰਦੁਆਰਾ ਖੁਲ੍ਹਣ ਨਾਲ ਲੋਕ ਗੁਰੂ ਗ੍ਰੰਥ ਸਾਹਿਬ ਨਾਲ ਜੁੜੇ ਸਿੱਖੀ ਸਿਧਾਂਤ ਨੂੰ ਸਮਝਣ ਲੱਗੇ। ਜਦੋਂ ਪੰਜਾਬ ਦੇ ਲੋਕ ਸਿੱਖੀ ਸਿਧਾਂਤ ਨੂੰ ਸਮਝ ਕੇ ਸਿੱਖ ਧਰਮ ਦੇ ਨੇੜੇ ਆਉਣ ਲੱਗੇ ਤਾਂ ਬ੍ਰਾਹਮਣਵਾਦ ਨੂੰ ਤਕਲੀਫ ਹੋਈ। ਬ੍ਰਾਹਮਣਵਾਦ ਨੇ ਸਿੱਖ ਸਮਾਜ ਵਿਚ ਤੇ ਸਿੱਖ ਧਰਮ ਵਲ ਨੂੰ ਆਉਣ ਵਾਲਿਆਂ ਅੰਦਰ ਭੀਲਣੀ, ਹਨੂੰਮਾਨ, ਸੁਗਰੀਵ ਵਰਗੇ ਹਰੀਜਨ ਪੈਦਾ ਕਰ ਦਿੱਤੇ। ਜਿਵੇਂ ਇਨ੍ਹਾਂ ਨੇ ਆਪਣਾ ਰਾਜ-ਭਾਗ ਬ੍ਰਾਹਮਣਾਂ ਅੱਗੇ ਗਿਰਵੀ ਰੱਖ ਕੇ ਸਮਾਜ ਨੂੰ ਗੁਲਾਮ ਬਣਾਇਆ, ਇਸੇ ਤਰ੍ਹਾਂ ਮੌਜੂਦਾ ਹਰੀਜਨ ਬ੍ਰਾਹਮਣਵਾਦੀਆਂ ਦੇ ਪਾਲਤੂ ਬਟੇਰੇ ਬਣ ਕੇ ਆਪਣੇ ਸਮਾਜ ਨੂੰ ਗੁਲਾਮ ਬਣਾਉਣ ਉਤੇ ਤੁਲੇ ਹੋਏ ਹਨ। ਕਾਰਨ ਕੀ ਹੈ? ਬ੍ਰਾਹਮਣਵਾਦ ਨੂੰ ਦੋ ਵਿਚਾਰਧਾਰਾਵਾਂ ਤੋਂ ਖਤਰਾ ਹੈ ਪਹਿਲਾ-ਸਿੱਖ ਧਰਮ ਅਤੇ ਇਸਦੇ ਸਿਧਾਂਤ ਤੋਂ, ਦੂਜਾ-ਅੰਬੇਡਕਰਵਾਦ ਤੋਂ। ਇਨ੍ਹਾਂ ਦੋਵਾਂ ਸਿਧਾਂਤਾਂ ਦੀ ਮੰਜ਼ਿਲ ਇਕ ਹੈ। ਨਿਸ਼ਾਨਾ ਹੈ ਸਮਾਨਤਾ, ਸੁਤੰਤਰਤਾ ਅਤੇ ਭਾਈਚਾਰਾ। ਇਹ ਤਿੰਨ ਗੱਲਾਂ ਬ੍ਰਾਹਮਣਵਾਦ ਦੇ ਗਲੇ ਨਹੀਂ ਉਤਰਦੀਆਂ ਕਿਉਂਕਿ ਬ੍ਰਾਹਮਣਵਾਦ ਝੂਠ ਦੇ ਢੇਰ ਉਤੇ ਬੈਠਾ ਹੈ। ਬ੍ਰਾਹਮਣਵਾਦ ਨੇ ਸਿੱਖ ਸਮਾਜ ਅੰਦਰ ਸੰਤ ਬਾਬੇ ਪੈਦਾ ਕਰ ਦਿੱਤੇ ਹਨ। ਹੁਣ ਗੱਲ ਕਰੀਏ ਪੰਜਾਬ ਦੀ। ਭਾਰਤ ਅੰਦਰ ਬ੍ਰਾਹਮਣਵਾਦੀ ਵਿਚਾਰਧਾਰਾ ਦੇ ਖਿਲਾਫ ਬਹੁਤ ਵੱਡਾ ਤਰਥੱਲ ਮੱਚਣ ਵਾਲਾ ਹੈ ਕਿਉਂਕਿ ਪੰਜਾਬ ਅੰਦਰ ਹਿੰਦੂਆਂ ਦੀਆਂ ਦੋ ਵੱਡੀਆਂ ਜਾਤਾਂ ਹਨ ਜੱਟ ਅਤੇ ਚਮਾਰ। ਜੱਟਾਂ ਨੇ ਤਾਂ ਬਹੁਗਿਣਤੀ ਵਿਚ ਸਿੱਖ ਧਰਮ ਨੂੰ ਅਪਨਾ ਲਿਆ। ਪ੍ਰੰਤੂ ਚਮਾਰ ਅਜੇ ਹਿੰਦੂਆਂ ਦੀ ਗੁਲਾਮੀ ਦਾ ਭਾਰ ਸਿਰ ਉਤੇ ਚੁੱਕੀ ਫਿਰਦੇ ਹਨ। ਇਨ੍ਹਾਂ ਨੂੰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ ਕਿਹਾ ਸੀ ਕਿ ਸਿੱਖ ਧਰਮ ਇਸ ਦੇਸ਼ ਦੇ ਸੂਦਰਾਂ ਦੀਆਂ ਲੋੜਾਂ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਲਈ ਬਣਿਆ ਹੋਇਆ ਧਰਮ ਹੈ, ਜਿਸ ਵਿਚ ਇੱਜਤ ਅਤੇ ਅਣਖ ਨੂੰ ਬਰਕਰਾਰ ਰੱਖਣ ਲਈ ਕੁਰਬਾਨੀ ਦਾ ਜਜ਼ਬਾ ਪੈਦਾ ਕੀਤਾ ਗਿਆ ਹੈ। ਗੁਰੂ ਸਾਹਿਬਾਨ ਦੀਆਂ ਕੁਰਬਾਨੀਆਂ ਸਦਕਾ ਇਹ ਧਰਮ ਬਹਾਦਰ ਅਤੇ ਸੂਰਬੀਰ ਪੈਦਾ ਕਰਦਾ ਹੈ। ਇਸੇ ਤਰ੍ਹਾਂ ਹਿੰਦੂ ਧਰਮ ਬਾਰੇ ਬਾਬਾ ਸਾਹਿਬ ਨੇ ਕਿਹਾ ਕਿ ਹਿੰਦੂ ਡਰਪੋਕ ਕਿਉਂ ਹੈ? ਕਿਉਂਕਿ ਜਦੋਂ ਇਕ ਹਿੰਦੂ ਲੜਦਾ ਹੈ ਤਾਂ ਉਸਨੂੰ ਪਤਾ ਹੁੰਦਾ ਹੈ ਕਿ ਉਸਦੀ ਮਦਦ ਲਈ ਕਿਸੇ ਨਹੀਂ ਆਉਣਾ। ਅਗਰ ਕੋਈ ਆਵੇਗਾ ਤਾਂ ਮਦਦ ਕਰਨ ਤੋਂ ਪਹਿਲਾਂ ਉਹ ਜਾਤ ਪੁੱਛੇਗਾ। ਅਗਰ ਉਸ ਦੀ ਜਾਤ ਦਾ ਹੋਇਆ ਤਾਂ ਮਦਦ ਕਰੇਗਾ, ਅਗਰ ਨਹੀਂ ਹੋਇਆ ਤਾਂ ਉਹ ਬਿਨਾਂ ਮਦਦ ਕੀਤਿਆਂ ਮੁੜ ਜਾਵੇਗਾ। ਪ੍ਰੰਤੂ ਜਦੋਂ ਇਕ ਸਿੱਖ ਲੜਦਾ ਹੈ ਤਾਂ ਉਹ ਅੰਤਿਮ ਸਾਹਾਂ ਤਕ ਲੜਦਾ ਰਹਿੰਦਾ ਹੈ ਕਿਉਂਕਿ ਉਸ ਨੂੰ ਪਤਾ ਹੁੰਦਾ ਹੈ ਕਿ ਉਸਦੇ ਸਿੱਖ ਭਰਾ ਉਸਦੀ ਮਦਦ ਲਈ ਆ ਪਹੁੰਚਣਗੇ, ਬਿਨਾ ਜਾਤਪਾਤ ਦਾ ਖਿਆਲ ਕੀਤਿਆਂ। ਉਹ ਨਿਧੜਕ ਹੋ ਕੇ ਲੜਦਾ ਰਹਿੰਦਾ ਹੈ। ਇਹ ਵਿਚਾਰ ਸਨ ਡਾ. ਅੰਬੇਡਕਰ ਦੇ।

ਚਲੋ ਹੁਣ ਗੱਲ ਕਰੀਏ ਹਰੀਜਨਾਂ ਦੀ। ਜਿਉਂ-ਜਿਉਂ ਪੰਜਾਬ ਦੇ ਅੰਦਰ ਪੰਜਾਬ ਦੇ ਚਮਾਰਾਂ ਦਾ ਝੁਕਾਅ ਸਿੱਖ ਧਰਮ ਵਲ ਨੂੰ ਹੁੰਦਾ ਜਾ ਰਿਹਾ ਹੈ, ਤਿਉਂ ਤਿਉਂ ਹੀ ਇਨ੍ਹਾਂ ਅੰਦਰ ਬ੍ਰਾਹਮਣਵਾਦ ਨੇ ਸੰਤ ਬਾਬੇ ਪੈਦਾ ਕਰ ਦਿੱਤੇ ਹਨ। ਇਨ੍ਹਾਂ ਬਾਬਿਆਂ ਦਾ ਚਿਹਰਾ ਬੜਾ ਭੁਲੇਖਾਪਾਊ ਹੈ। ਕੁਝ ਬਾਬੇ ਸਿੱਖ ਧਰਮ ਦੇ ਪੰਜ ਕਕਾਰਾਂ ਵਾਲੇ ਹਨ, ਬਾਕੀ ਬਾਬੇ ਸਿਰਫ ਸ਼ਕਲ ਸੂਰਤ ਸਿੱਖਾਂ ਵਾਲੀ ਬਣਾ ਕੇ ਭਗਵੇਂ ਜਾਂ ਚਿੱਟੇ ਲਿਬਾਸ ਵਿਚ ਲਿਸ਼ਕ-ਪੁਸ਼ਕ ਕੇ ਘੁੰਮਦੇ ਹਨ। ਇਨ੍ਹਾਂ ਦਾ ਅਤੇ ਇਨ੍ਹਾਂ ਦੇ ਪੈਰੋਕਾਰਾਂ ਦਾ ਕੰਮ ਹੈ ਚਮਾਰਾਂ ਜਾਂ ਰਵਿਦਾਸੀਆ ਭਾਈਚਾਰੇ ਨੂੰ ਸਿੱਖ ਧਰਮ ਤੋਂ ਦੂਰ ਰੱਖਣਾ। ਹਿੰਦੂ ਦੇਵੀ-ਦੇਵਤਿਆਂ ਦੀਆਂ ਘਸੀਆਂ-ਪਿਟੀਆਂ ਮਿਥਿਹਾਸਕ ਤੇ ਮਨਘੜਤ ਕਹਾਣੀਆਂ ਸੁਣਾਉਣੀਆਂ। ਇਨ੍ਹਾਂ ਅਤੇ ਇਨ੍ਹਾਂ ਦੇ ਪੈਰੋਕਾਰਾਂ ਦਾ ਇਕ ਹੀ ਮੁੱਖ ਮੁੱਦਾ ਹੈ, ਗੁਰੂ ਰਵਿਦਾਸ ਜੀ ਨੂੰ ਜੁੱਤਿਆਂ-ਜੋੜਿਆਂ ਵਾਲੀ ਤਸਵੀਰ ਵਿਚ ਜਾਂ ਫਿਰ ਜੰਜੂਆਂ ਵਾਲੀ ਤਸਵੀਰ ਜਾਂ ਨੰਗੇ ਸਿਰ ਤਿਲਕ ਵਾਲੀ ਤਸਵੀਰ ਵਿਚ ਦਿਖਾਉਣਾ। ਗੁਰੂ ਰਵਿਦਾਸ ਜੀ ਦੀ ਪੱਗ ਵਾਲੀ ਤਸਵੀਰ ਇਨ੍ਹਾਂ ਦੇ ਗਲੇ ਨਹੀਂ ਉਤਰਦੀ ਜਿਸਦਾ ਫਾਇਦਾ ਬ੍ਰਾਹਮਣਵਾਦ ਨੂੰ ਹੁੰਦਾ ਹੈ ਕਿਉਂਕਿ ਬ੍ਰਾਹਮਣਵਾਦ ਨੂੰ ਪਤਾ ਹੈ ਕਿ ਅਗਰ ਗੁਰੂ ਰਵਿਦਾਸ ਜੀ ਦੀ ਦਸਤਾਰ ਵਾਲੀ ਤਸਵੀਰ ਬਣ ਗਈ ਤਾਂ ਇਹ ਚਮਾਰ ਸਿੱਖ ਧਰਮ ਵਲ ਨੂੰ ਝੁਕ ਜਾਣਗੇ ਜਿਸ ਦਾ ਅਸਰ ਪੂਰੇ ਭਾਰਤ ਅੰਦਰ ਪਵੇਗਾ। ਫਿਰ ਬ੍ਰਾਹਮਣਵਾਦੀਆਂ ਨੂੰ ਆਪਣੀ ਝੂਠ ਦੀ ਪਟਾਰੀ ਬੰਦ ਕਰਨ ਲਈ ਮਜਬੂਰ ਹੋਣਾ ਪਵੇਗਾ।

ਬ੍ਰਾਹਮਣਵਾਦ ਵਲੋਂ ਪੈਦਾ ਕੀਤੇ ਸੰਤ ਬਾਬੇ, ਸਮਾਜ ਅੰਦਰ ਭੋਲੇ ਭਾਲੇ ਲੋਕਾਂ ਨੂੰ ਗੁੰਮਰਾਹ ਕਰਕੇ, ਉਨ੍ਹਾਂ ਤੋਂ ਮਾਇਆ ਲੁੱਟਦੇ ਹਨ। ਫਿਰ ਇਨ੍ਹਾਂ ਭੋਲੇ ਭਾਲੇ ਲੋਕਾਂ ਨੂੰ ਉਤਸ਼ਾਹਤ ਕਰਦੇ ਹਨ ਕਿ ਬਈ ਅਸੀਂ ਗੁਰੂ ਮਹਾਰਾਜ ਦੀ ਸੋਨੇ ਦੀ ਪਾਲਕੀ ਅਤੇ ਸੋਨੇ ਦੀ ਮੂਰਤੀ ਬਣਾਉਣੀ ਹੈ। ਆਪ ਸੰਗਤ ਸੋਨਾ ਦਾਨ ਕਰੋ। ਉਹ ਗਰੀਬ ਲੋਕ ਜਿਨ੍ਹਾਂ ਕੋਲ ਸੋਨੇ ਦੀ ਇਕੋ ਮੁੰਦੀ ਹੁੰਦੀ ਹੈ, ਉਹ ਵੀ ਇਸ ਸੰਤ ਦੀ ਝੋਲੀ ਵਿਚ ਸੁੱਟ ਆਉਂਦੇ ਹਨ, ਅੰਨੀ ਸ਼ਰਧਾ ਕਰਕੇ। ਫਿਰ ਬੇਸ਼ੱਕ ਘਰ ਵਿਚ ਦੋ ਸਾਲ ਕਲੇਸ਼ ਹੀ ਚਲਦਾ ਰਹੇ। ਗੁਰੂ ਰਵਿਦਾਸ ਜੀ ਮੂਰਤੀ ਪੂਜਾ ਦੇ ਬਿਲਕੁਲ ਖਿਲਾਫ ਸਨ। ਉਨ੍ਹਾਂ ਕਦੋਂ ਕਿਹਾ ਕਿ ਮੇਰੀਆਂ ਮੂਰਤੀਆਂ ਬਣਾਇਓ? ਮੂਰਤੀ ਪੂਜਾ ਬ੍ਰਾਹਮਣਵਾਦੀ ਰੀਤੀ ਰਿਵਾਜ਼ ਹੈ। ਗੁਰੂ ਰਵਿਦਾਸ ਜੀ ਨੇ ਹਿੰਦੂ ਕਰਮ ਕਾਂਡ ਦੇ ਖਿਲਾਫ ਸੰਘਰਸ਼ ਲੜਿਆ। ਹੁਣ ਤੁਸੀਂ ਦੱਸੋ ਕਿ ਸਾਧ ਦੀ ਝੋਲੀ ਵਿਚ ਸੋਨਾ ਸੁੱਟ ਕੇ, ਗੁਰੂ ਰਵਿਦਾਸ ਮਹਾਰਾਜ ਤੋਂ ਕਿਹੜੀ ਆਸ ਰੱਖਦੇ ਹੋ।

ਹੁਣ ਗੱਲ ਕਰੀਏ ਪੰਜਾਬ ਦੇ ਹਰੀਜਨਾਂ ਦੀ। ਜਿਤਨੀ ਗਿਣਤੀ ਹਰੀਜਨਾਂ ਦੀ ਪੰਜਾਬ ਵਿਚ ਹੈ ਉਤਨੀ ਵਿਦੇਸ਼ਾਂ ਵਿਚ ਹੈ। ਵਿਦੇਸ਼ਾਂ ਵਿਚ ਬੈਠੇ ਕੁਝ ਹਰੀਜਨ, ਇਨ੍ਹਾਂ ਬਾਬਿਆਂ ਅਤੇ ਸੰਤਾਂ ਦੀ ਮਾਇਆ ਨੂੰ ਰੀਅਲ ਅਸਟੇਟ ਵਿਚ ਲਾ ਰਹੇ ਹਨ। ਨਾਲੋ-ਨਾਲ ਉਹ ਸੰਤਾਂ ਦਾ ਸੁਨੇਹਾ ਲੋਕਾਂ ਤਕ ਵੀ ਪਹੁੰਚਾਉਂਦੇ ਹਨ। ਸੰਤ ਬਾਬੇ ਬ੍ਰਾਹਮਣਵਾਦ ਦੇ ਐਂਟੀਨੇ ਦਾ ਕੰਮ ਕਰਦੇ ਹਨ। ਜਿਹੜਾ ਕੰਮ ਬ੍ਰਾਹਮਣਵਾਦ ਨੇ ਕਰਵਾਉਣਾ ਹੁੰਦਾ ਹੈ, ਉਹ ਬਾਬੇ, ਸੰਤ ਨੂੰ ਕਹਿੰਦਾ ਹੈ। ਸੰਤ-ਬਾਬੇ, ਫਿਰ ਉਸਨੂੰ ਕਾਮਯਾਬ ਕਰਨ ਲਈ ਆਪਣੇ ਪੈਰੋਕਾਰਾਂ ਨੂੰ ਕਹਿੰਦੇ ਹਨ, ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਮੱਥਾ ਟਿਕਾਉਣਾ। ਫਿਰ ਇਹ ਸੰਤ, ਜਿਸ ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਓਟ ਆਸਰਾ ਲੈ ਕੇ ਨੰਗ ਮਲੰਗ ਤੋਂ ਲੱਖਪਤੀ, ਕਰੋੜਾਂਪਤੀ ਬਣੇ, ਉਸੇ ਹੀ ਗੁਰੂ ਗ੍ਰੰਥ ਨੂੰ ਚੁਣੌਤੀ ਦੇਣ ਲਗਦੇ ਹਨ ਕਿ ਤੂੰ ਤਾਂ ਕਾਗਜ਼ ਹੈਂ, ਅਸੀਂ ਜਿਉਂਦੇ ਜਾਗਦੇ ਬੰਦੇ ਹਾਂ। ਸਾਨੂੰ ਹੱਕ ਹੈ ਮੱਥਾ ਟਿਕਾਉਣ ਦਾ।

ਫਿਰ ਨਵਾਂ ਸ਼ੋਸ਼ਾ ਛੱਡਦੇ ਹਨ ਕਿ ਅਸੀਂ ਤਾਂ ਗੁਰੂ ਰਵਿਦਾਸ ਮਹਾਰਾਜ ਦੇ ਚਾਲੀ ਸ਼ਬਦ ਗੁਰੂ ਗ੍ਰੰਥ ਸਾਹਿਬ 'ਚੋਂ ਵੱਖਰੇ ਕੱਢਣੇ ਹਨ ਅਤੇ ਪੜ੍ਹਨੇ ਹਨ। ਗੱਲ ਇਥੇ ਹੀ ਨਹੀਂ ਮੁੱਕੀ, ਨਿਊ ਯਾਰਕ ਗੁਰੂ ਘਰ ਤੋਂ ਪੰਜਾਬ ਦਾ ਇਕ ਹਰੀਜਨ ਭਾਊ, ਗੁਰੂ ਗ੍ਰੰਥ ਸਾਹਿਬ ਮਹਾਰਾਜ ਨੂੰ ਚੁਕਵਾਉਣ ਲਈ ਉਤਾਵਲਾ ਹੋਇਆ ਫਿਰਦਾ ਹੈ।

ਜ਼ਰਾ ਮਨ ਨਾਲ ਇਕਾਂਤ ਚਿਤ ਹੋ ਕੇ ਸੋਚੋ ਕਿ ਜਦੋਂ ਗੁਰੂ ਰਵਿਦਾਸ ਮਹਾਰਾਜ ਨੇ ਗੁਰੂ ਨਾਨਕ ਦੇਵ ਨਾਲ ਭੇਂਟ ਵਾਰਤਾ ਕਰਕੇ ਆਪਣੀ ਬਾਣੀ ਉਨ੍ਹਾਂ ਦੇ ਸਪੁਰਦ ਕੀਤੀ, ਉਸ ਵੇਲੇ ਕਿੰਨਾ ਸ਼ਾਂਤ ਮਾਹੌਲ ਹੋਏਗਾ। ਸਮਾਜ ਨੂੰ ਬ੍ਰਾਹਮਣਵਾਦ ਦੀ ਗੁਲਾਮੀ ਤੋਂ ਆਜ਼ਾਦ ਕਰਾਉਣ ਲਈ ਗੁਰੂ ਰਵਿਦਾਸ ਨੇ ਗੁਰੂ ਨਾਨਕ ਦੇਵ ਨੂੰ ਆਪਣੀ ਵਿਚਾਰਧਾਰਾ, ਆਪਣੀ ਸੋਚ ਅਤੇ ਉਸ ਸੋਚ ਨੂੰ ਅੱਗੇ ਲਿਜਾਣ ਲਈ ਦਲੀਲਾਂ ਦਿੱਤੀਆਂ ਹੋਣਗੀਆਂ। ਦੋਹਾਂ ਮਹਾਂਪੁਰਸ਼ਾਂ ਨੇ ਕਿਸੇ ਵਿਸਮਾਦੀ ਮਾਹੌਲ ਵਿਚ ਵਿਚਾਰ-ਵਟਾਂਦਰਾ ਕੀਤਾ ਹੋਏਗਾ। ਇਕ ਨਵਾਂ ਸਮਾਜ ਸਿਰਜਣ ਦੀ ਗੱਲ ਕੀਤੀ ਹੋਵੇਗੀ ਜਿਸ ਵਿਚ ਕੋਈ ਨੀਵਾਂ ਨਾ ਹੋਵੇ, ਕੋਈ ਉਚਾ ਨਾ ਹੋਵੇ, ਸੱਭੇ ਰੱਬ ਦੇ ਇਨਸਾਨ ਹੋਣ। ਫਿਰ ਗੁਰੂ ਰਵਿਦਾਸ ਜਿਹੜੇ ਦੁਨਿਆਵੀ ਜ਼ਿੰਦਗੀ ਦੇ ਅੰਤਿਮ ਪੜਾਵਾਂ ਵਿਚ ਸਨ, ਨੂੰ ਕਿੰਨੀ ਖੁਸ਼ੀ ਹੋਈ ਹੋਵੇਗੀ। ਜ਼ਰੂਰ ਖਿਆਲ ਆਇਆ ਹੋਵੇਗਾ ਕਿ ਇਹ ਬਾਲਕ ਸੱਚ-ਮੁੱਚ ਹੀ ਪਰਮਾਤਮਾ ਦਾ ਭੇਜਿਆ ਹੋਇਆ ਰੱਬੀ ਰੂਪ ਹੈ। ਇਹ ਸੱਚ ਦੇ ਮਿਸ਼ਨ ਨੂੰ ਜ਼ਰੂਰ ਮੰਜ਼ਿਲ ਤੱਕ ਪਹੁੰਚਾਏਗਾ। ਉਸ ਵਕਤ ਕਿਹੋ ਜਿਹਾ ਵਿਸਮਾਦੀ ਮਾਹੌਲ ਹੋਵੇਗਾ।

ਪ੍ਰੰਤੂ ਅੱਜ ਕੁਝ ਸੰਤਾਂ-ਬਾਬਿਆਂ ਦੇ ਛੱਡੇ ਹੋਏ ਝੋਲੀ ਚੁੱਕ, ਗੁਰੂ ਰਵਿਦਾਸ ਦੀ ਸਿੱਖੀ ਸੋਚ ਨੂੰ ਗੁਰੂ ਗ੍ਰੰਥ ਸਾਹਿਬ ਨਾਲੋਂ ਕਿਵੇਂ ਅਲੱਗ ਕਰ ਸਕਦੇ ਹਨ? ਗੁਰੂ ਨਾਨਕ ਦੇਵ ਨੇ ਹੀ ਪੂਰੀ ਨਿਸ਼ਠਾ ਨਾਲ ਗੁਰੂ ਰਵਿਦਾਸ ਦੀ ਬਾਣੀ ਨੂੰ ਪ੍ਰਚਾਰਿਆ ਅਤੇ ਸੰਭਾਲਿਆ ਜਿਨ੍ਹਾਂ ਨੂੰ ਬ੍ਰਾਹਮਣਵਾਦ ਅਲੱਗ ਨਹੀਂ ਕਰ ਸਕਿਆ ਪ੍ਰੰਤੂ ਅੱਜ ਉਸਦੇ ਵਾਰਸ ਉਨ੍ਹਾਂ ਨੂੰ ਅਲੱਗ ਕਰਨ ਉਤੇ ਤੁਲੇ ਹੋਏ ਹਨ। ਗੁਰੂਆਂ ਦੀ ਆਤਮਾ ਵੀ ਜ਼ਰੂਰ ਦੁਖੀ ਹੁੰਦੀ ਹੋਵੇਗੀ।

ਅੱਜ ਦਾ ਸਮਾਂ ਸਮਾਨਤਾ, ਸੁਤੰਤਰਤਾ ਅਤੇ ਭਾਈਚਾਰਾ ਪੈਦਾ ਕਰਨ ਦੇ ਉਸ ਮੁਕਾਮ ਉਤੇ ਪਹੁੰਚ ਚੁੱਕਾ ਹੈ ਜਿਸ ਵਿਚ ਹਿੰਦੂਵਾਦ ਦੇ ਡਰਾਉਣੇ 6000 ਨਾਸੂਰ, ਗੈਰ-ਬਰਾਬਰੀ ਵਾਲੇ ਸਿਧਾਂਤ ਦਾ ਭੋਗ ਪਾਉਣ ਦਾ ਸਮਾਂ ਆ ਚੁੱਕਾ ਹੈ। ਇਨ੍ਹਾਂ ਹਰੀਜਨ ਬਿਰਤੀ ਵਾਲੇ ਲੋਕਾਂ ਤੋਂ ਸਾਵਧਾਨ ਹੋ ਕੇ ਸਾਨੂੰ ਗੁਰੂ ਘਰ ਦੀ ਮਰਿਆਦਾ ਨੂੰ ਕਾਇਮ ਰੱਖਣਾ ਚਾਹੀਦਾ ਹੈ। ਕਈ ਸਦੀਆਂ ਬੀਤ ਜਾਣ ਤੋਂ ਬਾਅਦ ਬੜੀ ਮੁਸ਼ਕਲ ਨਾਲ ਕਿਸੇ ਧਰਮ ਉਤੇ ਮਾਣ ਮਹਿਸੂਸ ਕਰਨ ਦੇ ਕਾਬਲ ਹੋਏ ਹਾਂ। ਜੇ ਇਸ ਧਰਮ ਨੂੰ ਇਨ੍ਹਾਂ ਹਰੀਜਨ ਬਿਰਤੀ ਵਾਲੇ ਬਾਬਿਆਂ ਤੋਂ ਅਤੇ ਇਨ੍ਹਾਂ ਦੇ ਝੋਲੀ-ਚੁੱਕਾਂ ਤੋਂ ਆਜ਼ਾਦ ਨਾ ਕਰਵਾਇਆ ਤਾਂ ਆਉਣ ਵਾਲੀਆਂ ਕਈ ਸਦੀਆਂ ਤਕ ਪਛਤਾਵੇ ਤੋਂ ਬਿਨਾਂ ਸਾਡੇ ਹੱਥ ਕੁਝ ਨਹੀਂ ਹੋਵੇਗਾ।

*ਫੋਨ:347-859-9033*

## ਪ੍ਰਧਾਨ ਮੰਤਰੀ ਲਈ ਮਿਲਾਵਟੀ ਖਾਣਾ?

**ਲਖਨਊ:** ਕਾਨਪੁਰ ਦੌਰੇ ਦੌਰਾਨ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਪਰੋਸੇ ਜਾਣ ਵਾਲੇ ਭੋਜਨ ਵਿਚ ਮਿਲਾਵਟ ਦਾ ਪਤਾ ਲੱਗਣ ਮਗਰੋਂ ਅਧਿਕਾਰੀਆਂ ਦੇ ਹੋਸ਼ ਉਡ ਗਏ।

ਬੀਤੀ 3 ਜੁਲਾਈ ਨੂੰ ਡਾ. ਮਨਮੋਹਨ ਸਿੰਘ ਕਾਨਪੁਰ ਗਏ ਸਨ ਪਰ ਜਦੋਂ ਉਨ੍ਹਾਂ ਨੂੰ ਪਰੋਸੇ ਜਾਣ ਵਾਲੇ ਖਾਣੇ ਦੇ ਨਮੂਨੇ ਜਾਂਚ ਲਈ ਲਖਨਊ ਭੇਜੇ ਗਏ ਤਾਂ ਮੂੰਗੀ ਦੀ ਦਾਲ 'ਤੇ ਸਿਹਤ ਲਈ ਖ਼ਤਰਨਾਕ ਰੰਗ ਚੜ੍ਹਾਇਆ ਹੋਇਆ ਸੀ ਜਦਕਿ ਖ਼ਰਬੂਜ਼ੇ ਦੇ ਬੀਜਾਂ ਵਿਚ ਕੀੜੇ ਸਨ ਤੇ ਉਲੀ ਵੀ ਲੱਗੀ ਹੋਈ ਸੀ। ਪ੍ਰਧਾਨ ਮੰਤਰੀ ਦੇ ਖਾਣ ਦਾ ਪ੍ਰਬੰਧ ਆਈ.ਆਈ.ਟੀ. ਕਾਨਪੁਰ ਨੇ ਕੀਤਾ ਸੀ।

ਸਬੰਧਤ ਅਧਿਕਾਰੀਆਂ ਨੇ ਜਾਂਚ ਰੀਪੋਰਟ ਨੂੰ ਗੁਪਤ ਰਖਿਆ ਅਤੇ ਪ੍ਰਧਾਨ ਮੰਤਰੀ ਦੇ ਖਾਣੇ ਵਿਚੋਂ ਦੋਹਾਂ ਚੀਜ਼ਾਂ ਨੂੰ ਹਟਾ ਦਿਤਾ ਗਿਆ ਪਰ ਕਿਸੇ ਤਰ੍ਹਾਂ ਇਹ ਰੀਪੋਰਟ ਲੀਕ ਹੋ ਗਈ।

## ਮੁਸਲਿਮ ਕੱਟੜਪੰਥੀਆਂ ਨੇ ਲੈਕਚਰਾਰ ਦਾ ਹੱਥ ਕੱਟਿਆ

**ਤਿਰੂਵਨੰਤਪੁਰਮ (ਕੇਰਲ) :** ਤਾਲਿਬਾਨੀ ਕੱਟੜਤਾ ਦਾ ਇਕ ਖੌਫਨਾਕ ਰੂਪ ਕੇਰਲ 'ਚ ਉਸ ਸਮੇਂ ਦੇਖਣ ਨੂੰ ਮਿਲਿਆ ਜਦੋਂ ਕੇਰਲ ਦੇ ਕੁਝ ਮੁਸਲਿਮ ਕੱਟੜਪੰਥੀਆਂ ਨੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦੀ ਨਿੰਦਾ ਕਰਨ ਦੇ ਦੋਸ਼ 'ਚ ਸ਼ਰੇਆਮ ਇਕ ਲੈਕਚਰਾਰ ਦਾ ਹੱਥ ਕੱਟ ਦਿੱਤਾ।

ਜਾਣਕਾਰੀ ਅਨੁਸਾਰ ਏਨਾਪੁਲਮ ਦੇ ਮੁਵਾਤੁਪੂਜਾ 'ਚ ਬੀਤੀ 4 ਜੁਲਾਈ ਐਤਵਾਰ ਨੂੰ ਸਵੇਰੇ ਲੈਕਚਰਾਰ ਟੀ ਜੇ ਜੋਸਫ ਆਪਣੀ ਮਾਂ ਅਤੇ ਭੈਣ ਨਾਲ ਗਿਰਜਾ ਘਰ ਤੋਂ ਵਾਪਸ ਆ ਰਹੇ ਸਨ ਤਾਂ ਮੁਸਲਿਮ ਕੱਟੜਪੰਥੀਆਂ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਜੋਸਫ ਦੀ ਭੈਣ ਮੈਰੀ ਸਟੈਲਾ ਅਨੁਸਾਰ ਉਹ ਆਪਣੀ ਕਾਰ 'ਚ ਬੈਠ ਕੇ ਗਿਰਜਾ ਘਰ ਤੋਂ ਵਾਪਸ ਆ ਰਹੇ ਸਨ ਤਾਂ ਰਸਤੇ 'ਚ ਇਕ ਵੈਨ ਕਾਰ ਨੇ ਉਨ੍ਹਾਂ ਨੂੰ ਰੋਕ ਲਿਆ ਜਿਸ 'ਚ 8 ਲੋਕ ਸਵਾਰ ਸਨ। ਇਸ ਤੋਂ ਪਹਿਲਾਂ ਕਿ ਉਹ ਕੁਝ ਸਮਝ ਪਾਉਂਦੇ ਹਮਲਾਵਰਾਂ ਨੇ ਕਾਰ ਦਾ ਸ਼ੀਸ਼ਾ ਤੋੜ ਦਿੱਤਾ ਅਤੇ ਤਲਵਾਰਾਂ ਅਤੇ ਚਾਕੂਆਂ ਨਾਲ ਉਨ੍ਹਾਂ 'ਤੇ ਹਮਲਾ ਕਰ ਦਿੱਤਾ ਜਿਸ ਨਾਲ ਜੋਸਫ ਦਾ ਹੱਥ ਕੱਟਿਆ ਗਿਆ।

ਸਟੈਲਾ ਨੇ ਦੱਸਿਆ ਕਿ ਜਦੋਂ ਉਨ੍ਹਾਂ ਨੇ ਹਮਲਾਵਰਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਹਮਲਾਵਰਾਂ ਨੇ ਉਨ੍ਹਾਂ 'ਤੇ ਵੀ ਹਮਲਾ ਕਰ ਦਿੱਤਾ ਅਤੇ ਬੰਬ ਸੁੱਟ ਕੇ ਘਟਨਾ ਵਾਲੀ ਥਾਂ ਤੋਂ ਫਰਾਰ ਹੋ ਗਏ। ਪੁਲਿਸ ਅਨੁਸਾਰ ਉਨ੍ਹਾਂ ਨੇ ਜੋਸਫ ਦਾ ਕੱਟਿਆ ਹੋਇਆ ਹੱਥ ਅਤੇ ਹਮਲਾਵਰਾਂ ਵਲੋਂ ਵਰਤੀ ਗਈ ਵੈਨ ਬਰਾਮਦ ਕਰ ਲਈ ਹੈ ਅਤੇ ਇਸ ਸਿਲਸਿਲੇ 'ਚ 2 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਇਹ ਦੋਵੇਂ ਪਾਪੂਲਰ ਫਰੰਟ ਨਾਂਅ ਦੇ ਕਿਸੇ ਸੰਗਠਨ ਦੇ ਮੈਂਬਰ ਹਨ।

# ਅਜ਼ਾਦ ਨਾਲ ਮਾਰਿਆ ਗਿਆ ਵਿਅਕਤੀ ਪੱਤਰਕਾਰ

**ਹੈਦਰਾਬਾਦ :** ਸੀਨੀਅਰ ਮਾਓਵਾਦੀ ਆਗੂ ਅਤੇ ਬੁਲਾਰੇ ਚੇਰੂਕੁਰੀ ਰਾਜ ਕੁਮਾਰ ਉਰਫ ਆਜ਼ਾਦ ਦੇ ਆਂਧਰਾ ਪੁਲਸ ਦੇ ਨਾਲ ਕਥਿਤ ਮੁਕਾਬਲੇ ਵਿਚ ਮਾਰੇ ਜਾਣ ਦੇ ਮਾਮਲੇ ਨੇ ਨਵਾਂ ਮੋੜ ਲੈ ਲਿਆ ਹੈ, ਕਿਉਂਕਿ ਉਸ ਦੇ ਨਾਲ ਮਾਰੇ ਗਏ ਦੂਜੇ ਵਿਅਕਤੀ ਦੀ ਪਛਾਣ ਇਕ ਆਜ਼ਾਦ 'ਪੱਤਰਕਾਰ' ਦੇ ਰੂਪ ਵਿਚ ਕੀਤੀ ਗਈ ਹੈ।

ਆਂਧਰਾ ਪ੍ਰਦੇਸ਼ ਪੁਲਸ ਦਾ ਕਹਿਣਾ ਸੀ ਕਿ ਅਜ਼ਾਦ ਅਤੇ ਇਕ ਹੋਰ 'ਮਾਓਵਾਦੀ' ਆਦਿਲਾਬਾਦ ਜ਼ਿਲ੍ਹੇ ਦੇ ਜੰਗਲ ਵਿਚ ਸ਼ੁੱਕਰਵਾਰ ਸਵੇਰੇ ਇਕ ਮੁਕਾਬਲੇ ਵਿਚ ਮਾਰੇ ਗਏ ਸਨ। ਪਰ ਹੁਣ 'ਦੂਜੇ ਵਿਅਕਤੀ ਦੀ ਪਛਾਣ ਉਤਰਾਖੰਡ ਦੇ ਰਹਿਣ ਵਾਲੇ ਹੇਮ ਚੰਦਰ ਪਾਂਡੇ ਦੇ ਰੂਪ ਵਿਚ ਕੀਤੀ ਗਈ ਹੈ। ਸੀ ਪੀ ਆਈ (ਮਾਓਵਾਦੀ) ਦੀ ਕਮੇਟੀ ਦੇ ਬੁਲਾਰੇ ਗੁਡਸਾ ਉਸੇਂਡੀ ਨੇ ਦੱਸਿਆ ਕਿ ਹੇਮ ਚੰਦਰ ਪਾਂਡੇ ਦਿੱਲੀ ਵਿਚ ਪੱਤਰਕਾਰ ਸੀ, ਜੋ ਨਈ ਦੁਨੀਆ ਅਤੇ ਰਾਸ਼ਟਰੀ ਸਹਾਰਾ ਅਖ਼ਬਾਰਾਂ ਲਈ ਲਿਖਦਾ ਸੀ। ਉਹ ਉਤਰਾਖੰਡ ਦੇ ਪਿੰਡ ਦੇਵਲਥਲ ਦੇ ਰਹਿਣ ਵਾਲੇ ਸਨ। ਮਾਓਵਾਦੀ ਬੁਲਾਰੇ ਨੇ ਕਿਹਾ ਕਿ ਜਿਸ ਵੇਲੇ ਅਜ਼ਾਦ ਅਤੇ ਇਹ ਪੱਤਰਕਾਰ ਡੰਡਕਾਰਨ ਦਾ ਸਫਰ ਕਰ ਰਹੇ ਸਨ, ਉਨ੍ਹਾਂ ਨੂੰ ਨਾਗਪੁਰ ਪੁਲਸ ਨੇ ਫੜ ਲਿਆ ਅਤੇ ਬਾਅਦ ਵਿਚ ਉਨ੍ਹਾਂ ਨੂੰ ਆਦਿਲਾਬਾਦ ਜ਼ਿਲ੍ਹੇ ਵਿਚ ਇਕ ਫਰਜ਼ੀ ਮੁਕਾਬਲੇ ਵਿਚ ਮਾਰ ਦਿੱਤਾ ਗਿਆ।

ਬੁਲਾਰੇ ਨੇ ਕਿਹਾ ਕਿ ਪੱਤਰਕਾਰ ਨੂੰ ਕੇਵਲ ਇਸ ਲਈ ਮਾਰਿਆ ਗਿਆ, ਕਿਉਂਕਿ ਉਹ ਅਜ਼ਾਦ ਦੇ ਫੜੇ ਜਾਣ ਅਤੇ ਉਸ ਦੀ ਹੱਤਿਆ ਦੇ ਗਵਾਹ ਸਨ ਅਤੇ ਪੁਲਸ ਨੇ ਇਸ ਘਟਨਾ ਦੀ ਸਚਾਈ ਲੁਕੋਣ ਲਈ ਉਸ ਨੂੰ ਮਾਰ ਦਿੱਤਾ। ਹਾਲਾਂਕਿ ਇਨ੍ਹਾਂ ਦੋਵਾਂ ਅਖ਼ਬਾਰਾਂ ਨੇ ਹੇਮ ਚੰਦਰ ਪਾਂਡੇ ਦੇ ਉਨ੍ਹਾਂ ਦੇ ਨਾਲ ਕੰਮ ਕਰਨ ਦੀ ਪੁਸ਼ਟੀ ਨਹੀਂ ਕੀਤੀ, ਪਰ ਪਾਂਡੇ ਪਰਿਵਾਰ ਦਾ ਕਹਿਣਾ ਹੈ ਕਿ ਉਹ ਪੱਤਰਕਾਰਤਾ ਦੇ ਕੰਮ ਲਈ ਹੀ ਬਾਹਰ ਗਏ ਹੋਏ ਸਨ। ਦਿੱਲੀ ਵਿਚ ਹੇਮ ਚੰਦਰ ਪਾਂਡੇ ਦੀ ਪਤਨੀ ਵਨੀਤਾ ਪਾਂਡੇ ਨੇ ਇਕ ਸਾਬਕਾ ਆਈ.ਏ.ਐਸ. ਅਧਿਕਾਰੀ ਅਤੇ ਸਮਾਜ ਸੇਵਕ ਬੀ ਡੀ ਸ਼ਰਮਾ ਦੀ ਮੌਜੂਦਗੀ ਵਿਚ ਇਕ ਪ੍ਰੈਸ ਕਾਨਫਰੰਸ ਵਿਚ ਪੁਲਸ ਦੇ ਦਾਅਵੇ ਨੂੰ ਖਾਰਜ ਕਰਦਿਆਂ ਮੁਕਾਬਲੇ ਨੂੰ ਫਰਜ਼ੀ ਕਰਾਰ ਦਿੱਤਾ ਸੀ। ਵਨੀਤਾ ਪਾਂਡੇ ਨੇ ਕਿਹਾ ਕਿ ਮੇਰੇ ਪਤੀ ਪੱਤਰਕਾਰਤਾ ਦੇ ਕੰਮ ਲਈ ਨਾਗਪੁਰ ਜਾ ਰਹੇ ਸਨ ਤੇ ਉਹ ਦੋ ਜੁਲਾਈ ਨੂੰ ਵਾਪਸ ਆਉਣ ਵਾਲੇ ਸਨ।

ਬਾਅਦ ਵਿਚ ਅਖ਼ਬਾਰਾਂ ਵਿਚ ਖ਼ਬਰ ਆਉਣ ਤੋਂ ਬਾਅਦ ਮੈਨੂੰ ਉਨ੍ਹਾਂ ਬਾਰੇ ਪਤਾ ਲੱਗਿਆ। ਵਨੀਤਾ ਨੇ ਕਿਹਾ ਕਿ ਉਸ ਦੇ ਪਤੀ ਅਜ਼ਾਦ ਪੱਤਰਕਾਰ ਸਨ, ਜੋ ਨਈ ਦੁਨੀਆ, ਸਹਾਰਾ ਤੇ ਦੈਨਿਕ ਜਾਗਰਣ ਵਰਗੀਆਂ ਅਖ਼ਬਾਰਾਂ ਲਈ ਲਿਖਦੇ ਸਨ।

ਉਨ੍ਹਾਂ ਦੋਸ਼ੀਆਂ ਵਿਰੁਧ ਸਖਤ ਕਾਰਵਾਈ ਦੀ ਮੰਗ ਕਰਦਿਆਂ ਕਿਹਾ ਕਿ ਉਹ ਇਨ੍ਹਾਂ ਖਿਲਾਫ ਮੁਕੱਦਮਾ ਦਾਇਰ ਕਰੇਗੀ।

ਆਂਧਰਾ ਪ੍ਰਦੇਸ਼ ਪੁਲਸ ਨੇ ਵੀ ਇਸ ਮਾਮਲੇ ਵਿਚ ਚੁੱਪ ਧਾਰ ਰੱਖੀ ਹੈ। ਮਾਓਵਾਦੀਆਂ ਦੇ ਸਮਰਥਕ ਵਰਵਰਾ ਰਾਓ ਨੇ ਕਿਹਾ ਕਿ ਇਹ ਪੱਤਰਕਾਰ ਅਪਰੇਸ਼ਨ 'ਗਰੀਨ ਹੰਟ' ਦੇ ਨਾਂਅ 'ਤੇ ਹੋਣ ਵਾਲੇ ਅੱਤਿਆਚਾਰ ਦੀ ਰਿਪੋਰਟਿੰਗ ਲਈ ਉਥੇ ਜਾ ਰਹੇ ਸਨ। ਉਨ੍ਹਾਂ ਇਸ ਮਾਮਲੇ ਦੀ ਨਿਆਂਇਕ ਜਾਂਚ ਕਰਾਉਣ ਦੀ ਮੰਗ ਕੀਤੀ ਹੈ। ਰਾਜ ਦੇ ਮਨੁੱਖੀ ਅਧਿਕਾਰ ਕਮਿਸ਼ਨ ਨੇ ਆਦਿਲਾਬਾਦ ਜ਼ਿਲ੍ਹਾ ਪ੍ਰਸ਼ਾਸਨ ਨੂੰ ਕਿਹਾ ਹੈ ਕਿ ਉਹ ਦੂਜੇ ਵਿਅਕਤੀ ਦੀ ਲਾਸ਼ ਨੂੰ ਤਦ ਤਕ ਸੁਰੱਖਿਅਤ ਰੱਖੇ, ਜਦ ਤਕ ਉਨ੍ਹਾਂ ਦੇ ਪਰਿਵਾਰ ਦਾ ਕੋਈ ਮੈਂਬਰ ਉਸ ਨੂੰ ਲੈਣ ਨਹੀਂ ਆਉਂਦਾ।

ਕਮਿਸ਼ਨ ਨੇ ਉਸ ਦੀ ਲਾਸ਼ ਦੀਆਂ ਤਸਵੀਰਾਂ ਆਂਧਰਾ ਪ੍ਰਦੇਸ਼ ਵਿਚ ਪ੍ਰਕਾਸ਼ਿਤ ਕਰਨ ਲਈ ਵੀ ਆਖਿਆ ਹੈ। ਆਂਧਰਾ ਪ੍ਰਦੇਸ਼ ਦੇ ਪੱਤਰਕਾਰਾਂ ਵਿਚ ਇਸ ਖ਼ਬਰ ਨੇ ਚਿੰਤਾ ਅਤੇ ਗੁੱਸੇ ਦੀ ਲਹਿਰ ਪੈਦਾ ਕਰ ਦਿੱਤੀ ਹੈ, ਕਿਉਂਕਿ ਰਾਜ ਦੇ ਕਈ ਪੱਤਰਕਾਰ ਮਾਓਵਾਦੀ ਆਗੂਆਂ ਨੂੰ ਮਿਲਣ ਅਤੇ ਉਨ੍ਹਾਂ ਦੀ ਇੰਟਰਵਿਊ ਲਈ ਜੰਗਲ ਵਿਚ ਜਾਂਦੇ ਰਹਿੰਦੇ ਹਨ।

# ਚਲ ਭਗਤਾ ਹੋ ਜਾ ਵਲੈਤੀਆ

**ਜਨਮੇਜਾ ਸਿੰਘ ਜੌਹਲ***

'ਵਲੈਤ' ਮੁੱਢੋਂ ਤਾਂ ਫਾਰਸੀ ਦਾ ਸ਼ਬਦ ਹੈ ਜਿਸਦੇ ਸਹੀਂਦੇ ਅਰਥ ਹਨ 'ਬੇਗਾਨੀ ਧਰਤੀ' ਜਾਂ 'ਰੁਜ਼ਗਾਰ ਦੀ ਧਰਤੀ'। ਕਈ ਹੋਰ ਫਾਰਸੀ ਸ਼ਬਦਾਂ ਵਾਂਗ ਵਲੈਤ ਸ਼ਬਦ ਵੀ ਪੰਜਾਬੀ ਦਾ ਹੋ ਕੇ ਰਹਿ ਗਿਆ ਹੈ। ਵਲੈਤ ਨੇ ਜਦੋਂ ਰੰਗ ਦਿਖਾਏ ਤਾਂ ਫੇਰ ਸਾਰਾ ਦੁਆਬਾ ਵਲੈਤੀਆ ਹੋ ਗਿਆ। 1947 ਦੀ ਵੰਡ ਤੋਂ ਬਾਅਦ ਜ਼ਮੀਨਾਂ ਅਲਾਟ ਕਰਨ ਵਿਚ ਹੋਈ ਹੇਰਾਫੇਰੀ ਨੇ ਬਾਰੋਂ ਆਏ ਪੰਜਾਬੀਆਂ ਦੀਆਂ ਮੁਹਾਰਾਂ ਵਲੈਤ ਵੱਲ ਮੋੜ ਦਿੱਤੀਆਂ। ਬਾਰ ਵਿਚ ਮੁਰੱਬਿਆਂ ਦੇ ਮਾਲਕ, ਕਨਾਲਾਂ, ਜੋਗੇ ਰਹਿ ਗਏ ਸਨ। ਫੇਰ ਭਲਾ ਇਹ ਕਿਉਂ ਨਾ ਦੂਜੇ ਮੁਲਕਾਂ ਵਲ ਵਹੀਰਾਂ ਘੱਤਦੇ? ਕੋਈ ਫਿਜ਼ੀ, ਕੋਈ ਮਲੇਸ਼ੀਆ, ਕੋਈ ਕੋਈ ਅਫਰੀਕਾ ਤੇ ਬਹੁਤ ਬਰਤਾਨੀਆ ਜਾ ਵਸੇ। ਵਾਊਚਰਾਂ ਤੇ ਗਏ ਇਹ ਲੋਕ ਉਥੋਂ ਦੇ ਪੱਕੇ ਵਸਨੀਕ ਬਣ ਗਏ। 60ਵਿਆਂ ਦੇ ਅੱਧੋਂ ਬਾਅਦ ਜੋ ਮੁੜ ਆਏ, ਪੱਕੇ ਜਾਂ ਅਸਥਾਈ, ਆਪਣੇ ਘਰਾਂ ਦੇ ਮੂਹਰੇ...ਸਿੰਘ ਵਲੈਤੀਆ ਲਿਖਣ ਲੱਗ ਪਏ। ਦੁਆਬੇ ਦੇ ਹਰ ਪਿੰਡ ਵਿਚ ਕਈ ਦਰਵਾਜੇ ਇੰਜ 'ਵਲੈਤੀਆ' ਨਾਮ ਵਾਲੇ ਲਭ ਪੈਂਦੇ ਸਨ। ਸਮੇਂ ਨਾਲ ਇਹ ਰਿਵਾਜ ਖ਼ਤਮ ਹੁੰਦਾ ਗਿਆ। ਬਜ਼ੁਰਗ ਰਬ ਨੂੰ ਪਿਆਰੇ ਹੁੰਦੇ ਗਏ। ਟੱਬਰਾਂ ਦੇ ਟੱਬਰ ਵਲੈਤ ਪੱਕੇ ਵਸ ਗਏ। ਨਵੀਂ ਪੀੜ੍ਹੀ ਨੇ ਕੰਨੀਂ ਮੁੰਦਰਾਂ ਤੱਕ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਅੱਜ ਦੇ ਇਹ ਵਲੈਤੀਏ ਤਾਂ ਇਹ ਵੀ ਨਹੀਂ ਜਾਣਦੇ ਕਿ 'ਵਲੈਤ' ਸ਼ਬਦ ਦੀ ਵੀ ਕੋਈ ਹੋਂਦ ਹੈ ਪਰ ਇਸ ਵਿਚ ਇਨ੍ਹਾਂ ਦਾ ਵੀ ਕੀ ਕਸੂਰ? ਵੀਜ਼ੇ ਦੀਆਂ ਸਖਤਾਈਆਂ ਤੇ ਪਰਿਵਾਰਾਂ ਦਾ ਧਰੁਵੀਕਰਨ ਨਵੇਂ ਵਲੈਤੀਏ ਪੈਦਾ ਕਰਨ ਦੇ ਵਿਚ ਵੱਡੀਆਂ ਰੁਕਾਵਟਾਂ ਹਨ। ਇਕ ਖੁਸ਼ਕ ਜਿਹਾ ਮਾਹੌਲ ਪੈਦਾ ਹੋ ਗਿਆ ਹੈ। ਨਾ ਤਾਂ ਵਲੈਤ ਜਾਣ ਦਾ ਚਾਅ ਹੈ ਤੇ ਨਾ ਹੀ ਵਲੈਤੋਂ ਆਉਣ ਵਾਲਿਆਂ ਨੂੰ ਵਲੈਤੀਏ ਅਖਵਾਉਣ ਦਾ ਟਸ਼ਨ। ਇਹੋ ਜਿਹੇ ਮਾਹੌਲ ਵਿਚ ਜੇ ਕਿਤੇ ਕੋਈ ਬੰਦਾ ਵਲੈਤੀਆ ਬਣਨਾ ਚਾਹੇ ਤਾਂ ਸਮਝੋ ਆਨੰਦ ਦੀ ਨਵੀਂ ਸੀਮਾ ਪੈਦਾ ਹੁੰਦੀ ਹੈ। ਮੇਰਾ ਇਕ ਚੰਗਾ ਜਾਣਕਾਰੀ ਤੇ ਮੈਂ ਘਰੋਂ ਤੁਰ ਪਏ ਇੰਗਲੈਂਡ ਦੇ ਦੌਰੇ 'ਤੇ। ਮੇਰੀ ਇਹ ਪਿਛਲੇ 36 ਸਾਲਾਂ ਵਿਚ ਚੌਥੀ ਵਾਰੀ ਸੀ। ਪਹਿਲੋਂ 1970 ਵਿਚ ਫੇਰ 1990 ਵਿਚ, ਫੇਰ 1994 ਵਿਚ ਤੇ ਫੇਰ 2006 ਵਿਚ। 12 ਸਾਲ ਦੇ ਵਕਫੇ ਬਾਅਦ ਇਸਨੂੰ ਪਹਿਲੀ ਵਾਰ ਕਹਿ ਲੈਣਾ ਠੀਕ ਹੋਵੇਗਾ। ਮੇਰਾ ਜਾਣਕਾਰ ਇਕ ਇਹੋ ਜਿਹਾ 'ਸਿੰਘ' ਸੀ ਜੋ ਸਮਾਜਿਕ ਤੌਰ 'ਤੇ ਤਾਂ 'ਸੁਰਜੀਤ' ਸੀ ਪਰ ਤੁਰਨ ਫਿਰਨ ਜਾਂ ਸੈਰ ਸਪਾਟੇ ਦੇ ਪੱਖੋਂ 'ਭਗਤ' ਹੀ ਸੀ। ਲੁਦੇਹਾਣੇ ਸ਼ਹਿਰੋਂ ਬਾਹਰ ਉਸਨੇ ਕਦੇ ਘੱਟ ਹੀ ਰਾਤ ਕੱਟੀ ਸੀ। 'ਲੁਦੇਹਾਣਾ' 'ਤੇ 'ਲੰਡਨ' ਇੱਕੋ ਰਾਸ਼ੀ ਦੇ ਸ਼ਹਿਰ ਹਨ ਤੇ ਇਨ੍ਹਾਂ ਦਾ ਮਿਲਦਾ ਵੀ ਕਈ ਕੁਝ ਹੈ। ਇਹ ਦੋਵੇਂ ਸ਼ਹਿਰ ਬੇਹਿਸਾਬੇ ਫੈਲੇ ਹਨ ਤੇ ਨਿਰਮਲ ਨਹੀਂ ਹਨ। ਦੋਹਾਂ ਸ਼ਹਿਰਾਂ ਵਿਚ ਕੋਈ ਕਿਸੇ ਦਾ ਆਪਣਾ ਲੱਭ ਪਏ, ਸਮਝੋ ਲਾਟਰੀ ਨਿਕਲ ਆਈ। ਜਹਾਜ਼ ਦੋ ਘੰਟੇ ਲੇਟ ਸੀ। ਗੁਰੂ ਦੀ ਨਗਰੀ ਤੋਂ ਪਹਿਲੀ ਵਾਰ ਜਹਾਜ਼ ਚੜ੍ਹ ਰਹੇ ਸਾਂ। ਭਗਤ ਜੀ ਬੜੇ ਹੀ ਘਬਰਾ ਰਹੇ ਸਨ। ਥੋੜ੍ਹੇ ਥੋੜ੍ਹੇ ਸਮੇਂ ਬਾਅਦ ਘਰੇ ਫੋਨ ਕਰ ਰਹੇ ਸਨ। ਉਨ੍ਹਾਂ ਦੇ ਅੰਦਰ ਟਿਕਾਅ ਜਿਹਾ ਨਹੀਂ ਸੀ। ਘਰੋਂ ਬਾਹਰ ਰਹਿਣ ਦਾ ਅਹਿਸਾਸ ਪਹਿਲੀ ਵਾਰ ਹੋ ਰਿਹਾ ਸੀ। ਉਨ੍ਹਾਂ ਵੱਲੋਂ ਨਿੱਕੇ ਨਿੱਕੇ ਸਵਾਲ ਸਿਰਫ ਦਿਲ ਨੂੰ ਬੰਨਣ ਲਈ ਹੀ ਕੀਤੇ ਜਾ ਰਹੇ ਸਨ। ਮੇਰੇ ਨਾਲ ਛੋਟੇ ਛੋਟੇ ਫਿਕਰਾਂ ਦਾ ਜ਼ਿਕਰ ਸਿਰਫ ਮਨ ਨੂੰ ਧਰਵਾਸਾ ਦੇਣ ਦੀ ਖਾਤਰ ਸਨ।

ਏਅਰਪੋਰਟ ਦੀ ਬਸ ਵਿਚੋਂ ਉਤਰ ਕੇ ਜਦੋਂ ਜਹਾਜ਼ ਦੀ ਪਹਿਲੀ ਪੌੜੀ ਚੜ੍ਹੀ ਤਾਂ ਮੇਰੇ ਮੂੰਹੋਂ ਅਚਾਨਕ ਨਿਕਲ ਗਿਆ, 'ਲੈ ਭਗਤਾ, ਚੁੱਕ ਲਾ ਪੈਰ ਪੰਜਾਬ ਦੀ ਧਰਤੀ ਤੋਂ ਤੇ ਵਧਾ ਲੈ ਕਦਮ ਵਲੈਤ ਵੱਲ' ਸੱਚ ਮੰਨਿਓ ਇਕ ਵਾਰੀ ਤਾਂ ਉਸ ਦੇ ਕਦਮ ਖਲੋ ਹੀ ਗਏ। ਕੀ ਸੱਚੀ ਮੁੱਚੀਂ ਹੁਣ ਉਸਦੇ ਪੈਰ ਪੰਜਾਬ ਦੀ ਧਰਤੀ 'ਤੇ ਨਹੀਂ ਹਨ? ਦਿਸਹੱਦਿਆਂ ਨੂੰ ਮੰਜ਼ਲ ਸਮਝ ਜਹਾਜ਼ ਨੇ ਪੜਾਵਾਂ ਨੂੰ ਸਰ ਕੀਤਾ। ਸਾਰੀ ਰਾਤ ਦੀ ਥਕਾਨ, ਘਰ ਦੀ ਯਾਦ ਤੇ ਅਣਦੇਖੀ ਧਰਤੀ ਤੇ ਸਾਰੀ ਦੁਨੀਆਂ ਦੇ ਸਾਂਝੇ ਸੂਰਜ ਦੀ ਰੌਸ਼ਨੀ ਨੇ ਜਦੋਂ ਝਲਕ ਦਿੱਤੀ ਤਾਂ 'ਭਗਤ' ਦਾ ਮਨ ਖਿਲ ਉਠਿਆ। ਜਹਾਜ਼ ਨੇ ਆਪਣਾ ਕਰਮ ਨਿਭਾਅ ਦਿੱਤਾ। ਹੱਥ ਵਿਚ ਸਟੈਂਪ ਲੱਗਾ ਪਾਸਪੋਰਟ ਫੜੀ, ਗਲ ਵਿਚ ਬੈਗ ਲਮਕਾਈ, ਚਿਹਰੇ ਤੇ ਮੁਸਕਾਨ ਲੈ ਕੇ ਜਦੋਂ 'ਭਗਤ' ਇਮੀਗਰੇਸ਼ਨ ਦੇ ਕਾਊਂਟਰ ਤੋਂ ਬਾਹਰ ਆਇਆ ਤਾਂ ਮੇਰੇ ਕੋਲੋਂ ਫੇਰ ਸਹਿਜ ਸੁਭਾਅ ਕਹਿ ਹੋ ਗਿਆ, 'ਚਲ ਭਗਤਾ, ਹੋ ਜਾ ਵਲੈਤੀਆ'।

ਮੇਰੇ ਚੇਤਿਆਂ ਵਿਚ ਵਸਿਆ 'ਵਲੈਤੀਆ' ਸ਼ਬਦ ਸ਼ਾਇਦ ਆਪਣਾ ਵਜੂਦ ਲੱਭ ਰਿਹਾ ਸੀ। ਹੁਣ ਜਦ ਮੈਂ ਵਾਪਸ ਆਪਣੇ ਸ਼ਹਿਰ ਪਹੁੰਚਾਂਗਾ ਤਾਂ ਮੈਨੂੰ ਪੂਰੀ ਉਮੀਦ ਹੋਵੇਗੀ ਕਿ ਭਗਤ ਨੇ ਆਪਣੇ ਘਰ ਦੇ ਬਾਹਰ ਫੱਟੀ ਉਤੇ 'ਭਗਤ ਵਲੈਤੀਆ' ਜ਼ਰੂਰ ਲਿਖਿਆ ਹੋਵੇਗਾ। ਜੇਕਰ ਨਹੀਂ ਵੀ ਲਿਖੇਗਾ ਤਾਂ ਘੱਟੋ ਘੱਟ ਮੇਰੇ ਸੁਪਨੇ ਜਰੂਰ ਇਹ ਫੱਟੀ ਦੇਖ ਲੈਣਗੇ ਇਕ ਰਾਤ।

**ਫੋਨ:91-98159-45018*

# ਖੇਡਾਂ 'ਚ ਤਾਂ ਸਿਆਸਤ ਹੈ ਪਰ ਸਿਆਸਤ 'ਚ ਖੇਡ ਭਾਵਨਾ ਦੀ ਕਮੀ-ਅਡਵਾਨੀ

**ਨਵੀਂ ਦਿੱਲੀ :** ਭਾਜਪਾ ਦੇ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੇ ਸਿਆਸਤ ਵਿਚ ਖੇਡ ਭਾਵਨਾ ਦੀ ਕਮੀ ਦਸਦਿਆਂ ਕਿਹਾ ਕਿ ਖਬੇਪੱਖੀਆਂ ਦਾ ਉਨ੍ਹਾਂ ਦੀ ਪਾਰਟੀ ਪ੍ਰਤੀ ਰਵਈਆ ਕਈ ਵਾਰ ਸਿਆਸੀ ਛੂਤਛਾਤ ਵਰਗਾ ਮਹਿਸੂਸ ਹੁੰਦਾ ਹੈ।



ਸਾਬਕਾ ਉਪ ਪ੍ਰਧਾਨ ਮੰਤਰੀ ਨੇ ਆਪਣੇ ਬਲਾਗ ਵਿਚ ਲਿਖਿਆ, ''ਕਿਹਾ ਜਾਂਦਾ ਹੈ ਕਿ ਭਾਰਤ ਵਿਚ ਖੇਡਾਂ ਵਿਚ ਬਹੁਤ ਜ਼ਿਆਦਾ ਰਾਜਨੀਤੀ ਹੈ ਪਰ ਮੰਦਭਾਗੀ ਗੱਲ ਇਹ ਹੈ ਕਿ ਸਿਆਸਤ ਵਿਚ ਖੇਡ ਭਾਵਨਾ ਦੀ ਬਹੁਤ ਕਮੀ ਹੈ।'' ਉਨ੍ਹਾਂ ਲਿਖਿਆ ਹੈ ਕਿ ਬੀਤੀ 7 ਮਈ ਨੂੰ ਖ਼ਤਮ ਹੋਏ ਸੰਸਦ ਦੇ ਬਜਟ ਸੈਸ਼ਨ ਦੇ ਆਖਰੀ ਹਫਤੇ ਦੌਰਾਨ ਜਦੋਂ ਉਹ ਸੰਸਦ ਭਵਨ ਦੇ ਅਪਣੇ ਕਮਰੇ ਵਿਚ ਬੈਠੇ ਸਨ ਤਾਂ ਪਾਰਟੀ ਆਗੂ ਸੁਸ਼ਮਾ ਸਵਰਾਜ ਨੇ ਫ਼ੋਨ ਕਰ ਕੇ ਦੱਸਿਆ ਕਿ ਸੀ.ਪੀ.ਐਮ. ਦੇ ਸੰਸਦ ਮੈਂਬਰ ਬਾਸੁਦੇਵ ਅਚਾਰਿਆ ਅਤੇ ਸੀ.ਪੀ.ਆਈ. ਦੇ ਗੁਰੂਦਾਸ ਦਾਸ ਗੁਪਤਾ ਉਨ੍ਹਾਂ ਨਾਲ ਮਿਲ ਕੇ ਸੰਖੇਪ ਚਰਚਾ ਕਰਨੀ ਚਾਹੁੰਦੇ ਹਨ। ਇਸ ਮਗਰੋਂ ਅਡਵਾਨੀ ਸੁਸ਼ਮਾ ਦੇ ਕਮਰੇ ਵਿਚ ਪਹੁੰਚ ਗਏ। ਅਡਵਾਨੀ ਨੇ ਲਿਖਿਆ, ''ਮੈਨੂੰ ਵੇਖਦਿਆਂ ਹੀ ਦਾਸਗੁਪਤਾ ਨੇ ਕਿਹਾ ਕਿ ਅਡਵਾਨੀ ਜੀ ਅੱਜ ਪਹਿਲੀ ਵਾਰ ਅਸੀਂ ਮਨਾਹੀ ਵਾਲੇ ਖੇਤਰ ਵਿਚ ਆਏ ਹਾਂ। ਮੈਂ ਮੁਸਕਰਾਉਂਦਿਆਂ ਕਿਹਾ ਸਾਡੇ ਲਈ ਅਜਿਹੀ ਕੋਈ ਗੱਲ ਨਹੀਂ। ਇਹ ਰੋਕ ਤੁਸੀਂ ਆਪ ਲਗਾਈ ਹੈ।''

ਅਡਵਾਨੀ ਮੁਤਾਬਕ, ''ਖੱਬੇਪੱਖੀਆਂ ਦੀ ਕਾਂਗਰਸ ਨਾਲ ਨਜ਼ਦੀਕੀ ਜ਼ਿਆਦਾ ਪੁਰਾਣੀ ਨਹੀਂ ਹੈ। ਇਸ ਤੋਂ ਪਹਿਲਾਂ ਹਮੇਸ਼ਾ ਖੱਬੇਪੱਖੀ ਕਾਂਗਰਸ ਵਿਰੋਧੀ ਧੜੇ ਦਾ ਹਿੱਸਾ ਹੁੰਦੇ ਸਨ। ਜਨਸੰਘ ਅਤੇ ਭਾਜਪਾ ਸਣੇ ਹੋਰਨਾਂ ਪਾਰਟੀਆਂ ਦੀਆਂ ਗਤੀਵਿਧੀਆਂ ਵਿਚ ਉਹ ਸ਼ਾਮਲ ਹੁੰਦੇ ਸਨ।'' ਸਾਬਕਾ ਉਪ ਪ੍ਰਧਾਨ ਮੰਤਰੀ ਨੇ ਕਿਹਾ, ''ਵੀ.ਪੀ. ਸਿੰਘ ਸਰਕਾਰ ਵੇਲੇ ਮੁੱਖ ਮੰਤਰੀ ਜਯੋਤੀ ਬਾਸੂ ਦਾ ਇਕ ਸੁਨੇਹਾ ਮੈਨੂੰ ਮਿਲਿਆ ਕਿ ਤੁਸੀਂ ਅਤੇ ਅਟਲ ਬਿਹਾਰੀ ਵਾਜਪਾਈ ਨਵੀਂ ਦਿੱਲੀ ਦੇ ਵਸੰਤ ਵਿਹਾਰ ਇਲਾਕੇ ਵਿਚ ਮੇਰੇ ਨਾਲ ਰਾਤ ਦਾ ਖਾਣਾ ਖਾ ਸਕਦੇ ਹੋ। ਅਸੀਂ ਚਰਚਾ ਕਰਾਂਗੇ ਕਿ ਵੀ.ਪੀ. ਸਿੰਘ ਸਰਕਾਰ ਦਾ ਕੰਮਕਾਜ ਕਿਵੇਂ ਸੁਧਾਰਿਆ ਜਾ ਸਕਦਾ ਹੈ। ਸਾਡੇ ਹਾਂ ਕਹਿਣ 'ਤੇ ਇਕ ਸਾਂਝੇ ਦੋਸਤ ਦੇ ਘਰ ਰਾਤ ਦੇ ਖਾਣੇ ਦਾ ਪ੍ਰਬੰਧ ਹੋਇਆ। ਇਸ ਮਗਰੋਂ ਮੈਂ ਬਾਸੂ ਨੂੰ ਸੁਨੇਹਾ ਭੇਜਿਆ ਕਿ ਜੇ ਇਹ ਖਾਣਾ ਵਾਜਪਾਈ ਜਾਂ ਮੇਰੇ ਘਰ ਹੁੰਦਾ ਤਾਂ ਜ਼ਿਆਦਾ ਚੰਗਾ ਹੁੰਦਾ। ਜਵਾਬ ਮਿਲਿਆ ਕਿ ਉਨ੍ਹਾਂ ਦੀ ਪਾਰਟੀ ਇਸ ਨੂੰ ਪਸੰਦ ਨਹੀਂ ਕਰਦੀ।''

# ਵਿਛੜੇ ਗੁਰਧਾਮਾਂ ਦੇ ਦਰਸ਼ਨ ਦੀਦਾਰੇ

*(ਸਫਾ 18 ਦੀ ਬਾਕੀ)*

ਆਲੀਸ਼ਾਨ ਬਣਾ ਲਏ, ਉਸ ਬਾਬੇ ਦੇ 18 ਸਾਲਾਂ ਤਕ ਪਵਿੱਤਰ ਚਰਨਾਂ ਵਾਲੀ ਜਗ੍ਹਾ ਕਿੰਦਾਂ ਅਣਗੌਲੀ ਪਈ ਹੈ। ਉਸ ਵਕਤ ਉਥੇ ਰਾਤ ਰਹਿਣ ਦਾ ਤਾਂ ਪ੍ਰਬੰਧ ਨਹੀਂ ਸੀ, ਉਹ ਸ਼ਰਧਾਲੂ ਵਾਪਸ ਚਲੇ ਗਏ। ਉਨ੍ਹਾਂ ਨੇ ਹੀ ਇੰਗਲੈਂਡ ਦੀ ਸੰਗਤ ਨੂੰ ਦੱਸਿਆ ਤਾਂ ਉਥੋਂ ਸਿੱਖਾਂ ਨੇ ਆ ਕੇ ਇਥੇ ਸਾਫ-ਸਫਾਈ ਕਰਵਾਈ ਤੇ ਨਿਸ਼ਾਨ ਸਾਹਿਬ ਝੁਲਾਇਆ। ਫਿਰ ਔਕਾਫ ਬੋਰਡ ਨੇ ਵੀ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਮੁੜ ਸਿੱਖ ਸੰਗਤਾਂ ਦੇ ਦਰਸ਼ਨ ਦੀਦਾਰਿਆਂ ਲਈ ਖੋਲ੍ਹ ਦਿੱਤਾ। ਹੁਣ ਤਾਂ ਬਿਜਲੀ-ਪਾਣੀ ਦਾ ਪੂਰਾ ਪ੍ਰਬੰਧ ਹੈ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ ਤੇ ਪੱਕਾ ਗ੍ਰੰਥੀ ਸਿੰਘ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਨਿਯੁਕਤ ਕੀਤਾ ਹੋਇਆ ਹੈ। ਇਹ ਭਾਈ ਜੀ ਵੀ ਉਦਾਂ ਨਨਕਾਣਾ ਸਾਹਿਬ ਦੇ ਹੀ ਰਹਿਣ ਵਾਲੇ ਹਨ। ਅਸੀਂ ਭਾਈ ਸਾਹਿਬ ਨੂੰ ਪੁੱਛਿਆ ਕਿ ਤੁਸੀਂ ਆਪਣੀ ਬੱਚੀ ਦੀ ਪੜ੍ਹਾਈ ਕਿੱਦਾਂ ਕਰਾਉਂਦੇ ਹੋ, ਕਿਉਂਕਿ ਉਥੇ ਬੈਠਿਆਂ ਹੀ ਬੱਚੀ ਆਪਣਾ ਬਸਤਾ ਲੈ ਕੇ ਡਰਾਇੰਗ ਦੀ ਕਾਪੀ 'ਤੇ ਕੁਝ ਬਣਾਉਣ ਲੱਗ ਪਈ ਸੀ। ਭਾਈ ਜੀ ਨੇ ਦੱਸਿਆ ਕਿ ਇਥੋਂ ਸਕੂਲ ਕੋਈ 5 ਕੁ ਕਿਲੋਮੀਟਰ ਦੂਰ ਹੈ ਤੇ ਇਕ ਬੱਸ ਪਿਛਲੇ ਪਿੰਡੋਂ ਵੀ ਨਿਆਣੇ ਲਿਆਉਂਦੀ ਹੈ ਤੇ ਅਸੀਂ ਵੀ ਇਹਨੂੰ ਮੇਨ ਰੋਡ ਤਕ ਲੈ ਜਾਈਦਾ ਹੈ, ਉਥੋਂ ਬੱਸ ਵਿਚ ਹੀ ਜਾਂਦੀ-ਆਉਂਦੀ ਹੈ। ਉਹਨੇ ਦੱਸਿਆ ਕਿ ਇਹਦਾ ਇਕੱਲੀ ਦਾ ਹੀ ਸਿੱਖ ਹੋਣਾ ਸਕੂਲ 'ਚ ਕੋਈ ਮੁਸ਼ਕਲ ਖੜੀ ਨਹੀਂ ਕਰਦਾ ਸਗੋਂ ਸਾਰੇ ਟੀਚਰ ਇਸਨੂੰ ਪਿਆਰ ਕਰਦੇ ਹਨ।

ਇਕ ਗੱਲ ਹੋਰ, ਜਿਹੜੀ ਅਨੁਭਵ ਹੋਈ ਕਿ ਭਾਵੇਂ 53 ਸਾਲ ਤਕ ਇਸ ਗੁਰਦੁਆਰੇ ਨੂੰ ਗੈਰ-ਸਿੱਖ ਮਾੜੇ ਲੋਕਾਂ ਨੇ ਵਰਤਿਆ ਪਰ ਬਿਲਡਿੰਗ ਦਾ ਕੋਈ ਵੀ ਨੁਕਸਾਨ ਨਹੀਂ ਕੀਤਾ ਸੀ। ਕਿਤੇ ਇਹੋ ਜਿਹੇ ਹਾਲਾਤ ਵਾਲੀ ਗੱਲ ਵਿਚ ਕੋਈ ਸਿੱਖ ਗੁਰਦੁਆਰਾ ਆਪਣੇ ਨਿੰਕਰਧਾਰੀਆਂ ਦੇ ਹੱਥਾਂ ਵਿਚ ਚਲਾ ਜਾਂਦਾ ਤਾਂ ਹਾਲਤ ਬਾਬਰੀ ਮਸਜਿਦ ਵਾਲੀ ਹੋਣੀ ਸੀ। ਗੁਰਦੁਆਰਾ ਇਮਾਰਤ ਦੇ ਵਿਚਕਾਰ ਵੱਡਾ ਗੁੰਬਦ ਹੈ ਤੇ ਚਾਰ ਆਲੇ-ਦੁਆਲੇ ਛੋਟੇ ਗੁੰਬਦ ਹਨ। ਹੁਣ ਤਾਂ ਅੰਦਰੋਂ ਬਹੁਤ ਸਾਫ ਹੈ ਤੇ ਅੰਦਰ ਸਾਰੇ ਹੀ ਦਰੀ ਵਿਛਾਈ ਹੋਈ ਹੈ। ਗੁਰਦੁਆਰੇ ਦੇ ਨਾਲ ਹੀ ਚੜ੍ਹਦੇ ਪਾਸੇ ਇਕ ਜਗ੍ਹਾ ਹੈ ਜਿਥੇ ਸਾਨੂੰ ਦੱਸਿਆ ਗਿਆ ਕਿ ਬਾਬਾ ਜੀ ਦੇ ਸਰੀਰ ਨੂੰ ਰੱਖਿਆ ਗਿਆ ਸੀ ਤੇ ਮੁਸਲਮਾਨ ਆਪਣਾ ਪੀਰ ਜਾਣ ਕੇ ਉਨ੍ਹਾਂ ਦੇ ਸਰੀਰ ਨੂੰ ਕਬਰ 'ਚ ਦਫਨਾਉਣਾ ਚਾਹੁੰਦੇ ਸਨ ਤੇ ਸਿੱਖ ਉਨ੍ਹਾਂ ਦਾ ਸੰਸਕਾਰ ਕਰਨਾ ਚਾਹੁੰਦੇ ਸਨ। ਕਹਿੰਦੇ ਹਨ ਪਈ ਜਦੋਂ ਸਰੀਰ ਤੋਂ ਚਾਦਰ ਚੁੱਕੀ ਤਾਂ ਉਥੇ ਕੁਝ ਵੀ ਨਹੀਂ ਸੀ ਤੇ ਦੋਹਾਂ ਫਿਰਕਿਆਂ ਨੇ ਉਹ ਚਾਦਰ ਹੀ ਅੱਧੀ-ਅੱਧੀ ਪਾੜ ਕੇ ਵੰਡ ਕੇ ਇਕ ਨੇ ਦਫਨਾ ਦਿੱਤੀ ਤੇ ਦੂਜੇ ਨੇ ਸਸਕਾਰ ਕਰ ਦਿੱਤਾ। ਨਿਸ਼ਾਨੀ ਵਜੋਂ ਦੋਵੇਂ ਥਾਵਾਂ ਨਾਲ-ਨਾਲ ਹੀ ਹਨ। ਚਾਦਰ ਚੁੱਕ ਕੇ ਪਾੜਨ ਦੀ ਇਕ ਵੱਡੀ ਪੁਰਾਣੀ ਪੇਂਟਿੰਗ ਵੀ ਕੰਧ 'ਤੇ ਬਣਾਈ ਹੋਈ ਹੈ, ਜਿਸਦੇ ਰੰਗ ਅਜੇ ਵੀ ਘਸਮੈਲੇ ਨਹੀਂ ਹੋਏ। ਇਹ ਵੀ 1920 ਵਿਚ ਜਦੋਂ ਗੁਰਦੁਆਰਾ ਬਣਿਆ, ਉਦੋਂ ਹੀ ਬਣਾਈ ਗਈ ਸੀ।

ਲੰਗਰ ਤੋਂ ਬਾਅਦ ਭਾਈ ਸਾਹਿਬ ਨੇ ਸਾਨੂੰ ਚਾਹ ਵੀ ਛਕਾ ਦਿੱਤੀ ਤੇ ਅਸੀਂ ਅਗਾਂਹ ਵੀ ਜਾਣਾ ਸੀ ਕਿਉਂਕਿ ਟਾਈਮ ਵੀ ਡੇਢ ਕੁ ਵੱਜ ਗਿਆ ਸੀ। ਬਾਹਰ ਨਿਕਲ ਕੇ ਭਾਈ ਜੀ ਨੇ ਹੱਥ ਦੇ ਇਸ਼ਾਰੇ ਨਾਲ ਦੱਸਿਆ ਕਿ ਇਹੋ ਬਾਬੇ ਦੇ ਖੇਤ ਹਨ, ਜਿਹੜੇ ਰਾਵੀ ਦਰਿਆ ਵਲ ਨੂੰ ਹਨ। ਜਿਥੇ ਗੁਰਦੁਆਰਾ ਹੈ, ਉਹ ਉਚੇ ਥਾਂ 'ਤੇ ਹੈ। ਇਹ ਗੁਰਦੁਆਰਾ ਜਿਥੇ ਸੁੱਚੀ ਕਿਰਤ-ਕਮਾਈ ਹੱਥੀਂ ਕਰਕੇ ਤੇ ਲੋੜਵੰਦਾਂ ਨੂੰ ਰੋਟੀ ਪਾਣੀ ਛਕਾ ਕੇ ਵੰਡ ਛਕਣ ਦੇ ਪ੍ਰਤੀਕ ਵਜੋਂ ਅਸੀਂ ਮਹਿਸੂਸ ਕੀਤਾ, ਉਥੇ ਹੀ ਇਸ ਜਗ੍ਹਾ ਨੇ ਭਾਈ ਲਹਿਣੇ ਨੂੰ ਗੁਰੂ ਅੰਗਦ ਦਾ ਰੂਪ ਬਖਸ਼ਿਆ ਤੇ ਬਾਬੇ ਨੇ ਪੰਥ ਨੂੰ ਅਗਲੀ ਮੰਜ਼ਿਲ ਲਈ ਉਨ੍ਹਾਂ ਦੇ ਹਵਾਲੇ ਕੀਤਾ। ਬਾਬਾ ਬੁੱਢਾ ਜੀ ਵਰਗੇ ਬ੍ਰਹਮ ਗਿਆਨੀ ਵੀ ਇਸੇ ਪਵਿੱਤਰ ਥਾਂ 'ਤੇ ਆਏ। ਹੋ ਸਕਦਾ ਕਿ ਜੋਗੀ ਨਾਥ ਵੀ ਬਾਬੇ ਕੋਲ ਇਥੇ ਆਉਂਦੇ ਰਹੇ ਹੋਣ ਕਿਉਂਕਿ ਕਰਤਾਰਪੁਰ ਤੋਂ ਹੀ ਬਾਬਾ ਜੀ ਰਾਵੀ ਪਾਰ ਕਰਕੇ ਅਚੱਲ ਵਟਾਲੇ ਸਿੱਧਾਂ ਨਾਲ ਗੋਸ਼ਟਿ ਕਰਨ ਗਏ ਸਨ।

ਬਾਬੇ ਨਾਨਕ ਦੇ ਇਨ੍ਹਾਂ 18 ਸਾਲਾਂ ਦੇ ਜੀਵਨ 'ਤੇ ਜੇ ਝਾਤ ਮਾਰੀਏ ਤਾਂ ਜੋ ਰੂਪ ਗੁਰੂ ਜੀ ਦਾ ਸਾਡੇ ਪ੍ਰਚਾਰਕ ਅਕਸਰ ਬਿਆਨ ਕਰਦੇ ਹਨ ਕਿ ਬਾਬਾ ਭਾਵੇਂ ਖੇਤੀ ਕਰਦਾ ਸੀ ਪਰ ਜ਼ਿਆਦਾ ਇਹੋ ਕਹਿੰਦੇ ਹਨ ਕਿ ਬਾਬਾ ਜਦੋਂ ਦਰਬਾਰ ਲਾ ਕੇ ਤਖ਼ਤ 'ਤੇ ਬੈਠਦਾ ਸੀ ਤਾਂ ਸੰਗਤਾਂ ਉਹਦੇ ਦਰਬਾਰ ਵਿਚ ਆਉਂਦੀਆਂ ਸਨ ਤੇ ਅੱਠੇ ਪਹਿਰ ਕੀਰਤਨ ਹੁੰਦਾ ਰਹਿੰਦਾ ਸੀ। ਇਹ ਗੱਲਾਂ ਸੁਣ ਕੇ ਸਾਨੂੰ ਬਾਬਾ ਨਾਨਕ ਚਿੱਟੇ ਮਖਮਲੀ ਕੱਪੜੇ ਪਾ ਕੇ, ਸਿਰ 'ਤੇ ਚਿੱਟੀ ਚਮਕਦੀ ਗੋਲ ਪੱਗ ਵਾਲਾ, ਜਿਸ ਦੇ ਦੁਆਲੇ ਉਹਦੇ ਅਨੇਕਾਂ ਸ਼ਰਧਾਲੂ ਪੈਰਾਂ 'ਚ ਪਈ ਜਾਂਦੇ ਹੋਣ, ਅੱਜ ਦੇ ਕਿਸੇ ਸੰਤ ਬਾਬੇ ਦਾ ਭਾਉਲਾ ਪਾਉਂਦਾ, ਜਿਹੜਾ ਬੱਸ ਹੱਥ 'ਚ ਮਾਲਾ ਹੀ ਫੇਰੀ ਜਾਂਦਾ ਹੋਵੇ ਤੇ ਅੱਧ ਮੀਟੀਆਂ ਅੱਖਾਂ ਵਿਚ ਖੁਮਾਰੀ ਜਿਹੀ ਭਰ ਕੇ ਅਸ਼ੀਰਵਾਦ ਦੇਈ ਜਾਂਦਾ ਹੋਵੇ ਤੇ ਹੱਥੀਂ ਕੋਈ ਕੰਮ ਨਾ ਕਰਦਾ ਹੋਵੇ, ਚੇਲੇ-ਚਾਟੇ ਹੀ ਕਰੀ ਜਾਂਦੇ ਹੋਣੇ। ਇਉਂ ਲੱਗਦਾ ਜਿਵੇਂ ਬਾਬਾ ਤਾਂ ਬੱਸ ਅਸਲ ਵਿਚ ਤ੍ਰਿਕਾਲਾਂ-ਸਵੇਰ ਨੂੰ ਰਾਵੀ ਵਲ ਨੂੰ ਸੈਰ ਨੂੰ ਨਿਕਲਦਾ ਹੋਣਾ। ਉਹ ਜ਼ਮੀਨ ਦੇਖ ਕੇ ਲੱਗਾ ਕਿ ਬਾਬੇ ਨੇ ਇਸਦੀ ਚੋਣ ਬੜੀ ਸੋਚ ਸਮਝ ਕੇ ਜ਼ਮੀਨ ਦੀ ਤਾਸੀਰ ਜਾਂਚ ਕੇ ਖਰੀਦੀ ਕਿਉਂਕਿ ਇਹ ਦਰਿਆ ਦਾ ਮੰਡ ਏਰੀਆ ਹੈ। ਅਸੀਂ ਖੇਤੀ ਕਰਨ ਵਾਲੇ ਜਾਣਦੇ ਹੀ ਹਾਂ ਕਿ ਮੰਡ ਬੜੀ ਉਪਜਾਊ ਜ਼ਮੀਨ ਹੁੰਦੀ ਹੈ। ਸਭ ਤੋਂ ਪਹਿਲਾਂ ਬਾਬੇ ਨੇ ਜ਼ਮੀਨ ਵਿਚ ਰਹਿਣ ਲਈ ਕੱਚਾ ਕੋਠਾ ਹੀ ਪਾਇਆ ਹੋਣਾ ਤੇ ਫਿਰ ਪਸ਼ੂਆਂ ਲਈ ਵੀ ਕੋਈ ਢਾਰਾ ਆਪ ਹੀ ਤਿਆਰ ਕੀਤਾ ਹੋਣਾ। ਫਿਰ ਆਪ ਹੀ ਹਲ ਦੀ ਹੱਥੀ ਫੜ ਕੇ ਜੋਤੇ ਲਾ ਕੇ ਜ਼ਮੀਨ ਵਾਹੀ-ਸੁਆਰੀ ਹੋਣੀ ਤੇ ਪਸ਼ੂਆਂ ਨੂੰ ਪੱਠੇ ਵੀ ਆਪ ਵੱਢ ਕੇ ਪਾਉਂਦਾ ਹੋਣਾ। ਬਾਬੇ ਦੇ ਪੈਰੀਂ ਉਸ ਵਕਤ ਨਰਮ ਖੜਾਵਾਂ ਨਹੀਂ, ਧੌੜੀ ਦੀ ਜੁੱਤੀ ਹੁੰਦੀ ਹੋਣੀ ਤੇ ਪਿੰਡੇ 'ਤੇ ਖੱਦਰ ਦਾ ਝੱਗਾ ਤੇ ਤੇੜ ਕੱਛਾ। ਸਿਰ 'ਤੇ ਸਾਫਾ ਵੀ ਖੱਦਰ ਦਾ ਹੀ ਹੁੰਦਾ ਹੋਣਾ ਤੇ ਜਦ ਜੋਤਾ ਲਾ ਕੇ ਬਾਬਾ ਖੇਤਾਂ 'ਚੋਂ ਮੁੜਦਾ ਹੋਣਾ ਤਾਂ ਜ਼ਰੂਰੀ ਹੈ ਕਿ ਮੁੜ੍ਹਕੋ-ਮੁੜ੍ਹਕੀ ਹੋਇਆ ਹੁੰਦਾ ਹੋਣਾ। ਨਾਲੇ 62 ਕਿੱਲਿਆਂ ਦੀ ਬੋਲਦਾਂ ਨਾਲ ਖੇਤੀ ਕਰਨ ਵਾਲੇ ਇਕੱਲੇ ਬੰਦੇ ਕੋਲ ਰੋਜ਼ ਦਰਬਾਰ ਲਾਉਣ ਦਾ ਟਾਈਮ ਕਿੱਥੇ ਹੋਣਾ? ਭਾਈ ਗੁਰਦਾਸ ਦੇ ਕਹਿਣ ਅਨੁਸਾਰ ਬਾਬਾ ਨਾਨਕ ਤਾਂ ਆਪ ਅਕਾਲ ਪੁਰਖ ਸੀ ਤੇ ਬਾਬਾ ਤਾਂ ਖੇਤਾਂ ਵਿਚ ਹਲ ਵਾਹੁੰਦਾ ਵੀ ਸਿੱਖਿਆ ਦੇਈ ਜਾਂਦਾ ਸੀ ਕਿ ਖੇਤੀ ਐਦਾਂ ਕਰੀਦੀ ਐ। ਅੱਜ ਦੇ ਸਾਧਾਂ ਵਾਂਗ ਲੋਕਾਂ ਤੋਂ ਚੜ੍ਹਾਵੇ ਲੈ ਕੇ ਲੰਗਰ ਨਹੀਂ ਲਾਉਂਦਾ ਸੀ। ਹੱਥੀਂ ਕੰਮ ਕਰਕੇ ਉਸ ਵਿਚੋਂ ਲਾਉਂਦਾ ਸੀ। ਕੰਮ ਨਾਲ ਬਾਬੇ ਦੇ ਹੱਥਾਂ 'ਤੇ ਰੱਟਣ ਪਏ ਹੋਣੇ ਆ ਤੇ ਅੱਡੀਆਂ 'ਤੇ ਮਿੱਟੀ 'ਚ ਤੁਰਦਿਆਂ ਦੇ ਬਿਆਈਆਂ ਵੀ ਪਾਟੀਆਂ ਹੋਣੀਆਂ। ਉਹਦੇ ਕੋਲ ਅੱਜ ਵਾਲੇ ਵਿਹਲੜ ਬਾਬਿਆਂ ਵਾਂਗ ਔਂਡੀਆਂ ਥੋੜ੍ਹਾ ਸੀ ਕਿ ਲੋਕਾਂ ਨੂੰ ਮੱਤਾਂ ਕੁਝ ਦੇਣੀਆਂ ਤੇ ਆਪ ਕੁਝ ਹੋਰ ਕਰਨਾ। ਬਾਬਾ ਨਾਨਕ ਤਾਂ ਜਿਹੜੀ ਸਿੱਖਿਆ ਦੇਂਦਾ ਸੀ, ਪਹਿਲਾਂ ਆਪ ਉਸ 'ਤੇ ਤੁਰਦਾ ਸੀ।

ਅਸੀਂ ਗ੍ਰੰਥੀ ਸਿੰਘ ਨੂੰ ਫਤਿਹ ਬੁਲਾ ਕੇ ਇਕ ਵਾਰ ਫਿਰ ਗੁਰਦੁਆਰੇ ਵਲ ਨੂੰ ਸਿਰ ਝੁਕਾਇਆ ਤੇ ਬਾਬੇ ਨਾਨਕ ਦਾ ਨਾਂ ਲੈ ਕੇ ਟੈਕਸੀ ਵਿਚ ਬਹਿ ਗਏ।

*(ਬਾਕੀ ਅਗਲੇ ਅੰਕ 'ਚ)*

# ਜਿਨ ਹਰ ਹਿਰਦੇ ਨਾਮ ਨਾ ਵਸਿਓ ਤਿਨ ਮਾਤ ਕੀਜੈ ਹਰ ਬਾਂਝਾ

**ਕੁਲਵਿੰਦਰ ਧਾਲੀਵਾਲ ਮਿਲਵਾਕੀ**

ਇਸ ਸ਼ਬਦ ਨੂੰ ਪੜ੍ਹਦਿਆਂ ਕਈ ਵਾਰੀ ਮਨ ਵਿਚ ਇਕ ਸ਼ੰਕਾ ਆ ਜਾਂਦੀ। ਫਿਰ ਗਿਆਨੀ ਸੁਰਜੀਤ ਸਿੰਘ ਜ਼ਖਮੀ ਮਿਲਵਾਕੀ ਵਾਲਿਆਂ ਨੂੰ ਪੁੱਛਿਆ ਤਾਂ ਪਿਛਲੇ ਮਹੀਨੇ ਗੁਰੂ ਅਰਜਨ ਦੇਵ ਜੀ ਦੇ ਪੁਰਬ 'ਤੇ ਉਨ੍ਹਾਂ ਨੇ ਜੋ ਵਿਆਖਿਆ ਕੀਤੀ ਉਸ ਦਾ ਸਾਰ ਅੰਸ਼ ਇਸ ਤਰ੍ਹਾਂ ਹੈ;

ਜਿਵੇਂ ਹਰ ਉਤਪਤੀ ਵਿਚ ਨਰ ਅਤੇ ਮਾਦਾ ਦਾ ਆਪਣੀ-ਆਪਣੀ ਕੁਦਰਤ ਅਨੁਸਾਰ ਇਕੋ ਜਿਹਾ ਹੀ ਸੰਜੋਗ ਹੁੰਦਾ ਹੈ ਤਾਂ ਫਿਰ ਕਿਸੇ ਇਨਸਾਨ ਦੇ ਰੱਬ ਪ੍ਰਤੀ ਪਿਆਰੇ ਨਾ ਹੋਣ ਦਾ ਦੋਸ਼ ਸਿਰਫ ਮਾਤਾ ਨੂੰ ਹੀ ਕਿਉਂ? ਜਿਵੇਂ ਉਪਰੋਕਤ ਪੰਕਤੀ ਵਿਚ ਦਿਸਦਾ ਹੈ ਕਿ ਜਿਸ ਦੇ ਹਿਰਦੇ ਵਿਚ ਰੱਬ ਜੀ ਦਾ ਨਾਮ ਨਹੀਂ ਵਸਦਾ, ਉਸਦੀ ਮਾਤਾ ਨੂੰ ਬਾਂਝ (ਜਿਸ ਦੇ ਪੇਟ 'ਚੋਂ ਬੱਚੇ ਦਾ ਜਨਮ ਨਾ ਹੋ ਸਕੇ) ਬਣਾ ਦਿੱਤਾ ਜਾਵੇ। ਹੈਰਾਨੀ ਹੈ ਕਿ ਮਾਂ ਦਾ ਹੀ ਦੋਸ਼ ਕਿਉਂ? ਭਲਾ ਅੱਜ ਗੁਰਪੁਰਬ ਤੇ ਅਸੀਂ ਸੋਚੀਏ, ਜੇਕਰ ਇਹ ਸਮਝ ਲਿਆ ਜਾਵੇ ਕਿ ਬਾਬਾ ਪਿਰਥੀ ਚੰਦ, ਜੋ ਦੁਨਿਆਵੀ ਤੌਰ 'ਤੇ ਬਹੁਤ ਸੁਲਝੇ ਹੋਏ, ਦੇਖਣ ਨੂੰ ਬਹੁਤ ਚੰਗੇ ਧਾਰਮਿਕ ਸਨ, ਪ੍ਰੰਤੂ ਉਨ੍ਹਾਂ ਦੀਆਂ ਕਰਮ-ਕਰਤੂਤਾਂ ਤੋਂ ਇਸ ਤਰ੍ਹਾਂ ਲਗਦਾ ਸੀ ਕਿ ਉਨ੍ਹਾਂ ਦੇ ਹਿਰਦੇ ਵਿਚ ਰੱਬ ਨਹੀਂ ਵਸਿਆ ਹੋਇਆ। ਜੇ ਸਾਡੀ ਗੱਲ ਰੱਬ ਜੀ ਮੰਨ ਲੈਂਦੇ ਹੁੰਦੇ ਤਾਂ ਸਾਡੇ ਖਿਆਲ ਅਨੁਸਾਰ ਬਾਬਾ ਪਿਰਥੀ ਚੰਦ ਦੇ ਜਨਮ ਤੋਂ ਮਗਰੋਂ ਰੱਬ ਉਨ੍ਹਾਂ ਦੀ ਮਾਤਾ ਭਾਨੀ ਜੀ ਨੂੰ ਬਾਂਝ ਕਰ ਦਿੰਦਾ ਤਾਂ ਗੁਰੂ ਅਰਜਨ ਦੇਵ ਜੀ ਦਾ ਆਗਮਨ ਕਿਵੇਂ ਹੁੰਦਾ?

ਇਕ ਗੱਲ ਇਹ ਵੀ ਸੋਚਣ ਵਾਲੀ ਹੈ ਕਿ ਜਗਤ ਦੇ ਕਰਤਾ-ਧਰਤਾ, ਮਾਲਕ, ਪ੍ਰਿਤਪਾਲਕ, ਅੰਤਰਜਾਮੀ ਪਰਮਾਤਮਾ ਨੂੰ ਕੀ ਸਾਡੀਆਂ ਸਲਾਹਾਂ ਦੀ ਲੋੜ ਹੈ ਕਿ ਦੁਨੀਆਂ ਇਸ ਤਰ੍ਹਾਂ ਜਾਂ ਉਸ ਤਰ੍ਹਾਂ ਬਣਾਓ? ਅਸਲ ਵਿਚ ਪੰਕਤੀ 'ਮਾਤ ਕੀਜੈ ਹਰ ਬਾਂਝਾ' ਦੇ ਅਰਥਾਂ ਵਿਚ ਮਾਤ ਦੇ ਅਰਥ ਮਾਤਾ ਲੈਣ ਤੋਂ ਹੀ ਸਾਰਾ ਅਨਰਥ ਹੋਇਆ ਜਾਪਦਾ ਹੈ, ਜਿੱਥੇ ਕਿ ਦੋਸ਼ ਨਿਰਾ-ਪੁਰਾ ਮਾਤਾ ਨੂੰ ਜਾਂਦਾ ਹੈ। ਕਿਸੇ ਦੇ ਵੀ ਰੱਬ ਪਰਾਇਣ ਹੋਣ ਦਾ ਪਤਾ 25-30 ਸਾਲ ਬਾਅਦ ਲਗਦਾ ਹੈ। ਇੰਨੇ ਸਮੇਂ ਵਿਚ ਤਾਂ ਉਂਜ ਹੀ ਮਾਤਾ ਕਿਸੇ ਨਵੇਂ ਬੱਚੇ ਨੂੰ ਜਨਮ ਦੇਣ ਦੇ ਕਾਬਲ ਨਹੀਂ ਰਹਿੰਦੀ। ਸੋ ਗੁਰਬਾਣੀ ਨੂੰ ਅਰਥਾਉਣ ਵੇਲੇ, ਗੁਰਬਾਣੀ ਦੇ ਵਿਚੋਂ ਹੀ ਆਸਰਾ ਲਿਆ ਜਾਵੇ ਤਾਂ ਬਹੁਤ ਕੁਝ ਨਵਾਂ ਦਿਸਣ ਲੱਗ ਜਾਂਦਾ ਹੈ ਜੋ ਗੁਰਮਤਿ ਦੇ ਅਨੁਕੂਲ ਪਰਤੀਤ ਹੁੰਦਾ ਹੈ। ਇਕ ਸਾਖੀ ਯਾਦ ਆਉਂਦੀ ਹੈ;

ਧੰਨ ਗੁਰੂ ਨਾਨਕ ਦੇਵ ਪਾਤਸ਼ਾਹ ਉਦਾਸੀ ਤੋਂ ਪਰਤ ਕੇ ਜਦ ਤਲਵੰਡੀ ਵਲ ਆਏ ਤਾਂ ਕਸਬੇ ਤੋਂ ਬਾਹਰ ਹੀ ਡੇਰਾ ਲਾ ਲਿਆ। ਬਾਬਾ ਕਾਲੂ ਜੀ ਤੇ ਗੁਰੂ ਨਾਨਕ ਦੇ ਮਾਤਾ ਜੀ ਵੀ ਮਿਲਣ ਆਏ। ਮਾਤਾ ਜੀ ਨੇ ਗੁਰੂ ਜੀ ਨੂੰ ਆਖਿਆ ਕਿ ਬੇਟਾ ਤੂੰ ਸੰਬੰਧੀਆਂ ਤੋਂ ਬਿਨਾਂ ਉਦਾਸ ਨਹੀਂ ਹੁੰਦਾ? ਬਾਬਾ ਨਾਨਕ ਨੇ ਆਖਿਆ ਕਿ ਤੁਸੀਂ ਸਾਰੇ ਮੇਰੇ ਨਾਲ ਹੀ ਹੁੰਦੇ ਹੋ। ਜਦੋਂ ਮਾਂ ਨੇ ਚੰਗੀ ਤਰ੍ਹਾਂ ਸਮਝਾਉਣ ਲਈ ਆਖਿਆ ਤਾਂ ਗੁਰੂ ਜੀ ਨੇ ਮਾਤਾ ਮਤਿ (ਮੱਤ) ਅਤੇ ਪਿਤਾ ਸੰਤੋਖ ਦਾ ਸ਼ਬਦ ਉਚਾਰ ਕੇ, ਮੱਤ ਨੂੰ ਹੀ ਮਾਤਾ ਦਾ ਰੁਤਬਾ ਦੇ ਦਿੱਤਾ। ਇਸ ਤੋਂ ਸੇਧ ਮਿਲਦੀ ਹੈ ਕਿ ਗੁਰੂ ਰਾਮਦਾਸ ਮਹਾਰਾਜ ਜੀ ਨੇ ਵੀ ਇਹੋ ਜਿਹਾ ਹੀ ਖਿਆਲ ਲਿਆ ਹੋਵੇਗਾ। ਮੱਤ ਦੁਆਰਾ ਹੀ ਅਸੀਂ ਸਾਰੇ ਖਿਆਲਾਂ ਨੂੰ ਲੈ ਕੇ ਹਿਰਦੇ ਵਿਚ ਵਸਾਉਂਦੇ ਹਾਂ, ਜੇਕਰ ਹਿਰਦੇ ਵਿਚ ਨਾਮ ਨਹੀਂ ਵਸਿਆ ਤਾਂ ਹੋਰ-ਹੋਰ ਖਿਆਲਾਂ ਦੇ ਹਿਰਦੇ ਵਿਚ ਵਸਣ ਦਾ ਕੋਈ ਲਾਭ ਨਹੀਂ ਹੋਣਾ। ਇਸੇ ਲਈ ਗੁਰੂ ਜੀ ਨੇ ਰੱਬ ਜੀ ਨੂੰ ਬੇਨਤੀ ਕੀਤੀ ਕਿ ਐਸੀ ਮੱਤ ਨੂੰ ਖਿਆਲ ਲੈਣ ਦੇ ਯੋਗ ਹੀ ਨਾ ਬਣਾਓ ਕਿਉਂਕਿ ਹੇ ਪ੍ਰਭੂ ਜੀ, ਨਾਮ ਦੇ ਬਿਨਾਂ ਜੀਵਨ ਸੁੰਨਾ ਹੀ ਰਹਿ ਜਾਂਦਾ ਹੈ।

ਬਾਹਰੀ ਕਥਾ ਕਹਾਣੀਆਂ ਵਿਚ ਔਰਤ ਬਾਰੇ ਪੂਰੀ ਇੱਜ਼ਤ ਭਰੀ ਜਾਣਕਾਰੀ ਬਹੁਤ ਘੱਟ ਮਿਲਦੀ ਹੈ, ਜੈਸਾ ਕਿ ਗ੍ਰੰਥਕਾਰਾਂ ਨੇ ਲਿਖਿਆ ਹੈ;

ਜਨਨੀ ਜਨੇ ਤਾਂ ਭਗਤ ਜਨ, ਕੈ ਦਾਤਾ ਕੈ ਸੂਰ। (ਸੂਰਮਾ) ਨਹੀ ਤਾਂ ਜਨਨੀ ਬਾਂਝ ਰਹੇ ਕਾਹੇ ਗਵਾਵੇ ਨੂਰ।

ਇਹ ਤੁਕ ਗੁਰਬਾਣੀ ਦੀ ਨਹੀਂ ਹੈ। ਇਸ ਤੁਕ ਵਿਚ ਇਕ ਪਾਸੜ ਫਤਵਾ ਹੀ ਦੇ ਦਿੱਤਾ ਗਿਆ ਹੈ। ਜਦੋਂਕਿ ਗੁਰਬਾਣੀ ਕਹਿੰਦੀ ਹੈ- 'ਖੇਤ ਸਰੀਰ ਜੋ ਬੀਜੀਐ ਸੋ ਮਤਿ ਖਲੋਆ ਆਏ॥'

ਨਿਰਾਪੁਰਾ ਔਰਤ ਦੇ ਬੱਚਾ ਜੰਮਣ ਦੀ ਗੱਲ ਨਾ ਹੋ ਕੇ ਮੱਤ ਵਿਚ ਹਰਿ ਨਾਮ ਦੀ ਸੋਚ ਦਾ ਵਿਚਾਰ ਬਣਾ ਕੇ ਸਾਨੂੰ ਅਗਲੀ ਪੰਕਤੀ ਤੋਂ ਹੀ ਸੇਧ ਲੈ ਲੈਣੀ ਚਾਹੀਦੀ ਹੈ;

ਮੇਰੇ ਮਨ ਜਪ ਰਾਮ ਨਾਮ ਹਰ ਮਾਂਝਾ।
ਰਹੋ ਵਿਚਾਰ।

***ਗਿਆਨੀ ਸੁਰਜੀਤ ਸਿੰਘ ਜ਼ਖਮੀ ਨਾਲ ਫੋਨ 262-373-0249 'ਤੇ ਸੰਪਰਕ ਕੀਤਾ ਜਾ ਸਕਦਾ ਹੈ।***

# ਰੁਕਾਵਟ ਲਈ ਖੇਦ ਹੈ!

ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ
ਫੋਨ:510-277-2592

***ਬਹੁਤ ਲੋਕ ਘਰੋਂ ਤਾਂ 'ਨਾਂ' ਬਣਾਉਣ ਲਈ ਤੁਰੇ ਸੀ ਪਰ ਪੁੱਠੇ ਕੰਮਾਂ ਕਰਕੇ ਬਦਨਾਮ ਹੋ ਕੇ ਘਰਾਂ ਨੂੰ ਬੇਸ਼ਰਮੀ ਦਾ ਵੈਲਕਮ ਪਾਊਡਰ ਲਾ ਕੇ ਮੁੜ ਆਏ। ਕਈਆਂ ਨੇ ਨਾਂ ਦੀ ਲੱਜ ਪਾਲਣ ਲਈ ਜੀਵਨ ਕੁਰਬਾਨ ਕਰ ਦਿੱਤੇ ਤੇ ਕਈਆਂ ਦਾ ਨਾਂ ਤਾਂ ਘਰਦਿਆਂ ਨੇ ਗੁਰਬਚਨ ਸਿੰਘ ਰੱਖਿਆ ਸੀ ਪਰ ਉਹ ਬਚਨਾ ਕਹਾਉਣ ਜੋਗੇ ਹੀ ਰਹਿ ਗਏ। ਜੇ ਤੁਸੀਂ ਵਾਰ ਵਾਰ ਹਾਰ ਰਹੇ ਹੋ, ਸਫਲਤਾ ਥੋਡੇ ਤੋਂ ਮੂੰਹ ਵੱਟ ਕੇ ਲੰਘ ਰਹੀ ਹੈ ਤਾਂ ਲਗਨ ਦਾ ਇਮਤਿਹਾਨ ਵਿਚਾਲੇ ਛੱਡਣ ਦੀ ਗੁਸਤਾਖੀ ਨਾ ਕਰੋ। ਦੁਨੀਆਂ ਦੀ ਬਹੁਗਿਣਤੀ ਗੋਲ-ਗੱਪੇ ਵਰਗੀ ਹਾਲਤ ਵਿਚ ਹੀ ਵਿਚਰ ਰਹੀ ਹੈ, ਯਾਨਿ ਅੰਦਰੋਂ ਖੋਖਲੀ ਹੈ। ਇਕ ਵਾਰ ਇਕ ਫਰਿਆਦੀ ਡਿਪਟੀ ਕਮਿਸ਼ਨਰ ਕੋਲ ਗਿਆ, ਪਪੀਹੇ ਵਾਲੀ ਕੂਕ ਸੁਣਾਉਂਦਿਆਂ ਕਹਿਣ ਲੱਗਾ, 'ਜਨਾਬ ਸਾਰਾ ਦਿਨ ਟੁੱਟ-ਟੁੱਟ ਕੇ ਮਰਦਾ ਹਾਂ, ਘਰ 'ਚ ਸਿਰਫ ਚਿੜੀਆਂ ਦਾ ਦੁੱਧ ਨਹੀਂ, ਪਰ ਘਰਵਾਲੀ ਫਿਰ ਵੀ ਖਾਣ ਨੂੰ ਪੈਂਦੀ ਏ, ਮੇਰੀ ਇਮਦਾਦ ਕਰੋ। ਕਾਗਜ਼ਾਂ 'ਚ ਗੁਆਚੇ ਡਿਪਟੀ ਕਮਿਸ਼ਨਰ ਨੇ ਉਹਦੇ ਮੂੰਹ ਵਲ ਵੀ ਨਹੀਂ ਤੱਕਿਆ, ਕਹਿਣ ਲੱਗਾ, 'ਹੌਲੀ ਬੋਲ ਕੋਈ ਸੁਣ ਨਾ ਲਵੇ, ਹੈ ਸਾਨੂੰ ਵੀ ਇਹੋ ਬਿਮਾਰੀ। ਬਾਕੀ ਸਭ ਠੀਕ ਐ।' ਇਕ ਰੱਬ ਦਾ ਬੰਦਾ ਕਿਸੇ ਸਿਆਣੇ ਬੰਦੇ ਕੋਲ ਗਿਆ, 'ਮਹਾਂਪੁਰਸ਼ੋ, ਬਾਪੂ ਦੀ ਸੇਵਾ ਵੀ ਪੂਰੀ ਕਰੀਦੀ ਏ, ਖਾਣ-ਪਹਿਨਣ ਨੂੰ ਵੀ ਚੰਗਾ ਦੇਈਦਾ ਪਰ ਉਹ ਕਦੇ ਵੀ ਸ਼ਾਬਾਸ਼ ਦੇਣ ਨਾਲੋਂ ਇਹੋ ਕਹਿੰਦੈ ਕਿ ਗੱਲ ਉਹ ਨੀ ਬਣੀ।' ਜ਼ਿੰਦਗੀ ਦਾ ਤਜ਼ਰਬਾ ਦੇਖੋ, ਸਿਆਣਾ ਬੋਲਿਆ, 'ਗੁਰੂ ਨਾਨਕ ਪਾਤਸ਼ਾਹ ਵੀਹ ਰੁਪਈਆਂ ਦਾ ਭੋਜਨ ਜਦੋਂ ਭੁੱਖੇ ਸਾਧੂਆਂ ਨੂੰ ਖੁਆ ਕੇ ਘਰ ਪਰਤੇ ਸਨ ਤਾਂ ਪਿਤਾ ਮਹਿਤਾ ਕਾਲੂ ਨੇ ਕਿਹੜਾ ਹਾਰ ਗੁੰਦ ਕੇ ਪਾਇਆ ਸੀ? ਨਾਲੇ ਤੂੰ ਕਿਹੜੇ ਤਿੰਨਾਂ ਜਾਂ ਤੇਰਾਂ 'ਚੋਂ ਏਂ?' ਉਹਦੇ ਖਾਨੇ 'ਚ ਪੈ ਗਈ ਸੀ ਕਿ ਵਰਾਂਡੇ ਦੀ ਕਮਰੇ ਨਾਲੋਂ ਵਧ ਵਰਤੋਂ ਹੀ ਨਹੀਂ ਹੁੰਦੀ ਬਲਕਿ ਉਹ ਆਜ਼ਾਦ ਵੀ ਵਧ ਹੁੰਦਾ ਹੈ। ਜਿਨ੍ਹਾਂ ਨੇ ਵੀ ਪੈਸੇ ਨੂੰ ਮਿਹਨਤ ਦਾ ਫਲ ਸਮਝਣ ਦੀ ਕੋਸ਼ਿਸ਼ ਕੀਤੀ ਹੈ, ਗਿਆਨ ਉਨ੍ਹਾਂ ਦੇ ਵਿਹੜੇ ਨਹੀਂ ਵੜਿਆ, ਚਰਿੱਤਰ ਬਾਈਪਾਸ ਹੋ ਕੇ ਲੰਘ ਗਿਆ। ਦੁਨੀਆਂ 'ਤੇ ਕੋਈ ਅਜਿਹਾ ਮਹਾਂਪੁਰਸ਼ ਹੈ ਹੀ ਨਹੀਂ ਜੋ ਕਰੋੜਪਤੀ ਤਾਂ ਕੀ ਲੱਖਪਤੀ ਹੀ ਹੋਵੇ। ਕਈ ਵਾਰ ਹੁੰਗਾਰਾ ਤਾਂ ਜਾਗਦਾ ਹੁੰਦਾ ਪਰ ਬਾਤ ਸੌਣ ਲੱਗ ਪੈਂਦੀ ਹੈ ਇਸੇ ਲਈ ਅਰਜ਼ ਕੀਤੈ ਕਿ...***

ਕੁਦਰਤ ਨੇ ਹਾਲੇ ਤੀਕਰ ਕੋਈ ਅਜਿਹੀ ਉਦਾਹਰਣ ਪੈਦਾ ਨਹੀਂ ਕੀਤੀ ਕਿ ਕੋਈ ਮਹਾਂਪੁਰਸ਼ ਧਨਵਾਨ ਵੀ ਰਿਹਾ ਹੋਵੇ ਤੇ ਜਿਸ ਨੇ ਵੀ ਇਸ ਸਾਧਨਾ ਤੇ ਧਾਰਨਾ ਨੂੰ ਤੋੜਨ ਦਾ ਯਤਨ ਕੀਤਾ, ਉਸ ਨੂੰ ਜ਼ਿੰਦਗੀ ਤੋਂ ਛੁਟਕਾਰਾ ਆਤਮ-ਹੱਤਿਆ ਕਰਕੇ ਪਾਉਣਾ ਪਿਆ। ਜਿਹੜਾ ਮਨੁੱਖ ਮੁਫ਼ਤ ਵਿਚ ਜੱਗ ਕਰਦਾ ਹੈ ਜਾਂ ਦਸਾਂ ਨਹੁੰਆਂ ਦੀ ਕਿਰਤ 'ਚੋਂ ਦਾਨ ਦੇਂਦਾ ਹੈ, ਉਹਨੂੰ ਮਹਾਨ ਲੋਕਾਂ ਦੀ ਕਤਾਰ ਆਪਣੇ-ਆਪ ਆਵਾਜ਼ਾਂ ਮਾਰਨ ਲੱਗ ਪੈਂਦੀ ਹੈ। ਵੱਖਰੀ ਗੱਲ ਹੈ ਕਿ ਅਜੋਕੇ ਪਦਾਰਥਵਾਦੀ ਯੁੱਗ ਵਿਚ ਇਨਕਮ ਟੈਕਸ ਤੋਂ ਬਚਣ ਲਈ ਦਾਨ ਦਾ ਬੁਰਕਾ ਸਵਾਇਆ ਜਾਣ ਲੱਗ ਪਿਆ ਹੈ। ਜਿਸ ਦਾਨ 'ਚੋਂ ਸ਼ਰਧਾ ਗੁੰਮ ਹੋ ਜਾਵੇ ਉਹ ਵਧੇਰੇ ਕਰਕੇ ਅਹਿਸਾਨ ਹੀ ਹੁੰਦਾ ਹੈ। ਬਹੁਤ ਲੋਕ ਦਾਨ ਦੇਣ ਦਾ ਢਕਵੰਜ ਸਿਰਫ ਨਾਂ ਲਈ ਰਚਦੇ ਹਨ। ਹੁੰਦਾ ਕਈ ਵਾਰ ਇਹ ਹੈ ਕਿ ਕਈ ਬੰਦੇ ਚੰਗੇ ਘਰਾਂ ਵਿਚ ਮਹਿਮਾਨ ਬਣਨ ਦੇ ਯੋਗ ਵੀ ਨਹੀਂ ਹੁੰਦੇ ਪਰ ਉਹ ਕਈ ਸਮਾਗਮਾਂ ਵਿਚ ਇਕਵੰਜਾ ਸੌ ਜਾਂ ਗਿਆਰਾਂ ਹਜ਼ਾਰ ਦੇ ਕੇ ਮੁੱਖ ਮਹਿਮਾਨ ਬਣੇ ਬੈਠੇ ਹੁੰਦੇ ਹਨ ਤੇ ਇਸ ਦਾਨ ਦੀ ਅਦਾਇਗੀ ਵੇਲੇ ਕਈ ਵਾਰ ਤੂੰ-ਤੂੰ, ਮੈਂ-ਮੈਂ ਉਦੋਂ ਹੋ ਜਾਂਦੀ ਹੈ ਜਦੋਂ ਉਹ ਬਹਾਨਾ ਲੱਭ ਲੈਂਦਾ ਹੈ ਕਿ ਸਟੇਜ ਤੋਂ ਤਾਂ ਮੇਰਾ ਨਾਂ ਹੀ ਨਹੀਂ ਲਿਆ ਗਿਆ। ਅਸਲ ਵਿਚ ਨਾਂ ਅਤੇ ਨਾਵੇਂ ਦੇ ਚੱਕਰ ਵਿਚ ਆਪਣੇ-ਆਪ ਨਾਲ ਹੀ ਦੋ-ਚਾਰ ਹੋ ਰਹੀ ਦੁਨੀਆਂ ਕਈ ਵਾਰ ਮੰਗਤੇ ਦੇ ਕਾਸੇ ਵਿਚ ਪਏ ਰੁਪਈਏ ਜਿੱਡੀ ਹੋ ਜਾਂਦੀ ਹੈ।

ਜੱਟ ਵੀ ਇਕ ਨਾਂ ਹੈ ਤੇ ਲਾਲਾ ਵੀ ਇਕ ਜਮਾਤ ਦਾ ਨਾਂ ਹੈ। ਦੋਵੇਂ ਜਣੇ ਆਪਣੇ-ਆਪਣੇ ਨਾਂਵਾਂ ਲਈ ਚੌਧਰ ਦੀ ਖਿੱਚੋਤਾਣ ਵਿਚ ਤੀਂਗੜਦੇ ਆਏ ਹਨ। ਇਹ ਗੱਲ ਚੁਟਕਲਾ ਜਾਂ ਲਤੀਫਾ ਨਹੀਂ ਸਗੋਂ ਇਸ ਦੀ ਡੂੰਘਾਈ ਵਿਚ ਜਾਉਗੇ ਤਾਂ ਬਿਨਾਂ ਐਨਕਾਂ ਤੋਂ ਵੀ, ਕਮਜ਼ੋਰ ਨਜ਼ਰਾਂ ਨਾਲ ਡੂੰਘਾਈ ਮਾਪੀ ਜਾ ਸਕਦੀ ਹੈ। ਜੱਟ ਮਿੱਟੀ-ਘੱਟੇ ਵਿਚ ਲਿਬੜ ਕੇ ਅਨਾਜ ਪੈਦਾ ਕਰਨ ਵਾਲਾ ਪਾਤਰ ਹੈ ਤੇ 'ਲਾਲਾ' ਚਿੱਟੀ ਗੱਦੀ ਜਾਂ ਸਿਰਹਾਣੇ ਨਾਲ ਢੋਅ ਲਾ ਕੇ ਚਿੱਟੇ ਕੱਪੜਿਆਂ ਵਿਚ ਹੱਥ ਦੀ ਸਫਾਈ ਵਾਲਾ ਵਪਾਰ ਕਰਨ ਲਈ ਪ੍ਰਸਿੱਧ ਹੈ। ਇਹ ਗੱਲ ਉਨ੍ਹਾਂ ਦਿਨਾਂ ਦੀ ਹੈ ਜਦੋਂ ਸੀਵਰੇਜ ਨਹੀਂ ਆਇਆ ਸੀ ਤੇ ਆਮ ਬੰਦੇ ਨੂੰ ਜੰਗਲ ਪਾਣੀ ਬਾਹਰ ਖੇਤਾਂ ਵਿਚ ਜਾਣ ਲਈ ਕੁਦਰਤ ਦੇ ਸਾਹਮਣੇ ਬਸਤਰ ਉਤਾਰਨੇ ਪੈਂਦੇ ਸਨ। ਵਾਪਰਿਆ ਇਉਂ ਕਿ ਜੱਟ ਤੇ ਲਾਲਾ ਬਾਹਰ ਖੇਤਾਂ ਨੂੰ ਜੰਗਲ ਪਾਣੀ ਗਏ ਇਤਫਾਕਨ 'ਕੱਠੇ ਹੋ ਗਏ। ਦੋਵੇਂ ਜਣੇ ਖਲਾਸ ਹੋ ਕੇ ਹੱਥ-ਪੱਲਾ ਧੋਣ ਲਈ ਇਕ ਪਾਣੀ ਵਾਲੀ ਆੜ ਦੇ ਦੁਆਲੇ ਧੋਤੀ-ਚਾਦਰਾ ਹੇਠਾਂ ਕਰਕੇ ਬੈਠ ਗਏ। ਆਪੋ-ਆਪਣੇ ਖਿਆਲ ਦੋਹਾਂ ਦੇ ਮਨਾਂ 'ਚ ਬੋਲੀਆਂ ਪਾਉਣ ਲੱਗ ਪਏ। ਜੱਟ ਨੇ ਸੋਚਿਆ ਕਿ ਜੇ ਮੈਂ ਪਹਿਲਾਂ ਉਠ ਗਿਆ ਤਾਂ ਲਾਲੇ ਨੇ ਸੋਚਣਾ ਕਿ ਓਦਾਂ ਵੀ ਮਿੱਟੀ ਨਾਲ ਲਿਬੜੇ ਰਹਿੰਦੇ ਐ, ਹੱਥ ਵੀ ਚੰਗੀ ਤਰ੍ਹਾਂ ਨੀ ਧੋਂਦੇ। ਉਧਰ ਲਾਲਾ ਸੋਚੇ ਪਈ ਜੱਟ ਸੋਚੂ ਕਿ ਬਾਹਲੇ ਸਾਫ-ਸੁਥਰੇ ਬਣਦੇ ਆ ਚਿੱਟੇ ਕੱਪੜੇ ਪਾ ਕੇ, ਹੱਥ ਤਾਂ ਧੋਂਦੇ ਨੀ ਚੰਗੀ ਤਰ੍ਹਾਂ। ਸੋਚਾਂ ਦੇ ਇਸ ਝਗੜੇ ਵਿਚ ਉਠੇ ਕੋਈ ਨਾ।

ਚੰਗਾ ਦਿਨ ਚੜ੍ਹ ਆਇਆ ਤਾਂ ਲਾਲੇ ਦਾ ਮੁੰਡਾ ਭਾਪਾ ਲੱਭਣ ਆਣ ਪਹੁੰਚਿਆ। ਕਹਿਣ ਲੱਗਾ 'ਭਾਪਾ ਤੂੰ ਹੈਥੇ ਕੀ ਕਰੀ ਜਾਨੈਂ ਦੁਕਾਨ ਨੀ ਖੋਲ੍ਹਣੀ? ਲਾਲਾ ਪੈ ਗਿਆ ਹਲਕੇ ਕੁੱਤੇ ਵਾਂਗ, 'ਤੈਨੂੰ ਦੁਕਾਨ ਦੀ ਪਈ ਐ ਇਧਰ ਪੰਗਾ ਪੈ ਗਿਐ। ਤੂੰ ਆਪੇ ਖੋਲ੍ਹ ਲਈਂ ਅੱਜ।' ਮੁੰਡਾ ਘਰ ਨੂੰ ਚਲੇ ਗਿਆ ਤੇ ਜੱਟ ਫਿਰ ਸੋਚਾਂ 'ਚ ਘਿਰ ਗਿਆ ਕਿ ਲਾਲਾ ਨੀ ਮੰਨਦਾ ਅੱਜ ਹਾਰ, ਪਾਊ ਤਰਕਾਲਾਂ ਏਥੇ। ਦੁਪਹਿਰਾ ਹੋ ਗਿਆ ਤਾਂ ਜੱਟ ਦਾ ਸੀਰੀ ਵੀ ਆ ਗਿਆ ਤੇ ਕਹਿਣ ਲੱਗਾ, 'ਧੰਨਾ ਸਿਆਂ ਕੀ ਕਰੀ ਜਾਨੈਂ ਹੈਥੇ, ਓਧਰ ਵੱਤ ਲੰਘਦੀ ਜਾਂਦੀ ਐ, ਹਲ ਨ੍ਹੀਂ ਵਾਹੁਣਾ?' ਤੇ ਜੱਟ ਭਰਿਆ ਪੀਤਾ ਉਲਰ ਕੇ ਬੋਲਿਆ, 'ਸਾਲਿਆ ਫਕੀਰ ਚੰਦਾ, ਤੈਨੂੰ ਵੱਤ ਦੀ ਪਈ ਐ, ਇਧਰ ਲਾਲੇ ਨਾਲ ਪੰਗਾ ਪਿਐ। ਤੂੰ ਹਾੜ੍ਹੀ ਵੀ ਆਪੇ ਬੀਜ ਲਈਂ ਐਤਕੀਂ।' ਤੇ ਲਾਲਾ ਧੋਤੀ ਹੇਠਾਂ ਸੁੱਟ ਕੇ ਨੱਠ ਗਿਆ ਘਰ ਨੂੰ ਪਈ ਜੱਟ ਦਾ ਦਾਈਆ ਤਾਂ ਛੇ ਮਹੀਨਿਆਂ ਦਾ ਹੈਗਾ।

ਸੱਚ ਇਹ ਹੈ ਕਿ ਨਾਂ ਦੇ ਚੱਕਰ 'ਚ ਹੀ ਅੱਜ ਕੱਲ੍ਹ ਲੋਕਾਂ ਦੀਆਂ ਆਕੜ 'ਚ ਧੌਣਾਂ ਮੁੜਨੋਂ ਹੀ ਹਟ ਗਈਆਂ ਨੇ।

ਮੇਰੀ ਘਰਵਾਲੀ ਕਹਿਣ ਲੱਗੀ 'ਜੀ ਤਿੰਨ ਦਿਨ ਹੋ ਗਏ ਦਾਲਾਂ ਖਾਂਦਿਆਂ ਨੂੰ, ਰੋਜ਼ ਇਹ ਪੰਗਾ ਰਹਿੰਦਾ ਕਿ ਅੱਜ ਕੀ ਬਣਾਵਾਂ?'

ਮੈਂ ਕਿਹਾ, 'ਤੈਨੂੰ ਬਣਾਉਣ ਦੀ ਪਈ ਐ ਐਧਰ ਹੋਰ ਪੰਗਾ ਪਿਆ ਹੋਇਐ।'

'ਕਾਹਦਾ ਪੰਗਾ?'

'ਸੁੱਝ ਨੀ ਰਿਹਾ ਐਤਕਾਂ ਲਿਖਾਂ ਕੀ?'

'ਨਾ ਲਿਖੋ।'

'ਫੇਰ ਨਾਂ ਦਾ ਚੱਕਰ ਐ। ਪਾਠਕ ਕਹਿਣਗੇ ਬਸ, ਸਰ ਗਿਐ।' ਕਈ ਵਾਰ ਸੋਚਦੈਂ ਕਿ ਜੇ ਸਾਰੀਆਂ ਅਖ਼ਬਾਰਾਂ ਦੇ ਸੰਪਾਦਕ ਇਕ ਮਤਾ ਪਾਸ ਕਰ ਲੈਣ ਕਿ ਕਿਸੇ ਵੀ ਰਚਨਾ ਨਾਲ ਲੇਖਕ ਦਾ ਨਾਂ ਨਹੀਂ ਛਾਪਿਆ ਜਾਵੇਗਾ ਤਾਂ ਸਾਰੇ ਲੇਖਕਾਂ ਨੇ ਕਲਮਾਂ ਤੋੜ ਕੇ ਚੁੱਲ੍ਹੇ 'ਚ ਡਾਹ ਦੇਣੀਆਂ ਨੇ। ਜਿਹੜੇ ਸੰਪਾਦਕ ਲੀਡਰਾਂ ਦੇ ਪੁਤਲੇ ਸਾੜਨ ਦੀਆਂ ਰੋਜ਼ ਫੋਟੋਆਂ ਛਾਪਦੇ ਨੇ, ਫਿਰ ਲੇਖਕਾਂ ਨੇ ਇਨ੍ਹਾਂ ਦੇ ਪੁਤਲੇ ਸਾੜਨ ਦੀ ਕੁਤਾਹੀ ਨਹੀਂ ਕਰਨੀ।

ਬਾਜ਼ਾਰ ਮਾਈ ਸੇਵਾ ਅੰਮ੍ਰਿਤਸਰ ਵਾਲੇ ਭਾਈ ਚਤਰ ਸਿੰਘ ਜੀਵਨ ਸਿੰਘ ਹੋਰਾਂ ਦਾ ਨਾਂ ਹੁਣ ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਕਾਸ਼ਨਾ ਅਤੇ ਇਕ ਦੋ ਹੋਰ ਕਾਰਨਾਂ ਕਰਕੇ ਆਲੋਚਨਾ ਦੇ ਘੇਰੇ 'ਚ ਹੈ ਪਰ ਕਿਸੇ ਵੇਲੇ ਇਹ ਪੰਜਾਬੀ ਗੀਤਾਂ ਦੀਆਂ ਲੁਧਿਆਣਾ ਮਾਰਕਾ ਕਿਤਾਬਾਂ ਛਾਪਣ ਲਈ ਵੀ ਮਸ਼ਹੂਰ ਸਨ। ਜਦੋਂ ਮੈਂ ਦਸਵੀਂ 'ਚ ਪੜ੍ਹਦਾ ਸਾਂ ਤਾਂ ਗੀਤਕਾਰੀ ਦਾ ਕੀੜਾ ਮੇਰੇ ਦਿਮਾਗ 'ਚ ਵੀ ਪੂਰੀ ਤਰ੍ਹਾਂ ਨਾਅਰੇ ਮਾਰ ਰਿਹਾ ਸੀ। ਇਨ੍ਹਾਂ ਤੋਂ ਅਲੱਗ ਹੋਏ ਤਜਿੰਦਰ ਗਰੇਵਰ ਨੂੰ ਮੈਂ ਚਿੱਠੀ ਲਿਖ'ਤੀ ਕਿ ਮੈਂ ਸੌ ਕੁ ਗਾਣੇ ਲਿਖ ਲਏ ਹਨ, ਕਿਤਾਬ ਛਪਾਉਣ ਲਈ ਕੀ ਕਰਨਾ ਪਵੇਗਾ? ਜੁਆਬ ਮਿਲਿਆ ਕਿ ਚੱਕਵੇਂ ਜਿਹੇ ਗੀਤ ਲਿਖੋ ਸਦੀਕ ਤੇ ਰਮਲਾ ਸਟਾਇਲ। ਜਦੋਂ ਮਾਰਕੀਟ ਵਿਚ ਗੀਤ ਵੱਜਣਗੇ ਤਾਂ ਕਿਤਾਬ ਦੀ ਮੰਗ ਵੀ ਉਠੇਗੀ। ਫਿਰ ਮੈਂ ਉਸਤਾਦ ਧਾਰਨ ਲਈ ਥਰੀਕਿਆਂ ਵਾਲੇ ਦੇਵ ਨੂੰ ਮਿਲਣ ਲਈ ਉਹਦੇ ਪਿੰਡ ਤੇ ਉਹਦੇ ਝਾਂਡਿਆਂ ਵਾਲੇ ਪ੍ਰਾਇਮਰੀ ਸਕੂਲ ਵਿਚ ਗੇੜੇ ਮਾਰਨ ਲੱਗ ਪਿਆ। ਖੈਰ! ਉਸਤਾਦ ਬਣਦਾ-ਬਣਦਾ ਦੇਵ ਤਾਂ ਮੇਰਾ ਮਿੱਤਰ ਬਣ ਗਿਆ। ਸਾਡੇ ਨਵਾਂਸ਼ਹਿਰ ਦੇ ਇਕ ਢਾਡੀ ਜਥੇ ਨੂੰ ਐਚ.ਐਮ.ਵੀ. ਦੀ ਆਡੀਸ਼ਨ ਲਈ ਚਿੱਠੀ ਆਈ ਹੋਈ ਸੀ। ਮੈਂ ਉਨ੍ਹਾਂ ਨਾਲ ਕੰਪਨੀ ਦੇਖਣ ਦੇ ਬਹਾਨੇ ਦਿੱਲੀ ਚਲਾ ਗਿਆ। ਰਾਤ ਸੀਸਗੰਜ ਗੁਰਦੁਆਰੇ ਠਹਿਰੇ। ਸਵੇਰੇ ਉਠ ਕੇ ਉਨ੍ਹਾਂ ਨੇ ਸਾਰੰਗੀ ਚਮਕਾਈ। ਗਜ਼ ਧੋਤਾ ਤੇ ਗੁਰੂ ਗ੍ਰੰਥ ਸਾਹਿਬ ਮੂਹਰੇ ਲੱਗ'ਪੇ ਅਰਦਾਸ ਕਰਨ, 'ਸੱਚਿਆ ਪਾਤਸ਼ਾਹ ਲਾਜ ਰੱਖੀਂ। ਜ਼ਹੀਰ ਅਹਿਮਦ (ਕੰਪਨੀ ਮੈਨੇਜਰ) ਰਿਕਾਰਡ ਕਰ ਲਵੇ।' ਤੇ ਮਗਰੋਂ ਰੁਪਿਆ ਚੜ੍ਹਾ ਕੇ ਮੈਂ ਹੱਥ ਜੋੜ'ਤੇ 'ਮਹਾਰਾਜ ਮੇਰੇ ਵੀ ਗੀਤ ਰਿਕਾਰਡ ਕਰਵਾ ਦਿਓ।'

ਪਿੱਛੇ ਜਿਹੇ 'ਅਜੀਤ ਅਖਬਾਰ' ਨੇ ਪਹਿਲੇ ਪੰਨੇ 'ਤੇ ਖਬਰ ਛਾਪੀ ਕਵੀ ਤਰਲੋਕ ਜੱਜ ਦੀ, ਪਈ ਉਹਦੀ ਇਕ ਪੁਰਾਣੀ ਰਚਨਾ ਸਤਿੰਦਰ ਸਰਤਾਜ ਨੇ ਚੋਰੀ ਕਰ ਲਈ ਹੈ, ਉਹਦਾ ਨਾਂ ਨਹੀਂ ਲਿਆ। ਪੁਆੜਾ ਫਿਰ ਨਾਂ ਦਾ ਹੀ ਹੈ। ਅਖ਼ਬਾਰ ਨੇ ਪਹਿਲੇ ਪੰਨੇ ਤੇ ਖ਼ਬਰ ਜੱਜ ਕਰਕੇ ਨਹੀਂ ਛਾਪੀ, ਇਸ ਕਰਕੇ ਛਾਪੀ ਹੈ ਕਿ ਰਚਨਾ ਗਾਈ ਚਰਚਿਤ ਨਾਂ ਸਤਿੰਦਰ ਨੇ ਹੈ। ਉਹਦੇ ਨਾਂ ਕਰਕੇ ਹੀ ਤਰਲੋਕ ਦਾ ਨਾਂ ਅੱਗੇ ਆ ਗਿਐ। ਨਾਂ ਦਾ ਹੀ ਰੌਲਾ ਪੈ ਰਿਹੈ। ਜੇ ਕਿਸੇ ਮੇਰੇ ਵਰਗੇ ਨੇ ਗਾਈ ਹੁੰਦੀ ਤਾਂ ਗੱਲ ਫਰੀਦਕੋਟ ਦਾ ਵਸੀਵਾਂ ਨਹੀਂ ਟੱਪਣੀ ਸੀ। ਇਹੋ ਉਲਾਂਭਾ ਪਹਿਲੀ ਵਾਰ ਮੇਰਾ ਵੀ ਸੀ। ਗੀਤ ਭਾਵੇਂ ਮੇਰਾ ਚੋਰੀ ਤਾਂ ਨਹੀਂ ਹੋਇਆ ਸੀ ਪਰ ਕੰਪਨੀ ਨੇ ਤਵਾ ਬਣਾਉਣ ਲੱਗਿਆਂ ਆਖਰੀ ਦੋ ਅੰਤਰੇ ਹੀ ਕੱਟ ਸੁੱਟੇ, ਜਿਨ੍ਹਾਂ 'ਚ ਮੇਰਾ ਨਾਂ ਸੀ। ਦਿਲ ਕਰੇ ਅੱਗ ਲਾ ਕੇ ਫੂਕ ਦਿਆਂ ਕੰਪਨੀ ਨੂੰ। 'ਪਰ ਸਮਾਂ ਪਾ ਕੇ ਸੋਚਦਾ ਹਾਂ ਕਿ ਚੰਗਾ ਹੀ ਹੋਇਆ ਜੋ ਹੋਇਆ ਵਰਨਾ ਹੁਣ ਤਕ ਜੁੱਤੀਆਂ ਪੁੱਠੀਆਂ-ਸਿੱਧੀਆਂ ਕਰਕੇ ਮਾਰਿਆ ਕਰਨੀਆਂ ਸਨ ਲੋਕਾਂ ਨੇ ਤੇ ਮੈਂ ਵੀ ਲੁਧਿਆਣੇ ਦੇ ਕਾਰਖਾਨਿਆਂ ਦੀਆਂ ਚਿਮਨੀਆਂ 'ਚੋਂ ਨਿਕਲਦੇ ਧੂੰਏਂ ਵਾਂਗ ਗੁਆਚ ਜਾਣਾ ਸੀ। ਨਿਆਣਾ ਹੋਣ ਕਰਕੇ ਕਿਤਾਬ ਛਪਾਉਣ ਦੇ ਚੱਕਰ ਵਿਚ ਤੇਜਿੰਦਰ ਗਰੇਵਰ ਦੀ ਚਿੱਠੀ ਨੇ ਜਿਧਰ ਨੂੰ ਤੋਰਿਆ ਸੀ, ਲੋਕਾਂ ਤੋਂ ਹੱਥ ਨਾ ਵੀ ਜੁੜਦੇ, ਮੂੰਹ ਨੇ ਸ਼ਰਮ ਨਾਲ ਹਰ ਇਕ ਤੋਂ ਮੁਆਫੀ ਮੰਗਣ ਲਈ ਤਿਆਰ ਰਹਿਣਾ ਸੀ। ਭਲਾ ਅਜਿਹੇ ਗੀਤਾਂ ਸਿਰ ਸੁਆਹ ਦਾ ਟੋਕਰਾ ਡਿੱਗੇਗਾ ਕਿ ਨਹੀਂ ਜੋ 'ਜੋ ਉਮਰ-ਨਿਆਣੀ ਡੋਲੀ ਪਾਤੀ ਮਾਪਿਆਂ ਨੇ' ਵਾਲੀ ਗ਼ਲਤੀ ਸੀ।

ਇਕ ਮੁਟਿਆਰ ਧਰਮ ਦੇ ਨਾਲ
ਬੜੀ ਹੁਸ਼ਿਆਰ
ਆਪ ਨੂੰ ਰੱਬ ਕਹਾਉਂਦੀ ਐਂ
ਜਦੋਂ ਦਾ ਜੱਟ ਟੋਹ ਗਿਆ ਹੱਥ
ਬੜਾ ਪੈਰੀਂ ਹੱਥ ਲਾਉਂਦੀ ਐ...

ਨਾਂ ਦਾ ਨਸ਼ਾ ਬੁਰਾ ਬਹੁਤ ਐ। ਜਿਵੇਂ ਬੱਬੂ ਮਾਨ ਦੀ ਸਥਿਤੀ ਐ। ਉਹ ਉਸ ਹੱਦ ਤਕ ਜਾ ਰਿਹੈ ਜਿਵੇਂ ਕਿਸੇ ਨੇ ਪੀਤੀ ਤਾਂ ਸਰੂਰ ਲਈ ਸੀ ਪਰ ਪੀ ਏਨੀ ਜ਼ਿਆਦਾ ਲਈ ਕਿ ਚੌਰਾਹੇ 'ਚ ਜਾ ਪਿਆ। ਹੁਣ ਉਸ ਨੇ ਲਾਲਾ ਲਾਜਪਤ ਰਾਏ ਦੀ ਸ਼ਹਾਦਤ 'ਤੇ ਨਾਂ ਦੀ ਖੱਟੀ ਖੱਟਦਿਆਂ ਜਿਹੜੀ ਟਿੱਪਣੀ ਕੀਤੀ ਐ, ਉਹ ਫਿੱਟ ਲਾਹਨਤ ਪਾਉਣ ਵਾਲੀ ਐ, ਕਿਵੇਂ ਤੇ ਕਿਉਂ?

ਗੱਲ ਬਹੁਤ ਸਾਲ ਪੁਰਾਣੀ ਐ। ਪੰਜਾਬੀ ਗਾਇਕੀ ਨੂੰ ਪਿਆਰ ਕਰਨ ਵਾਲਿਆਂ ਨੂੰ ਪਤੈ ਕਿ ਕੁਲਦੀਪ ਮਾਣਕ ਤੇ ਸੁਰਿੰਦਰ ਸ਼ਿੰਦੇ ਦਰਮਿਆਨ ਬੜੀ ਦੇਰ ਸਿਹਤਮੰਦ ਮੁਕਾਬਲਾ ਚੱਲਿਆ। ਇਸ ਮੁਕਾਬਲੇ 'ਚ ਇਕ ਸਥਿਤੀ ਅਜਿਹੀ ਆਈ ਕਿ ਕੁਲਦੀਪ ਮਾਣਕ ਦੀ ਇਕ ਕੈਸਿਟ ਰਾਤੋ-ਰਾਤ ਰਿਕਾਰਡ ਕਰਕੇ ਅਗਲੇ ਦਿਨ ਮਾਰਕੀਟ ਵਿਚ ਵੀ ਦੇਣੀ ਸੀ। ਕੈਸਿਟ ਵੀ ਉਹ ਬੜੀ ਚਰਚਿਤ ਰਹੀ, ਪ੍ਰਵਾਨ ਚੜ੍ਹੀ 'ਦੋ ਗੱਭਰੂ ਪੰਜਾਬ ਦੇ'। ਪ੍ਰੀਤਮ ਬਰਾੜ, ਰਾਮ ਸਿੰਘ ਢਿੱਲੋਂ ਨੂੰ ਮਹਿਰਾਜ (ਬਠਿੰਡਾ) ਤੋਂ ਚੁੱਕ ਕੇ ਲਿਆਇਆ ਜੀਹਦਾ ਇਕ ਗੀਤ 'ਗੋਲੀ ਮਾਰੋ ਇਹੋ ਜਿਹੇ ਬਨਾਉਟੀ ਯਾਰ ਦੇ' ਬੜਾ ਹਿੱਟ ਰਿਹੈ। ਢਿੱਲੋਂ ਦੇਸੀ ਜੱਟ, ਅੱਠ ਨੌਂ ਜਮਾਤਾਂ ਪਾਸ, ਸਿਰ 'ਤੇ ਬਠਿੰਡੇ ਵਾਲੀ ਪੱਗ, ਖੀਸੇ ਦੋ ਛਟਾਂਕ ਅਫੀਮ। ਦੂਜੀ ਵਾਰ ਉਹ ਚੰਡੀਗੜ੍ਹ ਆਇਆ। ਨਾਲੋ ਨਾਲ ਗੀਤ ਲਿਖ ਕੇ ਨਾਲੋ-ਨਾਲ ਰਿਕਾਰਡ ਹੋਣ। 'ਜਵਾਨੀ ਜੜ੍ਹਾਂ ਪੱਟਣ ਨੂੰ ਕਾਹਲੀ ਬਈ ਜ਼ਾਲਮ ਸਰਕਾਰ ਦੀਆਂ', ਵਿਚਲੇ ਗੀਤ 'ਚ ਲਾਈਨਾਂ ਸਨ:

ਲਾਲਾ ਡਿਗਣ ਲੱਗਾ ਗਸ਼ ਖਾ ਕੇ
ਲੈ ਗਿਆ ਜੱਫਾ ਭਗਤ ਸਿੰਘ ਪਾ ਕੇ
ਵੇਖੀਂ ਪਾਉਂਦਾ ਕਿਵੇਂ ਸਿਆਪੇ
ਮੇਮਾਂ ਧਾਹਾਂ ਮਾਰਦੀਆਂ...
ਜਵਾਨੀ...।

ਇਵੇਂ ਇਕ ਹੋਰ ਗੀਤ 'ਮਾਰਨਾ ਸੀ ਜ਼ਾਲਮ ਸਕਾਟਾ ਐਸ.ਪੀ., ਸਾਂਡਰਸ ਰੋੜ੍ਹ'ਤਾ...' ਵਿਚ ਸਤਰ ਸੀ:

ਲਾਲੇ ਵਾਲੀ ਭਾਜੀ ਸਾਂਭ ਚਿੱਤ ਵਿਚ
ਸੀ ਮੈਂ ਤੇਰਾ ਨਿਊਂਦਾ ਮੋੜ'ਤਾ...
ਮਾਰਨਾ ਸੀ...

ਮੈਂ ਹੌਲੀ ਦੇਣੀ ਕੰਨ 'ਚ ਕਿਹਾ, "ਯਾਰ ਢਿੱਲੋਂ ਤੈਨੂੰ ਪਤੈ ਕਿ ਸਿਰਦਾਰ ਕਪੂਰ ਸਿੰਘ ਨੇ 'ਸਾਚੀ ਸਾਖੀ' 'ਚ ਕੁਝ ਹੋਰ ਹੀ ਲਿਖਿਐ।" ਮੇਰੇ ਕਹਿਣ ਦੀ ਦੇਰ ਸੀ ਕਿ ਉਹਨੇ ਮਾਰੀ ਕਾਪੀ ਵਗਾਹ ਕੇ। ਕਹਿੰਦਾ ਤੇਰੇ ਥਾਂ ਕੋਈ ਹੋਰ ਹੁੰਦਾ ਤਾਂ ਗੋਲੀ ਮਾਰ ਦਿੰਦਾ ਮੈਂ। ਤੂੰ ਯਾਰ ਮੇਰੇ ਗੀਤਾਂ 'ਤੇ ਟਿੱਪਣੀ ਕਰ'ਤੀ। ਹੋਰ ਅੱਗ 'ਚ ਉਬਲਦਾ ਬੋਲਿਆ, 'ਸੁਣ ਮੈਨੂੰ ਨਹੀਂ ਪਰਵਾਹ ਕਪੂਰ ਸਿੰਘ ਨੇ ਸਾਚੀ ਸਾਖੀ 'ਚ ਕੀ ਲਿਖਿਐ? ਭਗਤ ਸਿੰਘ ਨੇ ਝੂਠ ਬੋਲਿਆ ਕਿ ਕਪੂਰ ਸਿੰਘ ਨੇ ਸੱਚ? ਭਗਤ ਸਿੰਘ ਦੀਆਂ ਲਿਖਤਾਂ 'ਚ ਭਾਜੀ ਮੋੜਨ ਦਾ ਜ਼ਿਕਰ ਐ।' ਤੇ ਹੁਣ ਬੱਬੂ ਮਾਨ ਨਾਂ ਦੀ ਖੱਟੀ ਖੱਟ ਰਿਹੈ ਜਾਂ...?

ਜਿਹੜਾ ਬੱਬੂ, ਅਮਰੀਕਾ 'ਚ ਅਖਬਾਰਾਂ ਵਾਲੇ ਸਾਹਮਣੇ ਕੁਰਸੀਆਂ ਤੇ ਬੈਠੇ ਹੋਣ 'ਤੇ, ਨਾਂ ਦੇ ਨਸ਼ੇ ਜਾਂ ਹੋਰ ਕਿਸੇ ਨਸ਼ੇ 'ਚ ਆਖੇ 'ਅਖਬਾਰਾਂ ਵਾਲਿਆਂ ਨੂੰ ਤਾਂ ਮੈਂ ਦੁੱਕੀ ਦੀ ਥਾਂ ਨੀ ਜਾਣਦਾ'। ਕਪੂਰਥਲੇ 'ਚ ਬੋਲਦੈ 'ਅਖਬਾਰਾਂ ਵਾਲੇ ਕੁਝ ਵੀ ਲਿਖਣ, ਪ੍ਰਵਾਹ ਨਹੀਂ ਕਰਦਾ।' ਲਗਦਾ ਨ੍ਹੀਂ ਨਾਂ ਦਾ ਨਸ਼ਾ ਬੇਹੋਸ਼ੀ ਦੀ ਹਾਲਤ 'ਚ ਚਲੇ ਗਿਐ? ਇੰਗਲੈਂਡ 'ਚ ਪੰਜ ਕੁ ਸਾਲ ਪਹਿਲਾਂ 'ਵੈਚਨੀ ਅਰੀਨਾ' ਉਸੇ ਹਾਲ 'ਚ ਜਿਥੇ ਹੁਣ ਕੜ੍ਹੀ ਘੋਲੀ ਐ, ਉਹਦਾ ਪ੍ਰੋਗਰਾਮ ਸੀ। ਉਹਦੇ ਖੰਟ ਦੇ ਨੇੜਲੇ ਪਿੰਡਾਂ ਦਾ ਮੁੰਡਾ ਮੇਰਾ ਵੀ ਚੰਗਾ ਮਿੱਤਰ ਸੀ। ਕੰਮ ਛੱਡ ਕੇ ਉਹਦੀਆਂ ਭੱਜ-ਭੱਜ ਕੇ ਟਿਕਟਾਂ ਵੇਚੇ, ਘਰ ਦੀਆਂ ਕੰਧਾਂ 'ਤੇ ਬੱਬੂ ਦੇ ਪੋਸਟਰ ਲਾਏ। ਉਹਨੇ ਕਿਤੇ ਕਿਹਾ, 'ਬਾਈ ਤੈਨੂੰ ਇਕ ਪੱਤਰਕਾਰ ਨਾਲ ਮਿਲਾਉਣੈ।'

ਜੁਆਬ ਸੀ 'ਇਨ੍ਹਾਂ ਦੀ ਤਾਂ ਮੈਂ ਸ਼ਕਲ ਨ੍ਹੀਂ ਦੇਖਦਾ।'

'ਬਾਈ ਮੈਂ ਤੇਰੇ ਪਿੰਡਾਂ ਦਾ ਆਂ।'

'ਹੋਏਂਗਾ, ਮੈਂ ਕੀ ਕਰਾਂ? ਬਥੇਰੀ ਲੂਲੀ-ਭੰਡਿਆਰੀ ਵਸਦੀ ਐ ਆਲੇ-ਦੁਆਲੇ।'

ਘਰ ਆ ਕੇ ਪਹਿਲਾਂ ਪੋਸਟਰ ਪਾੜੇ ਉਹਨੇ, ਫਿਰ ਟਿਕਟਾਂ ਪਾੜੀਆਂ ਤੇ ਭਰਿਆ ਪੀਤਾ ਸਾਡੇ ਕਹਿਣ ਤੇ ਸਾਡੇ ਨਾਲ ਉਕਤ ਹਾਲ 'ਚ ਪ੍ਰੋਗਰਾਮ ਵੀ ਦੇਖਣ ਚਲਾ ਗਿਆ। ਮੇਰੇ ਨਾਲ ਬੈਠਾ, ਜੋ ਕੁਝ ਦਿਨ ਪਹਿਲਾਂ ਜਨੂੰਨ ਦੀ ਹੱਦ ਤੀਕਰ ਫਿਦਾ ਸੀ, ਮਿੰਟ ਕੁ ਪਿਛੋਂ ਕਹਿ ਦਿਆ ਕਰੇ 'ਚੱਲ ਫੁਕਰਾ।' ਤੇ ਨਾਂ ਦੇ ਨਸ਼ੇ 'ਚ ਬੱਬੂ ਇਕ ਵਾਰ ਫਿਰ ਲੁੜਕ ਗਿਆ। ਫੌਜੀ ਉਥੇ ਉਨ੍ਹਾਂ ਨੂੰ ਕਹਿੰਦੇ ਨੇ ਜਿਹੜੇ ਗੈਰ-ਕਾਨੂੰਨੀ ਤੌਰ 'ਤੇ ਰਹਿਣ ਵਾਲੇ ਨੇ ਤੇ ਇਹ ਵਿਚਾਰੇ ਵਧੇਰੇ ਕਰਕੇ ਅਜਿਹੇ ਸ਼ੋਆਂ 'ਤੇ ਜਾਂਦੇ ਹਨ। ਉਹਦੇ ਆਪਣੇ ਗੀਤ 'ਫੁੱਲ ਕੋਈ ਵਲਾਇਤ ਵਾਲਾ ਲੈ ਗਿਆ' ਨੂੰ ਭੰਨ ਕੇ 'ਫੌਜੀ ਕੋਈ ਵਲਾਇਤ ਵਾਲਾ ਲੈ ਗਿਆ, ਗੁੱਡਦਾ ਮੈਂ ਰਹਿ ਗਿਆ ਕਿਆਰੀਆਂ...' ਕਹਿਣ ਦੀ ਦੇਰ ਸੀ ਕਿ ਪਹਿਲਾਂ ਤਾਂ ਮੇਰੇ ਨਾਲ ਬੈਠੇ ਉਸੇ ਗੱਭਰੂ ਨੇ ਪੌਂਡ ਦਾ ਸਿੱਕਾ ਟੱਲੀ ਵਾਂਗ ਮਾਰਿਆ ਸਟੇਜ 'ਤੇ ਫਿਰ ਤਾਂ ਮੀਂਹ ਹੀ ਵਰ੍ਹ ਪਿਆ। ਸਿੱਕਿਆਂ ਨਾਲ ਕੁਪੱਤ ਹੋਣ ਤੋਂ ਪਿੱਛੋਂ ਪ੍ਰੋਗਰਾਮ ਤਾਂ ਬੰਦ ਹੋ ਗਿਆ ਪਰ ਉਹ ਧਮਕੀ ਦੇ ਗਿਆ 'ਆਇਓ ਕਿਤੇ ਚੰਡੀਗੜ੍ਹ, ਫੇਰ ਦੇਖੂੰ।'

ਅਸਲ ਵਿਚ ਸ਼ੋਹਰਤ ਤੇ ਹਕੂਮਤ ਵਿਚ ਬਣੇ ਨਾਂ ਤੋਂ ਗਲਤੀਆਂ ਹੀ ਨਹੀਂ ਹੁੰਦੀਆਂ, ਬੱਜਰ ਵੀ ਹੁੰਦੀਆਂ ਹਨ।

ਪੰਜਾਬੀ ਗਾਇਕੀ ਵਿਚ ਜਦੋਂ ਸ਼ੋਹਰਤ ਦੀ ਗੱਡੀ ਪਲੇਟਫਾਰਮ 'ਤੇ ਰੁਕਦੀ ਹੈ ਤਾਂ ਫੜ੍ਹਾਂ ਦੇ ਡੱਬੇ ਵੀ ਲੀਹੋਂ ਲੱਥ ਗਏ ਹੁੰਦੇ ਹਨ। ਪੰਜਾਬੀ ਗੀਤਾਂ ਅਤੇ ਫਿਲਮਾਂ 'ਚ ਬਹੁ ਚਰਚਿਤ ਰਹੀ ਇਕ ਗਾਇਕਾ ਦੀ ਇਕ ਨਿੱਜੀ ਚੈਨਲ 'ਤੇ ਮੁਲਾਕਾਤ ਚਲ ਰਹੀ ਸੀ। ਜਦੋਂ ਉਹਦੀ ਯੋਗਤਾ ਬਾਰੇ ਸਵਾਲ ਪੁੱਛਿਆ ਗਿਆ ਤਾਂ ਉਹ ਦਿੱਲੀ ਦੀ ਇਕ ਯੂਨੀਵਰਸਿਟੀ 'ਚ ਪੜ੍ਹਨ ਦਾ ਹਵਾਲਾ ਦੇਵੇ। ਸੱਚਾਈ ਇਹ ਸੀ ਕਿ ਮੇਰੇ ਸਕੂਲ 'ਚ ਉਹਦਾ ਨਾਂ ਦਰਜ ਕਰਕੇ ਦਸਵੀਂ ਦਾ ਦਾਖਲਾ ਭਿਜਵਾਇਆ ਗਿਆ ਸੀ ਪਰ ਨਕਲ ਵੀ ਕੰਮ ਇਸ ਕਰਕੇ ਨਹੀਂ ਆਈ, ਕਿਉਂਕਿ ਲਿਖਣ ਦੀ ਵੀ ਅਕਲ ਹੋਣੀ ਚਾਹੀਦੀ ਸੀ। ਇਹ ਸਾਰੀ ਹਾਸੋ-ਹੀਣੀ ਸਥਿਤੀ ਇਸ ਕਰਕੇ ਬਣ ਰਹੀ ਸੀ ਕਿ ਜਦੋਂ ਕੋਈ ਸਫਲ ਹੁੰਦਾ ਹੈ ਤਾਂ ਵਿਰੋਧੀ ਵੀ ਉਹਦੇ ਪਹਿਲੇ ਸਮਰਥਕਾਂ ਤੇ ਸਹਿਯੋਗੀਆਂ ਵਿਚ ਸ਼ਾਮਲ ਹੁੰਦੇ ਹਨ।

ਸੱਤ ਸੌ ਚੁਰੰਜਾ
ਝੀਲ ਤੁਰੰਜਾ
ਦਿੱਲੀ ਬਵੰਜਾ

ਇਹ ਕਿਸੇ ਗੀਤ ਦੀਆਂ ਲਾਈਨਾਂ ਨਹੀਂ ਬਲਕਿ ਨਰੂਲਾ ਪਰਿਵਾਰ ਦਾ ਸਿਰਨਾਵਾਂ ਹੈ। ਸੰਗੀਤਕਾਰ ਕੇਸਰ ਸਿੰਘ ਨਰੂਲਾ, 'ਟਾਂਗੇ ਵਾਲਾ ਵਾਜਾਂ ਮਾਰਦਾ' ਵਾਲੀ ਉਹਦੀ ਪਤਨੀ ਮੋਹਣੀ ਨਰੂਲਾ ਤੇ 'ਅੱਲਾ ਕਰੇ ਦਿਨ ਨਾ ਚੜ੍ਹੇ' ਵਾਲੀ ਉਨ੍ਹਾਂ ਦੀ ਧੀ ਜਸਪਿੰਦਰ ਨਰੂਲਾ ਦਾ ਪਤਾ ਹੈ। ਮੇਰੇ ਵੇਖਦਿਆਂ ਹੀ ਜਸਪਿੰਦਰ ਨੇ 12 ਸਾਲ ਦੀ ਉਮਰ ਵਿਚ ਗਾਇਆ ਸੀ, ਚਰਨਜੀਤ ਆਹੂਜਾ ਪੈਂਡੋਲੀਨ ਵਾਦਕ ਤੋਂ ਸੰਗੀਤ ਸਮਰਾਟ ਬਣਿਆ ਸੀ। ਭਗਵੰਤ ਵੀ, ਗਰੇਵਾਲ ਵੀ, ਸਰਦੂਲ ਵੀ, ਨੂਰੀ ਵੀ, ਹੰਸ ਵੀ, ਵਾਰਿਸ ਭਰਾ ਵੀ, ਗੀਤਾਂ 'ਚ ਭਾਵੇਂ ਕਹੀ ਜਾਣ 'ਤੇਰਾ ਕੱਲੇ ਕੱਲੇ ਤਾਰੇ ਉਤੇ ਨਾਂ ਲਿਖਿਆ' ਪਰ ਏਦਾਂ ਹੋ ਨਹੀਂ ਸਕਦਾ। ਪਰ ਪੰਜਾਬੀ ਗਾਇਕੀ ਦੀ ਬਹੁਤੀ ਪਿਨ ਕੋਡ ਪ੍ਰਣਾਲੀ ਮੇਰੇ ਹੱਥਾਂ ਥਾਣੀਂ ਗੁਜ਼ਰੀ ਹੈ। ਗਾਇਕਾਂ ਨੂੰ ਭਰਮ ਰਿਹੈ ਕਿ ਲੋਕ ਮੂਰਖ ਨੇ ਪਰ ਉਹ ਨਹੀਂ ਜਾਣਦੇ ਕਿ ਜਦੋਂ ਕੋਈ ਨਾਂ ਬਣਦੈ ਤਾਂ ਲੋਕ ਇਹਦੀ ਰਫਤਾਰ ਵਧਾਉਣ ਲਈ ਰਾਹ ਛੱਡ ਦਿੰਦੇ ਨੇ।

#

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### *ਅਣਖ ਦਾ ਕਿੱਲ*

ਲੱਗੀਆਂ ਤੋੜ ਨਾ ਚੜ੍ਹੀਆਂ ਤਾਂ ਮੁਆਫ ਕਰ ਦਈਂ, ਭਾਵੇਂ ਆ ਗਿਆ ਤੇਰੇ 'ਤੇ ਦਿਲ ਅੜਿਆ।
ਜ਼ਿੰਦਗੀ ਘੋਲ ਘੁਮਾ ਦਿਆਂਗੀ ਰਾਂਝਣੇ ਤੋਂ, ਰਹਿਣ ਦਊਂ ਨਾ ਕਿਤੇ ਵੀ ਢਿੱਲ ਅੜਿਆ।
ਕੰਧਾਂ ਬੜੀਆਂ ਸਮਾਜ ਦੀਆਂ ਹਾਲੇ ਉਚੀਆਂ, ਸੁਪਨੇ ਵਿਚ ਹੀ ਲਵਾਂਗੇ ਮਿਲ ਅੜਿਆ।
ਤਪਦੀ ਭੱਠੀ ਵਿਚ ਡਿੱਗ ਕੇ ਵੇਖਿਆ ਹੈ, ਦਾਣਾ ਮੱਕੀ ਦਾ ਬਣਦਾ ਏ ਖਿੱਲ੍ਹ ਅੜਿਆ।
ਫਾਹੇ ਲਾ ਕੇ ਮਾਰਦੇ ਫਿਰਨ ਮਾਪੇ, ਲਾਹੁੰਦੇ ਵੀਰ ਨੇ ਭੈਣ ਦੀ ਛਿੱਲ ਅੜਿਆ।
ਪ੍ਰੇਮੀ ਰੇਲਵੇ ਲਾਈਨਾਂ ਤੋਂ ਲੱਭਦੇ ਨੇ, ਕੱਢਤੀ ਖਾਪ ਪੰਚਾਇਤਾਂ ਘੜਿੱਲ ਅੜਿਆ।
ਜਾਤ, ਗੋਤ ਤੇ ਧਰਮ ਦਾ ਪਿਆ ਰੌਲਾ, ਸ਼ਰਮੇ, ਸੰਧੂ ਤੇ ਆਕੜ ਗਏ ਗਿੱਲ ਅੜਿਆ।
ਸੁਣਦਾ ਨਹੀਂ ਅਰਜੋਈ ਪ੍ਰੇਮੀਆਂ ਦੀ, ਵੜਿਆ ਅਣਖ ਦਾ ਧੌਣ ਵਿਚ ਕਿੱਲ ਅੜਿਆ।

# ਵਿਸ਼ਵ ਵਿਦਿਆਲਾ:ਕੁਰੂਕਸ਼ੇਤਰੇ ਧਰਮ ਕਸ਼ੇਤਰੇ

## ਰੰਗ-ਬੇਰੰਗ

**ਡਾ. ਗੁਰਨਾਮ ਕੌਰ**

ਛੋਟੇ ਹੁੰਦੇ ਸ਼ਾਮ ਨੂੰ ਬੇ ਜੀ ਜਾਂ ਵੀਰਾਂ ਅਤੇ ਬਾਪੂ ਜੀ ਦੇ ਦੁਆਲੇ ਹੋ ਜਾਈਦਾ ਸੀ ਕਿ ਸਾਨੂੰ ਬਾਤਾਂ ਸੁਣਾਉ। ਜੇ ਤਾਂ ਉਨ੍ਹਾਂ ਦਾ ਮਨ ਹੋਣਾ ਤਾਂ ਬਾਤ ਸ਼ੁਰੂ ਕਰ ਦੇਣੀ, ਜੇ ਨਾ ਮਨ ਹੋਣਾ, ਕੰਮਾਂ ਤੋਂ ਜ਼ਿਆਦਾ ਥੱਕੇ ਹੋਣਾ ਤਾਂ ਬੁੱਝਣ ਵਾਲੀ ਕੋਈ ਬਾਤ ਪਾ ਦੇਣੀ ਤਾਂ ਕਿ ਬੁੱਝਣ ਵਿਚ ਉਲਝੇ ਰਹੀਏ। ਸਭ ਤੋਂ ਵੱਧ ਜਿਹੜੀ ਬਾਤ ਬੁੱਝਣ



ਡਾ. ਗੁਰਨਾਮ ਕੌਰ

ਲਈ ਕਿਹਾ ਜਾਂਦਾ ਉਹ ਸੀ, "ਇੱਕ ਟਾਹਲੀ 'ਤੇ ਤਿਲੀਅਰ ਬੈਠਾ ਗਰਦਨ ਉਹਦੀ ਕਾਲੀ। ਜਾਂ ਕੋਈ ਬੁੱਝੇ ਪਾਧਾ ਪੰਡਤਿ ਜਾਂ ਕੋਈ ਬੁੱਝੇ ਹਾਲੀ।" ਅਸੀਂ ਸੋਚਾਂ ਵਿਚ ਪਏ ਰਹਿਣਾ ਪਰ ਸਾਨੂੰ ਬਾਤ ਦਾ ਮੂੰਹ ਸਿਰ ਪਤਾ ਨਾ ਲੱਗਣਾ। ਜਦੋਂ ਹਾਰ ਜਾਣਾ ਤਾਂ ਬਾਤ ਪਾਉਣ ਵਾਲੇ ਜੀਅ ਨੇ ਕਹਿਣਾ, "ਕੇਸੂ ਦਾ ਫੁੱਲ।" ਸਮਝ ਫੇਰ ਵੀ ਨਾ ਲੱਗਣੀ ਕਿ ਕੇਸੂ ਦਾ ਫੁੱਲ ਕਿਹੋ ਜਿਹਾ ਹੁੰਦਾ ਹੈ ਕਿਉਂਕਿ ਕੇਸੂ ਰੇਤਲੇ ਅਤੇ ਖੁਸ਼ਕ ਇਲਾਕੇ ਵਿਚ ਹੁੰਦਾ ਹੈ। ਸਾਡੀ ਸਮਰਾਲੇ ਦੇ ਇਲਾਕੇ ਦੀ ਜ਼ਮੀਨ ਤਾਂ ਡਾਕਰ ਹੈ। ਮੇਰੇ ਮਾਮਾ ਜੀ ਆਜ਼ਾਦੀ ਤੋਂ ਪਹਿਲਾਂ ਫੌਜ ਵਿਚ ਰਹੇ ਸਨ। ਉਹ ਕਹਿੰਦੇ ਹੁੰਦੇ ਸੀ, "ਮੈਂ ਚਿਟਾਗਾਉਂ (ਹੁਣ ਬੰਗਲਾ ਦੇਸ਼) ਤੋਂ ਲੈ ਕੇ ਪਿਸ਼ਾਵਰ (ਹੁਣ ਪਾਕਿਸਤਾਨ) ਤੱਕ ਹਿੰਦੁਸਤਾਨ ਵਿਚ ਘੁੰਮਿਆ ਹਾਂ ਪਰ ਪੰਜਾਬ ਵਰਗੀ ਜ਼ਮੀਨ ਕਿਤੇ ਨਹੀਂ ਦੇਖੀ। ਸਾਰੇ ਪੰਜਾਬ ਵਿਚ ਲੁਧਿਆਣੇ ਦੀ ਜ਼ਮੀਨ ਅਤੇ ਲੁਧਿਆਣੇ ਵਿਚ ਸਮਰਾਲੇ ਦੀ ਜ਼ਮੀਨ, ਸਮਰਾਲੇ ਵਿਚ ਹੈਡੋਂ ਤੇ ਘੁੰਗਰਾਲੀ ਵਰਗੀ ਜ਼ਮੀਨ ਹੋਰ ਕਿਤੇ ਨਹੀਂ।" ਸਾਡੀ ਇਸ ਜ਼ਮੀਨ ਵਿਚ ਫਸਲ ਤਾਂ ਬਹੁਤ ਹੁੰਦੀ ਹੈ ਪਰ ਕੇਸੂ ਨਹੀਂ ਹੁੰਦੇ ਤੇ ਅਸੀਂ ਸੋਚਦੇ ਰਹਿਣਾ "ਕਿਹੋ ਜਿਹੇ ਹੁੰਦੇ ਨੇ ਕੇਸੂ ਦੇ ਫੁੱਲ ਜਿਨ੍ਹਾਂ ਦਾ ਪਤਾ ਸਿਰਫ ਹਾਲੀਆਂ ਜਾਂ ਪਾਧੇ ਪੰਡਿਤਾਂ ਨੂੰ ਹੀ ਲਗਦਾ ਹੈ?"

ਕੁਰੂਕਸ਼ੇਤਰ ਹੋਸਟਲ ਵਿਚ ਕਮਰੇ ਦੀ ਗੈਲਰੀ ਵਿਚ ਬੈਠਿਆਂ ਫਾਈਨਲ ਇਮਤਿਹਾਨਾਂ ਦੀ ਤਿਆਰੀ ਕਰਦਿਆਂ ਆਲੇ-ਦੁਆਲੇ ਜਿਧਰ ਨਿਗਾਹ ਜਾਣੀ ਤਾਂ ਦਰਖਤ ਨਜ਼ਰ ਆਉਣੇ ਜਿਨ੍ਹਾਂ ਦੇ ਸਿਰ 'ਤੇ ਅੱਗ ਵਾਂਗ ਮੱਚਦੇ ਫੁੱਲ ਨਜ਼ਰ ਆਉਣੇ। ਹਰਿਆਣੇ ਦੀਆਂ ਜਾਟ ਕੁੜੀਆਂ ਨੂੰ ਪੁੱਛਣ 'ਤੇ ਪਤਾ ਲੱਗਿਆ ਕਿ ਇਹੀ ਕੇਸੂ ਦੇ ਫੁੱਲ ਹਨ ਜਿਨ੍ਹਾਂ ਦਾ ਜ਼ਿਕਰ ਗੁਰਬਾਣੀ ਵਿਚ ਇਉਂ ਕੀਤਾ ਹੈ, "ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ॥" ਕੁਰੂਕਸ਼ੇਤਰ ਦੀ ਦੂਸਰੀ ਮਸ਼ਹੂਰ ਚੀਜ਼ ਸੀ ਇਥੋਂ ਦੀਆਂ ਝਾੜੀਆਂ ਦੇ ਬੇਰ ਅਤੇ ਮੱਛਰਾਂ ਵਰਗੇ ਕੀੜੇ-ਮਕੌੜੇ। ਯੂਨੀਵਰਸਿਟੀ ਵਿਚ, ਖ਼ਾਸ ਕਰਕੇ ਪਹਿਲੇ ਗੇਟ ਤੇ ਹਸਪਤਾਲ ਦੇ ਆਲੇ-ਦੁਆਲੇ ਬੇਅੰਤ ਝਾੜੀਆਂ ਸਨ ਜਿਨ੍ਹਾਂ ਨੂੰ ਬੇਰ ਲਗਦੇ ਸਨ। ਵਿਦਿਆਰਥੀ ਜੀਵਨ ਵਿਚ ਥੋੜ੍ਹੀ-ਬਹੁਤੀ ਸਾਹਿਤਕ ਮੱਸ ਰੱਖਣ ਵਾਲਿਆਂ ਨੂੰ ਆਮ ਤੌਰ 'ਤੇ ਕਵਿਤਾ ਸੁਣਾਉਣ ਦਾ ਬਹੁਤ ਸ਼ੌਕ ਹੁੰਦਾ ਸੀ ਸਾਡੇ ਵੇਲੇ। ਇਸ ਲਈ ਨਵੇਂ ਆਏ ਕਿਸੇ ਨਾ ਕਿਸੇ ਵਿਦਿਆਰਥੀ ਨੂੰ ਪਹਿਲਾਂ ਕੋਈ ਕਵਿਤਾ ਸੁਣਾਉਣ ਲਈ ਕਹਿਣਾ ਫਿਰ ਸੀਨੀਅਰਾਂ ਨੇ ਉਸ ਨੂੰ ਠਿੱਠ ਕਰਨ ਲਈ ਕਹਿਣਾ, "ਆਪ ਕੇ ਸ਼ੇਅਰ ਭੀ ਕਿਆ ਸ਼ੇਅਰ ਹੈਂ। ਕੁਰੂਕਸ਼ੇਤਰ ਕੀ ਝਾੜਿਓਂ ਕੇ ਬੇਰ ਹੈਂ।" ਇਹ ਪਰੰਪਰਾ ਵੀ ਇਸੇ ਤਰ੍ਹਾਂ ਚਲਦੀ ਰਹੀ। ਇਥੋਂ ਦੇ ਮੱਛਰਾਂ ਦੀ ਸ਼ਕਲ ਭੂਰੇ ਰੰਗ ਦੀ ਸਿਉਂਕ ਵਰਗੀ ਹੈ ਜੋ ਬੜੀ ਤਿੱਖੀ ਦੰਦੀ ਵੱਢਦੇ। ਨੀਰੂ ਦੀਦੀ ਹਮੇਸ਼ਾ ਕਹਿੰਦੇ, "ਬਾਪ ਰੇ! ਦੁਨੀਆਂ ਭਰ ਕੇ ਕੀੜੇ-ਮਕੌੜੇ ਯਹਾਂ ਕੁਰੂਕਸ਼ੇਤਰ ਮੇਂ ਇਕੱਠੇ ਹੋ ਗਏ ਹੈਂ।"

ਇਸ ਸਭ ਕੁੱਝ ਦੇ ਬਾਵਜੂਦ ਪੜ੍ਹਾਈ ਅਤੇ ਅਧਿਆਪਕਾਂ ਪੱਖੋਂ ਇਸ ਵਿਸ਼ਵ ਵਿਦਿਆਲੇ ਦਾ ਉਦੋਂ ਕੋਈ ਸਾਨੀ ਨਹੀਂ ਸੀ। ਇਸ ਦਾ ਅਹਿਸਾਸ ਮੈਨੂੰ ਉਥੇ ਪੜ੍ਹਦਿਆਂ ਵੀ ਹੋਇਆ ਅਤੇ ਪੰਜਾਬੀ ਯੂਨੀਵਰਸਿਟੀ ਵਿਚ ਖੋਜ ਕਰਦਿਆਂ ਅਤੇ ਪੜ੍ਹਾਉਂਦਿਆਂ ਵੀ। ਪੰਜਾਬੀ ਯੂਨੀਵਰਸਿਟੀ ਦੇ ਬਹੁਤੇ ਅਧਿਆਪਕਾਂ ਨੂੰ ਤਾਂ ਪਾਲਿਟਿਕਸ ਤੋਂ ਹੀ ਵਿਹਲ ਨਹੀਂ ਮਿਲਦੀ। ਅੱਧੇ ਤੋਂ ਬਹੁਤਾ ਸਮਾਂ ਉਹ ਹੜਤਾਲਾਂ ਵਿਚ ਅਤੇ ਉਸ ਵਿਚੋਂ ਖੱਟਿਆ ਖਾਣ 'ਤੇ ਲੰਘਾ ਦਿੰਦੇ ਹਨ। ਡਾ. ਅਜਿਤ ਕੁਮਾਰ ਸਿਨਹਾ ਬੇਹੱਦ ਲਾਇਕ ਟੀਚਰ ਸਨ ਜਿਨ੍ਹਾਂ ਨੇ ਉਨ੍ਹਾਂ ਦਿਨਾਂ ਵਿਚ ਅਮਰੀਕਾ ਤੋਂ ਪੀ ਐਚ ਡੀ ਕੀਤੀ ਸੀ ਵਿਸ਼ਾ ਸ਼ਾਇਦ "ਫ਼ਿਲਾਸਫ਼ੀ ਆਫ ਸਾਇੰਸ" ਸੀ। ਪਹਿਲੇ ਸਾਲ ਵਿਚ ਉਨ੍ਹਾਂ ਨੇ ਸਾਨੂੰ ਹਿੰਮਤ ਸਿੰਘ ਸਿਨਹਾ ਸਰ ਨਾਲ ਭਾਰਤੀ ਦਰਸ਼ਨ ਦਾ ਪਰਚਾ ਸਾਂਝਾ ਪੜ੍ਹਾਇਆ ਅਤੇ ਦੂਜੇ ਸਾਲ ਵਿਚ "ਫ਼ਿਲਾਸਫ਼ੀ ਆਫ ਸਾਇੰਸ" ਪੜ੍ਹਾਇਆ। ਉਹ ਰੀਡਰ ਹੈਡ ਸਨ ਅਤੇ ਮੈਂ ਆਪਣੀ ਜ਼ਿੰਦਗੀ ਵਿਚ ਹੋਰ ਕੋਈ ਏਨਾ ਗੰਭੀਰ ਅਤੇ ਲਾਇਕ ਅਧਿਆਪਕ ਨਹੀਂ ਦੇਖਿਆ। ਅਸੀਂ ਕਦੀ ਉਨ੍ਹਾਂ ਨੂੰ ਆਪਣੀ ਤਰੱਕੀ ਲਈ ਵੀ.ਸੀ. ਕੋਲ ਜਾਂਦੇ ਨਹੀਂ ਦੇਖਿਆ। ਡਾ. ਸਿਨਹਾ ਦੇ ਪਿਤਾ ਜਾਦੂਨਾਥ ਸਿਨਹਾ ਭਾਰਤੀ ਦਰਸ਼ਨ ਦੇ ਮਾਹਿਰ ਸਨ ਅਤੇ ਉਨ੍ਹਾਂ ਨੇ ਪੁਸਤਕਾਂ ਵੀ ਲਿਖੀਆਂ। ਕਲਕੱਤੇ ਉਨ੍ਹਾਂ ਦੀ ਆਪਣੀ ਪ੍ਰਿੰਟਿੰਗ ਪ੍ਰੈਸ ਸੀ। ਡਾ. ਮਿਸ ਗੁਪਤਾ ਸਾਨੂੰ ਪਹਿਲੇ ਸਾਲ "ਹਿਸਟਰੀ ਆਫ ਵੈਸਟਰਨ ਫ਼ਿਲਾਸਫ਼ੀ ਗਰੀਕ ਐਂਡ ਮਾਡਰਨ" ਅਤੇ ਦੂਸਰੇ ਸਾਲ "ਕੰਟੈਂਪਰੇਰੀ ਵੈਸਟਰਨ ਐਂਡ ਇੰਡੀਅਨ ਫ਼ਿਲਾਸਫ਼ੀ" ਪੜ੍ਹਾਉਂਦੇ ਸਨ ਜਿਸ ਵਿਚ ਪੱਛਮ ਦੇ ਸਾਰੇ ਸਕੂਲ ਸ਼ਾਮਲ ਸਨ। ਉਨ੍ਹਾਂ ਤੋਂ ਪੜ੍ਹਦਿਆਂ ਕਦੀ ਲੱਗਿਆ ਹੀ ਨਹੀਂ ਸੀ ਕਿ ਫ਼ਿਲਾਸਫ਼ੀ ਮੇਰੇ ਲਈ ਨਵਾਂ ਵਿਸ਼ਾ ਹੈ। ਮਿਸਜ ਪੁਸ਼ਪਾ ਚੌਧਰੀ ਨੇ ਸਾਨੂੰ ਪਹਿਲੇ ਸਾਲ ਵਿਚ "ਜਨਰਲ ਐਂਡ ਐਪਲਾਈਡ ਸਾਈਕਾਲੋਜੀ" ਅਤੇ ਦੂਜੇ ਸਾਲ ਵਿਚ "ਐਬਨਾਰਮਲ ਐਂਡ ਕਲਿਨੀਕਲ ਸਾਈਕਾਲੋਜੀ" ਪੜ੍ਹਾਈ। ਉਨ੍ਹਾਂ ਨੇ ਹੀ ਸਾਨੂੰ ਸਹੀ ਢੰਗ ਨਾਲ ਪ੍ਰਸ਼ਨ ਹਲ ਕਰਨੇ ਦੱਸੇ ਅਤੇ ਸਾਈਕਾਲੋਜੀ ਵਿਚ ਏਨੀ ਦਿਲਚਸਪੀ ਪੈਦਾ ਹੋ ਗਈ ਕਿ ਅਸੀਂ ਆਪਣੇ ਤੌਰ 'ਤੇ ਵੀ ਕੇਸ ਸਟੱਡੀ ਕਰਦੇ ਰਹਿਣਾ। ਇਸੇ ਦਾ ਨਤੀਜਾ ਸੀ ਕਿ ਦੂਜੇ ਸਾਲ ਮੇਰੇ ਸਾਈਕਾਲੋਜੀ ਵਿਚੋਂ 78% ਨੰਬਰ ਆਏ ਜੋ ਯੂਨੀਵਰਸਿਟੀ ਵਿਚ ਸਭ ਤੋਂ ਵੱਧ ਸਨ। ਡਾ. ਮਿਸ਼ਰਾ ਲੌਜਕ ਦਾ ਬਹੁਤ ਵਧੀਆ ਟੀਚਰ ਸੀ ਪਰ ਉਸਦੀ ਯੂਪੀ ਸਟਾਈਲ ਅੰਗਰੇਜ਼ੀ ਮੈਨੂੰ ਘੱਟ ਸਮਝ ਪੈਂਦੀ ਪਰ ਫਿਰ ਵੀ ਉਸਨੂੰ ਪ੍ਰੇਸ਼ਾਨੀ ਹੁੰਦੀ ਸੀ ਕਿ ਮੈਂ ਬਾਕੀ ਕਲਾਸਾਂ ਦੀ ਤਰ੍ਹਾਂ ਉਸਦੀ ਕਲਾਸ ਵਿਚ ਐਕਸਲੈਂਟ ਕਿਉਂ ਨਹੀਂ। ਸਰ ਹਿੰਮਤ ਸਿੰਘ ਸਿਨਹਾ ਦਾ ਰਾਜਨੀਤਕ ਝੁਕਾ ਉਦੋਂ ਦੀ ਜਨਸੰਘ (ਹੁਣ ਭਾਰਤੀ ਜਨਤਾ ਪਾਰਟੀ) ਵੱਲ ਸੀ ਅਤੇ ਉਨ੍ਹਾਂ ਹੀ ਸਾਨੂੰ ਸਮਝਾਇਆ ਕਿ "ਪੌਰਾਣਿਕ ਸਾਹਿਤ" ਦੀ ਭਾਰਤੀ ਦਰਸ਼ਨ ਵਿਚ ਕੋਈ ਥਾਂ ਨਹੀਂ ਹੈ। ਅਸੀਂ ਅੱਜ ਦੇ ਸਿੱਖਾਂ ਨੇ ਦਸਮ ਗ੍ਰੰਥ ਵਿਚ ਸ਼ਾਮਿਲ ਅਨੁਵਾਦਿਤ (ਉਹ ਵੀ ਉਲਟਾ-ਸਿੱਧਾ) ਪੌਰਾਣਿਕ ਸਾਹਿਤ ਨੂੰ ਦਸਮ ਪਾਤਿਸ਼ਾਹ ਹਜ਼ੂਰ ਦੇ ਨਾਂ ਲਾਉਣ ਲਈ ਸਾਰਾ ਜ਼ੋਰ ਲਾਇਆ ਹੋਇਆ ਹੈ ਅਤੇ ਬੜਾ ਕਿਲ੍ਹ ਕਿਲ੍ਹ ਕੇ ਕਹਿੰਦੇ ਹਾਂ ਕਿ "ਜਿਹੜਾ ਸਾਰੇ ਦਸਮ ਗ੍ਰੰਥ ਦੀਆਂ ਰਚਨਾਵਾਂ ਨੂੰ ਗੁਰੂ ਸਾਹਿਬ ਦੀਆਂ ਨਹੀਂ ਮੰਨਦਾ



ਉਹ ਗੁਰੂ ਦਾ ਸਿੱਖ ਕਹਾਉਣ ਦਾ ਹੱਕਦਾਰ ਹੀ ਨਹੀਂ ਹੈ"।

ਪ੍ਰੋ. ਗੁਰਬਚਨ ਸਿੰਘ ਤਾਲਿਬ ਡਾ. ਕਾਲੀਆ, ਜੋ ਬਦੇਸ਼ ਗਏ ਹੋਏ ਸੀ, ਦੀ ਥਾਂ ਅੰਗਰੇਜ਼ੀ ਦੇ ਰੀਡਰ ਮੁਖੀ ਸਨ। ਉਨ੍ਹਾਂ ਕੋਲ ਮੇਰੀ ਸਹੇਲੀ ਸੁਸ਼ਮਾ ਅੰਗਰੇਜ਼ੀ ਦੀ ਐਮ.ਏ ਕਰ ਰਹੀ ਸੀ। ਮਹਾਨ ਹਿਸਟੋਰੀਅਨ ਡਾ. ਦੱਤਾ, ਜਿਨ੍ਹਾਂ ਦੇ ਲੇਖ ਮੈਂ ਹੁਣ ਤੱਕ ਵੀ ਅੰਗਰੇਜ਼ੀ ਟ੍ਰਿਬਿਊਨ ਵਿਚ ਪੜ੍ਹਦੀ ਰਹੀ ਹਾਂ ਅਤੇ ਕਾਨਫਰੰਸਾਂ 'ਤੇ ਮਿਲਦੀ ਰਹੀ ਹਾਂ, ਇਤਿਹਾਸ ਦੇ ਮੁਖੀ ਸਨ। ਮੇਰੀ ਸਹੇਲੀ ਰਵਿੰਦਰ ਗਿੱਲ ਨੇ ਮੇਰੇ ਦੂਜੇ ਸਾਲ ਵੇਲੇ 'ਭਾਸ਼ਾ ਵਿਗਿਆਨ' ਦੀ ਐਮ.ਏ ਵਿਚ ਦਾਖ਼ਲਾ ਲਿਆ। ਉਹ ਫ਼ਿਲਾਸਫ਼ੀ ਪੜਨਾ ਚਾਹੁੰਦੀ ਸੀ ਪਰ ਡਾ. ਵੀ.ਐਨ. ਤਿਵਾੜੀ ਜੋ ਪੰਜਾਬ ਯੂਨੀਵਰਸਿਟੀ ਵਿਚ ਪੰਜਾਬੀ ਦੇ ਪ੍ਰੋਫੈਸਰ ਸਨ ਅਤੇ ਉਸ ਦੇ ਮਾਮਾ ਜੀ ਦੇ ਜੁਆਈ ਸਨ, ਦੇ ਜ਼ੋਰ ਪਾਉਣ 'ਤੇ ਉਸ ਨੇ ਭਾਸ਼ਾ ਵਿਗਿਆਨ ਵਿਚ ਹੀ ਦਾਖਲਾ ਲੈ ਲਿਆ ਜਿਸ ਦੀਆਂ ਕਲਾਸਾਂ ਸ਼ਾਮ ਨੂੰ ਲਗਦੀਆਂ ਸਨ। ਇਸ ਵਿਭਾਗ ਵਿਚ ਵੀ ਡਾ. ਦਿਵੇਦੀ ਅਤੇ ਡਾ. ਗੋਸਵਾਮੀ ਬੜੇ ਕਾਬਲ ਟੀਚਰ ਸਨ।

ਚਾਰ ਅਗਸਤ 1968 ਨੂੰ ਮੇਰੇ ਤੋਂ ਵੱਡੀ ਮੇਰੀ ਭੈਣ ਘਰ ਪੁੱਤਰ ਹੋਇਆ ਜਿਸ ਨੂੰ ਦੇਖਣ ਲਈ ਮੈਂ ਯੂਨੀਵਰਸਿਟੀ ਤੋਂ ਆਈ। ਅੱਗੇ ਚੱਲ ਕੇ ਇਹ ਬੇਟਾ ਮੇਰਾ ਜਾਨਸ਼ੀਨ ਬਣਿਆ ਭਾਵ ਉਸ ਨੇ ਸਿਰਫ ਫ਼ਿਲਾਸਫ਼ੀ ਦੀ ਐਮ.ਏ ਹੀ ਨਹੀਂ ਕੀਤੀ ਸਗੋਂ ਉਹ ਪੰਜਾਬੀ ਯੂਨੀਵਰਸਿਟੀ ਵਿਚੋਂ ਫਸਟ ਕਲਾਸ ਲੈ ਕੇ ਸੈਕੰਡ ਵੀ ਆਇਆ ਅਤੇ ਯੂ.ਜੀ.ਸੀ. ਦੇ ਟੈਸਟ ਵਿਚੋਂ ਡਿਸਟਿੰਕਸ਼ਨ ਲੈ ਕੇ ਸਕਾਲਰਸ਼ਿਪ ਲਿਆ, ਐਮ.ਫ਼ਿਲ ਕੀਤੀ। ਜਦੋਂ ਪੀ.ਐਚ.ਡੀ ਕਰ ਰਿਹਾ ਸੀ ਤਾਂ ਕੈਨੇਡਾ ਆ ਗਿਆ ਅਤੇ ਇਥੇ ਆ ਕੇ ਮਾਈਕਰੋਸਾਫ਼ਟ ਇੰਜੀਨੀਅਰਿੰਗ ਕਰਕੇ ਵਾਟਰਲੂ ਵਿਖੇ ਨੌਕਰੀ ਕਰ ਰਿਹਾ ਹੈ। ਇਹ ਵੀ ਸ਼ਾਇਦ ਮੇਰੇ ਉਤੇ ਕੁਰੂਕਸ਼ੇਤਰ ਦੇ ਫ਼ਿਲਾਸਫ਼ੀ ਵਿਭਾਗ ਦਾ ਅਸਰ ਸੀ ਕਿ ਮੈਂ ਉਸ ਨੂੰ ਇਸ ਪਾਸੇ ਪ੍ਰੇਰਿਆ।



ਅਕਤੂਬਰ ਮਹੀਨੇ ਗਣਿਤ ਵਿਭਾਗ ਨੇ ਰਾਜਸਥਾਨ ਦੇ ਟੂਰ 'ਤੇ ਜਾਣ ਦਾ ਪ੍ਰੋਗਰਾਮ ਬਣਾਇਆ। ਅਸੀਂ ਵੀ ਆਪਣੇ ਹੈਡ ਨੂੰ ਬੇਨਤੀ ਕੀਤੀ ਪਰ ਏਨੇ ਦਿਨ ਦੇ ਪ੍ਰੋਗਰਾਮ ਲਈ ਕੋਈ ਲੇਡੀ ਟੀਚਰ ਜਾਣ ਲਈ ਤਿਆਰ ਨਾ ਹੋਈ। ਹਾਂ ਪਰ ਸਾਨੂੰ ਏਨੀ ਇਜਾਜ਼ਤ ਮਿਲ ਗਈ ਕਿ ਜੇ ਗਣਿਤ ਵਿਭਾਗ ਦੇ ਟੀਚਰ ਮੰਨ ਜਾਣ ਤਾਂ ਅਸੀਂ ਉਨ੍ਹਾਂ ਨਾਲ ਜਾ ਸਕਦੇ ਹਾਂ। ਅਸੀਂ ਆਪਣੀ ਇੱਕ ਸਹੇਲੀ ਰਣਜੀਤ ਰਾਹੀਂ, ਜੋ ਐਮ.ਏ ਦੂਜੇ ਸਾਲ ਦੀ ਵਿਦਿਆਰਥਣ ਸੀ, ਪੁਛਿਆ ਅਤੇ ਸਾਨੂੰ ਇਜਾਜ਼ਤ ਮਿਲ ਗਈ। ਇਸ ਤਰ੍ਹਾਂ ਸਾਡਾ ਵਿਭਾਗ ਵੀ ਇਸ ਟੂਰ ਵਿਚ ਸ਼ਾਮਲ ਹੋ ਗਿਆ। ਜੈਪੁਰ ਜਾਣ ਲਈ ਅਸੀਂ ਕੁਰੂਕਸ਼ੇਤਰੋਂ ਟਰੇਨ ਲੈ ਕੇ ਦਿੱਲੀ ਪਹੁੰਚੇ। ਇਸ ਤਰ੍ਹਾਂ ਮੈਂ ਪਹਿਲੀ ਵਾਰ ਦਿੱਲੀ ਆਈ। ਜੈਪੁਰ ਪਹੁੰਚੇ ਤਾਂ ਉਥੇ ਪਹਿਲਾਂ ਹੀ ਹੋਟਲ ਬੁੱਕ ਸੀ। ਜਦੋਂ ਰੋਟੀ ਖਾਣ ਬੈਠੇ ਤਾਂ ਦਾਲ-ਸਬਜੀ ਵਿਚ ਬੇਹੱਦ ਮਿਰਚਾਂ। ਬਹਿਰੇ ਨੂੰ ਕਿਹਾ, ਸਾਨੂੰ ਰਾਇਤਾ ਹੀ ਦੇ ਦਿਉ ਤਾਂ ਕਿ ਰੋਟੀ ਖਾਧੀ ਜਾ ਸਕੇ। ਜਦੋਂ ਰਾਇਤਾ ਆਇਆ ਤਾਂ ਦਹੀਂ ਵਿਚ ਹਰੀਆਂ ਮਿਰਚਾਂ ਜਿਵੇਂ ਟੋਕਾ ਕਰਕੇ ਪਾਈਆਂ ਹੋਣ। ਅਸੀਂ ਪੁੱਛਿਆ ਇਹ ਕੀ? ਕਹਿੰਦਾ, "ਯਿਹ ਰਾਜਪੂਤੋਂ ਕੇ ਸਵਭਾਵ ਅਨੁਸਾਰ ਹੈ। ਹਮ ਲੋਗ ਸਵਭਾਵ ਸੇ ਭੀ ਤੇਜ਼ ਹੈਂ ਔਰ ਮਿਰਚ ਭੀ ਤੇਜ਼ ਖਾਤੇ ਹੈਂ।" ਦੋ ਦਿਨ ਰਹਿ ਕੇ ਟਾਂਗਿਆਂ ਦੀ ਸਵਾਰੀ ਕਰਕੇ "ਪਿੰਕ ਸਿਟੀ" ਦੇ ਹਵਾ ਮਹਿਲ, ਆਮੇਰ ਦਾ ਕਿਲਾ, ਚਿੜੀਆਘਰ, ਰਾਣੀਮਹਿਲ, ਬਰਿੰਦਾਵਨ ਪਾਰਕ ਅਤੇ ਜੈਪੁਰ ਦੇ ਨੇੜੇ ਸਾਰੇ ਭਾਰਤ ਵਿਚ ਹਿੰਦੂ ਤ੍ਰੈਮੂਰਤੀ ਦੇ ਦੇਵਤੇ ਬ੍ਰਹਮਾ ਦਾ ਇੱਕੋ-ਇੱਕ ਮੰਦਿਰ, ਜੋ ਪੁਸ਼ਕਰ ਵਿਚ ਸਥਾਪਤ ਹੈ, ਦੇਖੇ। ਜੈਪੁਰ ਦੇ ਬਾਪੂ ਬਾਜ਼ਾਰ ਅਤੇ ਜੌਹਰੀ ਬਾਜ਼ਾਰ ਤੋਂ ਸਭ ਨੇ ਖਰੀਦੋ-ਫ਼ਰੋਖਤ ਕੀਤੀ। ਸਭ ਤੋਂ ਮਜ਼ੇਦਾਰ ਗੱਲ ਸੀ : ਇੱਕ ਸ਼ਹਿਰ ਦੇਖਣ ਤੋਂ ਬਾਅਦ ਰਾਤ ਨੂੰ ਟਰੇਨ ਲੈਣੀ ਅਤੇ ਦੂਸਰੇ ਦਿਨ ਸਵੇਰੇ ਅਗਲੇ ਸ਼ਹਿਰ ਪਹੁੰਚ ਜਾਣਾ। ਨਹਾ-ਧੋ ਕੇ, ਨਾਸ਼ਤਾ ਕਰਕੇ ਸ਼ਹਿਰ ਦੇਖਣ ਤੁਰ ਪੈਣਾ ਜਿਸ ਨਾਲ ਬਹੁਤ ਸਾਰਾ ਸਮਾਂ ਬਚ ਜਾਂਦਾ। ਜੈਪੁਰ ਤੋਂ ਅਗਲਾ ਪੜਾਅ ਅਜਮੇਰ ਸੀ। ਰਾਜਸਥਾਨ ਦੇ ਹਰ ਸ਼ਹਿਰ ਵਿਚ ਕਿਲੇ ਬਣੇ ਹੋਏ ਹਨ। ਅਜਮੇਰ ਜੈਪੁਰ ਜਿੰਨਾ ਸੁਹਣਾ ਅਤੇ ਸਾਫ-ਸੁਥਰਾ ਨਹੀਂ। ਮੈਨੂੰ ਸਭ ਤੋਂ ਵੱਧ ਆਕਰਸ਼ਕ ਅਤੇ ਚੰਗੀ ਥਾਂ ਲਗੀ ਖ਼ਵਾਜਾ ਚਿਸ਼ਤੀ ਦੀ ਦਰਗਾਹ ਜਿਥੇ ਕਵਾਲੀਆਂ ਦਾ ਗਾਇਨ ਹੋ ਰਿਹਾ ਸੀ। ਅੰਦਰ ਮਜ਼ਾਰ 'ਤੇ ਗ਼ੁਲਾਬ ਦੇ ਫੁੱਲਾਂ ਦੀ ਚਾਦਰ ਵਿਛੀ ਸੀ, ਜਿਨ੍ਹਾਂ ਦੀ ਖੁਸ਼ਬੋ ਮਨ ਨੂੰ ਅਜੀਬ ਸਕੂਨ ਦਿੰਦੀ ਸੀ। ਅਜਮੇਰ ਤੋਂ ਅਗਲਾ ਪੜਾਅ ਚਿਤੌੜ ਸੀ ਜੋ ਮਹਾਰਾਣੀ ਪਦਮਨੀ ਕਰਕੇ ਅਤੇ ਮਹਾਰਾਣਾ ਪ੍ਰਤਾਪ ਕਰਕੇ ਇਤਿਹਾਸ ਵਿਚ ਮਸ਼ਹੂਰ ਹੈ। ਰਾਜਸਥਾਨ ਦੇ ਗਾਈਡਾਂ ਨੇ ਸਭ ਕੁੱਝ ਤੋਤੇ ਵਾਂਗ ਰਟਿਆ ਹੋਇਆ ਸੀ ਅਤੇ ਉਹ ਫਟਾਫਟ ਥਾਂਵਾਂ ਦੇ ਨਾਲ ਨਾਲ ਹਿਸਟਰੀ ਦੱਸਣ ਲੱਗ ਜਾਂਦੇ, "ਯਹਾਂ ਪਰ ਮਹਾਰਾਣੀ ਖੜ੍ਹੀ ਹੂਈ ਥੀ ਔਰ ਮੁਸਲਮਾਨ ਬਾਦਸ਼ਾਹ ਨੇ ਸ਼ੀਸ਼ੇ ਮੇਂ ਉਸਕਾ ਅਕਸ ਦੇਖਾ। ਉਸ ਦਿਸ਼ਾ ਸੇ ਚਿਤੌੜ ਕੇ ਕਿਲੇ ਪਰ ਹਮਲਾ ਕਿਯਾ ਔਰ ਇਸ ਜਗਹ ਪਰ ਮਹਾਰਾਣੀ ਨੇ ਮਹਿਲ ਕੀ ਦੂਸਰੀ ਰਾਨੀਓਂ ਔਰ ਔਰਤੋਂ ਕੇ ਸਾਥ ਜ਼ੌਹਰ ਕੀ ਰਸਮ ਕੀ" ਵਗੈਰਾ ਵਗੈਰਾ। ਨਾਲ ਦੀ ਨਾਲ ਇਹ ਵੀ ਦਸਦੇ ਕਿ ਕਿਹੜੀ ਫਿਲਮ ਦੀ ਸ਼ੂਟਿੰਗ ਕਿਸ ਜਗ੍ਹਾ ਹੋਈ।

ਨੇੜੇ ਹੀ ਮੀਰਾ ਬਾਈ ਦਾ ਮੰਦਿਰ ਸੀ ਜਿਥੇ ਬਹੁਤ ਹੀ ਮਿੱਠੀ ਅਤੇ ਧੀਮੀ ਸੁਰ ਵਿਚ ਤਾਨਪੂਰੇ ਦੀਆਂ ਸੁਰਾਂ 'ਤੇ ਕੋਈ ਇਸਤਰੀ ਮੀਰਾ ਬਾਈ ਦੇ ਭਜਨ ਗਾ ਰਹੀ ਸੀ। ਜੀਅ ਕਰੇ ਕਿ ਇੱਥੇ ਹੀ ਬੈਠ ਕੇ ਭਜਨ ਗਾਇਨ ਦਾ ਅਨੰਦ ਮਾਣਿਆਂ ਜਾਵੇ ਪਰ ਕਿਸੇ ਕੋਲ ਏਨਾ ਸਮਾਂ ਨਹੀਂ ਸੀ। ਕਾਲੇ ਰੰਗ ਦੀ ਧਾਤ ਵਿਚ ਮਹਾਰਾਣਾ ਪ੍ਰਤਾਪ ਦਾ ਘੋੜੇ 'ਤੇ ਸਵਾਰ ਹੋਏ ਦਾ ਬੁੱਤ ਦੇਖਿਆ। ਇਉਂ ਲਗਦਾ ਸੀ ਜਿਵੇਂ ਮਹਾਰਾਣੇ ਨੂੰ ਲਈ ਘੋੜਾ ਹਵਾ ਨਾਲ ਗੱਲਾਂ ਕਰਦਾ ਉਡਦਾ ਜਾ ਰਿਹਾ ਹੋਵੇ। ਮੈਨੂੰ ਉਸ ਬੁੱਤ ਨੂੰ ਦੇਖ ਕੇ ਕਿਸੇ ਕਵੀ ਦੀ ਕਵਿਤਾ ਦੀਆਂ ਪੰਗਤੀਆਂ ਯਾਦ ਆ ਗਈਆਂ:

ਮਹਾਰਾਣਾ ਪ੍ਰਤਾਪ ਸ਼ਿਵਾਜੀ ਵਰਗੇ ਸੂਰੇ।
ਨਲੂਏ ਵਰਗੇ ਸ਼ੇਰ ਸੂਰਮੇ ਰਣ ਦੇ ਪੂਰੇ।
ਇਸ ਦੀ ਧੀ ਬਲਬੀਰ ਬਣੀ ਝਾਂਸੀ ਦੀ ਰਾਣੀ।
ਦੇ ਗਈ ਆਪਣੀ ਜਾਨ ਬਣੀ ਅੱਜ ਇੱਕ ਕਹਾਣੀ।

ਆਖਰੀ ਪੜਾਅ ਉਦੇਪੁਰ ਸੀ। ਉਦੇਪੁਰ ਬਹੁਤ ਹੀ ਸੁੰਦਰ ਸ਼ਹਿਰ ਹੈ। ਇਸ ਨੂੰ ਝੀਲਾਂ ਦਾ ਸ਼ਹਿਰ ਵੀ ਕਹਿੰਦੇ ਹਨ। ਇਸ ਦੀਆਂ ਝੀਲਾਂ ਨੂੰ ਦੇਖ ਕੇ ਲੱਗਦਾ ਨਹੀਂ ਕਿ ਇਹ ਰਾਜਸਥਾਨ ਵਰਗੇ ਖੁਸ਼ਕ ਇਲਾਕੇ ਦਾ ਸ਼ਹਿਰ ਹੈ। ਇਸ ਦਾ ਸਿਟੀ ਪੈਲੇਸ ਕੰਧਾਂ ਉਤੇ ਰੰਗਦਾਰ ਸ਼ੀਸ਼ੇ ਦੀਆਂ ਬਣੀਆਂ ਕਲਾ-ਕ੍ਰਿਤਾਂ ਨਾਲ ਭਰਿਆ ਪਿਆ ਹੈ। ਗਾਈਡ ਏਦਾਂ ਦੀ ਬਣੀ ਇਕ ਮੋਰ ਦੀ ਤਸਵੀਰ ਦਿਖਾਈ ਵੀ ਜਾਂਦਾ ਸੀ ਅਤੇ ਨਾਲ ਨਾਲ ਦੱਸੀ ਜਾਂਦਾ ਸੀ, "ਦੇਵਾਨੰਦ ਕੀ ਫਿਲਮ ਗਾਈਡ ਕੀ ਸ਼ੂਟਿੰਗ ਯਹੀਂ ਪਰ ਹੂਈ ਥੀ।" ਲੇਕ ਪੈਲੇਸ ਵਿਚ ਜਾਣ ਲਈ ਕਿਸ਼ਤੀਆਂ ਵਿਚ ਸਵਾਰ ਹੋਏ। ਇਸ ਨੂੰ ਹਿਮਾਚਲ ਵਿਚ ਚੈਲ ਵਿਚਲੇ ਮਹਾਰਾਜਾ ਪਟਿਆਲਾ ਦੇ ਪੈਲੇਸ ਦੀ ਤਰ੍ਹਾਂ ਹੀ ਸ਼ਾਇਦ ਹੋਟਲ ਵਿਚ ਬਦਲ ਦਿੱਤਾ ਗਿਆ ਹੈ। ਇਥੇ ਬਹੁਤ ਹੀ ਸੁੰਦਰ ਸ਼ੀਸ਼ੇ ਦਾ ਫਰਨੀਚਰ ਹੈ ਅਤੇ ਇੱਕ ਅਜੀਬ ਕਿਸਮ ਦਾ ਸ਼ੀਸ਼ਾ ਵੀ ਹੈ ਜਿਸ ਵਿਚ ਆਪਣੀ ਹੀ ਸ਼ਕਲ ਦੇਖਣੀ ਬਹੁਤ ਅਜੀਬ ਲਗਦੀ ਹੈ। ਨਾਲ ਨਹਿਰੂ ਪਾਰਕ ਅਤੇ "ਸਹੇਲੀਓਂ ਕੀ ਬਾੜੀ" ਸੀ ਜੋ ਉਥੋਂ ਦੇ ਮਹਾਰਾਜੇ ਨੇ ਆਪਣੀ ਧੀ ਲਈ ਬਣਾਈ ਸੀ। ਇਸ ਵਿਚ ਬਣਾਉਟੀ ਬਾਰਸ਼ ਦਾ ਪ੍ਰਬੰਧ ਇਸ ਤਰ੍ਹਾਂ ਕੀਤਾ ਹੋਇਆ ਹੈ ਕਿ ਵੱਖ ਵੱਖ ਹਿਸਿਆਂ ਵਿਚ ਵੱਖ ਵੱਖ ਤਰ੍ਹਾਂ ਦੀ ਵਰਖਾ ਹੁੰਦੀ ਹੈ। ਉਦੇਪੁਰ ਵਿਚ ਲੱਕੜ ਦਾ ਬਣਿਆ ਸਜਾਵਟ ਅਤੇ ਹੋਰ ਵਰਤੋਂ ਦਾ ਬਹੁਤ ਸਾਮਾਨ ਮਿਲਦਾ ਹੈ ਜੋ ਬਹੁਤ ਮਹਿੰਗਾ ਵੀ ਨਹੀਂ ਅਤੇ ਸੁੰਦਰ ਵੀ ਹੈ। ਸਾਰਿਆਂ ਨੇ ਆਪਣੀ ਆਪਣੀ ਪਸੰਦ ਦਾ ਕੁੱਝ ਨਾ ਕੁੱਝ ਜ਼ਰੂਰ ਖਰੀਦਿਆ। ਰਾਤ ਦੀ ਟਰੇਨ ਸਿੱਧੀ ਦਿੱਲੀ ਨੂੰ ਲਈ। ਸਵੇਰੇ ਜਦੋਂ ਦਿੱਲੀ ਉਤਰੇ ਤਾਂ ਕਾਫੀ ਸਮਾਂ ਬਚਦਾ ਸੀ। ਸੋ, ਮਹਾਤਮਾਂ ਗਾਂਧੀ ਅਤੇ ਪੰਡਿਤ ਨਹਿਰੂ ਦੀ ਸਮਾਧੀ ਦੇਖੀ। ਲਾਲ ਕਿਲਾ ਦੇਖਣ ਤੋਂ ਬਾਅਦ ਚਾਂਦਨੀ ਚੌਂਕ ਵਿਚ ਗੁਰਦੁਆਰਾ ਸੀਸਗੰਜ ਸਾਹਿਬ ਦੇ ਦਰਸ਼ਨ ਕੀਤੇ। ਇਸ ਤਰ੍ਹਾਂ ਯੂਨੀਵਰਸਿਟੀ ਦੇ ਸਿਰ ਤੇ ਰਾਜਸਥਾਨ ਦੇਖ ਲਿਆ। ਜੈਪੁਰ ਤਾਂ ਇਸ ਤੋਂ ਪਿੱਛੋਂ ਵੀ ਬਹੁਤ ਵਾਰ ਜਾਣ ਦਾ ਸਬੱਬ ਬਣਿਆ ਪਰ ਬਾਕੀ ਸ਼ਹਿਰ ਫੇਰ ਕਦੀ ਨਹੀਂ ਜਾ ਸਕੀ।

### ਉਲਝੀ ਤਾਣੀ

ਛੱਡਾਂ ਕਿਹੜੀ ਕਹਾਂ ਕਹਾਣੀ
ਤੰਦ ਨਹੀਂ ਜਦ ਉਲਝੀ ਤਾਣੀ।

ਰੱਬ ਦੇ ਘਰੀਂ ਪਏ ਘਸਮਾਣ
ਚੌਧਰ ਗੋਲਕ ਗੁੱਟਬੰਦੀਆਂ ਲਈ
ਆਪਣੀ ਆਪਣੀ ਡੱਫ ਵਜਾਣ।

ਲੀਡਰ ਫਿਰਦੇ ਅੱਗਾਂ ਲਾਉਂਦੇ,
ਆਪਣੇ ਨਿਜੀ ਲਾਭ ਦੀ ਖਾਤਰ
ਥਾਂ ਥਾਂ ਫਿਰਕੂ ਜ਼ਹਿਰ ਫੈਲਾਉਂਦੇ।

ਗੁਣੀ ਗਿਆਨੀ ਜੋ ਸਮਝਾਉਂਦੇ,
ਭਰਮ ਭੁਲੇਖੇ ਹੋਰ ਵਧਾ ਕੇ
ਆਪੋ ਆਪਣੇ ਡੰਗ ਟਪਾਉਂਦੇ।

ਜਾਨਣ ਗਿਆਨ ਨਾ ਜੀਵਨ ਸਾਰ,
ਰੋਟੀਆਂ ਕਾਰਨ ਪੂਰੇ ਤਾਲ।

ਜਾਤੀ ਦਰ ਜਾਤੀ ਦੇ ਪਾੜ
ਨਾ ਸੀਓਂਤੇ ਨਾ ਸੀਣਾ ਚਾਹਵਣ
ਵਧਦੇ ਵਧਦੇ ਵਧੇ ਲੰਗਾਰ।
ਸ਼ਾਹੀ ਠਾਠ ਤੇ ਕਾਰ ਕੋਠੀਆਂ,
ਬਣੇ ਰਿਆਸਤ ਡੇਰੇ
ਭੁੱਲੀ ਭਟਕੀ ਜਨਤਾ ਦੇ ਨਿਤ
ਬਾਬੇ ਤਾਰਨ ਬੇੜੇ।

ਸਾਧ ਚੋਰ ਦੀ ਇਕੋ ਬੋਲੀ
ਨੁਕਤੇ ਕਈ ਸੁਝਾਂਦੇ।
ਪਾਈਆ ਖਿਚੜੀ ਚੌਦਾਂ ਚੁੱਲ੍ਹੇ
ਹਾਂਡੀ ਖੂਬ ਪਕਾਂਦੇ।

ਅਫਸਰ ਪੁਲਿਸ ਤੇ ਨੇਤਾ ਜੀ ਸਭ
ਸੰਤਾਂ ਦੇ ਜੱਸ ਗਾਉਂਦੇ।
ਸੱਜੀ ਬਾਂਹ ਬਣ ਖੱਬੇ ਹੱਥੀਂ
ਵੋਟਾਂ ਦੀ ਫਸਲ ਉਗਾਉਂਦੇ।

*ਸਵਰਾਜ ਕੌਰ ਵਾਸ਼ਿੰਗਟਨ*
*ਫੋਨ:360-891-9189*

# 20 ਵਰ੍ਹਿਆਂ ਪਿੱਛੋਂ ਜਰਮਨ ਤੇ ਚੈਕ ਟੀਮਾਂ ਮੁੜ ਆਹਮੋ-ਸਾਹਮਣੇ

*ਬੀਤੇ ਦਿਨੀਂ ਪਿਛਲੀ ਵਾਰ ਦੀ ਜੇਤੂ ਇਟਲੀ ਦੀ ਫੁਟਬਾਲ ਟੀਮ ਚੈਕ ਟੀਮ ਤੋਂ ਹਾਰ ਕੇ ਵਰਲਡ ਕੱਪ 'ਚੋਂ ਬਾਹਰ ਹੋ ਗਈ। ਇਸ ਹਾਰ ਤੋਂ ਬਾਅਦ ਹਰ ਜ਼ੁਬਾਨ ਉਪਰ ਇਹ ਸ਼ਬਦ ਸਨ ਕਿ ਇਹ ਭਾਣਾ ਕਿਵੇਂ ਵਾਪਰ ਗਿਆ। ਲੋਕ ਹੈਰਾਨ ਸਨ ਕਿ ਇਟਲੀ ਸਲੋਵਾਕੀਆ ਵਰਗੀ ਅਗਿਆਤ ਟੀਮ ਕੋਲੋਂ ਹਾਰ ਕੇ ਕੱਪ ਦੀ ਦੌੜ 'ਚੋਂ ਬਾਹਰ ਕਿਵੇਂ ਹੋ ਗਈ? ਅਸਲ 'ਚ ਉਨ੍ਹਾਂ ਨੂੰ ਪਤਾ ਨਹੀਂ ਕਿ ਚੈਕ+ਸਲੋਵਾਕੀਆ ਦੀ ਕਿੱਡੀ ਵੱਡੀ ਫੁਟਬਾਲ ਦੀ ਪਰੰਪਰਾ ਹੈ। ਉਨ੍ਹਾਂ ਦੀ ਜਾਣਕਾਰੀ ਲਈ ਪੇਸ਼ ਹੈ ਇਨ੍ਹਾਂ ਟੀਮਾਂ ਦੀ ਤਾਕਤ ਬਾਰੇ ਸਾਡੀ ਫਾਈਲ ਵਿਚੋਂ ਗੁਰਦਿਆਲ ਸਿੰਘ ਬੱਲ ਦੀ 14 ਵਰ੍ਹੇ ਪਹਿਲਾਂ ਦੀ ਇਕ ਰਿਪੋਰਟ। ਗੁਰਦਿਆਲ ਸਿੰਘ ਬੱਲ ਲੰਮਾ ਸਮਾਂ ਪੰਜਾਬੀ ਟ੍ਰਿਬਿਊਨ ਦੇ ਸੰਪਾਦਕੀ ਅਮਲੇ ਵਿਚ ਕੰਮ ਕਰਨ ਤੋਂ ਬਾਅਦ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੱਤਰਕਾਰੀ ਵਿਭਾਗ ਵਿਚ ਕੰਮ ਕਰਦੇ ਰਹੇ ਹਨ। -ਸੰਪਾਦਕ*


ਫਰਾਂਜ਼ ਬੈਕਨਬੌਰ


ਸੈਮਰ

ਇੰਗਲੈਂਡ ਵਿਚ ਚੱਲ ਰਹੀ ਯੂਰੋ '96 ਫੁੱਟਬਾਲ ਚੈਂਪੀਅਨਸ਼ਿਪ ਦੇ ਵੱਕਾਰੀ ਸੈਮੀ ਫਾਈਨਲ ਮੈਚ ਵਿਚ ਮੇਜ਼ਬਾਨ ਦੇਸ਼ ਦੀ ਟੀਮ ਨੂੰ ਹਰਾ ਕੇ ਜਰਮਨੀ ਨੇ ਇਕ ਵਾਰ ਮੁੜ ਸਾਬਤ ਕਰ ਦਿੱਤਾ ਹੈ ਕਿ ਯੂਰਪੀਨ ਫੁੱਟਬਾਲ ਜਗਤ ਵਿਚ ਉਨ੍ਹਾਂ ਦਾ ਕੋਈ ਜਵਾਬ ਨਹੀਂ। ਇਸ ਮੈਚ ਦੌਰਾਨ ਇੰਗਲੈਂਡ ਦੀ ਟੀਮ ਨੇ ਵੀ ਬਹੁਤ ਹੀ ਵਧੀਆ ਖੇਡ ਦਾ ਪ੍ਰਦਰਸ਼ਨ ਕੀਤਾ ਪ੍ਰੰਤੂ ਘਾਟ ਇਹ ਰਹੀ ਕਿ ਉਸ ਦੇ ਖਿਡਾਰੀ ਹਰਫਨਮੌਲਾ ਜਰਮਨ

## ਅਭੁੱਲ ਯਾਦਾਂ

ਖਿਡਾਰੀ ਮੈਟਿਆਸ ਸੈਮਰ ਨੂੰ ਜਾਮ ਕਰਨ ਲਈ ਜਵਾਬੀ ਯੁੱਧ ਨੀਤੀ ਤਿਆਰ ਕਰਨ ਵਿਚ ਬੁਰੀ ਤਰ੍ਹਾਂ ਨਾਕਾਮ ਰਹੇ। ਪਾਲ ਗੈਸਕੋਇਨ, ਐਲਨ, ਸ਼ੇਅਰਰ, ਟੈਡੀ ਸ਼ੈਰਿੰਘਮ ਅਤੇ ਡਾਰਨ ਐਂਡਰਟਨ ਵਰਗੇ ਬ੍ਰਿਟਿਸ਼ ਖਿਡਾਰੀਆਂ ਨੇ ਇਕ ਵਾਰੀ ਨਹੀਂ ਬਲਕਿ ਕਈ ਵਾਰੀ ਜਰਮਨ ਗੋਲਾਂ ਲਈ ਖਤਰਾ ਖੜ੍ਹਾ ਕੀਤਾ ਪ੍ਰੰਤੂ ਇਹ ਸੈਮਰ ਹੀ ਸੀ ਜਿਸ ਨੇ ਕਿ ਸਮੁੱਚੇ ਗਰਾਊਂਡ ਫੀਲਡ ਨੂੰ ਕਵਰ ਕਰਦਿਆਂ ਮੈਚ ਦਾ ਸਾਰਾ ਸਮਾਂ ਨਾ ਕੇਵਲ ਉਨ੍ਹਾਂ ਦੀਆਂ ਚਾਲਾਂ ਨੂੰ ਹੀ ਪੰਕਚਰ ਕੀਤਾ ਸਗੋਂ ਵਾਰ-ਵਾਰ ਮੋੜਵੇਂ ਹਮਲੇ ਬੰਨ੍ਹਦਿਆਂ ਲਗਾਤਾਰ ਇੰਗਲੈਂਡ ਦੀ ਰੱਖਿਅਕ ਪੰਕਤੀ ਨੂੰ ਵੀ ਵਖਤ ਪਾਈ ਰੱਖਿਆ।

ਹਰਫਨਮੌਲਾ (ਲਿਬਰੋ) ਖਿਡਾਰੀ ਦੇ ਰੂਪ ਵਿਚ ਸੈਮਰ ਨੇ ਆਪਣੇ ਗੋਲਾਂ ਨੂੰ ਬਚਾਉਣ ਅਤੇ ਵਿਰੋਧੀ ਗੋਲਾਂ 'ਤੇ ਹਮਲਿਆਂ ਲਈ ਸਾਥੀ ਖਿਡਾਰੀਆਂ ਦੀ ਅਗਵਾਈ ਕਰਨ ਦਾ ਸਾਰਾ ਬੋਝ ਇਸ ਤਰੀਕੇ ਨਾਲ ਨਿਭਾਇਆ ਕਿ ਜਰਮਨ ਸਟਾਰ ਜਰਗਨ ਕਲਿੰਜਮੈਨ ਦੀ ਘਾਟ ਵੀ ਜ਼ਿਆਦਾ ਮਹਿਸੂਸ ਨਾ ਹੋਣ ਦਿੱਤੀ। ਜਰਮਨ ਟੀਮ ਲਈ ਉਸ ਦੀ ਅਹਿਮੀਅਤ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਾਇਆ ਜਾ ਸਕਦਾ ਹੈ ਕਿ ਇਹ ਉਸ ਦੀ ਦੇਣ ਹੀ ਸੀ ਕਿ ਉਸ ਦੀ ਟੀਮ ਕਵਾਟਰ ਫਾਈਨਲ ਮੈਚ ਵਿਚ ਕਰੋਏਸ਼ੀਆ ਵਰਗੀ ਜਾਨਦਾਰ ਟੀਮ ਉਪਰ ਇਕ ਦੇ ਮੁਕਾਬਲੇ ਦੋ ਗੋਲਾਂ ਨਾਲ ਜੇਤੂ ਰਹੀ। ਉਸ ਅਹਿਮ ਮੈਚ ਦੌਰਾਨ ਇਹ ਸੈਮਰ ਹੀ ਸੀ ਜਿਸ ਨੇ ਪਹਿਲਾਂ ਕਲਿੰਜਮੈਨ ਨੂੰ ਪੈਨਲਟੀ ਕਿੱਕ ਲੈ ਕੇ ਦਿੱਤੀ ਅਤੇ ਫਿਰ ਬਹੁਤ ਹੀ ਮੁਸ਼ਕਲ ਕੋਨੇ ਤੋਂ ਆਪਣੀ ਟੀਮ ਲਈ ਦੂਸਰਾ ਅਤੇ ਫੈਸਲਾਕੁੰਨ ਗੋਲ ਵੀ ਖੁਦ ਹੀ ਕੀਤਾ। ਇਨ੍ਹਾਂ ਮੈਚਾਂ ਤੋਂ ਬਾਅਦ ਫੁਟਬਾਲ ਜਗਤ ਨੇ ਸੈਮਰ ਦਾ ਸਿੱਕਾ ਮੰਨ ਲਿਆ ਅਤੇ ਉਸ ਦੀ ਤੁਲਨਾ ਇਸ ਸਦੀ ਦੇ ਸਭ ਤੋਂ ਮਹਾਨ ਜਰਮਨ ਲਿਬਰੋ ਫਰੋਜ਼ ਬੈਕਨਬੌਰ ਨਾਲ ਕਰਨੀ ਸ਼ੁਰੂ ਕਰ ਦਿੱਤੀ।

ਜਰਮਨੀ-ਇੰਗਲੈਂਡ ਫੁੱਟਬਾਲ ਵਿਰੋਧ ਦਾ ਇਤਿਹਾਸ ਬਹੁਤ ਦਿਲਚਸਪ ਹੈ। ਦੋਵਾਂ ਦੇਸ਼ਾਂ ਵਿਚਾਲੇ ਕੌਮਾਂਤਰੀ ਪੱਧਰ ਦਾ ਪਹਿਲਾ ਮੁਕਾਬਲਾ ਸਾਲ 1930 'ਚ ਬਰਲਿਨ ਦੀਆਂ ਗਰਾਊਂਡਾਂ ਵਿਚ ਹੋਇਆ ਜਿਸ ਵਿਚ ਜਿੱਤ ਇੰਗਲੈਂਡ ਦੀ ਹੋਈ। ਇੰਗਲੈਂਡ ਦੀਆਂ ਜਿੱਤਾਂ ਦਾ ਸਿਲਸਿਲਾ ਸਾਲ 1966 ਤਕ ਜਾਰੀ ਰਿਹਾ ਜਦੋਂ ਇੰਗਲੈਂਡ ਨੇ ਵਿਸ਼ਵ ਕੱਪ ਫੁੱਟਬਾਲ ਦੇ ਫਾਈਨਲ ਵਿਚ ਜਰਮਨੀ ਨੂੰ ਹਰਾ ਕੇ ਟਰਾਫੀ ਜਿੱਤੀ। ਦਰਅਸਲ 1930 ਤੋਂ ਲੈ ਕੇ 1966 ਤਕ ਦੋਵੇਂ ਟੀਮਾਂ ਕੌਮਾਂਤਰੀ ਮੁਕਾਬਲਿਆਂ 'ਚ 8 ਵਾਰੀ ਭਿੜੀਆਂ ਸਨ। ਸੱਤ ਵਾਰ ਇੰਗਲੈਂਡ ਜੇਤੂ ਰਿਹਾ ਜਦੋਂਕਿ ਇਕ ਮੈਚ ਬਰਾਬਰੀ 'ਤੇ ਖਤਮ ਹੋਇਆ।

ਜਲਦੀ ਹੀ ਬਾਅਦ ਫਰਾਂਜ ਬੈਕਨਬੌਰ ਜਰਮਨ ਫੁੱਟਬਾਲ ਸੀਨ ਉਪਰ ਆ ਗਿਆ ਅਤੇ ਸਾਲ 1968 ਦੌਰਾਨ ਜਰਮਨ ਸ਼ਹਿਰ ਹੈਨੋਵਰ ਵਿਚ ਦੋਵਾਂ ਦੇਸ਼ਾਂ ਵਿਚਾਲੇ ਖੇਡੇ ਗਏ ਇਕ ਕੌਮਾਂਤਰੀ ਮੁਕਾਬਲੇ ਵਿਚ ਇਹ ਬੈਕਨਬੌਰ ਦੀ ਖੇਡ ਦਾ ਸਿਹਰਾ ਹੀ ਸੀ ਕਿ ਜਰਮਨੀ ਇੰਗਲੈਂਡ ਨੂੰ ਹਰਾਉਣ ਵਿਚ ਸਫਲ ਰਿਹਾ। ਇਸ 'ਇਤਿਹਾਸਕ' ਮੈਚ ਦੌਰਾਨ ਪਹਿਲਾ ਅਤੇ ਇਕੋ ਇਕ ਫੈਸਲਾਕੁੰਨ ਗੋਲ ਫਰਾਂਜ ਨੇ ਹੀ ਕੀਤਾ ਸੀ।

ਉਹ ਦਿਨ ਜਾਵੇ ਜਰਮਨਾਂ ਨੇ ਮੁੜ ਪਿਛਾਂਹ ਭੌਂ ਕੇ ਵੇਖਿਆ ਹੀ ਨਹੀਂ। ਇਸ ਦਾ ਮਤਲਬ ਇਹ ਨਹੀਂ ਸੀ ਕਿ ਇੰਗਲੈਂਡ ਦੀ ਟੀਮ ਬਹੁਤ ਜ਼ਿਆਦਾ ਕਮਜ਼ੋਰ ਪੈ ਗਈ ਸੀ ਬਲਕਿ ਕਈ ਵਾਰ ਕੌਮਾਂਤਰੀ ਪੱਧਰ ਦੇ ਮੁਕਾਬਲਿਆਂ ਦੌਰਾਨ ਇੰਗਲੈਂਡ ਦੀ ਕਿਸਮਤ ਕਵਾਟਰ ਫਾਈਨਲ ਜਾਂ ਸੈਮੀਫਾਈਨਲ ਪੜਾਵਾਂ 'ਤੇ ਹੀ ਹਾਰਦੀ ਰਹੀ ਹੈ ਅਤੇ ਬਾਹਲੀ ਵਾਰੀ ਉਨ੍ਹਾਂ ਦੀ ਹਾਰ ਦਾ ਕਾਰਨ ਵੀ ਕੋਈ ਹੋਰ ਨਹੀਂ ਬਲਕਿ ਜਰਮਨ ਲਿਬਰੋ ਫਰਾਂਜ ਬੈਕਨਬੌਰ ਹੀ ਬਣਦਾ ਰਿਹਾ।

ਇਸ ਸਬੰਧ ਵਿਚ ਸਾਲ 1970 ਦੇ ਵਿਸ਼ਵ ਕੱਪ ਦਾ ਮੈਕਸੀਕੋ ਦੇ ਸ਼ਹਿਰ ਲਿਓਨ ਵਿਚ ਖੇਡਿਆ ਗਿਆ ਕਵਾਟਰ ਫਾਈਨਲ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹੈ। ਉਸ ਸਾਲ ਬੌਬੀ ਚਾਰਲਟਨ ਵਰਗੇ ਮਹਾਂਰਥੀਆਂ ਨਾਲ ਲੈਸ ਇੰਗਲੈਂਡ ਦੀ ਟੀਮ ਦਾ ਕੋਈ ਜਵਾਬ ਹੀ ਨਹੀਂ ਸੀ। ਮੈਚ ਦੇ ਪਹਿਲੇ ਹੀ 35-40 ਮਿੰਟਾਂ ਵਿਚ ਮਾਰਟਿਨ ਪੀਟਰਜ਼ ਅਤੇ ਐਲਨ ਮੂਲਰੀ ਦੇ ਗੋਲਾਂ ਸਦਕਾ ਇੰਗਲੈਂਡ ਵਾਲੇ ਜਰਮਨਾਂ ਉਪਰ 2-0 ਨਾਲ ਜੇਤੂ ਪੁਜ਼ੀਸ਼ਨ ਵਿਚ ਚਲ ਰਹੇ ਸਨ ਕਿ ਸਰ ਐਲਫ ਹਾਮਜ਼ੇ ਨੂੰ ਪਤਾ ਨਹੀਂ ਕੀ ਸੁੱਝੀ ਕਿ ਉਸ ਨੇ ਬੌਬੀ ਚਾਰਲਟਨ ਦੀ ਤਾਕਤ ਸੈਮੀ ਫਾਈਨਲ ਲਈ ਬਚਾ ਕੇ ਰੱਖਣ ਲਈ ਉਸ ਨੂੰ ਮੈਦਾਨ ਵਿਚੋਂ ਬਾਹਰ ਕੱਢ ਲਿਆ। ਬਸ ਇਤਨਾ ਹੋਣ ਦੀ ਦੇਰ ਸੀ, ਬੈਕਨਬੌਰ ਜਿਸ ਨੇ ਕਿ ਉਸ ਸਮੇਂ ਤਕ ਆਪਣੀ ਸਾਰੀ ਤਾਕਤ ਇੰਗਲੈਂਡ ਦੇ ਉਸ 'ਜੀਨੀਅਸ ਪਲੇ ਮੇਕਰ' ਨੂੰ ਘੇਰ ਕੇ ਰੱਖਣ ਲਈ ਲਗਾਈ ਹੋਈ ਸੀ, ਵਿਹਲਾ ਹੋ ਗਿਆ ਅਤੇ ਅਜਿਹਾ ਹੁੰਦੇ ਸਾਰ ਹੀ ਉਸ ਨੇ ਇੰਗਲੈਂਡ ਦੀ ਡਿਫੈਂਸ ਲਾਈਨ ਵਿਚ ਭਾਜੜਾਂ ਪਾ ਦਿੱਤੀਆਂ। ਅੰਤਿਮ ਨਤੀਜਾ ਜਰਮਨੀ ਦੀ 3-2 ਨਾਲ ਜਿੱਤ ਵਿਚ ਨਿਕਲਿਆ ਅਤੇ ਇੰਗਲੈਂਡ ਵਿਸ਼ਵ ਕੱਪ ਰੇਸ ਵਿਚੋਂ ਬਾਹਰ ਹੋ ਗਿਆ।

ਇਹੋ ਮੈਚ ਸੀ ਜਿਸ ਦੌਰਾਨ ਫਰਾਂਜ ਬੈਕਨਬੌਰ ਦਾ ਡੰਕਾ ਸਾਰੇ ਫੁੱਟਬਾਲ ਜਗਤ ਵਿਚ ਵੱਜ ਗਿਆ ਸੀ ਅਤੇ ਇਹ ਫਰਾਂਜ ਬੈਕਨਬੌਰ ਹੀ ਸੀ ਜਿਸ ਦੀ ਸ਼ਾਨਦਾਰ ਖੇਡ ਸਦਕਾ ਜਰਮਨੀ ਦੀ ਟੀਮ ਸਾਲ 1974 ਦੀ ਜੌਹਾਨ ਕਰੂੱਫ ਦੀ ਅਗਵਾਈ ਹੇਠਲੀ ਮਹਾਨ ਡੱਚ ਟੀਮ ਨੂੰ ਹਰਾ ਕੇ ਵਿਸ਼ਵ ਕੱਪ ਖਿਤਾਬ ਜਿੱਤਣ ਵਿਚ ਸਫਲ ਰਹੀ। ਇਹ ਫਰਾਂਜ ਬੈਕਨਬੌਰ ਹੀ ਸੀ ਜਿਸ ਨੇ ਕਿ ਪੇਲੇ ਦੀ ਬਰਾਜ਼ੀਲੀਅਨ ਟੀਮ ਤੋਂ ਬਾਅਦ ਜਰਮਨ ਟੀਮ ਨੂੰ ਵਿਸ਼ਵ ਫੁੱਟਬਾਲ ਦੇ ਕੇਂਦਰ ਵਿਚ ਖੜ੍ਹਾ ਕਰੀ ਰੱਖਿਆ ਸੀ।

1970 ਤੋਂ ਬਾਅਦ ਸਾਲ 1986 ਦੌਰਾਨ ਵੀ ਪੀਟਰ ਬਿਲਟਨ ਗੋਲਕੀਪਰ ਦੀ ਅਗਵਾਈ ਵਿਚ ਇੰਗਲੈਂਡ ਵਾਲੇ ਬਹੁਤ ਹੀ ਲਾਜਵਾਬ ਟੀਮ ਖੜ੍ਹੀ ਕਰਨ ਵਿਚ ਸਫਲ ਰਹੇ ਪ੍ਰੰਤੂ ਉਸੇ ਸਾਲ ਵਿਸ਼ਵ ਕੱਪ ਫੁੱਟਬਾਲ ਦੇ ਕਵਾਟਰ ਫਾਈਨਲ ਗੇੜ ਵਿਚ ਉਨ੍ਹਾਂ ਨੂੰ ਅਰਜਨਟੀਨੀ ਸਟਾਰ ਡੀਗੋ ਮਾਰਾਡੋਨਾ ਦੇ 'ਹੈਂਡ ਆਫ ਗਾਡ' ਗੋਲ ਕਾਰਨ ਟੂਰਨਾਮੈਂਟ ਵਿਚੋਂ ਬਾਹਰ ਹੋਣਾ ਪੈ ਗਿਆ ਸੀ। ਜਿਥੋਂ ਤੱਕ ਇੰਗਲੈਂਡ-ਜਰਮਨੀ ਵਿਰੋਧ ਦਾ ਸਵਾਲ ਹੈ। ਸਾਲ 1990 ਦੇ ਵਿਸ਼ਵ ਕੱਪ ਵਿਚ ਵੀ ਉਨ੍ਹਾਂ ਦੀ ਹਾਰ ਜਰਮਨੀ ਹੱਥੋਂ ਹੋਈ ਸੀ। ਇੰਗਲੈਂਡ ਦੀ ਟੀਮ ਫਾਈਨਲ ਵਿਚ ਪਹੁੰਚ ਗਈ। ਦੋਵੇਂ ਟੀਮਾਂ ਜ਼ਿੰਦਗੀ-ਮੌਤ ਲੜਾ ਕੇ ਖੇਡੀਆਂ ਅਤੇ ਵਾਧੂ ਸਮੇਂ ਦੇ ਬਾਵਜੂਦ ਮੈਚ 1-1 ਗੋਲ ਨਾਲ ਬਰਾਬਰ ਰਿਹਾ ਪ੍ਰੰਤੂ ਪੈਨਲਟੀ ਕਿੱਕਾਂ 'ਤੇ ਜਾ ਕੇ 'ਕਿਸਮਤ' ਜਰਮਨਾਂ ਦੇ ਹੱਕ ਵਿਚ ਭੁਗਤ ਗਈ।

ਯੂਰੋ ਕੱਪ ਵੀ ਵਿਸ਼ਵ ਕੱਪ ਤੋਂ ਕੋਈ ਘੱਟ ਅਹਿਮ ਟੂਰਨਾਮੈਂਟ ਨਹੀਂ ਅਤੇ ਇਤਫਾਕਵਸ ਇਹ ਹੋ ਵੀ ਇੰਗਲੈਂਡ ਅੰਦਰ ਰਿਹਾ ਸੀ। ਇੰਗਲੈਂਡ ਦੀ ਟੀਮ ਨੇ ਟਰਾਫੀ ਜਿੱਤਣ ਲਈ ਬਹੁਤ ਜ਼ਿਆਦਾ ਤਿਆਰੀ ਕੀਤੀ ਹੋਈ ਸੀ। ਲੀਗ ਦੇ ਅੰਤਿਮ ਅਹਿਮ ਮੈਚ ਵਿਚ ਹਾਲੈਂਡ ਵਰਗੀ ਤਕੜੀ ਟੀਮ ਨੂੰ 1 ਦੇ ਮੁਕਾਬਲੇ 4 ਗੋਲਾਂ ਦੇ ਵੱਡੇ ਫਰਕ ਨਾਲ ਹਰਾ ਕੇ ਉਹ ਆਪਣੇ ਇਰਾਦੇ ਵੀ ਬਾਖੂਬੀ ਸਪੱਸ਼ਟ ਕਰ ਚੁੱਕੇ ਸਨ ਪ੍ਰੰਤੂ ਐਤਕੀਂ ਮੁੜ ਸੈਮੀ ਫਾਈਨਲ ਵਿਚ ਉਨ੍ਹਾਂ ਦਾ ਮੁਕਾਬਲਾ ਪੁਰਾਣੇ 'ਦੁਸ਼ਮਣ' ਜਰਮਨਾਂ ਨਾਲ ਪੈ ਗਿਆ ਅਤੇ ਇਹ ਹੋਰ ਕੋਈ ਨਹੀਂ ਬਲਕਿ ਫਰਾਂਜ ਬੈਕਨਬੌਰ ਦਾ ਵਾਰਸ ਜਰਮਨ ਲਿਬਰੋ ਮੈਟਿਆਸ ਸੈਮਰ ਹੀ ਸੀ ਜਿਸ ਨੇ ਉਨ੍ਹਾਂ ਨੂੰ ਫਾਈਨਲ ਵਿਚ ਅਪੜਨ ਦੀ ਖੁਸ਼ੀ ਪ੍ਰਾਪਤ ਕਰਨ ਤੋਂ ਰੋਕ ਦਿੱਤਾ।

ਸੋ, ਇਹ ਹੈ ਉਹ ਪਿਛੋਕੜ ਜਿਸ ਵਿਚ ਕਿ ਇਕ ਪਾਸੇ ਪਿਛਲੇਰੇ ਦਿਨ ਜਰਮਨਾਂ ਹੱਥੋਂ ਹੋਈ ਇੰਗਲੈਂਡ ਦੀ ਹਾਰ ਅਤੇ ਉਨ੍ਹਾਂ ਦੇ ਦਰਦ ਨੂੰ ਅਤੇ ਦੂਸਰੇ ਪਾਸੇ ਇਸ 'ਮਹਾਨ ਡਰਾਮੇ' ਵਿਚ ਨਵੇਂ ਜਰਮਨ ਹੀਰੋ ਮੈਟਿਆਸ ਸੈਮਰ ਦੀ ਭੂਮਿਕਾ ਨੂੰ ਸਮਝਿਆ ਅਤੇ ਅੰਕਿਆ ਜਾਣਾ ਚਾਹੀਦਾ ਹੈ।

ਸਾਬਕਾ ਪੂਰਬੀ ਜਰਮਨੀ ਦੇ ਜੰਮਪਲ ਸੈਮਰ ਦੀ ਉਮਰ 28 ਸਾਲ ਹੈ। ਉਸ ਨੇ ਡਾਇਨਮੋ ਡਰੈਸਡਨ ਵਲੋਂ ਆਪਣੇ ਫੁੱਟਬਾਲ ਕੈਰੀਅਰ ਦੀ ਸ਼ੁਰੂਆਤ ਕੀਤੀ ਸੀ ਅਤੇ ਹੁਣ ਤਕ ਉਹ 45 ਕੌਮਾਂਤਰੀ ਮੈਚਾਂ ਵਿਚ ਜਰਮਨੀ ਦੀ ਕੌਮੀ ਟੀਮ ਦੀ ਨੁਮਾਇੰਦਗੀ ਕਰ ਚੁੱਕਾ ਹੈ। ਸਾਲ 1994 ਦੇ ਵਿਸ਼ਵ ਕੱਪ ਦੌਰਾਨ ਜਰਮਨੀ ਦੀ ਬਦਕਿਸਮਤੀ ਸੀ ਕਿ ਸੈਮਰ ਸੱਟ ਲੱਗੀ ਹੋਣ ਕਾਰਨ ਖੇਡ ਨਹੀਂ ਰਿਹਾ ਸੀ ਅਤੇ ਖੇਡ ਮਾਹਰਾਂ ਦਾ ਅੱਜ ਤਕ ਇਹ ਕਹਿਣਾ ਹੈ ਕਿ ਉਸ ਸਮੇਂ ਕਵਾਟਰ ਫਾਈਨਲ ਵਿਚ ਜਰਮਨਾਂ ਦੀ ਬਲਗਾਰੀਅਨਾਂ ਹੱਥੋਂ ਹਾਰ ਦਾ ਸਭ ਤੋਂ ਵੱਡਾ ਕਾਰਨ ਟੀਮ ਵਿਚ ਸੈਮਰ ਵਰਗੇ ਪਲੇਮੇਕਰ ਦੀ ਗੈਰ-ਹਾਜ਼ਰੀ ਹੀ ਸੀ।

ਇਸ ਸਮੇਂ ਉਹ ਪੂਰੇ ਜੋਬਨ ਵਿਚ ਹੈ ਅਤੇ ਜਿਸ ਤਰੀਕੇ ਨਾਲ ਉਹ ਅਚਾਨਕ ਡੀਫੈਂਸ 'ਚੋਂ ਅਗਾਂਹ ਹਮਲਾਵਰ ਪੁਜ਼ੀਸ਼ਨ ਵਲ ਵਧਦਾ ਹੈ-ਉਹ ਦੇਖਣਯੋਗ ਹੀ ਹੁੰਦਾ ਹੈ।

ਜਰਮਨ ਕੋਚ ਬਰਟੀ ਵੋਟਸ ਦਾ ਕਹਿਣਾ ਹੈ ਕਿ ਹੁਣ ਜਦੋਂ ਉਨ੍ਹਾਂ ਦੀ ਟੀਮ ਦਾ ਸਭ ਤੋਂ ਤਜਰਬੇਕਾਰ ਸਟਾਰ ਡੀਫੈਂਡਰ ਟਾਮਸ ਕੋਹਲਰ 9 ਜੂਨ ਨੂੰ ਚੈਕ ਰੀਪਬਲਿਕ ਵਿਰੁਧ ਖੇਡੇ ਪਹਿਲੇ ਲੀਗ ਮੈਚ ਵਿਚ ਗੰਭੀਰ ਰੂਪ ਵਿਚ ਜ਼ਖਮੀ ਹੋ ਜਾਣ ਕਾਰਨ ਦੇਸ਼ ਵਾਪਸ ਪਰਤ ਚੁੱਕਾ ਹੈ, ਉਸੇ ਮੈਚ ਦੇ ਹੀਰੋ ਲੈਫਟ ਬੈਕ ਕ੍ਰਿਸਟੀਅਨ ਜੀਗ ਦੇ ਪੱਟ ਦੇ ਪੱਠੇ ਬੁਰੀ ਤਰ੍ਹਾਂ ਖਿਚੇ ਹੋਏ ਹਨ, ਮੱਧ ਪੰਕਤੀ ਦੇ ਥੰਮ ਸਟੀਫਨ ਫਰੂੰਡ ਦੇ ਗੋਡੇ 'ਤੇ ਸਖਤ ਚੋਟ ਲੱਗੀ ਹੋਈ ਹੈ, ਟਾਮਸ ਕੋਹਲਰ ਦੀ ਜਗ੍ਹਾ ਰਖਿਅਕ ਪੰਕਤੀ ਵਿਚ ਖੇਡਣ ਲਈ ਉਤਰੇ ਇਕ ਹੋਰ ਜਰਮਨ ਸਿਤਾਰੇ ਟਾਮਸ ਹੈਮਲਰ ਦੇ ਦੋਵਾਂ ਗੋਡਿਆਂ ਦਾ ਹੀ ਸੱਟਾਂ ਲੱਗ-ਲੱਗ ਕੇ ਬੁਰਾ ਹਾਲ ਹੋਇਆ ਪਿਆ ਹੈ ਅਤੇ ਹੋਰ ਤਾਂ ਹੋਰ ਕਰੋਏਸ਼ੀਅਨ ਟੀਮ ਵਿਰੁਧ ਕਵਾਟਰ ਫਾਈਨਲ ਮੈਚ ਪੂਰੀ ਜਾਨ ਲੜਾ ਕੇ ਖੇਡਣ ਦੀ ਕੋਸ਼ਿਸ਼ ਕਰਦਿਆਂ ਜਰਮਨ ਟੀਮ ਦਾ ਕਪਤਾਨ ਜਰਗਨ ਕਲਿੰਜਮੈਨ ਵੀ ਹੰਸਲੀ ਦੀ ਹੱਡੀ ਵਿਚ ਕਰੈਕ ਆ ਜਾਣ ਕਾਰਨ ਅਜੇ ਵੀ ਹਸਪਤਾਲ ਵਿਚ ਹੈ ਤਾਂ ਚੈਕ ਰੀਪਬਲਿਕ ਵਿਰੁਧ ਵੱਕਾਰੀ ਮੈਚ ਦੌਰਾਨ ਮੈਟਿਆਸ ਸੈਮਰ ਦੇ ਸਿਰ 'ਤੇ ਬੋਝ ਹੋਰ ਵੀ ਵਧ ਜਾਵੇਗਾ। ਜਰਮਨ ਟੀਮ ਦੀ ਪ੍ਰੇਸ਼ਾਨੀ ਅਤੇ ਮੈਟਿਆਸ ਸੈਮਰ ਉਪਰ ਉਸ ਦੇ ਦਾਰੋਮਦਾਰ ਜਾਂ ਨਿਰਭਰਤਾ ਦੇ ਵਧ ਜਾਣ ਦਾ ਇਕ ਹੋਰ ਕਾਰਨ ਇਹ ਵੀ ਹੈ ਕਿ ਜਰਮਨੀ ਦੇ ਦੋ ਹੋਰ ਸਟਾਰ ਐਡੀ ਮੋਇਲਰ ਅਤੇ ਸਟੀਫਨ ਰਾਈਟਰ ਇੰਗਲੈਂਡ ਵਿਰੁਧ ਸੈਮੀ ਫਾਈਨਲ ਮੈਚ ਵਿਚ ਲਾਲ ਕਾਰਡ ਮਿਲ ਜਾਣ ਕਾਰਨ ਪੂਰੀ ਤਰ੍ਹਾਂ ਨੌ-ਬਰ-ਨੌ ਹੋਣ ਦੇ ਬਾਵਜੂਦ ਫਾਈਨਲ ਮੈਚ ਵਿਚ ਖੇਡ ਨਹੀਂ ਸਕਣਗੇ।

ਦੂਸਰੇ ਪਾਸੇ ਚੈਕ ਰੀਪਬਲਿਕ ਜਿਸ ਨੇ 1976 ਦੇ ਯੂਰੋ ਕੱਪ ਦੌਰਾਨ ਅਜਿਹੇ ਹੀ ਹਾਲਾਤ ਵਿਚ ਬੈਲਗਰੇਡ ਵਿਖੇ ਖੇਡੇ ਫਾਈਨਲ ਮੈਚ ਦੌਰਾਨ ਜਰਮਨੀ (ਪੱਛਮੀ ਜਰਮਨੀ) ਨੂੰ ਟਾਈ ਬਰੇਕਰ ਰਾਹੀਂ 5-3 ਨਾਲ ਹਰਾ ਕੇ ਚੈਂਪੀਅਨਸ਼ਿਪ ਜਿੱਤ ਲਈ ਸੀ, ਦੇ ਖਿਡਾਰੀ ਪੂਰੀ ਚੜ੍ਹਦੀ ਕਲਾ ਵਿਚ ਹਨ। ਉਸ ਦੇ ਖਿਡਾਰੀ ਸਾਰੇ ਟੂਰਨਾਮੈਂਟ ਦੌਰਾਨ ਉਸੇ ਸਪਿਰਟ ਵਿਚ ਖੇਡਦੇ ਅਤੇ ਲਗਾਤਾਰ ਇਕ ਤੋਂ ਬਾਅਦ ਇਕ ਜ਼ਬਰਦਸਤ ਟੀਮ ਨੂੰ ਹਰਾਉਂਦੇ ਆ ਰਹੇ ਹਨ ਜਿਸ ਸਪਿਰਟ ਨਾਲ ਕਿ ਮੁਗਲ ਸਮਰਾਟ ਜ਼ਹੀਰ-ਉਦ-ਦੀਨ ਬਾਬਰ ਦੇ ਮੁੱਠੀ ਭਰ ਸਿਪਾਹੀਆਂ ਨੇ ਪਹਿਲਾਂ ਇਬਰਾਹੀਮ ਲੋਧੀ ਨੂੰ ਹਰਾਇਆ ਸੀ ਅਤੇ ਫਿਰ ਜਲਦੀ ਹੀ ਬਾਅਦ ਰਾਣਾ ਸੰਗਰਾਮ ਸਿੰਘ ਦੇ ਵਿਸ਼ਾਲ ਰਾਜਪੂਤੀ ਦਲਾਂ ਨੂੰ ਸ਼ਿਕਸਤ ਦੇ ਕੇ ਭਾਰਤ ਦਾ ਇਤਿਹਾਸ ਹੀ ਬਦਲ ਦਿੱਤਾ ਸੀ।

ਨਿਰਸੰਦੇਹ ਇਸ ਟੂਰਨਾਮੈਂਟ ਦੌਰਾਨ ਚੈਕ ਟੀਮ ਦੀ ਸ਼ੁਰੂਆਤ ਬਹੁਤ ਖਰਾਬ ਰਹੀ ਜਦੋਂਕਿ ਉਹ ਆਪਣੇ ਪਹਿਲੇ ਹੀ ਲੀਗ ਮੈਚ ਵਿਚ ਜਰਮਨਾਂ ਹੱਥੋਂ ਸਿਫਰ ਦੇ ਮੁਕਾਬਲੇ 2 ਗੋਲਾਂ ਨਾਲ ਹਾਰ ਗਈ ਪ੍ਰੰਤੂ ਅਗਲੇ ਹੀ ਲੀਗ ਮੈਚ ਵਿਚ ਉਨ੍ਹਾਂ ਨੇ ਕਾਰਲ ਪੋਬੋਰਸਕੀ ਅਤੇ ਰੁਮਾਂਟਿਕ ਖਿਡਾਰੀ ਵਲਾਦੀਮੀਰ ਸਮਿਕਰ ਦੀ ਅਗਵਾਈ ਵਿਚ ਬਹੁਤ ਹੀ ਸਿੱਕੇਬੰਦ ਖੇਡ ਦਾ ਪ੍ਰਦਰਸ਼ਨ ਕੀਤਾ ਅਤੇ ਯੂਰੋ 96 ਟੂਰਨਾਮੈਂਟ ਦੀ ਅਸਲ ਤਾਕਤ ਇਟੈਲੀਅਨ ਟੀਮ ਨੂੰ 2-1 ਨਾਲ ਹਰਾ ਕੇ ਸਨਸਨੀ ਫੈਲਾ ਦਿੱਤੀ। ਇਸੇ ਜਿੱਤ ਦੇ ਨਤੀਜੇ ਵਜੋਂ ਚੈਕ ਟੀਮ ਕਵਾਟਰ ਫਾਈਨਲ ਗੇੜ ਵਿਚ ਪਹੁੰਚੀ ਅਤੇ 'ਯੂਰਪੀਨ ਬਰਾਜ਼ੀਲ' ਪੁਰਤਗਾਲ ਦੀ ਟੀਮ ਨਾਲ ਲੋਹਾ ਲਿਆ। ਇਸ ਮੈਚ ਵਿਚ ਕਾਰਲ ਪੋਬੋਰਸਕੀ ਨੇ ਮੈਚ ਦਾ ਇਕੋ-ਇਕ ਗੋਲ ਕਰਕੇ ਆਪਣੀ ਟੀਮ ਲਈ ਮੈਚ ਜਿੱਤਿਆ ਅਤੇ ਦੁਨੀਆਂ ਭਰ ਵਿਚ ਫੁੱਟਬਾਲ ਖੇਡ ਦੇ ਪੰਡਤਾਂ ਨੂੰ ਹੈਰਾਨ ਕਰਕੇ ਰੱਖ ਦਿੱਤਾ। ਹੁਣ ਸੈਮੀ ਫਾਈਨਲ ਵਿਚ ਉਨ੍ਹਾਂ ਦਾ ਮੁਕਾਬਲਾ ਫਰਾਂਸੀਸੀ ਕਲਾਕਾਰਾਂ ਦੇ ਨਾਲ ਸੀ ਜੋ ਕਿ ਪਿਛਲੇ 3 ਵਰ੍ਹਿਆਂ ਦੌਰਾਨ ਖੇਡੇ 27 ਕੌਮਾਂਤਰੀ ਮੈਚਾਂ 'ਚੋਂ ਕਿਸੇ ਇਕ 'ਚ ਵੀ ਹਾਰੇ ਨਹੀਂ ਸਨ ਪ੍ਰੰਤੂ ਚੈਕ ਟੀਮ ਨੇ ਆਮ ਪੈਨਲਟੀ ਸ਼ੂਟ ਆਊਟ ਗੇੜ ਪਿੱਛੋਂ 'ਸਡਨ ਡੈਥ' ਗੋਲ ਰਾਹੀਂ ਫਰਾਂਸੀਸੀਆਂ ਨੂੰ ਵੀ ਹਰਾ ਦਿੱਤਾ।

ਜ਼ਾਹਰ ਹੈ ਕਿ ਚੈਕ ਟੀਮ ਜੋ ਕਿ ਟੂਰਨਾਮੈਂਟ ਸ਼ੁਰੂ ਹੋਣ ਤੋਂ ਪਹਿਲਾਂ ਸਭ ਤੋਂ ਕਮਜ਼ੋਰ ਟੀਮ ਸਮਝੀ ਜਾ ਰਹੀ ਸੀ, ਉਪਰ ਉਕਾ ਹੀ ਕੋਈ ਮਾਨਸਿਕ ਦਬਾਓ ਨਹੀਂ ਹੈ। ਉਹ ਸਾਰੇ ਟੂਰਨਾਮੈਂਟ ਨੂੰ ਇਸ ਤਰ੍ਹਾਂ ਲੈ ਰਹੇ ਹਨ ਜਿਵੇਂ ਉਹ ਹੱਸਣ ਖੇਡਣ, ਮੌਜ ਉਡਾਉਣ ਆਏ ਹੋਏ ਅਤੇ ਆਪਣੇ ਮੈਚਾਂ ਨੂੰ ਵੀ ਪਿਕਨਿਕ ਦੇ ਰੌਅ ਵਿਚ ਹੀ ਲੈ ਰਹੇ ਹੋਣ। ਇਸ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਪਿਛਲੇ ਦੋ ਹਫਤਿਆਂ ਦੌਰਾਨ ਚਾਰ ਵਾਰੀ ਉਹ ਪ੍ਰਸਿੱਧ ਬਲੈਕਪੂਲ ਪਿਕਨਿਕ ਕੇਂਦਰ 'ਤੇ ਪਾਰਟੀਆਂ ਕਰ ਚੁੱਕੇ ਹਨ। ਉਨ੍ਹਾਂ ਦੇ ਹੋਟਲ ਵਿਚ ਉਨ੍ਹਾਂ ਦੀਆਂ ਪਤਨੀਆਂ ਅਤੇ ਦੋਸਤ ਕੁੜੀਆਂ ਉਨ੍ਹਾਂ ਦੇ ਨਾਲ ਰਿਹਾਇਸ਼ ਰਹਿੰਦੀਆਂ ਹਨ। ਗੱਲ ਕੀ ਰੰਗ ਲੱਗੇ ਹੋਏ ਹਨ। ਇਥੋਂ ਤਕ ਕਿ ਵਲਾਦੀਮੀਰ ਸਮਿਕਰ ਜਿਸ ਦੀ ਕਿ ਆਪਣੇ ਸਹੁਰੇ ਨਾਲ ਸੁਰਤ ਲੱਗੀ ਹੋਣ ਕਰਕੇ ਚਰਚਾ ਦਾ ਵਿਸ਼ਾ ਬਣਿਆ ਹੋਇਆ ਸੀ, 28 ਜੂਨ ਨੂੰ ਪਰਾਗ ਵਿਚ ਜਾ ਕੇ ਵਿਆਹ ਕਰਵਾ ਕੇ ਐਤਵਾਰ ਦੇ ਮੈਚ ਵਿਚ ਖੇਡਣ ਤੋਂ ਪਹਿਲਾਂ ਸਵੇਰੇ ਆਪਣੀ ਖੂਬਸੂਰਤ ਪਤਨੀ ਨੂੰ ਵੀ ਨਾਲ ਲੈ ਆਇਆ।

ਐਤਵਾਰ ਦੇ ਫਾਈਨਲ ਮੈਚ ਵਿਚ ਚੈਕ ਟੀਮ ਵਲੋਂ ਲਿਬਰੋ ਦੀ ਭੂਮਿਕਾ ਮੀਰੋਸਲਾਵ ਕਾਡਲੇਕ ਵਲੋਂ ਨਿਭਾਈ ਜਾਵੇਗੀ ਜਦੋਂਕਿ ਜਰਮਨ ਟੀਮ ਵਿਰੁਧ ਹਮਲਿਆਂ ਦੀ ਅਗਵਾਈ ਕਾਰਨ ਪੋਬੋਰਸਕੀ, ਪਵੇਲ ਕੁੱਕਾ ਅਤੇ ਵਲਾਦੀਮੀਰ ਸਮਿਕਰ ਦੇ ਹੱਥ ਰਹੇਗੀ। ਸੋ ਆਓ ਵੇਖੀਏ ਕਿ ਇਸ ਖੇਡੇ ਜਾ ਰਹੇ ਮੈਚ ਦੌਰਾਨ ਮੈਟਿਆਸ ਸੈਮਰ, ਕਾਰਲ ਪੋਬੋਰਸਕੀ ਦੇ ਜਾਦੂ ਤੋਂ ਜਰਮਨੀ ਵੱਕਾਰ ਨੂੰ ਬਚਾਉਣ ਵਿਚ ਸਫਲ ਹੁੰਦਾ ਹੈ ਜਾਂ ਨਹੀਂ। ਜੋ ਵੀ ਹੈ ਜਿੱਤ-ਹਾਰ ਕਿਸੇ ਦੀ ਵੀ ਹੋਵੇ ਇਸ ਮੈਚ ਨਾਲ ਫੁੱਟਬਾਲ ਖੇਡ ਦੇ ਇਤਿਹਾਸ ਵਿਚ ਹੋਰ ਦਿਲਚਸਪ ਕਾਂਡ ਦਾ ਵਾਧਾ ਹੋਵੇਗਾ।

## ਗੋਲ ਜੋ ਮੰਨਿਆ ਨਹੀਂ ਗਿਆ

ਇਹ ਉਹ ਗੋਲ ਸੀ, ਜਿਸ ਨੂੰ ਮੰਨਿਆ ਨਹੀਂ ਗਿਆ ਅਤੇ ਇਹ ਉਹ ਫੈਸਲਾ ਸੀ ਜਦੋਂ ਵਿਸ਼ਵ ਕੱਪ ਵਿਚ ਹੁਣ ਤਕ ਦੇ ਸਭ ਤੋਂ ਰੋਮਾਂਚਕ ਮੈਚ ਦਾ ਨਤੀਜਾ ਬਦਲ ਸਕਦਾ ਸੀ।

ਇੰਗਲੈਂਡ ਦੇ ਮਿਡਫੀਲਡਰ ਫਰੈਂਕ ਲੈਂਪਾਰਡ ਨੇ ਬਾਕਸ ਕੋਲ ਸ਼ਾਟ ਜਮਾਇਆ, ਜੋ ਜਰਮਨੀ ਦੇ ਕ੍ਰਾਸਬਾਰ ਨਾਲ ਲੱਗ ਕੇ ਤੇਜ਼ੀ ਨਾਲ ਹੇਠਾਂ ਜ਼ਮੀਨ 'ਤੇ ਲੱਗਿਆ ਅਤੇ ਵਾਪਸ ਬਾਹਰ ਆ ਗਿਆ। ਉਰੂਗਵੇ ਦੇ ਰੈਫਰੀ ਜਾਰਜ ਲਾਰਿਡੋ ਨੇ ਖੇਡ ਜਾਰੀ ਰੱਖਣ ਦਾ ਸੰਕੇਤ ਦਿੱਤਾ, ਪਰ ਟੈਲੀਵਿਜ਼ਨ ਰੀਪਲੇਅ ਤੋਂ ਸਾਫ ਹੋ ਗਿਆ ਕਿ ਗੇਂਦ ਗੋਲ ਲਾਈਨ ਦੇ ਅੰਦਰ ਡਿੱਗੀ ਸੀ। ਜੇ ਇਹ ਗੋਲ ਮੰਨਿਆ ਜਾਂਦਾ ਤਾਂ 38ਵੇਂ ਮਿੰਟ ਵਿਚ ਇੰਗਲੈਂਡ ਦਾ ਸਕੋਰ 2-2 ਨਾਲ ਬਰਾਬਰੀ ਕਰ ਲੈਂਦਾ। ਇੰਗਲੈਂਡ ਦੇ ਕੋਚ ਫੈਬੀਓ ਕਾਪੇਲੋ ਨੇ ਅੰਤਲੇ ਸੋਲ੍ਹਾਂ ਵਿਚ ਆਪਣੀ ਟੀਮ ਦੀ ਜਰਮਨੀ ਹੱਥੋਂ 4-1 ਨਾਲ ਹਾਰ ਤੋਂ ਬਾਅਦ ਕਿਹਾ ਕਿ ਇਹ ਮਹੱਤਵਪੂਰਨ ਮੋੜ ਸੀ। ਅਸੀਂ ਪੰਜ ਰੈਫਰੀਆਂ ਨਾਲ ਖੇਡ ਰਹੇ ਸਾਂ ਅਤੇ ਇਹ ਫੈਸਲਾ ਨਹੀਂ ਕਰ ਸਕੇ ਕਿ ਇਹ ਗੋਲ ਹੈ ਜਾਂ ਨਹੀਂ। ਜੇ ਇਹ ਗੋਲ ਹੁੰਦਾ ਤਾਂ ਮੈਚ ਵਿਚ ਕਾਫੀ ਅੰਤਰ ਆ ਜਾਂਦਾ। ਇਹ ਲਾਈਨਮੈਨ ਅਤੇ ਰੈਫਰੀ ਦੀ ਗਲਤੀ ਸੀ ਕਿਉਂਕਿ ਬੈਂਚ ਤੋਂ ਮੈਂ ਵੀ ਦੇਖਿਆ ਕਿ ਗੇਂਦ ਲਾਈਨ ਦੇ ਅੰਦਰ ਡਿੱਗੀ ਹੈ। ਰੈਫਰੀ ਦਾ ਇਹ ਫੈਸਲਾ ਵਿਸ਼ਵ ਕੱਪ 1996 ਦੇ ਠੀਕ ਉਲਟ ਸੀ, ਜਦੋਂ ਜਰਮਨੀ ਦੇ ਵਿਰੋਧ ਦੇ ਬਾਵਜੂਦ ਇੰਗਲੈਂਡ ਨੂੰ ਗੋਲ ਦਿੱਤਾ ਗਿਆ ਸੀ।

ਲੈਂਪਾਰਡ ਦਾ ਸ਼ਾਟ ਜਦੋਂ ਬਾਰ ਨਾਲ ਟਕਰਾ ਕੇ ਗੋਲ ਦੇ ਅੰਦਰ ਡਿੱਗਿਆ ਤਾਂ ਕਾਪੇਲੋ ਨੇ ਖੁਸ਼ੀ ਮਨਾਉਣੀ ਸ਼ੁਰੂ ਕਰ ਦਿੱਤੀ ਪਰ ਜਲਦ ਹੀ ਇਹ ਖੁਸ਼ੀ ਖੁੱਸ ਗਈ। ਉਨ੍ਹਾਂ ਕਿਹਾ ਕਿ ਇਹ ਗੋਲ ਸਾਡੇ ਲਈ ਬਹੁਤ ਅਹਿਮ ਸੀ। ਇਸ ਤੋਂ ਬਾਅਦ ਅਸੀਂ ਵੱਖਰੀ ਸੋਚ ਨਾਲ ਖੇਡਦੇ।

ਇਸ ਘਟਨਾ ਨਾਲ 1966 ਵਿਚ ਵੇਂਬਲੇ ਵਿਚ ਖੇਡੇ ਗਏ ਵਿਸ਼ਵ ਕੱਪ ਫਾਈਨਲ ਦੀਆਂ ਯਾਦਾਂ ਤਾਜ਼ਾ ਹੋ ਗਈਆਂ। ਉਦੋਂ ਇੰਗਲੈਂਡ ਅਤੇ ਜਰਮਨੀ ਵਾਧੂ ਸਮੇਂ ਵਿਚ 2-2 ਦੀ ਬਰਾਬਰੀ 'ਤੇ ਸਨ, ਜਦੋਂ ਜਿਓਫ ਹਸਰਟ ਦਾ ਸ਼ਾਟ ਕ੍ਰਾਸਬਾਰ ਨਾਲ ਲੱਗ ਕੇ ਹੇਠਾਂ ਡਿੱਗਿਆ ਅਤੇ ਤੇਜ਼ੀ ਨਾਲ ਵਾਪਸ ਆ ਗਿਆ। ਉਦੋਂ ਰੈਫਰੀ ਨੇ ਲਾਈਨਮੈਨ ਨਾਲ ਸਲਾਹ ਮਸ਼ਵਰਾ ਕਰਕੇ ਗੋਲ ਦੇ ਦਿੱਤਾ ਸੀ। ਹਸਰਟ ਨੇ ਇਸ ਤੋਂ ਬਾਅਦ ਤੀਜਾ ਗੋਲ ਵੀ ਦਾਗਿਆ ਅਤੇ ਇੰਗਲੈਂਡ ਦੀ 4-2 ਨਾਲ ਜਿੱਤ ਵਿਚ ਅਹਿਮ ਭੂਮਿਕਾ ਨਿਭਾਈ ਸੀ। ਜਰਮਨੀ ਨੇ ਉਸ ਗੋਲ ਦਾ ਵਿਰੋਧ ਕੀਤਾ ਸੀ ਅਤੇ ਹਾਲੇ ਤਕ ਵੀ ਉਸਦਾ ਮੰਨਣਾ ਹੈ ਕਿ ਇਹ ਗੋਲ ਨਹੀਂ ਸੀ। ਇੰਗਲੈਂਡ ਭਾਵੇਂ ਬੀਤੇ ਐਤਵਾਰ ਨੂੰ ਫ੍ਰੀ ਸਟੇਟ ਸਟੇਡੀਅਮ ਵਿਚ ਬੁਰੀ ਤਰ੍ਹਾਂ ਹਾਰ ਗਿਆ, ਪਰ ਖਿਡਾਰੀ ਉਹ ਗੋਲ ਨਾ ਦਿੱਤੇ ਜਾਣ ਤੋਂ ਨਿਰਾਸ਼ ਸਨ, ਜੋ ਅਸਲ ਵਿਚ ਗੋਲ ਸੀ। ਇੰਗਲੈਂਡ ਦੇ ਗੋਲਕੀਪਰ ਡੇਵਿਡ ਜੇਮਜ਼ ਨੇ ਕਿਹਾ ਕਿ ਨਿਸ਼ਚਿਤ ਤੌਰ 'ਤੇ ਸਕੋਰ ਲਾਈਨ ਨਿਰਾਸ਼ਾਜਨਕ ਹੈ। ਉਹ ਮਹੱਤਵ ਪੂਰਨ ਪਲ ਸੀ। ਉਦੋਂ ਸਾਡੀ ਟੀਮ ਕਾਫੀ ਦਬਾਅ ਵਿਚ ਸੀ ਅਤੇ ਉਸ ਗੋਲ ਨਾਲ ਅਸੀਂ ਬਰਾਬਰੀ 'ਤੇ ਆ ਜਾਂਦੇ। ਫਿਰ ਹਾਫ ਟਾਈਮ ਵਿਚ ਸਾਕਾਰਾਤਮਕ ਮੂਡ ਨਾਲ ਜਾਂਦੇ।

**ਤੀਜਾ ਸੁਪਨਾ**

# ਪੰਜਾਬ ਦੇ ਸਿੱਖ ਵਿਰਸੇ ਵਿਚ ਮੌਜੂਦ ਹੈ ਤੀਜੇ ਸੁਪਨੇ ਦੀ ਨੀਂਹ

**ਡਾ. ਗੁਰਭਗਤ ਸਿੰਘ**

ਕੋਈ ਸੱਭਿਆਚਾਰ ਤਾਂ ਹੀ ਗੌਰਵਸ਼ੀਲ ਰਹਿੰਦਾ ਹੈ ਜੇ ਉਹ ਆਪਣੇ ਬਾਰੇ ਸਵੈ-ਚੇਤੰਨ ਰਹੇ, ਪਰ ਅੱਗੇ ਤੁਰਦਾ ਰਹੇ। ਅੱਗੇ ਤੁਰਨ ਦਾ ਅਰਥ ਆਪਣੇ ਸਮੇਂ ਦੇ ਸਿਧਾਂਤਾਂ ਅਤੇ ਅਭਿਆਸਾਂ ਨਾਲ ਜੁੜਨਾ ਹੈ। ਉਨ੍ਹਾਂ ਨਾਲ ਟਕਰਾਓ ਜਾਂ ਮੇਲ ਨਾਲ ਨਿਰੰਤਰ ਨਵੇਂ ਅਰਥ ਸਾਜਣਾ ਹੈ। ਅਸੀਂ ਅੱਜ ਦੇ ਮੁਹਾਵਰੇ ਵਿਚ ਇਹ ਵੀ ਕਹਿ ਸਕਦੇ ਹਾਂ ਇਹ ਇਕ ਅੰਤਰ-ਬੁਣਤੀ ਰਚਨਾ ਹੈ। ਅੰਗਰੇਜ਼ੀ ਦਾ ਸ਼ਬਦ ਵਰਤ ਕੇ ਇਹ ਵੀ ਕਹਿ ਸਕਦੇ ਹਾਂ ਕਿ ਇਹ ਇਕ ਨਵੀਂ "ਇੰਟਰਵੀਵਿੰਗ" (ਬੁਣਤਰ) ਹੈ ਜੋ ਲਗਾਤਾਰ ਜਾਰੀ ਰਹਿਣੀ ਚਾਹੀਦੀ ਹੈ। ਨਹੀਂ ਤਾਂ ਸਭਿਆਚਾਰ ਨਿਰਗੌਰਵ ਅਤੇ ਅਧੋਗਤ ਹੋ ਜਾਂਦਾ ਹੈ।

ਅਸੀਂ ਇਕ ਗੱਲੋਂ ਬੜੇ ਖੁਸ਼ਕਿਸਮਤ ਹਾਂ ਕਿ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਜੋ ਮਾਡਲ ਦਿੱਤਾ, ਉਹ ਲਗਾਤਾਰ ਨਵੇਂ ਅਰਥ ਸਾਜਣ ਨਾਲ ਹੀ ਸੰਬੰਧਿਤ ਸੀ। ਇਸ ਲਈ ਬਾਹਰੋਂ ਸਿੱਖਣ ਦੇ ਨਾਲ ਹੀ ਸਾਨੂੰ ਆਪਣੀ ਪਰੰਪਰਾ ਵਿਚੋਂ ਵੀ ਇਹ ਯਤਨ ਲੱਭ ਸਕਦਾ ਹੈ। ਗੁਰੂ ਨਾਨਕ ਦੇਵ ਜੀ ਨੇ ਇਸਲਾਮ, ਹਿੰਦੂਵਾਦ, ਬੁੱਧਵਾਦ, ਜੈਨ, ਯੋਗ ਆਦਿ ਪ੍ਰਚਲਿਤ ਦ੍ਰਿਸ਼ਟੀਆਂ ਅਤੇ ਦਰਸ਼ਨਾਂ ਦੀ ਪੁਣ-ਛਾਣ ਕੀਤੀ ਅਤੇ ਉਨ੍ਹਾਂ ਦੇ ਸਾਰਥਿਕ ਅੰਸ਼ਾਂ ਨੂੰ ਆਪਣੀ ਮੌਲਿਕ ਦ੍ਰਿਸ਼ਟੀ ਜਾਂ ਮਹਾਂ ਗਿਆਨ ਨਾਲ ਜੋੜਿਆ।

ਗੁਰੂ ਨਾਨਕ ਦੇਵ ਜੀ ਦੇ ਇਸ ਅੰਤਰ-ਬੁਣਤੀ ਮਾਡਲ ਨੂੰ ਸਾਰੇ ਗੁਰੂ ਸਾਹਿਬਾਨ ਨੇ ਕਾਇਮ ਰੱਖਿਆ, ਅਭਿਆਸ ਵਿਚ ਵੀ ਅਤੇ ਸਿਧਾਂਤ ਵਿਚ ਵੀ। ਜਿਨ੍ਹਾਂ ਨੇ ਬਾਣੀ ਰਚੀ, ਉਨ੍ਹਾਂ ਨੇ ਪਹਿਲਾਂ ਆਈਆਂ ਦ੍ਰਿਸ਼ਟੀਆਂ ਨੂੰ ਤ੍ਰਿਸਕਾਰਿਆ ਨਹੀਂ, ਉਨ੍ਹਾਂ ਦੀਆਂ ਨਿਰ-ਅਰਥ ਹੋ ਗਈਆਂ ਗੱਲਾਂ ਦੀ ਆਲੋਚਨਾ ਜ਼ਰੂਰ ਕੀਤੀ। ਬਾਣੀ ਪਹਿਲਾਂ ਆਈਆਂ ਦ੍ਰਿਸ਼ਟੀਆਂ ਨਾਲ ਮਹਾਂ-ਸੰਵਾਦ ਵੀ ਹੈ ਅਤੇ ਉਨ੍ਹਾਂ ਨੂੰ ਨਾਲ ਲੈ ਕੇ ਇਕ ਨਵੀਂ ਦ੍ਰਿਸ਼ਟੀ ਦਾ ਪ੍ਰਕਾਸ਼ ਵੀ। ਇਸ ਪ੍ਰਕਾਸ਼ ਲਈ ਬਾਣੀਕਾਰਾਂ ਨੇ ਭਾਸ਼ਾ ਅਤੇ ਚਿੰਨ੍ਹ ਦੀ ਪੱਧਰ ਉਤੇ ਤਜਰਬੇ ਵੀ ਕੀਤੇ। ਸਭ ਤੋਂ ਵੱਡਾ ਤਜਰਬਾ ਵੱਖ-ਵੱਖ ਪ੍ਰਕਾਰ ਦੀਆਂ ਭਾਸ਼ਾਵਾਂ, ਖੇਤਰੀ ਉਪ-ਭਾਸ਼ਾਵਾਂ ਨੂੰ ਵਰਤ ਕੇ ਇਕ ਸੰਵਾਦੀ ਪ੍ਰਵਚਨ ਸਿਰਜਣਾ ਹੈ।

ਸੰਵਾਦੀ ਪ੍ਰਵਚਨ ਅਤੇ ਮੌਲਿਕ ਦ੍ਰਿਸ਼ਟੀ ਨੂੰ ਜੋੜ ਕੇ ਬਾਣੀਕਾਰਾਂ ਨੇ ਪੰਜਾਬ ਦੇ ਚਿੰਤਨ ਅਤੇ ਦਾਰਸ਼ਨਿਕ/ਸਾਹਿਤਕ ਅਭਿਆਸ ਨੂੰ ਅੱਗੇ ਤੋਰਿਆ। ਬਾਣੀਕਾਰਾਂ ਨੇ ਜੋ ਮੌਲਿਕ ਦ੍ਰਿਸ਼ਟੀ ਜੋੜੀ ਉਸ ਨੂੰ ਵਿਸਮਾਦੀ ਦ੍ਰਿਸ਼ਟੀ ਦੇ ਤੌਰ 'ਤੇ ਜਾਣਨਾ ਅਤੇ ਸਿਧਾਂਤਬੱਧ ਕਰਨਾ ਯੋਗ ਹੈ। ਵਿਸਮਾਦ ਕੇਵਲ ਇਕ ਅੰਦਰਲਾ ਰਹੱਸਮਈ ਅਨੁਭਵ ਨਹੀਂ। ਇਹ ਸਾਕਾਰ ਜਾਂ ਨਿੱਗਰ ਰੂਪ ਵਿਚ ਸਿਰਜਣਾਤਮਕ ਸ਼ਕਤੀ ਦੀ ਬਹੁਲਤਾ ਹੈ। ਵਿਲੱਖਣਤਾ ਜਾਂ ਅਨੇਕਤਾ ਦਾ ਦੇਖਿਆ, ਸੁਣਿਆ ਅਤੇ ਜੀਵਿਆ ਜਾ ਸਕਣ ਵਾਲਾ ਯਥਾਰਥ ਵੀ ਹੈ। ਮਨੁੱਖ ਵੀ ਕਿਸੇ ਸਿਰਜਣਾਤਮਕ ਸ਼ਕਤੀ ਦਾ ਹਿੱਸਾ ਹੈ। ਜਦੋਂ ਇਹ ਇਸ ਸ਼ਕਤੀ ਨਾਲੋਂ ਟੁੱਟ ਜਾਵੇ, ਅਧੋਗਤ ਹੋ ਜਾਂਦਾ ਹੈ। ਉਸ ਦੀਆਂ ਰਚੀਆਂ ਸਾਰੀਆਂ ਸੰਰਚਨਾਵਾਂ ਜਾਂ ਸੱਭਿਆਤਾਵਾਂ/ਸੱਭਿਆਚਾਰ ਅਸਫਲ ਹੋ ਕੇ ਰਹਿ ਜਾਂਦੇ ਹਨ।

ਵਿਸਮਾਦੀ ਬਹੁਲਤਾ ਦਾ ਕੋਈ ਨੇਮ ਵੀ ਹੈ। ਇਸ ਨੇਮ ਨਾਲ ਜੁੜ ਕੇ ਨਵੇਂ ਰਹੱਸ ਲੱਭਣ ਦੀ ਸ਼ਕਤੀ ਅਤੇ ਸੁੰਦਰਤਾ ਕਾਇਮ ਰਹਿੰਦੇ ਹਨ। ਇਹ ਨੇਮ ਹੀ ਅਨੇਕਤਾ ਨੂੰ ਏਕਤਾ ਦਿੰਦਾ ਹੈ।

ਵਿਸਮਾਦੀ ਏਕਤਾ-ਅਨੇਕਤਾ ਦਾ ਅਨੁਭਵ ਹਰ ਸੱਭਿਆਚਾਰ ਆਪਣੇ ਇਤਿਹਾਸ ਅਤੇ ਪ੍ਰਸੰਗ ਅਨੁਸਾਰ ਕਰਦਾ ਹੈ। ਇਸ ਲਈ ਕਿਸੇ ਸੱਭਿਆਚਾਰ ਦੇ ਅਨੁਭਵ ਨੂੰ ਅੰਤਿਮ ਨਹੀਂ ਮੰਨਿਆ ਜਾ ਸਕਦਾ। ਨਾ ਹੀ ਉਸ ਨੂੰ ਸਭ ਸੱਭਿਆਚਾਰਾਂ ਉਤੇ ਨਿਰੰਕੁਸ਼ ਰੂਪ ਵਿਚ ਲਾਗੂ ਕੀਤਾ ਜਾ ਸਕਦਾ ਹੈ। ਅੰਤਿਮਤਾ ਦੀ ਹਰ ਦਾਅਵੇਦਾਰੀ ਸਾਮਰਾਜੀ ਹੋ ਨਿੱਬੜਦੀ ਹੈ। ਬਾਣੀਕਾਰਾਂ ਨੇ ਇਸੇ ਗੱਲ ਨੂੰ ਇਹ ਕਹਿ ਕੇ ਨਜਿੱਠਿਆ ਹੈ ਕਿ ਅੰਤਿਮ ਸੱਚ ਦਾ ਜਾਣਕਾਰ ਕੇਵਲ ਵਾਹਿਗੁਰੂ ਹੈ, ਵਾਹਿਗੁਰੂ ਜੋ ਸ੍ਰਿਸ਼ਟੀ ਦੀ ਵਿਲੱਖਣਤਾ, ਅਸਚਰਜਤਾ ਪੈਦਾ ਕਰਨ ਵਾਲੇ ਅਨਿਕ-ਪੱਖੀ ਸੌਂਦਰਯ ਅਤੇ ਬਹੁ-ਕੋਣੀ ਗਿਆਨ ਦਾ ਸ੍ਰੋਤ ਹੈ। ਬਾਣੀਕਾਰਾਂ ਅਨੁਸਾਰ ਜਗਤ ਹਮੇਸ਼ਾ ਖੁੱਲ੍ਹਾ ਹੈ, ਇਸ ਨੂੰ ਕਿਸੇ ਵੀ ਇਕ ਵਿਆਖਿਆ ਨਾਲ ਬੰਦ ਨਹੀਂ ਕੀਤਾ ਜਾ ਸਕਦਾ। ਨਵੀਂ ਅਤੇ ਵਿਲੱਖਣ ਵਿਆਖਿਆ ਇਕ 'ਬਖਸ਼ਿਸ਼' ਹੈ, ਨਵੇਂ ਅਰਥਾਂ ਵਿਚ ਇਕ ਤੋਹਫਾ ਹੈ। ਇਹ ਤੋਹਫਾ ਕਿਸੇ ਨੂੰ ਵੀ ਮਿਲ ਸਕਦਾ ਹੈ। ਇਸ ਨੂੰ ਪ੍ਰਾਪਤ ਕਰਨ ਲਈ ਕੋਈ ਸੱਭਿਆਚਾਰ ਜਾਂ ਵਿਅਕਤੀ ਵਿਸ਼ੇਸ਼ ਨਹੀਂ। ਜਿਸ ਉਤੇ 'ਕ੍ਰਿਪਾ' ਹੋ ਜਾਏ। ਕਿਰਪਾ ਕੋਈ ਮਜ਼ਲੂਮ ਜਾਂ ਪਤਨਸ਼ੀਲ/ਅਧੋਗਤ ਉਤੇ 'ਰਹਿਮ' ਕਾਰਨ ਨਹੀਂ, ਇਹ ਕਿਰਪਾ ਖੁੱਲ੍ਹਦਿਲੀ ਹੈ। ਸਿਰਜਣਾਤਮਕ ਸ਼ਕਤੀ ਦਾ ਕਿਸੇ ਦੀ ਪ੍ਰੇਰਨਾ, ਚੇਤਨਤਾ, ਅਰਦਾਸ, ਦਿਭ-ਦ੍ਰਿਸ਼ਟੀ ਵਿਚ ਪ੍ਰਵੇਸ਼ ਕਰਨਾ ਹੈ।

ਦੈਰਿਦਾ ਨੇ ਜਦੋਂ 'ਡਿਫਰਾਂਸ' ਦੀ ਗੱਲ ਤੋਰੀ ਤਾਂ ਉਸ ਦਾ ਭਾਵ ਵੀ ਚਿੰਨ੍ਹ ਨੂੰ ਜਾਂ ਭਾਸ਼ਾ-ਪ੍ਰਕਾਸ਼ ਨੂੰ ਇਕ ਅਰਥਤਾ ਤੋਂ ਮੁਕਤ ਕਰਨਾ ਸੀ। ਈਸਾਈਅਤ ਵਲੋਂ ਜਿਵੇਂ ਪੱਛਮੀ ਪ੍ਰਵਚਨ ਨੂੰ ਇਕਾਂਗੀ ਕਰਕੇ ਹਥਿਆ ਲਿਆ ਗਿਆ ਸੀ, ਦੈਰਿਦਾ ਉਸ ਦਾ ਵਿਰੋਧ ਕਰ ਰਿਹਾ ਸੀ। ਦੈਰਿਦਾ ਅਨੁਸਾਰ ਇਕ ਚਿੰਨ੍ਹ ਕੇਵਲ ਇਕ-ਪਾਸਾਰੀ ਆਤਮ ਦੀ ਹਾਜ਼ਰੀ ਨਹੀਂ ਅਤੇ ਨਾ ਹੀ ਇਕੋ ਸਮੇਂ ਦੀ ਪ੍ਰਤੀਨਿਧਤਾ ਹੈ। ਭਾਸ਼ਾਈ ਚਿੰਨ੍ਹ ਉਤੇ ਕਈ ਪ੍ਰਭਾਵ ਹੁੰਦੇ ਹਨ। ਇਸ ਨੂੰ ਵਰਤ ਰਿਹਾ ਆਤਮ ਵੀ ਅਨੇਕਾਂ ਪ੍ਰਭਾਵਾਂ ਦਾ ਸਮੂਹ ਹੈ। ਅਵਚੇਤਨ, ਭੂਤ, ਵਰਤਮਾਨ, ਭਵਿੱਖ ਸਭ ਇਕੱਠੇ ਹੀ ਆਤਮ ਨੂੰ ਚਲਾਉਂਦੇ ਹਨ ਅਤੇ ਚਿੰਨ੍ਹਾਂ ਦੀ ਵਰਤੋਂ ਨੂੰ ਪ੍ਰਭਾਵਿਤ ਕਰਦੇ ਹਨ। ਦੈਰਿਦਾ ਨੇ ਚਿੰਨ੍ਹ ਦੀ ਇਕ-ਪੱਖੀ ਵਰਤੋਂ ਦਾ ਵਿਰੋਧ ਕੀਤਾ ਅਤੇ ਇਸ ਦੇ ਅਨਿਕ-ਪ੍ਰਭਾਵੀ ਇਤਿਹਾਸਕ ਚਰਿੱਤਰ ਨੂੰ ਸਪੱਸ਼ਟ ਕੀਤਾ।

ਇਥੇ ਸਮਝਣਯੋਗ ਗੱਲ ਇਹ ਹੈ ਕਿ ਹੁਣ ਕਿਸੇ ਵੀ ਸੱਭਿਆਚਾਰਕ ਜਾਂ ਭਾਸ਼ਾਈ ਚਿੰਨ੍ਹ ਦੀ ਨੀਂਹ ਨੂੰ ਤੋੜ ਦਿੱਤਾ ਗਿਆ ਹੈ। ਜਾਂ ਇਉਂ ਕਹਿ ਲਓ ਇਸ ਨੂੰ ਅੰਤਿਮ ਨਹੀਂ ਮੰਨਿਆ ਗਿਆ। ਚਿੰਨ੍ਹ ਦੇ ਅਰਥ ਸੱਭਿਆਚਾਰਕ ਪਰੰਪਰਾ ਨਾਲ ਜੋੜ ਦਿੱਤੇ ਗਏ ਹਨ। ਕਿਸੇ ਅੰਤਿਮ ਨੀਂਹ ਨਾਲ ਨਹੀਂ ਜੁੜੇ ਹੋਏ। ਹੁਣ ਚਿੰਨ੍ਹ ਅਣਨੀਂਹਾਂ ਹੈ। ਇਸਤੋਂ ਭਾਵ ਇਹ ਹੈ ਕਿ ਅਜੋਕੇ ਵਿਸ਼ਵ ਵਿਚ ਸਾਰਥਿਕ ਜਾਂ ਗੌਰਵਭਰਪੂਰ ਹੋਣ ਲਈ ਹਰ ਚਿੰਨ੍ਹ ਨੂੰ ਖੁੱਲ੍ਹੇ ਜਗਤ ਵਿਚ ਪ੍ਰਵੇਸ਼ ਕਰਨਾ ਪਵੇਗਾ। ਬਾਕੀ ਸੱਭਿਆਚਾਰਾਂ ਦੇ ਚਿੰਨ੍ਹਾਂ ਨਾਲ ਟਕਰਾ ਕੇ ਜਾਂ ਤਾਲਮੇਲ ਬਣਾ ਕੇ ਆਪਣੇ ਆਪ ਨੂੰ ਕ੍ਰਿਆਸ਼ੀਲਤਾ ਦੇਣੀ ਪਵੇਗੀ। ਹੁਣ ਚਿੰਨ੍ਹ ਦੀ ਹਸਤੀ ਕ੍ਰਿਆਸ਼ੀਲਤਾ ਹੈ, ਸੰਵਾਦ ਵਿਚ ਆ ਕੇ ਪ੍ਰਾਪਤ ਕੀਤਾ ਗੌਰਵ ਹੈ, ਖੜੋਤ ਵਿਚ ਗ੍ਰਹਿਣਿਆ ਅਰਥਧਾਰਨ ਨਹੀਂ।

ਚਿੰਨ੍ਹ ਅਤੇ ਭਾਸ਼ਾ-ਪ੍ਰਕਾਸ਼ਾਂ ਨਾਲ ਇਹ ਜੋ ਵਾਪਰਿਆ ਹੈ, ਇਸ ਨੂੰ ਉਤਰ ਆਧੁਨਿਕਵਾਦੀਆਂ ਨੇ "ਨੀਂਹ-ਭੰਗ", "ਵਿਸਥਾਪਨ", "ਅਣਉਪਸਥਿਤੀ" ਆਦਿ ਕਈ ਨਾਂ ਦਿੱਤੇ ਹਨ। ਇਸ ਤਬਦੀਲੀ ਪਿੱਛੇ ਰਾਜਨੀਤਕ ਅਤੇ ਆਰਥਿਕ ਮਜਬੂਰੀਆਂ ਵੀ ਹਨ। ਵਿਕਸਿਤ ਪੂੰਜੀਵਾਦ ਦਾ ਫੈਲਾਓ, ਬਹੁ-ਕੌਮੀ ਕੰਪਨੀਆਂ ਦਾ ਵਪਾਰ ਲਈ ਵੱਖ-ਵੱਖ ਸੱਭਿਆਚਾਰਾਂ ਵਿਚ ਪਰਵੇਸ਼, ਵੀਅਤਨਾਮ, ਚੀਨ, ਭਾਰਤ ਆਦਿ ਦੇਸ਼ਾਂ ਦਾ ਆਪਣੇ "ਸਮਾਜਵਾਦ" ਨੂੰ ਖੋਲ੍ਹਣਾ, ਖੁੱਲ੍ਹੀ ਮਾਰਕੀਟ ਨੂੰ ਸੱਦਾ ਦੇਣਾ। ਇਹ ਸਭ ਪੱਖ ਧਿਆਨਯੋਗ ਹਨ।

ਇਸ ਨਵੇਂ ਯਥਾਰਥ ਦਾ ਸੱਭਿਆਚਾਰਕ ਅਤੇ ਸਾਹਿਤਕ ਰੂਪ ਖੁੱਲ੍ਹੇ ਜਾਂ ਅਣਨੀਂਹੇਂ ਚਿੰਨ੍ਹ ਦਾ ਉਭਾਰ ਹੈ।

ਅਣਨੀਂਹਾਂ ਚਿੰਨ੍ਹ ਕਿਸੇ ਵਿਚਾਰਧਾਰਾ ਉਤੇ ਕੇਂਦਰਿਤ ਨਹੀਂ-ਜਿਵੇਂ ਈਸਾਈਅਤ, ਯਹੂਦੀਅਤ, ਬ੍ਰਾਹਮਣਵਾਦ, ਸਮਾਜਵਾਦ ਜਾਂ ਪੂੰਜੀਵਾਦ। ਵਿਚਾਰਧਾਰਾ, ਅਸੀਂ ਮਾਰਕਸ ਅਤੇ ਅਲਥਿਊਜ਼ਰ ਤੋਂ ਪਿੱਛੋਂ ਜਾਣਦੇ ਹਾਂ, ਸੀਮਤ ਕਰਦੀ ਹੈ। ਸਾਨੂੰ ਕੁਝ ਆਰਥਿਕ, ਰਾਜਸੀ ਹਿੱਤਾਂ ਦੇ ਪਾਲਣ ਲਈ ਛਿੱਲਦੀ ਤ੍ਰਾਸ਼ਦੀ ਹੈ। ਅਣਨੀਂਹਾਂ ਚਿੰਨ੍ਹ, ਜੇ ਰਿਚਰਡ ਰੌਰਟੀ ਦੀ ਗੱਲ ਮੰਨ ਲਈਏ ਕੇਵਲ ਕਿਸੇ ਸੱਭਿਆਚਾਰ ਦੀ ਪਰੰਪਰਾ ਜਾਂ ਪ੍ਰਸੰਗ ਵਿਚੋਂ ਅਰਥ ਲੈਂਦਾ ਹੈ। ਇਸ ਲਈ ਇਹ ਗਤੀਸ਼ੀਲ ਹੈ, ਨਵੀਆਂ ਸਥਿਤੀਆਂ ਅਨੁਸਾਰ ਇਸ ਦੇ ਅਰਥ ਜਾਂ ਅਹਿਮੀਅਤ ਬਦਲਦੇ ਰਹਿੰਦੇ ਹਨ। ਹਰ ਸੱਭਿਆਚਾਰ, ਆਪਣੇ ਇਤਿਹਾਸ ਅਤੇ ਲੱਭਤਾਂ ਅਨੁਸਾਰ ਇਸ ਦੇ ਅਰਥ ਸਾਜਦਾ ਰਹਿੰਦਾ ਹੈ। ਅਰਥ ਦੀ ਕੋਈ ਅੰਤਿਮਤਾ ਨਹੀਂ।

ਅੱਜ ਅਸੀਂ ਤੀਸਰੇ ਸੁਪਨੇ ਦੀ ਤਲਾਸ਼ ਵਿਚ ਹਾਂ। ਦੋ ਸੁਪਨੇ ਜਿਨ੍ਹਾਂ ਨੂੰ ਅਸੀਂ ਵਿਸ਼ਵ ਪੱਧਰ ਉਤੇ ਸਾਕਾਰ ਕੀਤਾ ਹੈ ਅਤੇ ਜੋ ਅਸੀਂ ਹੰਢਾ ਲਏ ਹਨ, ਉਹ ਹਨ:ਪੂੰਜੀਵਾਦ ਅਤੇ ਸਮਾਜਵਾਦ। ਪੂੰਜੀਵਾਦ ਦਾ ਮੁੱਖ ਮੁੱਦਾ ਪੂੰਜੀ ਦੇ ਵਿਕਾਸ ਨਾਲ, ਮਾਰਕੀਟ ਆਰਥਿਕਤਾ ਅਤੇ ਮੁਕਾਬਲੇ ਦੇ ਸੰਗਠਨਾਂ ਰਾਹੀਂ ਅੱਗੇ ਵਧਣਾ ਸੀ।

ਪੂੰਜੀਵਾਦ ਦੇ ਮੋਢੀਆਂ ਵਲੋਂ ਇਹ ਕਿਹਾ ਗਿਆ ਸੀ ਕਿ ਅਜਿਹੀ ਆਰਥਿਕਤਾ ਅਤੇ ਸੰਗਠਨ, ਪ੍ਰਕਿਰਤੀ ਦੇ ਸੁਭਾਅ ਅਨੁਸਾਰ ਹਨ। ਇਸ ਲਈ ਇਨ੍ਹਾਂ ਦੇ ਸੰਚਾਲਨ ਨਾਲ ਮਨੁੱਖ ਕੋਲ ਖੁਸ਼ੀ ਦੇ ਸਾਧਨ ਵਧਣਗੇ। ਉਹ ਸੱਭਿਆਚਾਰਕ ਅਤੇ ਪਦਾਰਥਕ ਪੱਧਰ ਉਤੇ ਵਿਕਸਿਤ ਹੋਵੇਗਾ। ਪੂੰਜੀਵਾਦ ਦਾ ਸਭ ਤੋਂ ਸ੍ਰੇਸ਼ਟ ਮਾਡਲ ਉਦਾਰਵਾਦੀ ਲੋਕਤੰਤਰ ਹੈ।

ਇਸ ਲੋਕਤੰਤਰ ਵਿਚ ਨਿਆਂ, ਸੰਤੁਲਨ ਅਤੇ ਅਮੀਰੀ ਪ੍ਰਤੱਖ ਤੌਰ 'ਤੇ ਪ੍ਰਧਾਨ ਹੋਣਗੇ ਪਰ ਅਸੀਂ ਹੁਣ ਜਾਣਦੇ ਹਾਂ ਕਿ ਇਹ ਸਭ ਵਾਅਦੇ ਪੂਰੇ ਨਹੀਂ ਹੋਏ। ਉਦਾਰਵਾਦੀ ਲੋਕਤੰਤਰ ਏਨਾ ਦਿਲ-ਖਿੱਚਵਾਂ ਰਿਹਾ ਕਿ ਕੋਜੀਵ ਅਤੇ ਲਿਉਤਾਰ (ਦ) ਜਿਹੇ ਚਿੰਤਕ ਵੀ ਇਸ ਵਲ ਢਲ ਗਏ। ਜੌਹਨ ਰਾਅਲਸ ਜਿਹੇ "ਨਿਆਂ" ਦੇ ਮੁਦੱਈ ਨੇ ਇਹ ਧਾਰਨਾ ਦਿੱਤੀ ਕਿ ਉਦਾਰਵਾਦੀ ਲੋਕਤੰਤਰ ਵਿਚ ਹਰ ਮਨੁੱਖ ਸੰਤੁਲਿਤ/ਯੋਗ ਹੋ ਸਕਦਾ ਹੈ। ਦੂਜੇ ਪ੍ਰਤੀ ਸੂਖਮ ਰਹਿ ਸਕਦਾ ਹੈ ਪਰ ਕਿਉਂਕਿ ਉਦਾਰਵਾਦੀ ਲੋਕਤੰਤਰ ਵੀ ਬਹੁਗਿਣਤੀ ਦੀ ਵੋਟ ਨਾਲ ਚਲਦਾ ਹੈ, ਇਹ ਸੂਖਮਤਾ ਕਾਇਮ ਨਹੀਂ ਰਹੀ। ਨਿਆਂ ਨਹੀਂ ਵਾਪਰਿਆ। ਅਮੀਰੀ ਅਤੇ ਗਰੀਬੀ ਦਾ ਪਾੜ ਕਾਇਮ ਰਿਹਾ। ਘੱਟ-ਗਿਣਤੀਆਂ ਦੇ ਅਨੁਭਵ, ਸੱਭਿਆਚਾਰਕ ਸੰਗਠਨ ਉਤਸ਼ਾਹਿਤ ਨਹੀਂ ਰਹਿ ਸਕੇ। ਕਿਉਂਕਿ ਇਹ ਪ੍ਰਬੰਧ "ਸੂਦ" ਅਤੇ "ਨਿਵੇਸ਼" ਨਾਲ ਚਲਦਾ ਹੈ, ਇਸ ਲਈ ਬੇਕਿਰਕ ਵੀ ਹੈ। ਪੂੰਜੀ ਦੇ ਵਿਕਾਸ ਅਤੇ ਵਸਤਾਂ ਦੇ ਵਧ ਉਤਪਾਦਨ ਤੋਂ ਅੱਗੇ ਕੋਈ ਕਲਪਨਾ ਇਸ ਪ੍ਰਬੰਧ ਵਿਚ ਸੰਭਵ ਨਹੀਂ ਹੋ ਸਕੀ।

ਫੂਕੂਯਾਮਾ ਵਰਗੇ ਚਿੰਤਕਾਂ ਨੇ ਤਾਂ ਇਹ ਮੰਨ ਹੀ ਲਿਆ ਹੈ ਕਿ ਇਤਿਹਾਸ ਦਾ ਅੰਤ ਆ ਗਿਆ ਹੈ। ਉਦਾਰਵਾਦੀ ਲੋਕਤੰਤਰ ਤੋਂ ਅੱਗੇ ਮਨੁੱਖ ਜਾਤੀ ਨੇ ਕਿਧਰੇ ਨਹੀਂ ਜਾਣਾ। ਅਮਰਤਿਆ ਸੈਨ ਨੇ ਨਿਆਂ ਦੇ ਨੁਕਤੇ ਤੋਂ ਉਦਾਰਵਾਦੀ ਲੋਕਤੰਤਰ ਦੀਆਂ ਅਪ੍ਰਾਪਤੀਆਂ ਅਤੇ ਸਮੱਸਿਆਵਾਂ ਦਾ ਯੋਗ ਵਿਸ਼ਲੇਸ਼ਣ ਕੀਤਾ ਹੈ।

ਦੂਜੇ ਪਾਸੇ ਸਮਾਜਵਾਦ ਦਾ ਸੁਪਨਾ ਹੈ ਜਿਸ ਵਿਚ ਦ੍ਵੰਦ ਨੂੰ ਮੂਲ ਮੰਨ ਲਿਆ ਗਿਆ ਹੈ। ਜੇ ਪ੍ਰਕਿਰਤੀ ਅਤੇ ਮਨੁੱਖੀ ਸਮਾਜ ਵਿਰੋਧ-ਵਿਕਾਸੀ ਸ਼ਕਤੀਆਂ ਦੇ ਦ੍ਵੰਦ ਰਾਹੀਂ ਅੱਗੇ ਵਧਦੇ ਹਨ ਤਾਂ ਉਪਰਥਲੀਆਂ ਅਤੇ ਇਨਕਲਾਬ ਹੀ ਇਕ ਰਾਹ ਹਨ। ਪ੍ਰਕਿਰਤੀ ਦੇ ਯਥਾਰਥ ਨੂੰ ਹੀ ਸਮਾਜ ਵਿਚ ਨਕਲ ਕੀਤਾ ਜਾ ਸਕਦਾ ਹੈ। ਇਹ ਦ੍ਵੰਦ ਦੀਆਂ ਸ਼ਕਤੀਆਂ ਪਲੈਟੋ ਦੇ ਸਦੀਵੀ ਰੂਪਾਂ 'ਆਈਡੌਜ਼' ਵਾਂਗ ਅਟੱਲ ਹਨ। ਇਸ ਦ੍ਰਿਸ਼ਟੀ ਤੋਂ ਮਾਰਕਸਵਾਦੀ ਦ੍ਵੰਦ ਮਾਡਲ ਅਤੇ ਪਲੇਟੋ ਦੇ ਅਨੁਕਰਣੀ (ਮਿਮੈਟਿਕ) ਮਾਡਲ 'ਚ ਕੋਈ ਫਰਕ ਨਹੀਂ ਰਹਿ ਜਾਂਦਾ।

ਕੁਐਂਟਮ ਭੌਤਿਕ ਵਿਗਿਆਨ ਅਤੇ ਸਾਪੇਖਤਾ ਸਿਧਾਂਤ ਤੋਂ ਪਿੱਛੋਂ ਦ੍ਵੰਦ ਨੂੰ ਮੂਲ ਮੰਨਣਾ ਔਖਾ ਹੈ। ਮਾਦੇ ਅਤੇ ਪ੍ਰਕਿਰਤੀ ਦਾ ਵਿਕਾਸ ਅਣਸੋਚੀਆਂ ਪੁਲਾਂਘਾਂ ਨਾਲ ਹੁੰਦਾ ਹੈ। ਇਸ ਸਾਰੇ ਯਥਾਰਥ ਅਤੇ ਘਟਨਾਵਾਂ ਨੂੰ ਦੇਖਣ ਵਾਲੇ ਨਿਰੀਖਿਅਕ ਦਾ ਸਥਾਨ ਅਤੇ ਨਿਰੀਖਣ ਕਰਨ ਵਾਲੇ ਔਜ਼ਾਰ ਵੀ ਮਹੱਤਵ ਰੱਖਦੇ ਹਨ। ਇਹ ਚਿੰਤਨ ਹੁਣ ਕਬੂਲ ਹੋ ਚੁੱਕਾ ਹੈ। ਇਸ ਲਈ ਨਾ ਦ੍ਵੰਦ ਹੀ ਮੂਲ ਰਿਹਾ ਅਤੇ ਨਾ ਹੀ ਨਿਰੀਖਿਅਕ ਵਿਅਕਤੀ ਅਤੇ ਸੱਭਿਆਚਾਰ ਦੀ ਦ੍ਰਿਸ਼ਟੀ ਹੀ ਮਹੱਤਵਹੀਣ ਰਹਿ ਗਈ ਹੈ। ਇਨ੍ਹਾਂ ਚਿੰਤਨੀ ਅਤੇ ਅਭਿਆਸ ਘਟਨਾਵਾਂ ਨੇ ਸਮਾਜਵਾਦੀ ਸੁਪਨੇ ਨੂੰ ਵੀ ਬਿਖੇਰ ਦਿੱਤਾ ਹੈ। ਸਮਾਜਵਾਦ ਵਿਚ ਵੀ ਪੂੰਜੀ ਦਾ ਵਿਕਾਸ ਅਤੇ ਵਸਤਾਂ ਦਾ ਵਧ ਉਤਪਾਦਨ ਹੀ ਪ੍ਰਧਾਨ ਹਨ। ਭਾਵੇਂ ਪੱਛਮੀ ਮਾਰਕਸਵਾਦੀਆਂ ਦੇ ਇਤਿਹਾਸਕਾਰ ਮਾਰਟਿਨ ਜੇ ਨੇ ਇਹ ਮੰਨਿਆ ਕਿ ਪੱਛਮੀ ਮਾਰਕਸਵਾਦ ਦੇ ਮੁੱਦੇ ਸੋਵੀਅਤ ਅਤੇ ਚੀਨੀ ਮਾਰਕਸਵਾਦ ਦੇ ਸਿਧਾਂਤ ਅਤੇ ਅਭਿਆਸ ਨਾਲੋਂ ਵੱਖਰੇ ਹਨ। ਪੱਛਮੀ ਮਾਰਕਸਵਾਦ ਵਿਚ ਲੂਕਾਸ਼ ਤੋਂ ਪਿੱਛੋਂ ਬਲ ਸਮੁੱਚਤਾ ਜਾਂ ਸਰਬਾਂਗੀ ਵਿਕਾਸ ਉਤੇ ਹੈ। ਮਾਰਟਿਨ ਜੇ ਦੀ ਇਸ ਧਾਰਨਾ ਨੂੰ ਅਜੇ ਅਭਿਆਸ ਵਿਚ ਨਹੀਂ ਦੇਖਿਆ ਜਾ ਸਕਿਆ। ਇਸ ਲਈ ਸਮਾਜਵਾਦੀ ਸੁਪਨੇ ਦੀਆਂ ਕੁਝ ਵਿਸ਼ੇਸ਼ਤਾਵਾਂ ਵੀ ਪੂੰਜੀਵਾਦ ਨਾਲ ਸਾਂਝੀਆਂ ਹਨ। ਇਹ ਸੁਪਨਾ ਵੀ ਸੋਵੀਅਤ ਯੂਨੀਅਨ ਦੇ ਟੁੱਟਣ ਪਿੱਛੋਂ ਟੁੱਟ ਗਿਆ। ਚੀਨ ਨੇ ਵੀ ਪੂੰਜੀਵਾਦੀ ਪੂੰਜੀ ਨਾਲ ਵਿਕਾਸ ਕਰਨਾ ਮੰਨਿਆ ਹੋਇਆ ਹੈ। ਇਸ ਲਈ ਚੀਨੀ ਅਭਿਆਸ ਵਿਚ ਵੀ ਨਿਆਂ ਅਤੇ ਅਲਪ ਸੱਭਿਆਚਾਰਾਂ ਦੇ ਵਿਕਾਸ ਦੀ ਸਮੱਸਿਆ ਕਾਇਮ ਹੈ। ਚੀਨ ਸਨਾਤਨੀ ਮਾਰਕਸਵਾਦ ਅਤੇ ਪੂੰਜੀਵਾਦ ਦਾ ਰਲਗੱਡ ਬਣ ਰਿਹਾ ਹੈ। ਉਸ ਵਿਚ ਵੀ ਵਿਕਾਸ ਪੂੰਜੀ ਦੇ ਵਧਣ ਅਤੇ ਵਸਤਾਂ ਦੇ ਵਧ ਉਤਪਾਦਨ ਨਾਲ ਹੀ ਸੰਬੰਧਿਤ ਹੈ। ਇਸ ਲਈ ਮਨੁੱਖੀ ਵਿਸ਼ਾ, ਇਕੱਲ, ਗੈਰ-ਸ਼ਾਇਰਾਨਾ ਮਨ ਆਦਿ ਸਮੱਸਿਆਵਾਂ ਉਥੇ ਵੀ ਟਿਕੀਆਂ ਰਹਿਣਗੀਆਂ।

ਹੁਣ ਅਸੀਂ ਤੀਸਰੇ ਸੁਪਨੇ ਦੀ ਤਲਾਸ਼ ਵਿਚ ਹਾਂ। ਅਜਿਹਾ ਸੁਪਨਾ ਸਿਧਾਂਤਬੱਧ ਕਰਨ ਨੂੰ ਲੋਚ ਰਹੇ ਹਾਂ ਜਿਸ ਵਿਚ ਪੂੰਜੀ ਦੇ ਅਰਥ ਬਦਲ ਜਾਣ। ਮੁੱਢਲਾ ਯਥਾਰਥ ਦ੍ਵੰਦ ਨਾ ਮੰਨਿਆ ਜਾਵੇ। ਦ੍ਵੰਦ ਨੂੰ ਲੋਕਲ ਸਥਿਤੀ ਸਮਝਣਾ ਠੀਕ ਹੈ, ਪਰ ਮੂਲ ਯਥਾਰਥ ਵਜੋਂ ਨਹੀਂ। ਇਹ ਸੱਚ ਵੀ ਨਹੀਂ। ਦ੍ਵੰਦ ਮੂਲ ਮੰਨਣ ਨਾਲ ਸਮਾਜਿਕ ਅਤੇ ਮਾਨਸਿਕ ਬਣਾਓ ਅਤੇ ਬਖੇੜੇ ਕਾਇਮ ਰਹਿਣਗੇ। ਕੁੱਲ ਸ੍ਰਿਸ਼ਟੀ ਅਤੇ ਇਸ ਦੇ ਸਿਰਜਣਾਤਮਕ ਵਹਿਣਾਂ ਨੂੰ ਹੋਰ ਖੋਜ ਕਰਕੇ ਬਦਲਵੇਂ ਰੂਪ ਵਿਚ ਸਮਝਣਾ ਚਾਹੀਦਾ ਹੈ।

ਇਸ ਬਾਰੇ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਬਦਲ ਵਜੋਂ ਜੋ ਨਵਾਂ ਸੁਪਨਾ ਅਸੀਂ ਸਿਧਾਂਤਬੱਧ ਕਰਨਾ ਚਾਹੁੰਦੇ ਹਾਂ, ਉਸ ਲਈ ਸੁਝਾਅ ਪੰਜਾਬ ਦੇ ਸਿੱਖ ਵਿਰਸੇ ਵਿਚ ਮੌਜੂਦ ਹੈ। ਇਸ ਨਵੇਂ ਸੁਪਨੇ ਦਾ ਧੁਰਾ ਸੂਦ-ਆਧਾਰਤ ਵਿਕਾਸਵਾਦੀ ਪੂੰਜੀ ਨਹੀਂ ਹੋਵੇਗਾ। ਸਗੋਂ ਇਸ ਨੂੰ ਵਿਸਮਾਦੀ ਪੂੰਜੀ ਪਰਿਭਾਸ਼ਤ ਕਰੇਗੀ। ਵਿਸਮਾਦ, ਵਿਲੱਖਣਤਾ ਅਤੇ ਸਿਰਜਣਾ ਦੀ ਮਸਤੀ ਹੈ। ਸੰਗੀਤਾਮਕਤਾ ਹੈ, ਸ਼ਾਇਰੀ ਹੈ ਜਿਸ ਵਿਚ ਕੁੱਲ ਕਾਇਨਾਤ ਬੱਝੀ ਹੋਈ ਹੈ। ਇਹ ਮਸਤੀ "ਸ੍ਵੈ-ਭੰ' ਹੈ, ਆਪਣੇ ਆਪ ਜਨਮ ਲੈਂਦੀ ਹੈ ਅਤੇ ਵਧਦੀ-ਫੁੱਲਦੀ ਹੈ। ਇਸ ਮਸਤੀ ਦਾ 'ਸ੍ਵੈ-ਭੰ" ਪ੍ਰਤੀਕ ਵਾਹਿਗੁਰੂ ਹੈ। ਜਿਸ ਦਾ ਅਰਥ ਵਿਸਮਾਦ ਦਾ ਗੁਰੂ ਹੈ। ਇਹ ਚਿੰਨ੍ਹ ਜਾਂ ਪ੍ਰਤੀਕ ਵਿਚਾਰਧਾਰਕ ਜਾਂ ਇਕਪਾਸਾਰੀ ਨਹੀਂ। ਨਿਰੋਲ ਵਿਗਾਸੀ ਜਾਂ ਖੇੜਾ ਪ੍ਰਦਾਨਕ ਹੈ। ਇਸ ਦਾ ਮਨੁੱਖ ਅਤੇ ਸਮਾਜ ਦੇ ਸੰਗਠਨਾਂ ਦਾ 'ਕਮਲ' ਬਣਨਾ ਹੈ।

ਜੇ ਵਿਸਮਾਦ ਅਤੇ ਸਿਰਜਣਾਤਮਕ ਸ਼ਕਤੀ ਦੀ ਮਸਤੀ ਨੂੰ ਆਪਣੀ ਸੰਗੀਤਾਮਕਤਾ ਵਿਚ ਦ੍ਵੰਦ ਦੀ ਥਾਂ ਮੂਲ ਮੰਨ ਲਿਆ ਜਾਵੇ ਤਾਂ ਸਮਾਜਾਂ ਵਿਚ ਇਸ ਨੂੰ ਸਾਕਾਰ ਕਰਨ ਵਾਲੀ ਪੂੰਜੀ ਵੀ ਵਿਸਮਾਦੀ ਹੋਵੇਗੀ। ਵਿਸਮਾਦੀ ਪੂੰਜੀ ਸੂਦ-ਖੋਰ ਅਤੇ ਬੇਕਿਰਕ, ਅੰਨੀ-ਬੋਲੀ ਹੋਣ ਦੀ ਥਾਂ ਚੇਤੰਨ ਤੌਰ 'ਤੇ "ਵਿਗਾਸੀ" ਹੋਵੇਗੀ। ਪੰਜਾਬ ਦੇ ਸਿੱਖ ਵਿਰਸੇ ਵਿਚ ਵਿਸਮਾਦ ਦਾ ਸੰਕਲਪ, 'ਰਿਗ ਵੇਦ ਦੇ ਰਿਸ਼ੀਆਂ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦੀ ਅਣਥੱਕ ਚਿੰਤਨੀ ਅਤੇ ਅਭਿਆਸੀ ਖੋਜ ਤਕ ਪਹੁੰਚਿਆ ਹੋਇਆ,' ਜੋ ਵੱਡੀ ਪ੍ਰਾਪਤੀ ਹੈ। ਇਸ ਨੂੰ ਸਮਝ ਕੇ ਵਰਤਣ ਨਾਲ ਵਿਸਮਾਦੀ ਪੂੰਜੀ ਉਤੇ ਆਧਾਰਤ ਸਰਬਾਂਗੀ ਵਿਗਾਸ ਵਾਲੇ ਸੁਪਨੇ ਦੀ ਸਾਜਨਾ ਕੀਤੀ ਜਾ ਸਕਦੀ ਹੈ।

ਅਸੀਂ ਇਸ ਨਵੇਂ ਵਿਸ਼ਵ ਸੁਪਨੇ ਦੀ ਸਾਜਨਾ ਵਿਚ ਅਹਿਮ ਭਾਗ ਪਾ ਸਕਦੇ ਹਾਂ ਪਰ ਸਾਡੇ ਚਿੰਤਕਾਂ ਵਿਚ ਕੋਈ ਵੀ ਸ੍ਵੈ-ਚੇਤਨਤਾ ਜਾਂ ਸ੍ਵੈ-ਮਾਣ ਨਹੀਂ। ਪੱਛਮ ਦੇ ਜਾਣੇ-ਪਛਾਣੇ ਪੂੰਜੀਵਾਦੀ ਜਾਂ ਸਮਾਜਵਾਦੀ ਮਾਡਲਾਂ ਨਾਲ ਬੁਰੀ ਤਰ੍ਹਾਂ ਮਨੋ-ਨਿਸ਼ਚਿਤ ਹੋ ਚੁੱਕੇ ਹਨ। ਆਪਣੇ ਵਿਰਸੇ ਦੀ ਮੌਲਿਕਤਾ ਨਹੀਂ ਪਛਾਣ ਰਹੇ। ਬਿਨਾਂ ਵਿਸਮਾਦੀ ਵਿਰਸੇ ਨੂੰ ਪਛਾਨਣ ਅਤੇ ਇਸ ਤੋਂ ਪ੍ਰਭਾਵਿਤ/ਮਧਿਅਸਥਿਤ ਹੋਣ ਦੇ, ਪੰਜਾਬ ਦਾ ਹਰ ਬੁੱਧੀਜੀਵੀ, ਇਤਿਹਾਸ ਵਿਚ, ਅਣਪ੍ਰਮਾਣਿਕ ਗਿਣਿਆ ਜਾਵੇਗਾ। "ਪੂੰਜੀ" ਦੇ ਚਿੰਨ੍ਹ ਨੂੰ ਅਣਨੀਂਹਾਂ ਕਰਨ ਦੀ ਲੋੜ ਹੈ। ਇਸ ਨੂੰ ਨਵਾਂ ਪ੍ਰਸੰਗ, ਨਵਾਂ ਸਿਗਨੀਫਾਈਡ ਦਿੱਤਾ ਜਾਵੇ, ਇਹੀ ਸਰਬ-ਹਿਤੈਸ਼ੀ ਕਦਮ ਹੋਵੇਗਾ। ਪੰਜਾਬ ਦੇ ਸਿੱਖ ਵਿਰਸੇ ਨੂੰ ਇਸ ਗੌਰਵ ਲਈ ਵਰਤਣਾ ਕੋਈ ਹੀਣਭਾਵੀ ਜਾਂ ਸੰਪਰਦਾਇਕ ਗੱਲ ਨਹੀਂ ਸਮਝਣਾ ਚਾਹੀਦਾ ਹੈ।

# ਨਵੀਂ ਵਿਸ਼ਵ ਦ੍ਰਿਸ਼ਟੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ

**ਅਮਰਜੀਤ ਸਿੰਘ ਗਰੇਵਾਲ**

ਓਪਨ ਸਿਸਟਮ ਦੀਆਂ ਸੰਭਾਵਨਾਵਾਂ ਅਨੰਤ ਹੁੰਦੀਆਂ ਹਨ। ਇਹ ਆਪਣੀ ਲਚਕ ਅਤੇ ਗਤੀਸ਼ੀਲਤਾ ਕਾਰਨ ਚੌਗਿਰਦੇ ਨਾਲ ਨਿਰੰਤਰ ਸੰਵਾਦ ਵਿਚ ਰਹਿਣ ਕਾਰਨ ਹਮੇਸ਼ਾ ਆਪਣੇ ਵਿਕਾਸ ਲਈ ਨਵੇਂ ਰਾਹ ਖੋਲ੍ਹੀ ਰੱਖਦਾ ਹੈ ਅਤੇ ਕਦੇ ਵੀ ਅਪ੍ਰਾਸੰਗਿਕ ਅਤੇ ਅਣਉਪਯੋਗੀ ਨਹੀਂ ਹੁੰਦਾ। ਕਈ ਵਾਰ ਸਿੱਖ ਸਮਾਜ ਵਿਚ ਆਈ ਕੱਟੜਤਾ ਨੇ ਆਪਣੇ ਚੌਗਿਰਦੇ ਦੇ ਇਤਿਹਾਸ ਅਤੇ ਮਿਥਿਹਾਸ, ਜਿਸ ਵਿਚੋਂ ਉਹ ਪੈਦਾ ਹੋਇਆ ਹੈ, ਨਾਲੋਂ ਪੂਰਨ ਤਲਾਕ ਲੈ ਕੇ ਸੀਮਾਵਾਂ ਤੱਕ ਬੱਝਣ ਦੀ ਕੋਸ਼ਿਸ਼ ਕੀਤੀ ਹੈ।

ਆਪਣੇ ਇਤਿਹਾਸ ਨੂੰ ਗੁਰੂ ਨਾਨਕ ਸਾਹਿਬ ਦੇ ਜਨਮ ਜਾਂ ਖਾਲਸਾ ਪੰਥ ਦੀ ਸਿਰਜਣਾ ਨਾਲ ਸ਼ੁਰੂ ਹੋਇਆ ਮੰਨ ਕੇ ਸਿੱਖ ਸਮਾਜ ਆਪਣੀ ਇਤਿਹਾਸਕ, ਮਿਥਿਹਾਸਕ ਅਤੇ ਲੋਕ ਸਭਿਆਚਾਰਕ ਪ੍ਰਾਸੰਗਿਕਤਾ ਗੁਆ ਲੈਂਦਾ ਹੈ। ਇਸ ਕਰਕੇ ਹੀ ਇਹ ਪੰਜਾਬ ਵਿਚ ਦੂਸਰੇ ਧਰਮਾਂ, ਵਿਸ਼ਵਾਸਾਂ ਅਤੇ ਸੰਪਰਦਾਵਾਂ ਨਾਲ ਬੱਝੇ ਲੋਕਾਂ ਨਾਲੋਂ ਸਭਿਆਚਾਰਕ ਅਲਹਿਦਗੀ ਦਾ ਭਰਮ ਪਾਲ ਕੇ ਪੰਜਾਬੀ ਸੰਸਕ੍ਰਿਤੀ ਵਿਚ ਸਮਾਜਿਕ ਪਰਤਾਂ ਅਤੇ ਵਖਰੇਵਿਆਂ ਨੂੰ ਪੱਕਾ ਕਰਦਾ ਹੈ। ਇਨ੍ਹਾਂ ਵਖਰੇਵਿਆਂ ਅਤੇ ਪਰਤਾਂ ਵਿਚ ਸਭਿਆਚਾਰਕ ਆਦਾਨ-ਪ੍ਰਦਾਨ ਅਤੇ ਸੰਵਾਦ ਨੂੰ ਨਿਰਉਤਸ਼ਾਹਿਤ ਕਰਦਾ ਹੈ।

ਆਪਣੀ ਸਭਿਆਚਾਰਕ ਪਹਿਚਾਣ ਰੱਖਣੀ ਕੋਈ ਮਾੜੀ ਗੱਲ ਨਹੀਂ ਹੁੰਦੀ। ਪੰਜਾਬੀ ਸੱਭਿਆਚਾਰ ਦੇ ਅੰਦਰ ਪਲ ਰਹੀ ਵਿਭਿੰਨਤਾ ਅਤੇ ਵੰਨਸਵੰਨਤਾ ਵੀ ਆਦਰਯੋਗ ਹੈ ਪਰ ਇਨ੍ਹਾਂ ਵਿਭਿੰਨ ਅਤੇ ਵੰਨਸਵੰਨੀਆਂ ਇਕਾਈਆਂ ਦੀ ਆਪਣੀ ਵਿਲੱਖਣਤਾ ਅਤੇ ਪਹਿਚਾਣ ਦਾ ਤਦ ਹੀ ਕੋਈ ਮਹੱਤਵ ਜਾਂ ਮੁੱਲ ਬਣਦਾ ਹੈ, ਜਦੋਂ ਉਹ ਇਕਾਈਆਂ ਇਕ ਦੂਸਰੀ ਨਾਲ ਪੂਰੀ ਤਰ੍ਹਾਂ ਸੰਗਠਿਤ ਹੋ ਕੇ ਪੰਜਾਬੀ ਸਭਿਆਚਾਰ ਦੇ ਸਰਬਪੱਖੀ ਵਿਕਾਸ ਵਿਚ ਸਹਾਈ ਹੋਣ ਅਤੇ ਉਸਦੀਆਂ ਬਰਾਬਰ ਦੀਆਂ ਬਾਹਵਾਂ ਬਣ ਜਾਣ। ਇਸ ਤਰ੍ਹਾਂ ਪੰਜਾਬੀ ਸੱਭਿਆਚਾਰ, ਆਪਣੀ ਪਹਿਚਾਣ ਬਣਾ ਕੇ ਅਤੇ ਮਨੁੱਖੀ ਸਭਿਆਚਾਰ ਵਿਚ ਸੰਗਠਿਤ ਹੋ ਕੇ ਹੀ ਉਸ ਦੇ ਵਿਕਾਸ ਵਿਚ ਸਹਾਈ ਹੋ ਸਕਦਾ ਹੈ। ਪਰ ਇਹ ਪਹਿਚਾਣ ਜੇਕਰ ਆਪਣੇ ਚੌਗਿਰਦੇ ਨਾਲ ਆਦਾਨ-ਪ੍ਰਦਾਨ ਅਤੇ ਸੰਵਾਦ ਰੋਕ ਕੇ ਇਕ ਚਾਰਦੀਵਾਰੀ ਅੰਦਰ ਕੈਦ ਹੋ ਜਾਵੇ ਤਾਂ ਇਹ ਹਰ ਪਾਸੇ ਸਭਿਆਚਾਰਕ ਗਿਰਾਵਟ ਦਾ ਦੌਰ ਸ਼ੁਰੂ ਕਰ ਦਿੰਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਿਧਾਂਤਕ ਮਾਡਲ, ਵਿਭਿੰਨ ਸਭਿਆਚਾਰਕ ਇਕਾਈਆਂ ਵਿਚਕਾਰ ਆਦਾਨ-ਪ੍ਰਦਾਨ ਅਤੇ ਸੰਵਾਦ ਨੂੰ ਉਤਸ਼ਾਹਿਤ ਕਰਦਾ ਹੋਇਆ, ਇਨ੍ਹਾਂ ਦੇ ਇਕ ਸੰਗਠਨ ਵਿਚ ਬੱਝ ਕੇ ਮਨੁੱਖਤਾ ਦੇ ਭਲੇ ਲਈ ਸਾਂਝੇ ਤੌਰ 'ਤੇ ਯਤਨਸ਼ੀਲ ਹੋਣ ਨੂੰ ਹੀ ਸਹੀ ਰਾਹ ਮੰਨਦਾ ਹੈ। ਇਸੇ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਹ ਮਾਡਲ, ਸਭਿਆਚਾਰਕ ਪਹਿਚਾਣ, ਸਭਿਆਚਾਰਕ ਆਦਾਨ-ਪ੍ਰਦਾਨ, ਸਭਿਆਚਾਰਕ ਸੰਵਾਦ ਅਤੇ ਸਭਿਆਚਾਰਕ ਏਕਤਾ ਨੂੰ ਉਤਸ਼ਾਹਤ ਕਰਦਾ ਹੈ। ਏਕਤਾ ਕਦੀ ਵੀ ਵਿਭਿੰਨਤਾ ਜਾਂ ਵੰਨਸੁਵੰਨਤਾ ਦੀਆਂ ਲਾਸ਼ਾਂ ਉਪਰ ਨਹੀਂ ਉਸਰਦੀ। ਪੰਥਕ ਏਕਤਾ ਦਾ ਮਤਲਬ ਵੀ ਪੰਥ ਦੇ ਅੰਦਰਲੀ ਵੰਨਸੁਵੰਨਤਾ ਦਾ ਵਿਨਾਸ਼ ਨਹੀਂ, ਉਨ੍ਹਾਂ ਦੀ ਪਹਿਚਾਣ ਰਾਹੀਂ ਉਸਾਰੀ ਗਈ ਏਕਤਾ ਹੈ। ਵੰਨਸੁਵੰਨਤਾ ਜੇਕਰ ਕਿਸੇ ਉਸਾਰੂ ਸੰਵਾਦ ਅਤੇ ਏਕਤਾ ਦੇ ਪੈਟਰਨ ਵਿਚ ਬੱਝੀ ਹੋਈ ਹੋਵੇ ਤਾਂ ਖੂਬਸੂਰਤੀ ਅਤੇ ਵਿਕਾਸ ਦਾ ਸਰਵੋਤਮ ਮਾਰਗ ਹੁੰਦੀ ਹੈ। ਇਸ ਲਈ ਅੱਜ ਜਿਥੇ ਕਿ ਕੌਮੀਅਤਾਂ ਆਪਣੀਆਂ ਵੱਖੋ-ਵੱਖਰੀਆਂ ਖੇਤਰੀ ਪਹਿਚਾਣਾਂ ਕਾਇਮ ਕਰਨ ਲਈ ਯਤਨਸ਼ੀਲ ਹਨ, ਓਥੇ ਉਹ ਇਕ ਵਿਸ਼ਵ ਸੰਗਠਨ ਵਿਚ ਬੱਝ ਕੇ ਮਨੁੱਖਤਾ ਦੀ ਇਕ ਸਰਬਸਾਂਝੀ ਵਿਸ਼ਵ ਸਭਿਆਚਾਰਕ ਪਹਿਚਾਣ ਬਣਾਉਣ ਵਿਚ ਵੀ ਓਨੀ ਹੀ ਸ਼ਕਤੀ ਨਾਲ ਜੁਟੀਆਂ ਹੋਈਆਂ ਹਨ।

ਸੋ, ਚਰਚਾ ਇਸ ਥਾਂ ਪਹੁੰਚੀ ਕਿ ਕੁਅੰਟਮ ਮਕੈਨਿਕਸ, ਥਰਮੋਡਾਈਨੇਮਿਕਸ ਅਤੇ ਸਮਾਜ ਸ਼ਾਸਤਰ ਦੇ ਖੇਤਰ ਵਿਚ ਆਈਆਂ ਤਬਦੀਲੀਆਂ ਨੇ ਭਾਵੇਂ ਮਨੁੱਖੀ ਸੋਚ ਦਾ ਪਾਸਾ ਤਾਂ ਪਰਤ ਦਿੱਤਾ, ਪਰ ਇਹ ਤਬਦੀਲੀ ਜਾਂ ਨਵੀਂ ਸੋਚ ਕੋਈ ਸੰਗਠਿਤ ਸਮਾਜ-ਸਭਿਆਚਾਰਕ ਤਬਦੀਲੀ ਦਾ ਸਿਧਾਂਤ ਪੇਸ਼ ਨਹੀਂ ਕਰ ਸਕੀ ਜੋ ਕਾਰਟੀਜ਼ੀਅਨ ਸੋਚ ਉਪਰ ਆਧਾਰਿਤ ਪੂੰਜੀਵਾਦੀ ਸਮਾਜ ਜਾਂ ਮਸ਼ੀਨੀ ਸੱਭਿਆਚਾਰ ਅਤੇ ਕੰਪੀਟੀਸ਼ਨ ਦੀ ਅਮਾਨਵੀ ਵਿਚਾਰਧਾਰਾ ਨੂੰ ਤਬਦੀਲ ਕਰਕੇ ਕਿਸੇ ਨਵੀਂ ਉਤਪਾਦਨ ਪ੍ਰਣਾਲੀ ਨੂੰ ਜਨਮ ਦੇ ਸਕੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮਾਡਲ ਜੋ ਮਨੁੱਖ ਦੀ ਰੂਹਾਨੀ ਆਜ਼ਾਦੀ ਨੂੰ ਉਸਦੇ ਸਮਾਜ-ਆਰਥਿਕ, ਰਾਜਨੀਤਕ ਸਭਿਆਚਾਰ ਪਰਿਪੇਖ ਦੀ ਗਤੀਸ਼ੀਲਤਾ ਅੰਦਰ ਰੱਖ ਕੇ ਦੇਖਦਾ ਹੈ, ਉਹ ਅੱਜ ਦੇ ਯੁਗ ਵਿਚ ਮਨੁੱਖਤਾ ਦਾ ਸ਼ਾਇਦ ਸਹੀ ਪਥ ਪ੍ਰਦਰਸ਼ਨ ਕਰ ਸਕਦਾ ਹੋਵੇ, ਇਸ ਗੱਲ 'ਤੇ ਡੂੰਘੀ ਗੌਰ ਕਰਨ ਦੀ ਜ਼ਰੂਰਤ ਹੈ।

## ਤੁਹਾਡੀ ਗੱਲ

# ਪੰਜਾਬੀ ਸੰਗੀਤ, ਸਰਤਾਜ ਤੇ ਆਲੋਚਕ

ਪੰਜਾਬ ਟਾਈਮਜ਼ ਦੇ 19 ਜੂਨ ਦੇ ਅੰਕ ਵਿਚ ਐਸ ਅਸ਼ੋਕ ਭੌਰਾ ਦਾ ਲੇਖ ਪੜ੍ਹਨ ਨੂੰ ਮਿਲਿਆ। ਪੜ੍ਹ ਕੇ ਮਨ ਨੂੰ ਹਲਕੀ ਜਿਹੀ ਠੇਸ ਲੱਗੀ ਕਿ ਕਿਸੇ ਕਲਾਕਾਰ ਦੀ ਕਲਾ ਦਾ ਮੁਲਾਂਕਣ ਉਨ੍ਹਾਂ ਭਾਰੀ ਭਰਕਮ ਲਫਜ਼ਾਂ ਵਿਚ ਕਰ ਦਿੱਤਾ ਪਰ ਆਪਣੀ ਕਲਮ ਦੇ ਮਿਆਰ ਨੂੰ ਉਨ੍ਹਾਂ ਨਾਲ-ਨਾਲ ਨਹੀਂ ਤੋਰਿਆ।

ਮੈਂ ਇਹ ਅਰੰਭ ਵਿਚ ਹੀ ਸਪੱਸ਼ਟ ਕਰ ਦੇਣਾ ਚਾਹੁੰਦੀ ਹਾਂ ਕਿ ਮੈਨੂੰ ਇਸ ਨਾਲ ਕੋਈ ਮਤਲਬ ਨਹੀਂ ਕਿ ਅਸ਼ੋਕ ਭੌਰਾ ਦੀ ਕਲਮ ਕੀਹਦੇ ਬਾਰੇ ਲਿਖ ਰਹੀ ਹੈ ਪਰ ਉਨ੍ਹਾਂ ਦੀ ਪ੍ਰਸ਼ੰਸਕ ਹੋਣ ਕਰਕੇ ਇਹਦੇ ਨਾਲ ਮਤਲਬ ਜ਼ਰੂਰ ਹੈ ਕਿ ਉਨ੍ਹਾਂ ਦੀ ਕਲਮ ਕੀ ਲਿਖ ਰਹੀ ਹੈ? ਉਨ੍ਹਾਂ ਦੀ ਕਲਮ ਦੇ ਮਿਆਰ ਦਾ ਮਾਪਦੰਡ ਦੇਖਿਆ ਜਾਵੇ ਤਾਂ ਜਿਨ੍ਹਾਂ ਪ੍ਰੋਫੈਸਰਾਂ, ਰੀਡਰਾਂ ਕੋਲੋਂ ਅਸੀਂ ਪੜ੍ਹੇ ਹਾਂ, ਸ੍ਰੀ ਭੌਰਾ ਦੀ ਲੇਖਣੀ ਉਨ੍ਹਾਂ ਦੀ ਕਾਬਲੀਅਤ 'ਤੇ ਪ੍ਰਸ਼ਨ ਚਿੰਨ੍ਹ ਲਾਉਣ ਦਾ ਕੰਮ ਕਰਦੀ ਹੈ। ਲੇਖ ਦੀਆਂ ਪਹਿਲੀਆਂ ਕੁਝ ਸਤਰਾਂ ਪੜ੍ਹ ਕੇ ਬਹੁਤ ਨਿਰਾਸ਼ਾ ਹੋਈ ਪਰ ਸ਼ੁਕਰ ਹੈ ਕਿ ਉਸ ਨਿਰਾਸ਼ਾ ਦਾ ਹੱਲ ਉਨ੍ਹਾਂ ਆਪੇ ਹੀ ਕੱਢ ਦਿੱਤਾ, ਕਿਉਂਕਿ ਉਨ੍ਹਾਂ ਦੇ ਗੰਭੀਰ ਪਾਠਕਾਂ ਦੇ ਮਨਾਂ ਵਿਚ ਇਹ ਸੁਆਲ ਉਠਣਾ ਲਾਜ਼ਮੀ ਹੈ ਕਿ ਇਹ ਲੇਖ ਸ੍ਰੀ ਭੌਰਾ ਦੀ ਕਲਮ ਦਾ ਨਹੀਂ, ਸਗੋਂ ਲਿਖਵਾਇਆ ਗਿਆ ਹੈ। ਇਸਦੀ ਪੁਸ਼ਟੀ ਉਨ੍ਹਾਂ ਆਪ ਹੀ ਕਰ ਦਿਤੀ। ਪਰ ਕੁਝ ਗੱਲਾਂ ਮਨ ਵਿਚ ਸ਼ੱਕ ਪੈਦਾ ਕਰ ਗਈਆਂ ਜੋ ਮੈਂ ਕੁਝ ਸਾਂਝੀਆਂ ਕਰਨੀਆਂ ਚਾਹੁੰਦੀ ਹਾਂ।

ਉਨ੍ਹਾਂ ਲਿਖਿਆ ਕਿ ਆਲੋਚਨਾ ਦੀ ਮਹੱਤਤਾ ਇਸ ਗੱਲ ਵਿਚ ਹੈ ਕਿ ਉਹ ਕੌਣ ਕਰ ਰਿਹਾ ਹੈ? ਅਖ਼ਬਾਰਾਂ ਜਾਂ ਮੀਡੀਆ ਤਾਂ ਹੁੰਦਾ ਹੀ ਵਿਚਾਰਾਂ ਦੇ ਪ੍ਰਗਟਾਓ ਲਈ ਹੈ। ਇਹਦੇ ਵਿਚ ਆਪਣੇ ਵਿਚਾਰ ਪੇਸ਼ ਕਰਨ ਲਈ ਕਿਹੜੀਆਂ ਡਿਗਰੀਆਂ ਜਾਂ ਬਾਇਓਡਾਟਾ ਹੋਣਾ ਚਾਹੀਦਾ ਹੈ ਤਾਂ ਜੋ ਪਾਠਕ ਆਪਣੇ ਰੂਹਾਨੀ ਮਿਆਰ ਦਾ ਪ੍ਰਮਾਣ ਦੇ ਸਕੇ? ਜੇ ਓਬਾਮਾ ਜਾਂ ਮਨਮੋਹਨ ਸਿੰਘ ਨੂੰ ਫਰਕ ਨਹੀਂ ਪੈਂਦਾ ਤਾਂ ਮੀਡੀਆ ਵਿਚ ਕਿਸੇ ਵੀ ਗੱਲ ਦੀ ਆਲੋਚਨਾ ਗੈਰਕਾਨੂੰਨੀ ਹੋਣੀ ਚਾਹੀਦੀ ਹੈ। ਉਹ ਵੀ ਸ਼ਾਇਦ ਇਸ ਗੱਲ ਦੇ ਗੁਆਹ ਹੋਣ ਕਿ ਹਿੰਦੋਸਤਾਨ ਵਿਚ ਘੱਟਗਿਣਤੀ ਦੇ ਲੋਕਾਂ ਦਾ ਕੀ ਹਸ਼ਰ ਹੋਇਆ ਹੈ ਜਾਂ ਪਰਜਾਤੰਤਰ ਦਾ ਕਿਸ ਤਰ੍ਹਾਂ ਉਸ ਮੁਲਕ ਵਿਚ ਮਖੌਲ ਉਡਦਾ ਹੈ? ਕਤਲੇਆਮ ਤੇ ਬਹੁਗਿਣਤੀ ਦੀ ਮਾਰ ਝੱਲਣ ਵਾਲੇ ਲੋਕ ਆਪਣੀ ਆਵਾਜ਼ ਬੁਲੰਦ ਕਰਨ ਦੀ 26ਵੀਂ ਵਰ੍ਹੇਗੰਢ ਮਨਾ ਚੁੱਕੇ ਨੇ ਤੇ ਇਹ ਆਵਾਜ਼ ਕਦੀ ਦੱਬੀ ਵੀ ਨਹੀਂ ਜਾਣੀ।

ਭੌਰਾ ਸਾਹਿਬ ਨੇ ਪੁੱਛਿਆ ਹੈ ਕਿ ਕੀ ਅਸਰ ਹੋਣਾ ਹੈ? ਅਸਰ ਤਾਂ ਹੋ ਚੁੱਕਿਆ ਹੈ ਕਿ ਅਖ਼ਬਾਰਾਂ ਨਾਲ ਜੁੜੇ ਸੂਝਵਾਨ ਤੇ ਕਲਮ ਦੇ ਧਨੀ ਵੀ ਗਾਇਕ ਅਖਵਾਉਣ ਵਾਲਿਆਂ ਬਾਰੇ ਛਿੜੀ ਬਹਿਸ ਵਿਚ ਉਤਰ ਪਏ ਨੇ। ਤੇ ਜੇ ਅਸਰ ਨਹੀਂ ਹੋਣਾ ਤਾਂ ਉਹ ਰੋਜ਼ ਫੋਨ ਕਰਨ ਵਾਲਿਆਂ ਨੂੰ ਇਹ ਕਹਿੰਦੇ ਕਿ ਇਸ ਚਰਚਾ ਦਾ ਕੋਈ ਅਸਰ ਆਪਣੇ 'ਤੇ ਨਾ ਲੈਣ ਕਿਉਂਕਿ ਸਾਡੇ ਵਰਗੇ ਕਾਂਵਾਂ ਦੀਆਂ ਦੁਰਅਸੀਸਾਂ ਨਾਲ ਢੱਗੇ ਨਹੀਂ ਮਰਦੇ ਤੇ ਨਾਲੇ ਕਹਿੰਦੇ ਕਿ ਜਿਹੜੇ ਗਾਇਕ ਪੀ.ਐਚ.ਡੀ. ਕਰਦੇ ਨੇ, ਉਨ੍ਹਾਂ ਨੂੰ ਐਮ. ਫਿਲ ਤੋਂ ਪਹਿਲਾਂ ਗੁਰਮਤਿ ਕਾਵਿ ਵੀ ਪੜ੍ਹਨਾ ਪੈਂਦਾ ਹੈ ਤੇ ਜੀਹਦੇ ਵਿਚ ਕਬੀਰ ਜੀ ਕਹਿੰਦੇ ਹਨ ਕਿ ਲੋਕੋ ਮੈਨੂੰ ਨਿੰਦੋ ਕਿਉਂਕਿ ਨਿੰਦਿਆਂ ਨਾਲ ਮੇਰੇ ਪਾਪ ਧੋਤੇ ਜਾਣੇ ਨੇ।

ਕਿਹਾ ਜਾਂਦਾ ਹੈ ਕਿ ਗੱਲ ਕਰਨਾ ਇਕ ਬਹੁਤ ਵੱਡੀ ਕਲਾ ਹੈ ਪਰ ਮੇਰੇ ਹਿਸਾਬ ਨਾਲ ਗੱਲ ਸਮਝਣਾ ਉਸ ਤੋਂ ਵੀ ਵੱਡੀ ਕਲਾ ਹੈ ਕਿਉਂਕਿ ਗੱਲ ਸਮਝਣ ਤੋਂ ਬਾਅਦ ਹੀ ਕੀਤੀ ਗਈ ਗੱਲ ਦਾ ਮੁੱਲ ਪੈਂਦਾ ਹੈ। ਗੱਲ ਪੰਜਾਬੀ ਗਾਇਨ ਤੋਂ ਤੁਰੀ ਸੀ ਤੇ ਸਾਡੇ ਵਰਗਿਆਂ ਨੂੰ ਕੋਈ ਹੱਕ ਨਹੀਂ ਕਿਸੇ ਦੀ ਤਰੱਕੀ ਦੇ ਰਾਹ ਵਿਚ ਰੋੜੇ ਅਟਕਾਉਣ ਦਾ, ਕਿਉਂਕਿ ਅਮਰੀਕਾ ਹੀ ਉਹ ਮੁਲਕ ਹੈ ਜਿਥੇ ਸੁਪਨੇ ਪੂਰੇ ਹੁੰਦੇ ਨੇ। ਗੱਲ ਸਿਰਫ ਇਹ ਹੋਈ ਸੀ ਕਿ ਚਮਕਦੀ ਚੀਜ਼ ਦੀ ਸਿਰਫ ਚਮਕ ਬਾਰੇ ਬੋਲੋ, ਉਹਨੂੰ ਬਗੈਰ ਸੋਚੇ ਸਮਝੇ ਸੋਨਾ ਨਾ ਕਹਿ ਦਿਓ। ਜੇ ਇਹ ਦੇਖਣਾ ਹੈ ਕਿ ਆਲੋਚਨਾ ਕਰ ਕੌਣ ਰਿਹਾ ਹੈ ਤਾਂ ਇਹ ਵੀ ਵੇਖੋ ਕਿ ਸ਼ਲਾਘਾ ਹੋ ਕਿਸ ਦੀ ਰਹੀ ਹੈ?

ਸ੍ਰੀ ਭੌਰਾ ਨੇ ਆਪੇ ਹੀ ਸੂਫੀ ਸ਼ਬਦ ਦਾ ਸਪੱਸ਼ਟੀਕਰਨ ਦਿਤਾ ਹੈ ਤੇ ਭਾਲਦੇ ਹਨ ਇਹ ਸਾਦਾਪੁਣਾ ਉਨ੍ਹਾਂ ਗਾਇਕਾਂ ਵਿਚੋਂ, ਜਿਹੜੇ ਪੈਸੇ ਤੇ ਸ਼ੋਹਰਤ ਕਮਾਉਣ ਲਈ ਪਾਕ ਰੂਹਾਂ ਦੇ ਨਾਂ ਦਾ ਸਹਾਰਾ ਲੈਂਦੇ ਨੇ। ਜੇ ਮੈਨੂੰ ਇਨ੍ਹਾਂ ਤਥਾਕਥਿਤ ਉਚੀਆਂ ਸ਼ਖਸੀਅਤਾਂ ਤੇ ਅਖਬਾਰਾਂ ਵਿਚ ਲੇਖ ਲਿਖਣ ਵਾਲਿਆਂ ਵਿਚੋਂ ਸੂਫੀਆਂ ਦੇ ਮੁਰੀਦ ਚੁਣਨ ਨੂੰ ਕਿਹਾ ਜਾਵੇ ਤਾਂ ਮੇਰੀ ਵੋਟ ਲਿਖਾਰੀਆਂ ਦੇ ਨਾਲ ਹੋਵੇਗੀ, ਕਿਉਂ ਜੁ ਕੁਦਰਤੀ ਅਸੂਲ ਹੈ ਕਿ ਦਿਲ ਨਾਲੋਂ ਢਿੱਡ ਵੱਡਾ ਹੈ। ਰੱਬ ਨੇ ਕਲਮ ਦਾ ਧਨੀ ਬਣਾਇਆ ਹੈ ਅਤੇ ਉਸ ਹੁਨਰ ਦੀ ਵਰਤੋਂ ਬੜੀ ਇਮਾਨਦਾਰੀ ਨਾਲ ਕਰ ਰਹੇ ਹੋ, ਪੰਜਾਬੀਅਤ ਦੇ ਅਸਲ ਸੇਵਕ ਹੋ ਤੇ ਲੇਖਕ ਹੋ, ਜਿਹੜੇ ਕਿ ਵਿਦੇਸ਼ਾਂ ਵਿਚ ਰਹਿ ਕੇ ਵੀ ਆਪਣੀ ਮਾਂ ਬੋਲੀ ਦੀ ਅਣਥੱਕ ਸੇਵਾ ਕਰ ਰਹੇ ਹੋ ਤਾਂ ਇਹ ਮੰਨਣ 'ਚ ਇਨਕਾਰੀ ਨਹੀਂ ਹੋਣਾ ਚਾਹੀਦਾ ਕਿ ਸੂਫੀ ਇਨਕਲਾਬੀ ਸਨ ਪਰ ਸਰਤਾਜ ਵਰਗੇ ਸਿਰਫ ਉਨ੍ਹਾਂ ਦਾ ਨਾਂ ਵਰਤ ਕੇ ਆਪਣਾ ਤੋਰੀ ਫੁਲਕਾ ਚਲਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਸਰਤਾਜ ਦੀ ਗਾਇਕੀ ਬਾਰੇ ਚੱਲੀ ਇਸ ਬਹਿਸ ਵਿਚ ਇਕ ਪਲਾਠਕ ਨੇ ਲਿਖਿਆ ਹੈ ਕਿ ਹਰ ਬੰਦਾ ਆਪਣੇ ਆਪ ਨੂੰ ਵੱਖਰਾ ਸਾਬਤ ਕਰਨ ਲਈ ਕੁਝ ਨਵੀਂ ਚੀਜ਼ ਅਪਨਾਉਂਦਾ ਹੈ। ਕਿਹਾ ਹੈ ਕਿ ਬੀਬੀਆਂ ਕਦੇ ਇਕ ਵਾਰ ਪਾਏ ਸੂਟ ਨੂੰ ਦੁਬਾਰਾ ਉਹੀ ਸੂਟ ਇਕੱਠ ਵਿਚ ਨਹੀਂ ਪਾਉਣਾ ਚਾਹੁੰਦੀਆਂ। ਮੈਂ ਉਨ੍ਹਾਂ ਦੀ ਗੱਲ ਨਾਲ ਬਿਲਕੁਲ ਸਹਿਮਤ ਹਾਂ। ਬੀਬੀਆਂ ਤਾਂ ਕਿਸੇ ਦੇ ਮਕਾਣੀ ਵੀ ਜਾਣ ਤਾਂ ਵਧੀਆ ਫਿੱਕੇ ਰੰਗ ਦੇ ਸੂਟ ਕੱਢਦੀਆਂ ਨੇ, ਜਿਹੜਾ ਪਹਿਲਾਂ ਕਿਸੇ ਨੇ ਨਾ ਵੇਖਿਆ ਹੋਵੇ ਤੇ ਨਾਲ ਹੀ ਵਜ਼ਨਾਂ ਦੀਆਂ ਮੁੰਦਰੀਆਂ ਲਾਹ ਕੇ ਉਹ ਪੂਰਾ ਧਿਆਨ ਦਿੰਦੀਆਂ ਨੇ ਕਿ ਮੈਂ ਸਾਲੀਟੇਅਰ ਪਾ ਕੇ ਜਾਵਾਂ ਤਾਂ ਕਿ ਜਦੋਂ ਅੱਖਾਂ ਪੂੰਝਾਂਗੀ ਤਾਂ ਸਭ ਦਾ ਧਿਆਨ ਜਾਵੇ। ਪਰ ਗੱਲ ਇਹ ਹੈ ਕਿ ਇੰਨਾ ਸਭ ਕੁਝ ਹੋਣ ਦੇ ਬਾਵਜੂਦ ਬੀਬੀਆਂ ਸਾਦਗੀ ਜਾਂ ਫੱਕਰ ਹੋਣ ਦੇ ਭਾਸ਼ਣ ਨਹੀਂ ਝਾੜਦੀਆਂ।

ਇਕ ਗੱਲ ਹੋਰ ਅਜੀਬ ਦੇਖੀ ਕਿ ਸਟੇਜੀ ਕਲਾਕਾਰ ਨੂੰ ਜੇ ਕੋਈ ਡਾਕਟਰ, ਇੰਜੀਨੀਅਰ ਜਾਂ ਕੋਈ ਹੋਰ ਉਚ ਅਧਿਕਾਰੀ ਵੇਖ ਲਵੇ ਤਾਂ ਕਲਾਕਾਰ ਦਾ ਮਿਆਰ ਉਘਾ ਹੋਣ ਦੀ ਮੋਹਰ ਲੱਗ ਜਾਂਦੀ ਹੈ। ਇਹ ਕਿਥੇ ਲਿਖਿਆ ਹੈ ਕਿ ਕਲਾਕਾਰਾਂ ਦੀ ਕਦਰ ਇਹ ਸ਼੍ਰੇਣੀ ਹੀ ਕਰ ਸਕਦੀ ਹੈ। ਤੁਸੀਂ ਆਪੇ ਹੀ ਕਹਿੰਦੇ ਹੋ ਕਿ ਦੰਦਾਂ ਵਾਲਾ ਡਾਕਟਰ, ਕੰਨਾਂ ਦਾ ਆਪ੍ਰੇਸ਼ਨ ਕਿੱਦਾਂ ਕਰੇਗਾ? ਬੰਦੇ ਦੀ ਸੋਚ ਕਦੀ ਡਿਗਰੀਆਂ ਦੀ ਮੁਥਾਜ ਭਲਾ ਹੋਈ ਹੈ? ਏਕਲੱਵਯ ਨੇ ਦਰੋਣਾਚਾਰੀਆ ਦੀ ਮੂਰਤੀ ਬਣਾ ਕੇ ਨਿਸ਼ਾਨੇਬਾਜ਼ੀ ਦੀ ਕਲਾ ਸਿੱਖ ਲਈ ਸੀ। ਜਿਹਨੇ ਪਿੰਗਲਵਾੜਾ ਬਣਾਇਆ, ਉਸਦੇ ਕੋਲ ਕੋਈ ਡਿਗਰੀ ਕੀ, ਪਿਓ ਦਾ ਨਾਂ ਵੀ ਨਹੀਂ ਸੀ। ਇਹ ਤਾਂ ਉਹੀ ਗੱਲ ਹੋਈ ਕਿ ਜਦੋਂ ਵੀ ਕੋਈ ਬਾਬਾ ਹਿੰਦੋਸਤਾਨ ਤੋਂ ਇੰਪੋਰਟ ਕੀਤਾ ਜਾਂਦਾ ਹੈ ਤਾਂ ਲੋਕੀਂ, ਖਾਸ ਕਰਕੇ ਬੀਬੀਆਂ, ਉਹਦੀ ਸ਼ਲਾਘਾ ਵਿਚ ਅੱਖਾਂ ਚਮਕਾ ਕੇ ਕਹਿਣਗੀਆਂ ਕਿ ਬਾਬਿਆਂ ਨਾਲ ਤੇ ਫਲਾਣਾ ਲੀਡਰ ਵੀ ਸਲਾਹ ਕਰਕੇ ਚਲਦਾ ਹੈ ਅਤੇ ਫਲਾਣੀ ਕਾਰ ਵੀ ਲੈ ਕੇ ਦਿੱਤੀ ਹੈ ਤਾਂ ਬਾਬਿਆਂ ਨੂੰ ਵੀ ਸਾਧ ਸੰਗਤ 'ਤੇ ਰੋਹਬ ਜਮਾਉਣ ਲਈ ਲੀਡਰਾਂ ਦਾ ਸਹਾਰਾ ਲੈਣਾ ਪੈਂਦਾ ਹੈ। ਵਿਦੇਸ਼ਾਂ ਵਿਚ ਆਏ ਬਾਬਿਆਂ ਥੱਲੇ ਚਿੱਟੀਆਂ ਚਾਦਰਾਂ ਵਿਛਾਈਆਂ ਜਾਂਦੀਆਂ ਹਨ ਤੇ ਜਦੋਂ ਬਾਬਾ ਜੀ ਨੂੰ ਬਾਥਰੂਮ ਦੀ ਵਰਤੋਂ ਕਰਨੀ ਪੈ ਜਾਵੇ ਤੇ ਕੋਈ ਪੁੱਛ ਲਵੇ ਕਿ ਬਾਬਾ ਜੀ ਕਮੋਡ 'ਤੇ ਬਗੈਰ ਚਾਦਰ ਵਿਛਾਇਆਂ ਕਿੱਦਾਂ ਬੈਠੋਗੇ, ਤੁਹਾਡੀ ਸ਼ਾਨ ਨਹੀਂ ਘਟੇਗੀ? ਤਾਂ ਬਾਬੇ ਨੂੰ ਕੋਈ ਜੁਆਬ ਨਾ ਔੜ੍ਹੇ।

ਗਾਇਕੀ ਦੀ ਪਛਾਣ ਕਿਹਨੂੰ ਨਹੀਂ ਹੋ ਸਕਦੀ। ਇਸ ਦੀ ਠੋਸ ਮਿਸਾਲ ਟੀ. ਵੀ. ਤੇ ਰਿਆਲਟੀ ਸ਼ੋਆਂ ਵਿਚ ਵੇਖੀ ਜਾ ਸਕਦੀ ਹੈ ਜਿਥੇ ਕਿ ਦਸ ਦਸ ਸਾਲ ਦੇ ਬੱਚੇ ਗੀਤਾਂ ਦੇ ਅਸਲ ਗਾਇਕਾਂ ਤੋਂ ਵੀ ਗੀਤ ਜ਼ਿਆਦਾ ਵਧੀਆ ਬੋਲ ਜਾਂਦੇ ਨੇ।

ਇਹ ਦਲੀਲ ਵੀ ਦਿੱਤੀ ਜਾਂਦੀ ਹੈ ਕਿ ਫਲਾਣੇ ਕਲਕਾਰ ਦਾ ਸ਼ੋਅ ਵੇਖਣ ਲਈ ਗਾਇਕੀ ਦੀ ਫਲਾਣੀ ਹਸਤੀ ਵੀ ਪਹੁੰਚੀ। ਇਸਦਾ ਮੈਂ ਇਕ ਹੱਡਬੀਤਿਆ ਉਦਾਹਰਣ ਦਿਆਂਗੀ। ਦਿੱਲੀ ਵਿਚ ਰਹਿਣ ਕਰਕੇ ਅੱਜ ਦੇ ਮੰਨੇ ਪ੍ਰਮੰਨੇ ਗਾਇਕ ਆਪਣੇ ਸੰਘਰਸ਼ੀ ਦੌਰ ਵਿਚ ਸੰਗੀਤਕਾਰ ਚਰਨਜੀਤ ਆਹੂਜਾ ਜੋ ਦਿੱਲੀ ਵਿਚ ਹੀ ਰਹਿੰਦੇ ਨੇ, ਪਾਸੋਂ ਕੈਸਟਾਂ ਕਰਵਾਉਣ ਆਉਂਦੇ ਹੁੰਦੇ ਸਨ ਤੇ ਨਾਲੇ ਉਨ੍ਹਾਂ ਦਿਨਾਂ ਵਿਚ ਪੰਜਾਬੀ ਅਕਾਦਮੀ ਦੇ ਸਕੱਤਰ ਸ. ਮਨੋਹਰ ਸਿੰਘ ਬਤਰਾ, ਦਿੱਲੀ ਦੇ ਤਾਲਕਟੋਰਾ ਸਟੇਡੀਅਮ ਵਿਚ ਪੰਜਾਬੀ ਸੱਭਿਆਚਾਰਕ ਪ੍ਰੋਗਰਾਮ ਕਰਦੇ ਹੁੰਦੇ ਸਨ। ਕਈ ਬੰਦੇ ਸਾਡੇ ਵਲ ਆ ਕੇ ਠਹਿਰਦੇ ਹੁੰਦੇ ਸਨ। ਇਨ੍ਹਾਂ ਪਾਸੋਂ ਪਤਾ ਲੱਗਿਆ ਕਿ ਇਕ ਫ਼ਿਲਮ ਜਿਸਦੇ ਵਿਚ ਕਿ ਨਾਇਕ ਗੁਰਦਾਸ ਮਾਨ ਸੀ, ਵਿਚ ਸੰਗੀਤ ਚਰਨਜੀਤ ਆਹੂਜਾ ਦਾ ਸੀ। ਉਸਨੇ ਇਕ ਹੀ ਗੀਤ ਗੁਰਦਾਸ ਅਤੇ ਸਰਦੂਲ ਪਾਸੋਂ ਗੁਆਇਆ। ਗੁਰਦਾਸ ਦੇ ਸੁਰ ਸਹੀ ਨਹੀਂ ਲੱਗ ਰਹੇ ਸਨ ਤੇ ਸਰਦੂਲ ਸੁਰਾਂ ਦਾ ਧਨੀ ਸੀ। ਸੰਗੀਤਕਾਰ ਦੀ ਮਜਬੂਰੀ ਇਹ ਸੀ ਕਿ ਉਸਨੂੰ ਗੀਤ ਦੀ ਰਿਕਾਰਡਿੰਗ ਗੁਰਦਾਸ ਦੀ ਆਵਾਜ਼ ਵਿਚ ਕਰਨੀ ਪਈ। ਹਿੰਦੀ ਫ਼ਿਲਮ 'ਪਿੰਜਰ' ਦੇ ਅਖੀਰ ਵਿਚ ਅੰਮ੍ਰਿਤਾ ਪ੍ਰੀਤਮ ਵਲੋਂ ਲਿਖੀ ਨਜ਼ਮ, ਵਡਾਲੀ ਭਰਾਵਾਂ ਨੇ ਗਾਈ, ਉਸ ਦੀ ਮੈਂ ਬਹੁਤ ਵੱਡੀ ਕਾਇਲ ਹਾਂ। ਸਰਤਾਜ ਦੇ ਸ਼ੈਦਾਈਆਂ ਨੂੰ ਚਾਹੀਦਾ ਸੀ ਕਿ ਉਸ ਬਾਰੇ ਏਡੇ ਭਾਰੇ-ਭਰਕਮ ਲਫਜ਼ ਵਰਤਣ ਲੱਗਿਆਂ ਕੋਈ ਰਚਨਾ ਉਹ ਪਹਿਲਾਂ ਕਿਸੇ ਸੂਫੀ ਗਾਇਕ ਨੂੰ ਗਵਾ ਕੇ ਵੇਖ ਲੈਂਦੇ। ਸੁਰਜੀਤ ਪਾਤਰ ਦੀ ਰਚਨਾ 'ਹਵਾ ਵਿਚ ਲਿਖੇ ਹਰਫ਼' ਦੀ ਖੂਬਸੂਰਤੀ ਬਿਆਨ ਕਰਨ ਲਈ ਕਲਮ ਵੀ ਓਨੀ ਖੂਬਸੂਰਤ ਹੋਣੀ ਚਾਹੀਦੀ ਹੈ। ਜੇ ਇਹੀ ਹਾਲ ਰਿਹਾ ਤਾਂ ਜਿਥੇ ਪੰਜਾਬੀ ਪਾਠਕ੍ਰਮ ਵਿਚ ਅੰਮ੍ਰਿਤਾ ਪ੍ਰੀਤਮ, ਪਾਤਰ, ਸ਼ਿਵ ਕੁਮਾਰ ਵਰਗੇ ਉਘੇ ਸ਼ਾਇਰਾਂ ਦਾ ਨਾਂ ਆਉਂਦਾ ਹੈ, ਉਥੇ ਉਹ ਦਿਨ ਵੀ ਦੂਰ ਨਹੀਂ ਜਦੋਂ ਇਮਤਿਹਾਨ ਵਿਚ ਸੁਆਲ ਹੋਵੇਗਾ ਕਿ "ਸਤਿੰਦਰ ਦੀ ਪੀ. ਐਚ. ਡੀ. ਤੋਂ ਲੈ ਕੇ ਯਾਮੇ ਤਕ ਦੇ ਸਫਰ ਦਾ ਸਾਹਿਤਕ ਵਿਸ਼ਲੇਸ਼ਣ ਕਰੋ।"

ਕਿਸੇ ਕਲਾਕਾਰ ਦੀ ਸ਼ਲਾਘਾ ਤਾਂ ਕੀਤੀ ਜਾਵੇ ਪਰ ਹੱਦੋਂ ਵਧ ਕੁਝ ਵੀ ਚੰਗਾ ਨਹੀਂ ਲੱਗਦਾ। ਸੂਫੀ ਕਵੀਆਂ ਦੇ ਕਲਾਮ ਨੂੰ ਕਈਆਂ ਨੇ ਸੰਗੀਤ ਦੀ ਮੰਡੀ ਵਿਚ ਵੇਚਿਆ ਹੈ ਪਰ ਆਪਣਾ ਡੰਗ ਕਾਇਮ ਰੱਖ ਕੇ। ਨਿਰ੍ਹੀ ਪੀ ਐਚ ਡੀ ਡਿਗਰੀ ਹੀ ਕਿਸੇ ਕਲਾਕਾਰ ਜਾਂ ਵਿਦਵਾਨ ਦੀ ਲਿਆਕਤ ਦਾ ਸਰਟੀਫਿਕੇਟ ਨਹੀਂ ਹੋ ਸਕਦੀ, ਖਾਸ ਕਰਕੇ ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਕਿ ਅਜੋਕੇ ਜ਼ਮਾਨੇ ਵਿਚ ਇਹ ਡਿਗਰੀਆਂ ਲੈਣੀਆਂ ਕਿੰਨੀਆਂ ਸੁਖਾਲੀਆਂ ਹੋ ਗਈਆਂ ਹਨ।

ਕਿਸੇ ਕਲਾਕਾਰ ਦੀ ਆਲੋਚਨਾ ਦਾ ਮਕਸਦ ਇਹ ਵੀ ਹੈ ਕਿ ਲੋਕੀਂ ਮਨੋਰੰਜਨ ਵੇਲੇ ਸਿਰਫ ਕੰਨਾਂ ਦਾ ਇਸਤੇਮਾਲ ਹੀ ਨਾ ਕਰਨ, ਅੱਖਾਂ ਤੇ ਦਿਮਾਗ ਵੀ ਖੋਲ੍ਹ ਕੇ ਰੱਖਣ। ਜੇ ਪੱਗ ਪੁੱਠੇ-ਸਿੱਧੇ ਤਰੀਕਿਆਂ ਨਾਲ ਬੰਨ੍ਹੀ ਗਈ ਹੋਵੇ ਤੇ ਚਲੋ ਇਸਨੂੰ ਸਿੱਖ ਧਰਮ ਨਾਲ ਨਹੀਂ ਜੋੜਦੇ ਪਰ ਜੇ ਕਿਸੇ ਗੈਰ ਸਿੱਖ ਕਲਾਕਾਰ ਦੀ ਗੱਲ ਕਰੀਏ ਤੇ ਜੇ ਉਹ ਮੋਢਿਆਂ 'ਤੇ ਪੁੱਠੇ ਸਿੱਧੇ ਟੈਟੂ ਬਣਾ ਕੇ, ਸਿਰ ਪਿੱਛੇ ਬੋਦੀ ਕਰਕੇ ਤੇ ਮੂੰਹ 'ਤੇ ਉਂਗਲ ਦੇ ਇਕ ਪੋਟੇ ਬਰਾਬਰ ਦਾੜ੍ਹੀ ਰੱਖ ਕੇ ਸਟੇਜ 'ਤੇ ਆਵੇਗਾ ਤਾਂ ਉਸਦੀ ਸ਼ਲਾਘਾ ਕਰਨੀ ਵੀ ਕਿਧਰ ਦਾ ਨਿਆਂ ਹੈ ਹਾਲਾਂਕਿ ਪੱਗ ਰੱਖਣਾ ਉਹਦੇ ਧਰਮ ਵਿਚ ਸ਼ਾਮਲ ਨਹੀਂ ਹੈ। ਗੱਲ ਪ੍ਰਗਟਾਵੇ ਦੀ ਹੋ ਰਹੀ ਹੈ, ਨਾ ਕਿ ਧਰਮ ਦੀ।

ਜੇ ਗੱਲ 'ਦੀਨੇ' ਲਫਜ਼ ਦੀ ਕਰੀਏ ਤਾਂ ਆਪਣੇ ਆਪ ਵਿਚ ਇਹ ਇਕ ਗਿੱਲਾ ਪੀਹਣ ਹੈ। ਵੈਸੇ ਤੇ ਮੱਕੇ-ਮਦੀਨੇ ਵਿਚ ਵੀ ਦੀਨਾ ਲਫਜ਼ ਆਇਆ ਹੈ ਪਰ ਕਿਹਾ ਜਾ ਸਕਦਾ ਹੈ ਕਿ ਇਹ ਲਫਜ਼ ਇਕ ਹੈ ਨਾ ਕਿ ਮ+ਦੀਨਾ। ਗੁਰਬਾਣੀ ਵਿਚ ਤੇ ਖਸਮ ਸ਼ਬਦ ਵੀ ਆਇਐ, ਇਹਦੀ ਵਰਤੋਂ ਕਦੇ ਕਿਸੇ ਦੁਖੀ ਟਰੱਕ ਡਰਾਈਵਰ ਦੇ ਮੂੰਹੋਂ ਸੁਣਿਓ? ਆਪਣੀ ਪਤਨੀ ਦੇ ਭਰਾ ਨੂੰ ਬੰਦਾ ਸ਼ਾਨ ਨਾਲ ਸਾਲਾ ਕਹਿੰਦਾ ਹੈ ਪਰ ਕਿਸੇ ਹੋਰ ਦੀ ਪਤਨੀ ਦੇ ਭਰਾ ਨੂੰ ਨਹੀਂ ਕਿਹਾ ਜਾ ਸਕਦਾ। ਕਿਸੇ ਨੂੰ ਬਚਪਨ ਦਾ ਯਾਰ ਕਿਹਾ ਜਾ ਸਕਦਾ ਹੈ ਪਰ ਬਚਪਨ ਦੀ ਥਾਂ ਜੇ ਮਾਂ ਸ਼ਬਦ ਦਾ ਪ੍ਰਯੋਗ ਕਰੋ ਤਾਂ ਸਿਆਪਾ ਖੜ੍ਹਾ ਹੋ ਜਾਵੇਗਾ। ਹੁਣ ਭਲਾ ਵੱਟ ਦੇ ਹੀ ਅਰਥ ਦੇਖ ਲਓ ਕਿੰਨੇ ਨਿਕਲਣਗੇ-ਵੱਟ ਪਿਆ ਹੈ, ਵੱਟ ਬਹੁਤ ਹੈ, ਵੱਟ ਕੱਢ ਦਿਆਂਗੇ, ਵੱਟੇ ਵੱਟ ਤੁਰਿਆ ਜਾਹ ਆਦਿ ਆਦਿ। ਕਿਸੇ ਵੀ ਸ਼ਬਦ ਦੇ ਅਰਥ ਅਤੇ ਵਿਸ਼ੇਸ਼ਤਾ ਤਾਂ ਉਸਦੀ ਵਰਤੋਂ ਵਿਚ ਹਨ ਜਿਵੇਂ ਕਿ ਲੂਣ ਤੇ ਖੰਡ ਦੀ ਵਿਸ਼ੇਸ਼ਤਾ, ਉਨ੍ਹਾਂ ਦਾ ਸੁਆਦ ਹੈ। ਲੂਣ ਖੀਰ ਵਿਚ ਨਹੀਂ ਪਾਇਆ ਜਾ ਸਕਦਾ ਤੇ ਖੰਡ ਸਾਗ ਵਿਚ ਨਹੀਂ। ਮੈਂ ਸ੍ਰੀ ਭੌਰਾ ਨੂੰ ਇਹ ਸਾਰੀਆਂ ਗੱਲਾਂ ਕਹਿਣਾ, ਸੂਰਜ ਨੂੰ ਦੀਵਾ ਦਿਖਾਉਣ ਦੇ ਬਰਾਬਰ ਸਮਝਦੀ ਹਾਂ।

ਇਸ ਬਹਿਸ ਵਿਚ ਚਾਹ ਨਾਲੋਂ ਕੇਤਲੀ ਗਰਮ ਲਗਦੀ ਹੈ। ਕਲਾਕਾਰ ਨੂੰ ਭਾਵੇਂ ਬੁਰਾ ਲੱਗੇ ਭਾਵੇਂ ਨਾ, ਪਰ ਅਸਲ ਵਿਚ ਛੜੱਪੇ ਮਾਰ ਰਹੇ ਨੇ ਉਨ੍ਹਾਂ ਦੀ ਪ੍ਰਸਿੱਧੀ ਦਾ ਫਾਇਦਾ ਚੁੱਕਣ ਵਾਲੇ, ਪਰ ਜਿਸ ਤਰ੍ਹਾਂ ਬਾਬਿਆਂ ਦੀ ਅਸਲੀਅਤ ਲੋਕਾਂ ਨੂੰ ਪਤਾ ਲੱਗ ਚੁੱਕੀ ਹੈ ਤੇ ਲੋਕਾਂ ਦਾ ਰੁਝਾਨ ਹੁਣ ਘਟਦਾ ਦਿਸਦਾ ਹੈ, ਇਸੇ ਤਰ੍ਹਾਂ ਪੰਜਾਬੀ ਸਭਿਆਚਾਰ ਦੀ ਸੇਵਾ ਦੇ ਨਾਂ 'ਤੇ ਲੋਕਾਂ ਨੂੰ ਬੇਵਕੂਫ ਬਣਾਉਣ ਵਾਲਿਆਂ ਦੀ ਵਾਰੀ ਵੀ ਹੁਣ ਆਈ ਦਿਸਦੀ ਹੈ। ਲੋਕੀਂ ਹੁਣ ਜਾਗਰੂਕ ਹੋਣੇ ਸ਼ੁਰੂ ਹੋ ਗਏ ਨੇ।

ਬਾਕੀ ਮੈਂ ਭੌਰਾ ਸਾਹਿਬ ਦੀ ਲੇਖਣੀ ਦੀ ਕਾਇਲ ਹਾਂ ਤੇ ਉਨ੍ਹਾਂ ਅੱਗੇ ਗੁਜ਼ਾਰਿਸ਼ ਹੈ ਕਿ ਆਪਣੀ ਲੇਖਣੀ ਦੇ ਮਿਆਰ ਨੂੰ ਇਸੇ ਤਰ੍ਹਾਂ ਹੀ ਕਾਇਮ ਰੱਖਣ। ਕੀ ਫਾਇਦਾ ਉਸ ਲੇਖ ਦਾ, ਜਿਸਨੂੰ ਚੁਣੌਤੀ ਇਕ ਉਹ ਔਰਤ ਦੇ ਜਾਵੇ, ਜੀਹਦੀ ਕਿ ਰੋਜ਼ਾਨਾ ਦੀ ਜ਼ਿੰਦਗੀ ਘਰ ਦੀ ਰਸੋਈ ਤੇ ਬੱਚਿਆਂ ਦੇ ਜੂੜੇ-ਗੁੱਤਾਂ ਕਰਨ ਵਿਚ ਹੀ ਲੰਘਦੀ ਹੋਵੇ ਤੇ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਜਿੰਨੇ ਸ਼ਬਦਾਵਲੀ ਤੇ ਅਲੰਕਾਰਾਂ ਦਾ ਧਨੀ ਅਸ਼ੋਕ ਭੌਰਾ ਹੈ, ਆਪਣੇ ਆਪ 'ਤੇ ਲਈ ਲੋਈ ਵੀ ਝਾੜ ਦੇਵੇ ਤਾਂ ਵਿਚੋਂ ਕਈ ਡਾਕਟਰੇਟ ਝੜ ਕੇ ਪੱਕੇ ਫਰਸ਼ 'ਤੇ ਡਿੱਗ ਕੇ ਆਪਣਾ ਸਿਰ ਭੰਨਾ ਲੈਣਗੇ। ਉਨ੍ਹਾਂ ਦੀ ਹੀ ਮਿਸਾਲ ਲਵੋ ਕਿ ਉਹ ਕਿਸੇ ਡਿਗਰੀ ਦੀ ਗੁਲਾਮ ਨਹੀਂ।

***-ਗੁਰਜੀਤ ਕੌਰ, ਬੇਟਾਊਨ, ਟੈਕਸਸ***

# ਸਰਤਾਜ ਦੀ ਕਰਵਾ'ਤੀ ਬੱਲੇ ਬੱਲੇ?

ਸੰਪਾਦਕ ਸਾਹਿਬ,

ਆਪ ਨੇ ਪਿਛਲੇ 4 ਕੁ ਹਫਤਿਆਂ ਤੋਂ ਲੰਬੇ-ਲੰਬੇ ਲੇਖ ਸਰਤਾਜ ਦੀ ਗਾਇਕੀ ਬਾਰੇ ਛਾਪ ਕੇ ਪੰਜਾਬੀ ਮਾਂ ਬੋਲੀ ਦੀ ਸੇਵਾ ਵਿਚ ਹਿੱਸਾ ਬੜਾ ਠੋਕ ਕੇ ਪਾਇਆ ਹੈ। ਮੈਨੂੰ ਲੱਗਦੈ ਕਿ ਅਜੇ ਹੋਰ ਵੀ ਪਊਗਾ ਕਿਉਂਕਿ ਹੁਣ ਤਾਂ ਅਸ਼ੋਕ ਭੌਰਾ ਵਰਗੇ ਬੜੇ ਧਾਕੜ ਲੇਖਕਾਂ ਨੂੰ ਵੀ ਕਈ ਸਾਲਾਂ ਤੋਂ ਕਿੱਲੀ ਟੰਗੇ ਲੰਗੋਟ ਲਾਹ ਕੇ ਕਸਣੇ ਪੈ ਗਏ ਹਨ। ਹੱਦ ਈ ਹੋ ਗਈ। ਸਰਤਾਜ ਨਾ ਹੋਇਆ, ਲਾਦੇਨ ਹੋ ਗਿਆ। ਕੋਈ ਉਹਦੇ ਗਾਉਣ ਨੂੰ ਬੇਤੁਕਾ ਕਹੀ ਜਾਂਦਾ, ਕੋਈ ਉਹਨੂੰ ਪੰਜਾਬੀ ਗਾਇਕੀ ਦਾ ਧਰੂ ਤਾਰਾ ਬਣਾਈ ਜਾਂਦਾ। ਇਉਂ ਲੱਗਦੈ ਕਿ ਉਨੀ ਮਸ਼ਹੂਰੀ ਉਹਦੀ ਇਸ਼ਤਿਹਾਰਾਂ ਵਾਲੇ ਪੋਸਟਰਾਂ ਨਾਲ ਨਹੀਂ ਹੋਈ ਹੋਣੀ, ਜਿੰਨੀ ਪੰਜਾਬ ਟਾਈਮਜ਼ 'ਚ ਛਪੇ ਲੇਖਾਂ ਨੇ ਕਰ ਦਿੱਤੀ ਆ। ਉਹਨੂੰ ਕੀ ਮਾੜਾ, ਭਾਵੇਂ ਸਾਰਾ ਸਾਲ ਹੀ ਐਦਾਂ ਦੇ ਲੇਖ ਛਾਪੀ ਜਾਓ! ਸਿਆਣੇ ਕਹਿੰਦੇ ਹੁੰਦੇ ਆ ਪਈ ਬਦਨਾਮੀ ਨਾਲ ਕਿਹੜੀ ਘੱਟ ਮਸ਼ਹੂਰੀ ਹੁੰਦੀ ਹੈ। ਮੇਰੇ ਵਰਗੇ ਨੂੰ ਸੁਰਾਂ ਦਾ ਤਾਂ ਕੋਈ ਇਲਮ ਨਹੀਂ, ਨਾ ਹੀ ਆਹ ਜਿਹੜਾ 'ਸੂਫ਼ੀ' ਗਾਇਕੀ ਦਾ ਗੁੱਡਾ ਬੰਨ੍ਹਿਆ, ਇਹਦਾ ਪਤਾ ਆ। ਲਾ-ਪਾ ਕੇ ਇੰਨਾ ਕੁ ਜਾਣਦਾਂ ਕਿ ਉਹਦੇ ਕੁਝ ਗਾਣੇ ਸੁਹਣੇ ਲੱਗੇ ਆ, ਜਿਹੜੇ ਮੈਂ ਸੁਣੇ ਹਨ। ਬਾਕੀ ਜਿਹੜੇ ਅਖ਼ਬਾਰ ਵਿਚਲੇ ਲੇਖਾਂ ਤੋਂ ਕੁਝ ਪੜ੍ਹੇ ਆ, ਖਾਸ ਕਰਕੇ ਆਲੋਚਨਾ ਵਾਲੇ, ਉਹ ਸੱਚੀਂ ਹੀ ਐਵੇਂ ਲੱਗਦੇ ਹਨ। ਪਰ ਮੈਨੂੰ ਆਲੋਚਨਾ ਕਰਨ ਵਾਲਿਆਂ ਤੇ ਇਹ ਜ਼ਰੂਰ ਰੰਜ਼ ਹੈ, ਪਈ ਉਹ ਕਿਸੇ ਦੀ ਕੀਤੀ ਪੜ੍ਹਾਈ-ਲਿਖਾਈ ਨੂੰ ਵੀ ਖੂਹ-ਖਾਤੇ ਹੀ ਪਾਈ ਜਾਂਦੇ ਆ। ਪੀ.ਐਚ.ਡੀ. ਕਰਨ ਨੂੰ ਖੇਡ ਹੀ ਸਮਝੀ ਜਾਣਾ ਵੀ ਕੋਈ ਬਹੁਤੀ ਅਕਲਮੰਦੀ ਨਹੀਂ। ਜੇ ਸੌ ਵਿਚੋਂ ਦਸਾਂ ਨੇ ਕਿਤੇ ਜੁਗਾੜ ਲਾ ਕੇ ਡਿਗਰੀ ਲੈ ਲਈ ਤਾਂ ਇਹਦਾ ਮਤਲਬ ਇਹ ਨਹੀਂ ਕਿ ਬਾਕੀ ਨੱਬਿਆਂ ਨੂੰ ਵੀ ਉਸੇ ਰੱਸੇ ਬੰਨ ਦਿਓ। ਤਕਰੀਬਨ ਆਪਾਂ ਸਾਰੇ ਹੀ ਉਧਰੋਂ ਪੜ੍ਹ ਕੇ ਕੋਈ ਡਿਗਰੀ ਲਈ ਹੋਈ ਹੈ। ਆਪਣੇ ਆਪਣੇ ਦਿਲ ਤੇ ਹੱਥ ਰੱਖ ਕੇ, ਆਪਣੇ ਆਪ ਨੂੰ ਪੁੱਛੋ ਕਿ ਕੀ ਇਹ ਜਾਅਲੀ ਆ ਜਾਂ ਕਿਸੇ ਨੂੰ ਮਿਲ-ਮਿਲਾ ਕੇ ਲਈ ਹੈ। ਹੁਣ ਐਦਾਂ ਲੱਗਦੈ ਕਿ ਜੇ ਕਿਸੇ ਨੇ ਸਰਤਾਜ 'ਤੇ ਪੀ.ਐਚ.ਡੀ. ਕਰਨੀ ਹੋਈ ਤਾਂ ਕਾਫੀ ਮਸਾਲਾ ਮਿਲ ਗਿਆ ਹੈ। ਕਈ ਗੱਲਾਂ ਤਾਂ ਆਪਣੇ ਬਾਰੇ ਉਹਨੂੰ ਇਨ੍ਹਾਂ ਲੇਖਾਂ ਤੋਂ ਪਤਾ ਲੱਗੀਆਂ ਹੋਣੀਆਂ ਨੇ।

ਹੁਣ ਤਾਂ ਉਹਦੇ ਭਾਰ ਦਾ ਵੀ ਪਤਾ ਲੱਗ ਗਿਆ ਕਿ 50 ਕਿਲੋ ਦਾ ਈ ਆ। ਆਹ ਲੇਖ ਪੜ੍ਹ ਕੇ ਉਦਾਂ ਕਈਆਂ ਗੱਲਾਂ ਦਾ ਵੀ ਪਤਾ ਲੱਗ ਗਿਆ ਹੋਊ ਕਿ ਉਹਨੇ ਪੱਗ ਤੇ ਜਿਹੜੀ ਘੁੰਗਰੀ ਜਿਹੀ ਬੰਨੀ ਹੋਈ ਆ, ਉਹਨੂੰ ਸਰਪੇਚ ਕਹਿੰਦੇ ਆ ਤੇ ਇਹਦਾ ਮੂਲ ਇਰਾਨੀ ਹੈ। ਪੱਗ ਥੱਲਿਉਂ ਵਾਲ ਕਿਉਂ ਕੱਢੇ ਹੋਏ ਆ, ਇਹ ਬਈ ਸਮਝੋਂ ਬਾਹਰੀ ਗੱਲ ਹੈ। ਹੁਣ ਲਗਦਾ ਉਹ ਅੰਦਰ ਜਾਣੇ ਵੀ



ਨਹੀਂ, ਜਿੰਨੀ ਕੁ ਇਨ੍ਹਾਂ ਤੇ ਨੁਕਤਾਚੀਨੀ ਹੋ ਗਈ, ਇਹੀ ਤਾਂ ਟਰੇਡ ਮਾਰਕਾ ਪਛਾਣ ਬਣ ਗਈ ਸਰਤਾਜ ਦੀ।

ਅਸ਼ੋਕ ਭੌਰਾ ਜੀ ਨੇ ਤਾਂ ਸਰਤਾਜ ਦੇ ਬੇਮਾਇਨੇ ਗਾਣਿਆਂ ਨੂੰ ਵੀ ਕਿਸੇ ਹੱਦ ਤਕ ਦਰੁਸਤ ਦਰਸਾਉਣ ਲਈ ਜਿੰਨੇ ਮਸ਼ਹੂਰ ਗਾਇਕਾਂ ਦੇ ਗਾਏ ਗੀਤਾਂ ਦੇ ਮੁਖੜੇ ਆਪਣੇ ਲੇਖ ਵਿਚ ਲਿਖੇ ਹਨ, ਉਥੋਂ ਲੱਗਦਾ ਕਿ ਇਹ ਗਾਉਣ ਵਜਾਉਣ ਵਾਲੇ ਇਕ ਦੋ ਪੈਰ ਹੀ ਘੱਟ ਵਧ ਹਨ। ਇਕੋ ਹੀ ਚੱਟੇ-ਵੱਟੇ ਨਾਲ ਅਸ਼ੋਕ ਭੌਰਾ ਨੇ ਲਿਖਿਆ ਕਿ ਹੁਣੇ ਹੀ ਫਗਵਾੜੇ ਵਿਚ ਗੁਰਦਾਸ ਮਾਨ ਨੇ ਬੀਬੀਆਂ ਵਲ ਨੂੰ ਸੰਬੋਧਨ ਹੋ ਕੇ ਇਹ ਗੀਤ ਗਾਇਆ "ਸਾਡਾ ਹੋ ਜਾ ਸਾਨੂੰ ਆਪਣਾ ਬਣਾ ਲੈ"।

ਇਥੇ ਮੈਨੂੰ ਗੁਰਸ਼ਰਨ ਸਿੰਘ (ਭਾਈ ਮੰਨਾ ਸਿੰਘ) ਦੀ ਇਕ ਮੁਲਾਕਾਤ ਦੌਰਾਨ ਕੀਤੀ ਗੱਲ ਯਾਦ ਆ ਗਈ। ਉਨ੍ਹਾਂ ਦਸਿਆ ਕਿ ਇਕ ਵਾਰ ਉਹ ਇਕ ਪਿੰਡ ਵਿਚ ਨਾਟਕ ਕਰਨ ਗਏ। ਉਦੋਂ ਪਿੰਡਾਂ ਵਿਚ ਟੀ.ਵੀ. ਕਲਚਰ ਨਹੀਂ ਸੀ ਆਇਆ। ਪਿੰਡਾਂ ਵਾਲੇ ਡਰਾਮੇ ਤੇ ਨਕਲਾਂ ਦੇਖਦੇ ਹੁੰਦੇ ਸਨ। ਉਨ੍ਹਾਂ ਦੀ ਥੀਏਟਰ ਪਾਰਟੀ ਪਹੁੰਚਣ ਤੋਂ ਪਹਿਲਾਂ ਪਿੰਡ ਵਾਲਿਆਂ ਨੇ ਸਟੇਜ ਲਗਵਾਈ ਹੋਈ ਸੀ। ਪਰ ਉਨ੍ਹਾਂ ਦੱਸਿਆ ਕਿ ਮੈਨੂੰ ਉਹ ਕੁਝ ਜਚੀ ਜਿਹੀ ਨਾ ਤੇ ਅਸੀਂ ਸਲਾਹਾਂ ਕਰੀ ਜਾਈਏ ਕਿ ਇੱਧਰ ਜੇ ਮੂੰਹ ਹੋਵੇ ਤੇ ਲੋਕ ਐਸ ਪਾਸੇ ਬੈਠਣ, ਲਾਈਟ ਇਧਰੋਂ ਪਵੇ? ਸਾਰੇ ਆਪਣੇ ਵਿਚਾਰ ਦੱਸ ਰਹੇ ਸਨ ਤਾਂ ਪਿੰਡ ਦਾ ਇਕ ਬਜ਼ੁਰਗ ਆਦਮੀ ਉਥੇ ਖੜ੍ਹਾ ਸਾਡੀਆਂ ਗੱਲਾਂ ਸੁਣੀ ਜਾਂਦਾ ਸੀ। ਕਾਫੀ ਚਿਰ ਬਾਅਦ ਵੀ ਅਸੀਂ ਕਿਸੇ ਨਤੀਜੇ ਤੇ ਨਾ ਅੱਪੜੇ ਤਾਂ ਉਹ ਬਜ਼ੁਰਗ ਕਹਿੰਦਾ, "ਓ ਸਰਦਾਰਾ ਕਰਨਾ ਤਾਂ ਤੁਸੀਂ ਕੰਜਰਖਾਨਾ ਈ ਆ, ਜਿੱਧਰ ਮਰਜ਼ੀ ਸਾਨੂੰ ਬਿਠਾਲ ਕੇ ਦਿਖਾ ਦਿਓ।"

ਸਾਰੇ ਹੀ ਪੰਜਾਬੀ ਗਾਇਕ ਦੋ ਗੱਲਾਂ ਕਰਨਗੇ, ਪਹਿਲੀ ਮੈਂ ਤਾਂ ਮਾਂ ਬੋਲੀ ਪੰਜਾਬੀ ਦੀ ਸੇਵਾ ਕਰ ਰਿਹਾਂ, ਉਲਟਾ ਪੱਟਦੇ ਹੁੰਦੇ ਆ ਜੱਖਣਾ। ਦੂਜੀ ਗੱਲ ਇਹ ਕਿ ਸਾਡੇ ਰੱਬ ਵਰਗੇ ਸਰੋਤੇ ਸਾਨੂੰ ਮਾਣ ਬਖਸ਼ਦੇ ਆ, ਸਰੋਤੇ ਰੱਬ ਰੁੱਬ ਕੋਈ ਨੀ ਹੁੰਦੇ, ਰੱਬ ਤਾਂ 50 ਡਾਲਰਾਂ ਵਾਲੀ ਟਿਕਟ ਕਢਾਉਂਦੀ ਆ ਮੂੰਹੋਂ ਇਨ੍ਹਾਂ ਦੇ। ਜੇ ਇਹ ਸੱਚੀ ਗੱਲ ਹੈ ਪਈ ਸਰੋਤੇ ਰੱਬ ਹੁੰਦੇ ਆ ਤਾਂ ਸਰਤਾਜ ਬਾਰੇ ਵੀ ਛੱਡ ਦਿਉ ਇਨ੍ਹਾਂ ਰੱਬਾਂ 'ਤੇ ਈ, ਕਿਸ ਭਾਅ ਵਿਕਦੇ ਆ ਯਾਮ੍ਹੇ-ਆਲੂ ਥੋੜ੍ਹੇ ਚਿਰ ਬਾਅਦ ਆਪੇ ਪਤਾ ਲੱਗ ਜਾਊਗਾ। ਕਾਹਨੂੰ ਲੰਬੇ-ਲੰਬੇ ਲੇਖ ਲਿਖੀ ਜਾਨੇਂ ਓ। ਉਦਾਂ ਅੱਜ ਦੇ ਯੁੱਗ ਵਿਚ ਪੰਜਾਬੀ ਗਾਇਕ ਫੇਲ੍ਹ ਨਹੀਂ ਹੋ ਸਕਦਾ, ਜੇ ਫੇਲ੍ਹ ਹੁੰਦਾ ਦਿਸੇ ਤਾਂ ਉਹ 'ਸੰਜੀਵਨੀ ਬੂਟੀ' ਦਾ ਆਸਰਾ ਲੈ ਕੇ ਪੰਜਾਬੀ ਗਾਇਕੀ ਵਿਚ ਖੜ੍ਹ ਸਕਣ ਦੇ ਕਾਬਿਲ ਬਣ ਜਾਂਦਾ ਹੈ। ਸਰਤਾਜ ਨੂੰ ਸ਼ਾਇਦ ਉਸ 'ਸੰਜੀਵਨੀ ਬੂਟੀ' ਦੀ ਜ਼ਰੂਰਤ ਨਾ ਹੀ ਪਵੇ ਕਿਉਂਕਿ ਉਹ ਖੜ੍ਹ ਕੇ ਗਾਉਂਦਾ ਹੀ ਨਹੀਂ। ਸੋਚਦੇ ਹੋਵੋਗੇ ਕਿ ਇਹ ਕਿੱਧਰੋਂ ਕੱਢ ਮਾਰੀ ਸੰਜੀਵਨੀ ਬੂਟੀ ਦੀ ਨਵੀਂ ਕਾਢ। ਨਵੀਂ ਕੁਝ ਨਹੀਂ "ਮਿਸ ਪੂਜਾ" ਹੀ ਤਾਂ ਪੰਜਾਬੀ ਗਾਇਕਾਂ ਦੀ ਸੰਜੀਵਨੀ ਬੂਟੀ ਹੈ।

***-ਮਨਜੀਤ ਸਿੰਘ, ਸੈਂਟਾ ਕਲਾਰਾ***

# ਕੋਸ਼ ਦੇ ਦੋਸ਼

ਇੰਨੀ ਕੁ ਬਾਤ



ਬਲਜੀਤ ਬਾਸੀ

ਫੋਨ: 734-454-4958

ਨਿਊਟਨ ਦੀ ਆਪਣੇ ਵਿਗਿਆਨੀ ਹੋਣ ਦੀ ਸੀਮਤ ਸਮਰਥਾ ਬਾਰੇ ਇਕ ਟੂਕ ਘੁੰਮਾ ਫਿਰਾ ਕੇ ਕੋਸ਼ਕਾਰ 'ਤੇ ਵੀ ਲਾਗੂ ਹੁੰਦੀ ਹੈ। ਇਸ ਅਨੁਸਾਰ ਹਰ ਭਾਸ਼ਾ ਇਕ ਅਥਾਹ ਸਮੁੰਦਰ ਹੈ ਤੇ ਕੋਸ਼ਕਾਰ ਤਾਂ ਇਸ ਦੇ ਕੰਢੇ ਬੈਠਾ ਸ਼ਬਦਾਂ ਦੇ ਗੀਟੇ ਹੀ ਚੁਗਦਾ ਹੈ। ਐਪਰ ਇਕੱਠੀਆਂ ਦੋ ਭਾਸ਼ਾਵਾਂ 'ਤੇ ਕੰਮ ਕਰਨਾ ਤਾਂ ਨਿਰਾ ਦੋ ਸਮੁੰਦਰਾਂ ਵਿਚ ਛਾਲਾਂ ਮਾਰਨ ਦੇ ਤੁੱਲ ਹੀ ਹੈ। ਇਸਨੂੰ ਦੋ ਬੇੜੀਆਂ 'ਚ ਪੈਰ ਰੱਖਣ ਦਾ ਦੁਕੰਮਣ ਵੀ ਕਿਹਾ ਜਾ ਸਕਦਾ ਹੈ। ਹਰ ਭਾਸ਼ਾ ਦੀ ਵਿਅੰਜਨਾ ਸ਼ਕਤੀ ਅਸੀਮ, ਅਦੁੱਤੀ ਅਤੇ ਨਿਵੇਕਲੀ ਹੁੰਦੀ ਹੈ। ਕਈ ਲੋਕ ਤਾਂ ਕਹਿੰਦੇ ਹਨ ਕਿ ਦੋਭਾਸ਼ੀ ਕੋਸ਼ ਬਣਾਏ ਹੀ ਨਹੀਂ ਜਾ ਸਕਦੇ ਕਿਉਂਕਿ ਦੋ ਭਿੰਨ ਭਿੰਨ ਧਰਾਤਲਾਂ 'ਤੇ ਵਿਚਰਦੇ ਸਭਿਆਚਾਰਾਂ ਦਾ ਆਪਸ ਵਿਚ ਤਾਲ ਨਹੀਂ ਬੈਠਾਇਆ ਜਾ ਸਕਦਾ। ਭਾਸ਼ਾ ਜਾਂ ਇਸਦੇ ਸ਼ਬਦ ਸਭਿਆਚਾਰ-ਸਾਪੇਖ ਹੁੰਦੇ ਹਨ। ਬਹੁਤ ਘਟ ਸ਼ਬਦ ਹਨ ਜਿਨ੍ਹਾਂ ਦਾ ਇਕ ਭਾਸ਼ਾ ਤੇ ਦੂਜੀ ਭਾਸ਼ਾ ਵਿਚਕਾਰ ਇਕ-ਇਕ ਦਾ ਮੇਲ ਹੋਵੇਗਾ ਨਹੀਂ ਤਾਂ ਅਕਸਰ ਅੱਧੇ-ਪੌਣੇ ਦਾ ਮੇਲ ਹੀ ਹੁੰਦਾ ਹੈ। ਮਤਲਬ ਇਹ ਕਿ ਇਕ ਭਾਸ਼ਾ ਦੇ ਕਿਸੇ ਸ਼ਬਦ ਦੇ ਭਾਵ-ਅਰਥ ਅਕਸਰ ਹੀ ਦੂਜੀ ਭਾਸ਼ਾ ਦੇ ਦੋ ਜਾਂ ਦੋ ਤੋਂ ਵਧੀਕ ਸ਼ਬਦਾਂ ਵਿਚ ਸਮਾਏ ਹੁੰਦੇ ਹਨ। ਮਿਸਾਲ ਵਜੋਂ ਅੰਗਰੇਜ਼ੀ ਸ਼ਬਦ 'ਹੋਟਲ' ਪੰਜਾਬੀ ਵਿਚ ਇਕ ਤਰ੍ਹਾਂ 'ਰੈਸਟੋਰੈਂਟ' (ਕਈ ਰੈਸਤੋਰਾਂ ਕਹਿਣਾ ਚਾਹੁਣਗੇ) ਦੇ ਅਰਥ ਦਿੰਦਾ ਹੈ। ਸ਼ਾਇਦ ਤੁਸੀਂ ਸੰਤ ਸਿੰਘ ਸੇਖੋਂ ਦੀ ਕਹਾਣੀ 'ਬਾਬੇ ਮਥਰੇ ਦਾ ਹੋਟਲ' ਪੜ੍ਹੀ ਹੋਵੇ ਜਿਸ ਵਿਚ ਕਹਾਣੀ ਦੇ ਸ਼ੁਰੂ ਵਿਚ ਇਸ ਸਮੱਸਿਆ ਦਾ ਹੀ ਵਰਨਣ ਕੀਤਾ ਹੋਇਆ ਹੈ। 'ਹੋਟਲ' ਦਾ ਸੰਕਲਪ ਸਾਡੇ 'ਸਰਾਂ' ਜਾਂ 'ਮੁਸਾਫਰਖਾਨੇ' ਦੇ ਨੇੜੇ ਤੇੜੇ ਤੇ ਹੈ ਪਰ ਅੱਧਾ ਪੌਣਾ ਹੀ। ਇਸੇ ਤਰ੍ਹਾਂ 'ਰੈਸਟੋਰੈਂਟ' ਸਾਡੇ ਢਾਬੇ ਦੇ ਨੇੜੇ ਤੇੜੇ ਹੈ ਪਰ ਅਧਾ ਪੌਣਾ ਹੀ। 'ਸੁਹਾਗ' ਜਾਂ 'ਸੁਹਾਗਰਾਤ' ਦਾ ਸੰਕਲਪ ਯੂਰਪ ਵਿਚ ਨਹੀਂ ਤੇ ਏਧਰ 'ਹਨੀਮੂਨ' ਸਾਡੀ ਕਿਸਮਤ ਵਿਚ ਕਿਥੇ ਹੁੰਦਾ ਸੀ। 'ਬਰੈਡ' ਤੇ 'ਰੋਟੀ' ਦੇ ਫਰਕ ਤੋਂ ਵੀ "ਪੂਰਬ ਪੂਰਬ ਹੈ ਤੇ ਪੱਛਮ ਪੱਛਮ, ਤੇ ਦੋਨੋਂ ਕਦੇ ਮਿਲ ਨਹੀਂ ਸਕਦੇ" ਦੀ ਸੱਚਾਈ ਹੀ ਉਘੜਦੀ ਹੈ। ਤੁਸੀਂ ਹੈਰਾਨ ਹੋਵੋਗੇ ਕਿ ਜਿਸਨੂੰ ਅੱਜ ਅਸੀਂ ਆਲੂ ਕਹਿੰਦੇ ਹਾਂ, ਇਹ ਪਹਿਲੀਆਂ 'ਚ ਸਾਡੇ ਦੇਸ਼ 'ਚ ਕਿਸੇ ਵੀ ਕੰਦ ਨੂੰ ਕਿਹਾ ਜਾਂਦਾ ਸੀ। ਕਚਾਲੂ (ਕੱਚਾ ਆਲੂ) ਸ਼ਬਦ ਵਿਚ ਇਸ ਦੇ ਛੁਪ ਕੇ ਬੈਠੇ ਹੋਣ ਤੋਂ ਇਸ ਗੱਲ ਦੀ ਗਵਾਹੀ ਮਿਲਦੀ ਹੈ। ਦੱਖਣੀ ਅਮਰੀਕਾ ਦੇ ਦੇਸ਼ ਪੇਰੂ ਤੋਂ ਆਏ ਇਸ ਮਹੂਨ ਜਿਹੇ ਕੰਦ ਦੀ ਉਤਮਤਾ ਨੇ ਸਾਡੇ ਆਲੂ ਦਾ ਨਾਂ ਵੀ ਖੋਹ ਲਿਆ ਤੇ ਉਸਦੀ ਮੂਲੋਂ ਮੁਢੋਂ ਜੜ੍ਹ ਵੀ ਵੱਢ ਦਿੱਤੀ। ਜੇ ਸਾਰੇ ਸ਼ਬਦਾਂ ਵਿਚ ਇਕ-ਇਕ ਦਾ ਸੁਮੇਲ ਹੋਵੇ ਤਾਂ ਕੋਈ ਵੀ ਦੋ ਸਭਿਆਚਾਰ ਇਕ ਦੂਜੇ ਤੋਂ ਭੋਰਾ ਅਲੱਗ ਨਹੀਂ ਹੋ ਸਕਦੇ। ਖੈਰ, ਇਹ ਗੱਲ ਕਿੰਨੀ ਵੀ ਸਹੀ ਹੋਵੇ, ਵਿਹਾਰਕ ਪੱਧਰ 'ਤੇ ਸਾਨੂੰ ਦੋ ਸਭਿਆਚਾਰਾਂ ਵਿਚਕਾਰ ਸੰਵਾਦ ਦੀ ਜ਼ਰੂਰਤ ਪੈਂਦੀ ਹੈ ਤੇ ਸਾਡੇ ਜਿਹੇ ਕੋਸ਼ਕਾਰ ਇਸ ਮੁਸ਼ਕਿਲ ਕੰਮ ਨੂੰ ਸਾਕਾਰ ਕਰ ਦਿਖਾਉਂਦੇ ਹਨ। ਮੁਖ ਤੌਰ 'ਤੇ ਏਹੀ ਗੱਲ ਕੋਸ਼ ਦੀਆਂ ਗਲਤੀਆਂ ਦਾ ਕਾਰਨ ਬਣਦੀ ਹੈ।

ਡਿਕਸ਼ਨਰੀ ਬਣਾਉਣ ਦੇ ਕੰਮ ਵਿਚ ਬੇਹੱਦ ਜਾਨਮਾਰੀ ਤੇ ਸਾਵਧਾਨੀ ਵਰਤਣ ਦਾ ਇਕ ਕਾਰਨ ਇਹ ਹੁੰਦਾ ਹੈ ਕਿ ਕਿਸੇ ਨਾ ਕਿਸੇ ਪਾਸਿਓਂ ਗਲਤੀ ਦੇ ਘੁਸ ਜਾਣ ਦਾ ਖਤਰਾ ਹਮੇਸ਼ਾ ਬਰਕਰਾਰ ਰਹਿੰਦਾ ਹੈ। ਨਾਲੇ ਕੋਸ਼ਾਂ ਵਿਚ ਲੋਕਾਂ ਨੂੰ ਰੱਬ ਜਿੰਨਾ ਯਕੀਨ ਹੁੰਦਾ ਹੈ। ਜੇ ਮਨੁਖ ਭੁਲਣਹਾਰ ਹੈ ਤਾਂ ਕੋਸ਼ਕਾਰ ਵੀ ਤਾਂ ਏਹੀ ਜਾਨਵਰ ਹੁੰਦੇ ਹਨ। ਫਿਰ ਵੱਖ ਵੱਖ ਵਿਅਕਤੀਆਂ ਵਿਚ ਸ਼ਬਦ-ਬੋਧ ਵੀ ਭਿੰਨ ਭਿੰਨ ਹੁੰਦਾ ਹੈ। ਵੱਡੇ ਵੱਡੇ ਮਹਾਰਥੀ ਕੋਸ਼ਕਾਰ ਤੇ ਕੋਸ਼ ਮਹਿਕਮੇ ਗਲਤੀਆਂ ਕਰਦੇ ਹਨ। ਅਸਟਰੇਲੀਆ ਦੇ ਇਕ ਭੌਤਿਕੀ ਦੇ ਪ੍ਰੋਫੈਸਰ ਨੇ ਕੁਝ ਦਿਨ ਹੀ ਹੋਏ ਹਨ ਆਕਸਫੋਰਡ ਦੇ ਅੰਗਰੇਜ਼ੀ ਕੋਸ਼ ਦੀ ਇਕ ਗਲਤੀ ਫੜੀ ਹੈ ਜੋ 99 ਸਾਲ ਐਡੀਸ਼ਨ ਦਰ ਐਡੀਸ਼ਨ ਚਲਦੀ ਰਹੀ। ਮਜ਼ੇ ਦੀ ਗੱਲ ਤਾਂ ਇਹ ਹੈ ਕਿ ਹੋਰ ਵੱਡੇ ਨਾਂਵਾਂ ਵਾਲੀਆਂ ਜਿਵੇਂ ਚੈਂਬਰਜ਼, ਵੈਬਸਟਰ, ਰੈਂਡਮ ਹਾਉਸ ਆਦਿ ਦੀਆਂ ਛਪੀਆਂ ਤੇ ਆਨਲਾਈਨ ਸਭ ਡਿਕਸ਼ਨਰੀਆਂ ਵਿਚ ਇਹੋ ਗਲਤੀ ਇਸੇ ਰੂਪ ਵਿਚ ਕਾਇਮ ਹੈ। ਸ਼ਬਦ ਆਮ ਜਿਹਾ ਹੀ ਹੈ 'ਸਾਈਫ਼ਨ'(siphon)। ਕੋਸ਼ ਨੇ ਇਸ ਦੀ ਵਿਆਖਿਆ ਕਰਦਿਆਂ ਲਿਖਿਆ ਕਿ ਇਸ ਪਿਛੇ ਕੰਮ ਕਰਦੀ ਸ਼ਕਤੀ 'ਵਾਤਾਵਰਣ ਦਾ ਦਬਾਅ ਹੈ' ਜਦ ਕਿ ਅਸਲ ਵਿਚ ਇਹ ਸ਼ਕਤੀ ਧਰਤੀ ਦੀ ਖਿਚ ਅਰਥਾਤ 'ਗੁਰੁਤਾ' ਹੈ। ਆਕਸਫੋਰਡ ਵਾਲਿਆਂ ਨੇ ਸਫਾਈ ਪੇਸ਼ ਕੀਤੀ ਹੈ ਕਿ ਇਸ ਸ਼ਬਦ ਦੀ ਪਰਿਭਾਸ਼ਾ 1911 ਵਿਚ ਦਿੱਤੀ ਗਈ ਸੀ, ਤੇ ਉਦੋਂ ਪਰਿਭਾਸ਼ਾ ਲਿਖਣ ਵਾਲਾ 'ਸੰਪਾਦਕ ਵਿਗਿਆਨੀ ਨਹੀਂ ਸੀ।' ਸੈਮੂਅਲ ਜੌਹਨਸਨ ਨੇ ਆਪਣੀ ਡਿਕਸ਼ਨਰੀ ਵਿਚ ਅੰਗਰੇਜ਼ੀ ਸ਼ਬਦ 'ਪੈਸਟਰਨ' ਦਾ ਅਰਥ ਦਿੱਤਾ ਹੈ 'ਘੋੜੇ ਦਾ ਗੋਡਾ' ਜਦ ਕਿ ਇਹ ਘੋੜੇ ਦੇ ਖੁਰ ਦਾ ਇਕ ਹਿੱਸਾ ਹੈ।



Dor·cop'sis (dôr-kŏp'sĭs), n. [NL., fr. Gr. dorkas gazelle + -opsis.] Zool. A genus of small kangaroos of Papua.
dord (dôrd), n. Physics & Chem. Density.
‖do·ré' (dô·rā'), adj. [F.] a Golden in color. b Metal. Containing gold; as, doré silver. — n. = DORÉ BULLION.
‖do·ré' (dô·rā'), n. [F., gilded. See 2d DORY.] The wall-eyed pike. Fr. Canadian.

ਇਕ ਔਰਤ ਨੇ ਜੌਹਨਸਨ ਦਾ ਮਖੌਲ ਉਡਾਉਂਦਿਆਂ ਇਸ ਤਰੁਟੀ ਦਾ ਕਾਰਨ ਪੁਛਿਆ ਤਾਂ ਉਸਨੇ ਮੀਸਣਾ ਬਣਦੇ ਹੋਏ ਜਵਾਬ ਦਿੱਤਾ, "ਅਗਿਆਨ, ਮੈਡਮ, ਸੁਧਾ ਅਗਿਆਨ।"

ਹੋਰ ਤਾਂ ਹੋਰ ਟਾਈਪਿਸਟ ਤੇ ਪਰੂਫ਼ ਰੀਡਰ ਹੋਰ ਕਿਤਾਬਾਂ ਦੀ ਤਰ੍ਹਾਂ ਡਿਕਸ਼ਨਰੀਆਂ ਵਿਚ ਵੀ ਆਪਣੀਆਂ ਗਲਤੀਆਂ ਖਿਲਾਰ ਦੇਂਦੇ ਹਨ। ਵੈਬਸਟਰ ਦੇ 1934 ਦੇ ਇਕ ਵੱਡੇ ਐਡੀਸ਼ਨ ਵਿਚ Dord ਸ਼ਬਦ ਟਾਈਪਿਸਟ ਦੀ ਕੁਤਾਹੀ ਕਾਰਨ ਪੈ ਗਿਆ ਸੀ। ਛਪਣ ਤੋਂ ਪੰਜ ਸਾਲ ਪਿਛੋਂ ਕਿਸੇ ਪਾਠਕ ਨੇ ਸ਼ਬਦ ਦੀ ਹੋਂਦ ਬਾਰੇ ਕਿੰਤੂ ਕੀਤਾ। ਛਾਣ ਬੀਣ ਕਰਨ ਉਪਰੰਤ ਪਤਾ ਲੱਗਾ, ਇਹ ਤਾਂ ਅੰਗਰੇਜ਼ੀ ਦਾ ਕੋਈ ਸ਼ਬਦ ਹੀ ਨਹੀਂ ਹੈ। ਦਰਅਸਲ ਕੋਸ਼ਕਾਰਾਂ ਨੇ ਇਹ ਇੰਦਰਾਜ ਇਸ ਤਰ੍ਹਾਂ ਲਿਖਿਆ ਸੀ: D or d Physics & Chemistry, density। ਏਥੇ D or d ਦਾ ਭਾਵ ਸੀ ਕਿ ਭੌਤਿਕੀ ਤੇ ਰਸਾਇਣੀ 'ਚ D ਜਾਂ d ਸੰਪੂਰਨ ਸ਼ਬਦ density (ਘਣਤਾ) ਦਾ ਇਕ-ਅੱਖਰੀ ਸੰਖੇਪ ਹੈ ਪਰ ਪਰੂਫ਼ ਰੀਡਰ ਨੇ ਵੱਡੀ ਛੋਟੀ ਡੀ ਨੂੰ ਜੋੜ ਕੇ ਟਾਈਪ ਕਰ ਦਿੱਤਾ Dord, ਅਗਲੇ ਐਡੀਸ਼ਨ 'ਚੋਂ ਇਸ ਕੋਕੜੂ ਨੂੰ ਕਢਿਆ ਗਿਆ।

ਮਸ਼ਹੂਰ ਪ੍ਰਕਾਸ਼ਕ ਲੌਂਗਮੈਨ ਦੇ ਅੰਗਰੇਜ਼ੀ ਕੋਸ਼ ਉਂਜ ਤਾਂ ਬੜੇ ਮਿਆਰੀ ਹਨ ਪਰ ਇਸਦੇ ਇਕ ਸਿਖਾਂਦਰੂਆਂ ਲਈ ਬਣਾਏ ਅੰਗਰੇਜ਼ੀ ਕੋਸ਼ ਵਿਚ ਦਮਗਜਾ ਮਾਰਿਆ ਗਿਆ ਸੀ ਕਿ ਇਸ ਕੋਸ਼ ਦੀ ਤਿਆਰੀ ਵਿਚ ਕੰਪਿਊਟਰ ਦੀਆਂ ਨਵੀਨਤਮ ਤਕਨੀਕਾਂ ਦੀ ਵਰਤੋਂ ਕੀਤੀ ਗਈ ਹੈ, ਇਸ ਲਈ ਗਲਤੀ ਇਸਦੇ ਲਾਗਿਓਂ ਨਹੀਂ ਲੰਘ ਸਕਦੀ। ਉਦੋਂ ਅਜੇਹੇ ਕੰਮਾਂ ਲਈ ਕੰਪਿਊਟਰ ਦੀ ਵਰਤੋਂ ਨਵੀਂ ਨਵੀਂ ਹੀ ਸ਼ੁਰੂ ਹੋਈ ਸੀ। ਇਸ ਕੋਸ਼ ਦੀ ਭੂਮਿਕਾ ਵਿਚ ਦੋ ਸ਼ਬਦਾਂ ਦੀ ਮਿਸਾਲ ਦੇ ਕੇ ਸ਼ਬਦ ਦੇਖਣ ਦੀ ਵਿਧੀ ਸਮਝਾਈ ਗਈ ਸੀ। ਮੈਂ ਵਰਕੇ ਫੋਲੇ, ਮੇਰੀ ਹੈਰਾਨੀ ਦੀ ਹੱਦ ਨਾ ਰਹੀ ਜਦ ਮੈਂ ਦੇਖਿਆ, ਇਹ ਦੋਵੇਂ ਸ਼ਬਦ ਕੋਸ਼ ਵਿਚੋਂ ਹੀ ਗਾਇਬ ਸਨ। ਬਦਕਿਸਮਤੀ ਨੂੰ ਮੇਰੇ ਕੋਲ ਇਹ ਕੋਸ਼ ਇਸ ਸਮੇਂ ਮੌਜੂਦ ਨਹੀਂ ਹੈ, ਨਹੀਂ ਤਾਂ ਕੋਸ਼ ਦੇ ਹੋਰ ਵੇਰਵੇ ਦਿੰਦਾ। ਐਧਰ ਪੰਜਾਬੀਆਂ ਨੂੰ ਤਾਂ ਕੋਸ਼ ਦੇਖਣ ਦੀ ਹੀ ਆਦਤ ਨਹੀਂ, ਇਸ ਵਿਚਲੀਆਂ ਗਲਤੀਆਂ ਕਿੱਥੋਂ ਫੜਨੀਆਂ ਹੋਈਆਂ। ਪੱਛਮੀ ਦੇਸ਼ਾਂ ਦੇ ਕਈ ਘਰਾਂ 'ਚ ਹਰ ਕਮਰੇ 'ਚ ਕੋਸ਼ ਪਿਆ ਹੁੰਦਾ ਹੈ।

ਪਟਿਆਲਾ ਯੂਨੀਵਰਸਿਟੀ ਦੇ ਕੋਸ਼ਕਾਰਾਂ ਨੇ ਭਾਵੇਂ ਛੇ ਮਹੀਨਿਆਂ ਵਿਚ ਡਿਕਸ਼ਨਰੀ ਬਣਾ ਕੇ ਆਪਣੇ ਵਲੋਂ ਮਾਅਰਕਾ ਮਾਰਿਆ ਪਰ ਉਨ੍ਹਾਂ ਦੇ ਚਿੱਤ-ਚੇਤੇ ਨਾ ਆਇਆ ਕਿ ਉਨ੍ਹਾਂ ਦੀ ਕ੍ਰਿਤ ਵਿਚ ਅਣਜਾਣਿਆਂ ਹੀ ਕਿੰਨੀਆਂ ਗਲਤੀਆਂ ਨੇ ਘੁਸਪੈਠ ਕਰ ਲਈ ਹੈ। ਵਰਤੋਂਕਾਰ ਦੇ ਜਿਉਂ ਹੀ ਕੋਈ ਗਲਤੀ ਅੜਿੱਕੇ ਆਈ, ਉਸਨੇ ਇਹ ਨਹੀਂ ਪੁੱਛਣਾ ਕਿ ਕੋਸ਼ ਬਣਨ 'ਚ ਕਿੰਨਾ ਚਿਰ ਲੱਗਾ ਹੈ, ਬੱਸ ਦਫ਼ਾ ਪਟਣੀ ਸ਼ੁਰੂ ਕਰ ਦੇਣੀ ਹੈ। ਇਸਦੇ ਕੋਸ਼ਕਾਰਾਂ ਨੇ ਕੀ ਕੀਤਾ ਕਿ ਸਰੋਤ ਭਾਸ਼ਾ ਅੰਗਰੇਜ਼ੀ ਦੇ ਕਿਸੇ ਕੋਸ਼ 'ਚੋਂ ਸ਼ਬਦਾਂ ਦੇ ਅਰਥ ਸਮਝਣ ਦੀ ਬਜਾਏ ਸ਼ਾਰਟ ਕੱਟ ਮਾਰਿਆ। ਉਨ੍ਹਾਂ ਇਹ ਜਾਣਦਿਆਂ ਕਿ ਪੰਜਾਬੀ ਹਿੰਦੀ ਦੀ ਸ਼ਬਦਾਵਲੀ ਵਿਚ ਬਹੁਤਾ ਫਰਕ ਨਹੀਂ, ਸੀਤਾ ਰਾਮ ਬਾਹਰੀ ਦੇ ਅੰਗਰੇਜ਼ੀ-ਹਿੰਦੀ ਕੋਸ਼ ਦੀ ਨਕਲ ਮਾਰ ਲਈ ਪਰ ਅਕਲ ਨਾ ਵਰਤੀ। ਸਿੱਟੇ ਵਜੋਂ ਬਾਹਰੀ ਨੇ ਜਿਹੜੀਆਂ ਗਲਤੀਆਂ ਕੀਤੀਆਂ ਉਹ ਵੀ ਕਾਇਮ ਰਹੀਆਂ ਪਰ ਨਾਲਾਇਕਾਂ ਵਾਂਗ ਨਕਲ ਮਾਰੀ ਹੋਣ ਕਾਰਨ ਹੋਰ ਚੰਦ ਵੀ ਚਾੜ੍ਹ ਦਿੱਤੇ।

ਡਿਕਸ਼ਨਰੀ ਵਿਚ ਬਹੁਤ ਸਾਰੀਆਂ ਗਲਤੀਆਂ ਅਤਿ ਸਾਧਾਰਨ ਕਾਰਨਾਂ ਕਰਕੇ ਪੈ ਜਾਂਦੀਆਂ ਹਨ। ਕਈ ਅਨਾੜੀ ਨਵਸਿਖੀਏ ਕੋਸ਼ਕਾਰਾਂ ਨੂੰ ਨਾ ਡਿਕਸ਼ਨਰੀ ਦੇਖਣ ਦੀ ਜਾਚ ਹੁੰਦੀ ਹੈ ਤੇ ਨਾ ਉਹ ਸਹਿਜ ਬੁਧੀ ਤੋਂ ਕੰਮ ਲੈਂਦੇ ਹਨ। ਇਕ ਅੰਗਰੇਜ਼ੀ ਸ਼ਬਦ tessera ਦਾ ਹਿੰਦੀ ਦੇ ਕੋਸ਼ ਨੇ ਅਰਥ ਦਿਤਾ, 'ਪੱਚੀਕਾਰੀ ਕਾ ਟੁਕੜਾ'। ਪੱਚੀਕਾਰੀ ਹੁੰਦੀ ਹੈ ਰੰਗ ਬਰੰਗੇ ਪੱਥਰਾਂ ਦੇ ਟੁਕੜੇ ਜੋੜ ਕੇ ਕੀਤਾ ਕਲਾਤਮਕ ਕੰਮ। ਪਰ ਇਸ ਕੋਸ਼ ਨੇ 'ਪੱਚੀਕਾਰੀ' ਨੂੰ ਸਮਝ ਲਿਆ 'ਪਿਚਕਾਰੀ' ਤੇ ਅਰਥ ਲਿਖ ਦਿੱਤਾ, 'ਪਿਚਕਾਰੀ ਵਿਚ ਫਸਿਆ ਟੁਕੜਾ'। ਕੋਸ਼ਕਾਰ ਮਾੜਾ ਜਿਹਾ ਵੀ ਦਿਮਾਗ ਠੋਰਦਾ ਤਾਂ ਸੁੱਕ ਪੈਣੀ ਚਾਹੀਦੀ ਸੀ ਕਿ ਪਿਚਕਾਰੀ ਵਿਚ ਟੁਕੜਾ ਕਿਵੇਂ ਫਸ ਸਕਦਾ ਹੈ ਜਾਂ ਜੇ ਅਜੇਹਾ ਹੈ ਵੀ ਤਾਂ ਇਸਦੀ ਕੀ ਵਿਸ਼ੇਸ਼ਤਾ ਹੋ ਸਕਦੀ ਹੈ ਕਿ ਇਸ ਲਈ ਖਾਸ ਸ਼ਬਦ ਘੜਿਆ ਗਿਆ ਹੈ। ਇਸੇ ਤਰ੍ਹਾਂ dessert apple ਦਾ ਅਰਥ ਦਿੱਤਾ ਗਿਆ ਹੈ 'ਰੇਗਿਸਤਾਨੀ ਸੇਬ'। ਅਰਥ ਲਿਖਣ ਵਾਲੇ ਦੀ ਅਕਲ ਦਾ ਦਿਵਾਲਾ ਨਿਕਲਿਆ ਪਿਆ ਹੈ। ਉਸਨੂੰ ਏਨਾ ਨਹੀਂ ਪਤਾ ਕਿ ਰੇਗਿਸਤਾਨ ਦੇ ਮਾਅਨਿਆਂ ਵਾਲੇ ਅੰਗਰੇਜ਼ੀ ਸ਼ਬਦ desert ਵਿਚ ਇਕੋ ਐਸ 'ਸ' ਪੈਂਦੀ ਹੈ। ਅੰਗਰੇਜ਼ ਲੋਕ ਸਾਡੇ ਵਰਗੇ ਨਹੀਂ ਜਿਹੜਾ ਸੇਬ ਜਿਵੇਂ ਆਇਆ ਮੂੰਹ ਵਿਚ ਸੁੱਟ ਲਿਆ। ਉਨ੍ਹਾਂ ਦੇ ਰਿੰਨ੍ਹ-ਪਕਾ ਕੇ ਖਾਣ ਵਾਲੇ ਸੇਬ ਹੋਰ ਹਨ ਤੇ ਕੱਚੇ ਖਾਧੇ ਜਾਣ ਵਾਲੇ ਹੋਰ। ਸੋ ਇਹ ਹਥਲਾ 'ਡੈਜ਼ਰਟ ਐਪਲ' 'ਕੱਚਾ ਖਾਧਾ ਜਾਣ ਵਾਲਾ ਸੇਬ' ਜਾਂ 'ਸਲਾਦੀ ਸੇਬ' ਬਣਦਾ ਹੈ ਨਾ ਕਿ 'ਰੇਗਿਸਤਾਨੀ ਸੇਬ'। ਸੋਚਵਾਨ ਪੁਰਸ਼ ਤਾਂ ਇਹ ਵੀ ਸੋਚੇਗਾ ਕਿ ਰੇਗਿਸਤਾਨ ਵਿਚ ਸੇਬ ਹੁੰਦੇ ਵੀ ਹਨ?





ਅਸੀਂ ਹੋਰ ਕੋਸ਼ਾਂ ਵਿਚ ਅਜੇਹੀਆਂ ਬੇਸ਼ੁਮਾਰ ਗਲਤੀਆਂ ਲੱਭੀਆਂ। ਪ੍ਰਿੰਸੀਪਲ ਤੇਜਾ ਸਿੰਘ ਵਾਲੇ ਕੋਸ਼ ਵਿਚ ਵੀ, ਹਿੰਦੀ ਉਰਦੂ ਕੋਸ਼ਾਂ ਵਿਚ ਵੀ ਤੇ ਪੰਜਾਬੀ ਦੇ ਕੋਸ਼ਾਂ ਤੋਂ ਲੈ ਕੇ ਮਹਾਨ ਕੋਸ਼ਾਂ ਤੱਕ ਵਿਚ ਵੀ। ਗਲਤੀਆਂ ਲਭਣ ਨਾਲ ਅਸੀਂ ਸਿਖਦੇ ਵੀ ਸਾਂ, ਟਾਈਮ ਪਾਸ ਵੀ ਕਰਦੇ ਸਾਂ। ਉਨ੍ਹਾਂ ਨੂੰ ਖੂਬ ਪ੍ਰਚਾਰਨਾ ਸਾਡਾ ਇਕ ਸ਼ੁਗਲ ਵੀ ਬਣ ਗਿਆ ਸੀ। ਇਸ ਨਾਲ ਸਾਨੂੰ ਇਕ ਲਾਭ ਵੀ ਹੁੰਦਾ ਸੀ; ਅਸੀਂ ਲੋਕਾਂ ਨੂੰ ਆਪਣੀ ਹੁਸ਼ਿਆਰੀ ਤੇ ਲਿਆਕਤ ਵੀ ਦਿਖਾ ਰਹੇ ਸਾਂ ਤੇ ਲਮਕ ਰਹੇ ਕੰਮ ਲਈ ਦਲੀਲ ਵੀ ਪੇਸ਼ ਕਰ ਰਹੇ ਸਾਂ।

ਕੋਸ਼ਾਂ ਵਿਚ ਰੜਕਦੀਆਂ ਕੁਝ ਅਜੇਹੀਆਂ ਹੋਰ ਤਰੁਟੀਆਂ ਮੈਂ 'ਪੰਜਾਬ ਟਾਈਮਜ਼' ਦੇ ਪਾਠਕਾਂ ਨਾਲ ਸਾਂਝੀਆਂ ਕਰਕੇ ਉਨ੍ਹਾਂ ਨੂੰ ਵੀ ਮੰਤਰ-ਮੁਗਧ ਕਰਨਾ ਚਾਹੁੰਦਾ ਹਾਂ। ਇਕ ਅੰਗਰੇਜ਼ੀ ਸ਼ਬਦ ਹੈ warren, ਬਾਹਰੀ ਦੇ ਹਿੰਦੀ ਕੋਸ਼ ਵਿਚ ਇਸਦਾ ਅਰਥ ਸੀ "ਖਰਹੋਂ ਕਾ ਵਾੜਾ" ਤੇ ਪਟਿਆਲਾ ਕੋਸ਼ ਨੇ ਨਕਲ ਮਾਰੀ, "ਗਧਿਆਂ ਦਾ ਵਾੜਾ"। ਦਰਅਸਲ ਇਹ ਖਰਗੋਸ਼ਾਂ ਦਾ ਵਾੜਾ ਹੈ। ਪਟਿਆਲਾ ਵਾਲਿਆਂ ਨੇ 'ਖਰਹ' ਦਾ ਮਤਲਬ 'ਖਰ' ਅਰਥਾਤ ਗਧਾ ਸਮਝ ਲਿਆ। ਅੰਗਰੇਜ਼ੀ ਸ਼ਬਦ casket 'ਤੇ ਤਾਂ ਪਟਿਆਲਾ ਵਾਲਿਆਂ ਨੇ ਬਾਹਲੀ ਮਿਹਰ ਕਰ ਦਿਤੀ: ਪੀਪੀ, ਘੜੀ, ਮਟਕੀ, ਡੱਬਾ, ਡੱਬੀ, ਕੱਪੀ। ਨਿਸ਼ਚੇ ਹੀ ਵੇਗ ਵਿਚ ਆ ਕੇ ਏਨੇ ਫਜ਼ੂਲ ਸ਼ਬਦ ਲਿਖ ਮਾਰੇ ਹਨ। 'ਕਾਸਕਟ' ਗਹਿਣੇ ਰੱਖਣ ਵਾਲੀ ਸੰਦੂਕੜੀ ਹੈ। ਅੰਗਰੇਜ਼ੀ ਸ਼ਬਦ minotaur ਦਾ ਬਾਹਰੀ ਦੇ ਅੰਗਰੇਜ਼ੀ-ਹਿੰਦੀ ਕੋਸ਼ ਵਿਚ ਸਮਾਨਅੰਤਰ ਹਿੰਦੀ ਸ਼ਬਦ ਮਿਲਦਾ ਹੈ, 'ਨਰ-ਵ੍ਰਿਸ਼' ਤੇ ਪਟਿਆਲਾ ਵਾਲਿਆਂ ਨੇ 'ਵ੍ਰਿਸ਼' ਨੂੰ 'ਬ੍ਰਿਖ' ਸਮਝਦੇ ਹੋਏ ਲਿਖ ਦਿੱਤਾ, 'ਨਰ-ਦਰਖਤ'। ਏਥੇ 'ਵ੍ਰਿਸ਼' ਦਾ ਅਰਥ ਅਸਲ ਵਿਚ ਸਾਹਨ ਜਾਂ ਬਲਦ ਹੈ ਤੇ ਮਿਨੋਟੌਰ ਇਕ ਅਜੇਹਾ ਮਿਥਿਹਾਸਕ ਦੈਂਤ ਹੈ ਜਿਸ ਦਾ ਧੜ ਮਨੁਖ ਵਰਗਾ ਤੇ ਸਿਰ ਬਲਦ ਵਰਗਾ ਹੈ। ਕੋਸ਼ਕਾਰ ਥੋੜਾ ਚਾਹ ਕਾਫ਼ੀ ਪੀ ਕੇ ਸੋਚਦਾ ਕਿ 'ਨਰ-ਦਰਖਤ' ਕੀ ਚੀਜ਼ ਹੋ ਸਕਦੀ ਹੈ? ਅੰਗਰੇਜ਼ੀ ਸ਼ਬਦ ਹੈ laxate ਜਿਸ ਦਾ ਬਾਹਰੀ ਨੇ ਅਰਥ ਲਿਖਿਆ 'ਸਥਾਨ-ਭ੍ਰਸ਼ਟ'। ਪਰ ਏਥੇ ਭ੍ਰਸ਼ਟ ਦਾ ਮਤਲਬ ਡਿਗਣਾ, ਹਿਲਣਾ, ਪਰੇ ਜਾਣਾ ਹੈ। ਭ੍ਰਿਸ਼ਟ ਤੋਂ ਬਣੇ ਸ਼ਬਦ 'ਭ੍ਰਿਸ਼ਟਾਚਾਰ' ਦਾ ਅਰਥ ਵੀ ਆਚਾਰ ਤੋਂ ਡਿਗਣਾ ਜਾਂ ਹਿੱਲਣਾ ਹੀ ਹੈ। ਪਟਿਆਲਾ ਵਾਲਿਆਂ ਨੇ ਇਸਦਾ ਮਤਲਬ ਲਿਖਿਆ 'ਥਾਂ-ਭ੍ਰਸ਼ਟ'। ਪਾਠਕ ਸਮਝੇਗਾ ਕਿ ਸ਼ਾਇਦ ਕਿਸੇ ਅਛੂਤ ਦੁਆਰਾ ਭਿਟੇ ਥਾਂ ਤੋਂ ਭਾਵ ਹੈ। ਦਰਅਸਲ ਇਸਦਾ ਹੱਡੀ ਦਾ ਆਪਣੇ ਥਾਂ ਤੋਂ ਹਿੱਲ ਜਾਣ ਤੋਂ ਭਾਵ ਹੈ।

ਅੰਗਰੇਜ਼ੀ ਸ਼ਬਦ vehicle ਦਾ ਅਰਥ ਸਵਾਰੀ, ਵਾਹਣ ਤੋਂ ਇਲਾਵਾ ਦਵਾਈ ਖਾਣ ਲਈ 'ਪਰਹੇਜ਼' ਵੀ ਲਿਖਿਆ ਮਿਲਦਾ ਹੈ। ਹੈਰਾਨੀ ਦੀ ਗੱਲ ਹੈ ਕਿ 'ਵੈਹੀਕਲ' ਦਾ ਭਾਵ ਪਰਹੇਜ਼ ਕਿਵੇਂ ਹੋ ਗਿਆ? ਦਰਅਸਲ ਬਾਹਰੀ ਨੇ 'ਅਨੁਪਾਨ' ਲਿਖਿਆ ਹੈ ਤੇ ਇਸ ਸ਼ਬਦ ਦਾ ਮਤਲਬ ਹੁੰਦਾ ਹੈ, 'ਮਾਧਿਅਮ ਜਿਸ ਦੁਆਰਾ ਦਵਾਈ ਖਾਧੀ ਜਾਵੇ' ਜਿਵੇਂ ਪਾਣੀ ਆਦਿ। 'ਅਨੁਪਾਨ' ਨੂੰ ਪਰਹੇਜ਼ ਕਿਵੇਂ ਸਮਝਿਆ ਗਿਆ, ਇਹ ਤਾਂ ਉਹੀ ਦਸ ਸਕਦੇ ਹਨ ਪਰ ਅਰਥ ਦਾ ਜੋ ਅਨਰਥ ਹੋ ਗਿਆ, ਇਸਦਾ ਅੰਦਾਜ਼ਾ ਤੁਸੀਂ ਲਗਾ ਸਕਦੇ ਹੋ। ਕੋਈ ਭੋਲਾ ਪੰਜਾਬੀ ਦਵਾਈ ਖਾਂਦਾ ਖਾਂਦਾ 'ਵੈਹੀਕਲ' ਦਾ ਅਰਥ ਦੇਖ ਕੇ ਇਸਤੋਂ ਪਰਹੇਜ਼ ਹੀ ਕਰਨ ਲੱਗ ਪਵੇ! ਇਕ ਅੰਗਰੇਜ਼ੀ ਸ਼ਬਦ dog-tooth ਦਾ ਅਰਥ ਹੁੰਦਾ ਹੈ ਕਿਸੇ ਥਮਲੇ ਆਦਿ ਤੇ ਚਾਰ-ਪਤੀਆ ਵੇਲਬੂਟੇ ਪਰ ਇਸ ਕੋਸ਼ ਨੇ ਲਿਖ ਮਾਰਿਆ ਅਲੰਕਾਰ, ਸ਼ਿੰਗਾਰ। ਇਕ ਹੋਰ ਨਮੂਨਾ ਦੇਖੋ: ਅੰਗਰੇਜ਼ੀ ਸ਼ਬਦ levitation ਦੀ ਬਾਹਰੀ ਨੇ ਵਿਆਖਿਆ ਕੀਤੀ ਹੈ, ਵਿਅਕਤੀ ਜਾਂ ਵਸਤੂ ਦਾ ਉਤਾਂਹ ਉਠਣਾ। ਇਹ ਵਿਆਖਿਆ ਵੀ ਸਪਸ਼ਟ ਤਾਂ ਨਹੀਂ ਹੈ ਪਰ ਸਹੀ ਦੇ ਲੱਗਭਗ ਹੈ। ਇਸ ਸ਼ਬਦ ਦਾ ਮਤਲਬ ਹੁੰਦਾ ਹੈ ਕਿਸੇ ਜਾਦੂਈ ਸ਼ਕਤੀ ਨਾਲ ਸਰੀਰ ਨੂੰ ਜ਼ਮੀਨ ਤੋਂ ਉਪਰ ਉਠਾਉਣਾ। ਪਰ ਪਟਿਆਲਾ ਵਾਲੇ ਕੋਸ਼ਕਾਰਾਂ ਕੁਝ ਜ਼ਿਆਦਾ ਹੀ ਆਤਮਕ ਉਡਾਰੀ ਮਾਰ ਦਿੱਤੀ, ਉਨ੍ਹਾਂ ਅਰਥ ਲਿਖ ਦਿਤਾ 'ਆਤਮਕ ਉਡਾਰੀ'! ਢੁਕਵਾਂ ਸ਼ਬਦ ਤਾਂ ਸਾਡੇ ਕੋਲ ਹੈ ਨਹੀਂ ਪਰ ਫਿਰ ਵੀ 'ਉਥਾਪਨ' ਨਾਲ ਕੰਮ ਸਾਰਿਆ ਜਾ ਸਕਦਾ ਸੀ।

Venial ਦਾ ਅਰਥ ਹੁੰਦਾ ਹੈ, (ਗੁਨਾਹ ਜਾਂ ਪਾਪ) ਖਿਮਾਯੋਗ ਅਰਥਾਤ ਆਮ, ਪਰ ਸਾਡੇ ਬੰਦਿਆਂ ਨੇ ਪਤਾ ਨਹੀਂ ਕਿਸ ਤਰ੍ਹਾਂ ਇਸ ਨੂੰ 'ਅਵਿਨਾਸ਼ੀ' ਤੇ ਫਿਰ ਅੱਗੇ 'ਅਮਰ' ਬਣਾ ਦਿੱਤਾ ਹੈ। ਇਸ ਤਰ੍ਹਾਂ ਇਹ ਡਿਕਸ਼ਨਰੀ ਦੇਖ ਕੇ venial sin ਦਾ ਕੋਈ ਅਨੁਵਾਦ ਕਰ ਸਕਦਾ ਹੈ 'ਅਮਰ ਪਾਪ' ਜਦ ਕਿ ਇਹ 'ਸਾਧਾਰਨ ਪਾਪ' ਹੈ (ਜੋ ਬਖਸ਼ਿਆ ਜਾ ਸਕਦਾ ਹੈ!)

Elm ਦਾ ਬਾਹਰੀ ਦੇ ਅੰਗਰਜ਼ੀ-ਹਿੰਦੀ ਕੋਸ਼ ਨੇ ਅਰਥ ਦਿੱਤਾ ਹੈ 'ਦੇਵਦਾਰ ਦਰਖਤ, ਉਪਕਰ ਪੇੜ'। ਇਸ ਪ੍ਰਸੰਗ ਵਿਚ ਪਹਿਲੀ ਗੱਲ ਤਾਂ ਇਹ ਹੈ ਕਿ 'ਐਲਮ' ਦੇਵਦਾਰ ਨਹੀਂ ਹੁੰਦਾ ਕਿਉਂਕਿ 'ਐਲਮ' ਦੇ ਪੱਤੇ ਅੰਡਾਕਾਰ ਅਤੇ ਕਿੰਗਰੇਦਾਰ ਹੁੰਦੇ ਹਨ ਤੇ ਹਰ ਸਾਲ ਝੜਦੇ ਹਨ, ਜਦ ਕਿ ਸੂਈਨੁਮਾ ਪੱਤਿਆਂ ਵਾਲਾ ਦੇਵਦਾਰ ਸਦਾਬਹਾਰ ਪੇੜ ਹੈ। ਪਰ ਸਾਡੇ ਬੰਦਿਆਂ ਨੇ 'ਦੇਵਦਾਰ ਦਰਖਤ' ਦਾ 'ਦੇਵਦਾਰ ਰੁੱਖ' ਵਜੋਂ ਸੌਖਾ ਅਨੁਵਾਦ ਕਰਕੇ ਗਲਤੀ ਤਾਂ ਦੁਹਰਾਈ ਹੈ ਹੀ, ਨਾਲ 'ਉਪਕਰ' ਨੂੰ 'ਉਪਕਾਰ' ਸਮਝਦਿਆਂ 'ਉਪਕਾਰ ਪੇੜ' ਲਿਖ ਕੇ ਇਕ ਹੋਰ ਪਰਉਪਕਾਰ ਕਰ ਦਿੱਤਾ ਹੈ। ਮੈਨੂੰ ਤਾਂ ਬਾਹਰੀ ਦੇ ਉਪਕਰ ਸ਼ਬਦ ਦੀ ਵੀ ਸਮਝ ਨਹੀਂ ਲੱਗੀ।

Velum ਸ਼ਬਦ ਦਾ ਇਕ ਅਰਥ 'ਝਿੱਲੀ' ਤੇ ਦੂਜਾ 'ਕੋਮਲ ਤਾਲੂ' ਅਰਥਾਤ ਸਾਡੇ ਤਾਲੂ ਦਾ ਪਿਛਲਾ ਪਾਸਾ ਹੁੰਦਾ ਹੈ। ਪਰ ਪਟਿਆਲਾ ਵਾਲਿਆਂ ਲਿਖਿਆ ਹੈ: ਪਰਦਾ, ਪਟਕਾ, ਪਰਨਾ। ਏਥੇ ਪਰਦਾ ਤਾਂ ਕੁਝ ਹੱਦ ਤੱਕ ਠੀਕ ਹੈ ਪਰ ਫਿਰ ਪਰਦੇ ਤੋਂ ਪਟਕਾ ਤੇ ਅੱਗੇ ਪਰਨਾ ਤਾਂ ਸਿਰਫ਼ ਪੀਣਕ ਵਿਚ ਆ ਕੇ ਹੀ ਲਿਖੇ ਜਾ ਸਕਦੇ ਹਨ। ਪਰਨੇ ਤੋਂ ਅੱਗੇ ਪੋਣਾ, ਪੋਚਾ, ਸਾਫ਼ਾ, ਤੌਲੀਆ...ਬਥੇਰਾ ਕੱਪੜਖਾਨਾ ਪਿਆ ਹੈ, ਕੋਸ਼ ਵਿਚ ਜਗ੍ਹਾ ਹੀ ਨਹੀਂ ਹੈ।

Bobbinet ਦੀ ਬਾਹਰੀ ਨੇ ਵਿਆਖਿਆ ਇਸ ਤਰ੍ਹਾਂ ਕੀਤੀ ਹੈ, 'ਤਕੀਏ ਉਪਰ ਫਿਰਕੀ ਦੁਆਰਾ ਬੁਨੀ ਹੁਈ ਜਾਲੀ।' ਬਾਹਰੀ ਦੀ ਇਹ ਵਿਆਖਿਆ ਠੀਕ ਨਹੀਂ ਪਰ ਸਾਡੇ ਬੰਦਿਆਂ ਨੇ ਇਸ ਦਾ ਜੋ ਅਨੁਵਾਦ ਕੀਤਾ ਹੈ ਉਹ ਹੋਰ ਵੀ



*ਅੰਗਰੇਜ਼ੀ ਕੋਸ਼ਕਾਰ ਸੈਮੂਅਲ ਜੌਨਸਨ ਜਿਸਨੇ 18ਵੀਂ ਸਦੀ 'ਚ ਅੰਗਰੇਜ਼ੀ ਡਿਕਸ਼ਨਰੀ ਬਣਾਈ। ਇਸਦੇ ਕੋਸ਼ ਨੂੰ "ਇਕੋ ਬੰਦੇ ਦੀ ਵਿਦਵਤਾ ਦੀ ਮਹਾਨਤਮ ਪ੍ਰਾਪਤੀ" ਮੰਨਿਆ ਗਿਆ ਹੈ।*

ਚਾਰ ਚੰਦ ਲਾਉਂਦਾ ਹੈ, 'ਸਿਰਹਾਣੇ ਉਪਰ ਕਢੀ ਹੋਈ ਜਾਲੀਦਾਰ ਵੇਲਾ' 'ਜਾਲੀਦਾਰ ਵੇਲ' ਦੀ ਜਗ੍ਹਾਂ 'ਵੇਲਦਾਰ ਜਾਲੀ' ਲਿਖਿਆ ਜਾਂਦਾ ਫਿਰ ਵੀ ਘਟ ਘਟ ਹਿੰਦੀ ਦਾ ਅਨੁਵਾਦ ਤਾਂ ਠੀਕ ਹੁੰਦਾ ਕਿਉਂਕਿ ਆਖਿਰ ਸ਼ਬਦ ਤਾਂ ਇਕ ਜਾਲੀ ਦਾ ਹੀ ਸੰਕੇਤਕ ਹੈ। 'ਬਾਬੀਨੈਟ' 'ਮਸ਼ੀਨ ਦੁਆਰਾ ਬੁਣੀ ਜਾਲੀ' ਹੈ ਨਾ ਕਿ ਤਕੀਏ ਜਾਂ ਸਿਰਹਾਣੇ ਉਤੇ। ਅਸਲ ਵਿਚ 'ਬਾਬੀਨੈਟ' ਸ਼ਬਦ ਇਸ਼ਾਰਾ ਹੀ ਇਸ ਗੱਲ ਵੱਲ ਕਰਦਾ ਹੈ ਕਿ ਇਸਨੂੰ ਬੁਣਨ ਵਿਚ ਸਿਰਹਾਣੇ ਦੀ ਨਹੀਂ ਬਲਕਿ ਮਸ਼ੀਨ ਦੀ ਵਰਤੋਂ ਕੀਤੀ ਜਾਂਦੀ ਹੈ। ਸਿਰਹਾਣੇ ਦੁਆਲੇ ਬੁਣੀ ਜਾਲੀ ਨੂੰ 'ਪਿਲੋ ਲੇਸ' ਕਿਹਾ ਜਾਂਦਾ ਸੀ। ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਇਹ ਲੇਸ ਬੁਣਨ ਲਈ ਸਿਰਹਾਣੇ ਦੀ ਆਧਾਰ ਵਜੋਂ ਵਰਤੋਂ ਕੀਤੀ ਜਾਂਦੀ ਸੀ ਨਾ ਕੇ ਸਿਰਹਾਣੇ ਨੂੰ ਲੇਸ ਨਾਲ ਸ਼ਿੰਗਾਰਿਆ ਜਾਂਦਾ ਸੀ।

ਸਬਕ ਮਿਲਦਾ ਹੈ ਕਿ ਕੋਸ਼ਕਾਰ ਨੂੰ ਪਹਿਲਾਂ ਅੰਗਰੇਜ਼ੀ ਸ਼ਬਦ ਦਾ ਅਸਲ ਭਾਵ ਕਈ ਅੰਗਰੇਜ਼ੀ ਦੇ ਕੋਸ਼ ਦੇਖ ਕੇ ਆਪਣੇ ਮਨ ਵਿਚ ਵਸਾਉਣਾ ਚਾਹੀਦਾ ਹੈ। ਮੁਕਾਬਲੇ ਦੇ ਢੁਕਵੇਂ ਪੰਜਾਬੀ ਸ਼ਬਦ ਦੀ ਭਾਲ ਬਾਅਦ ਵਿਚ ਸ਼ੁਰੂ ਹੁੰਦੀ ਹੈ। ਮੁਕਦੀ ਗੱਲ ਡਿਕਸ਼ਨਰੀ ਲਿਖਣ ਤੋਂ ਪਹਿਲਾਂ ਖੁਦ ਡਿਕਸ਼ਨਰੀ ਦੇਖਣੀ ਆਉਣੀ ਚਾਹੀਦੀ ਹੈ।

ਕੋਸ਼ਕਾਰੀ ਦੇ ਕੰਮ ਵਿਚ ਦਰਪੇਸ਼ ਸਮਸਿਆਵਾਂ ਅਤੇ ਹੁੰਦੀਆਂ ਗਲਤੀਆਂ ਦਾ ਕੋਈ ਅੰਤ ਨਹੀਂ। ਮੈਂ ਕੇਵਲ ਪੂਣੀ ਹੀ ਛੋਹੀ ਹੈ, ਹਮ-

(ਬਾਕੀ ਸਫਾ 30 'ਤੇ)

# ਚੰਨ ਦਾ ਪੁੱਠਾ ਪਾਸਾ ਚੰਨ ਦਾ ਸਿਧਾ ਪਾਸਾ

## ਯੂਨਾਨੀ ਸ਼ਾਇਰਾ ਕੈਤੇਰਿਨਾ ਐਂਗੇਲਾਕੀ ਰੂਕ ਨਾਲ ਅਮ੍ਰਿਤਾ ਪ੍ਰੀਤਮ ਦੀ ਇਕ ਮੁਲਾਕਾਤ

**ਅੰ:** ਰੂਕ! ਮੈਂ ਤੇਰੇ ਤੋਂ ਵਾਕਿਫ ਹਾਂ-ਤੇਰੀ ਇਕ ਨਜ਼ਮ ਨੇ ਦੋ ਵਰ੍ਹੇ ਹੋਏ ਮੇਰੇ ਨਾਲ ਤੇਰੀ ਵਾਕਫੀ ਕਰਵਾਈ ਸੀ! ਦੁਨੀਆਂ ਦੀ ਹਰ ਮਸ਼ਹੂਰ ਸ਼ਾਇਰਾ ਦੀ ਇਕ ਇਕ ਨਜ਼ਮ ਲੈ ਕੇ ਅਮਰੀਕਾ ਨੇ ਜੋ ਕਿਤਾਬ ਛਾਪੀ ਸੀ 'ਦਾ ਅਦਰ ਵਾਇਸ' ਉਹਦੇ ਵਿਚ ਮੈਂ ਤੇਰੀ ਨਜ਼ਮ ਪੜ੍ਹੀ ਸੀ।

**ਰੂਕ:** ਅੰਮ੍ਰਿਤਾ! ਮੈਂ ਵੀ ਤੇਰੀ ਸਿਰਫ਼ ਇਕੋ ਨਜ਼ਮ ਤੋਂ ਵਾਕਿਫ਼ ਹਾਂ-ਉਹੀ ਜੋ ਉਸ ਕਿਤਾਬ ਵਿਚ ਛਪੀ ਸੀ। ਬਹੁਤ ਤਗੜੀ ਨਜ਼ਮ ਹੈ ''ਅੰਨਦਾਤਾ'' ਉਹਦੇ ਵਿਚ ਕਦੀਮੀ ਐਪਰੋਚ ਵੀ ਹੈ-ਤੇ ਅੱਜ ਦੀ ਦਾਨਾਈ ਵੀ...

**ਅੰ:** ਰੂਕ ਤੇਰੀ ਨਜ਼ਮ ਦੀਆਂ ਕੁਝ ਸਤਰਾਂ ਹਨ;

ਮਾਂ ਦਾ ਸੁਖਾਸਨ ਸਖ਼ਤ ਹੋ ਗਿਆ/ਪਰ ਤਾਂ ਵੀ ਮੈਂ ਬੈਠੀ ਹਾਂ/ਮੈਂ ਜੁ ਕਦੇ ਨਹੀਂ ਜੰਮੀ/ਸਿਰਫ ਮੌਜੂਦ ਹਾਂ/ਇਸ ਜੱਗ ਦੀਆਂ ਕੰਧਾਂ-ਚਾਨਣ ਦੇ ਚੂਰੇ ਦੀਆਂ ਛਿੜਕੀਆਂ/ ਮੈਂ ਜਦੋਂ ਵੀ ਛੋਂਹਦੀ/ ਜ਼ਖ਼ਮੀ ਜਹੀ ਹੁੰਦੀ...

ਤੇ ਘੰਟਿਆਂਬੱਧੀ ਮੈਂ ਵੇਖਦੀ ਕਿ ਪਿੰਡੇ ਦੀ ਚਮੜੀ ਸਾਹ ਲੈਂਦੀ/ ਤਕਦੀਰ ਦੀਆਂ ਲੀਕਾਂ ਹੋਰ ਚਿੜ੍ਹਦੀਆਂ/ ਇਹ ਭਵਿੱਖਹੀਣ ਤਲੀ ਦੀਆਂ ਲੀਕਾਂ/ ਕਿਉਂਕਿ ਮੈਂ ਨੰਗੀ ਮੌਤ ਦੇ ਦੁਆਲੇ ਕਦੇ ਝੂਠ ਨਹੀਂ ਉਣਦੀ...

ਦੋਸਤ! ਚਾਨਣ ਦੇ ਚੂਰੇ ਨਾਲ ਛਿੜਕੀਆਂ ਜੱਗ ਦੀਆਂ ਕੰਧਾਂ ਨੂੰ ਖਰੋਚਣ ਵਾਲੀ ਇਹ ਨਜ਼ਮ ਤੂੰ ਕਿਹੜੇ ਦਰਦ ਵਿਚੋਂ ਲਿਖੀ ਸੀ?

**ਰੂਕ:** ਹੋਂਦ ਦੇ ਦਰਦ ਵਿਚੋਂ। ਕੁੱਖ ਦੀਆਂ ਕੰਧਾਂ ਵਿਚ ਵਲੀ ਗਈ ਹੋਂਦ ਦੇ ਦਰਦ ਵਿਚੋਂ।

**ਅੰ:** ਯੂਨਾਨ ਵਿਚ ਔਰਤ ਦੀ ਹੋਂਦ ਦਾ ਦਰਦ, ਮਰਦ ਦੀ ਹੋਂਦ ਨਾਲੋਂ ਕਿਵੇਂ ਤੇ ਕਿਸ ਤਰ੍ਹਾਂ ਵੱਖਰਾ ਹੈ?

**ਰੂਕ:** ਮੈਂ ਤੇਰੇ ਸਵਾਲ ਤੋਂ ਖੁਸ਼ ਹਾਂ। ਔਰਤ ਦੀ ਹੋਂਦ ਦਾ ਦਰਦ, ਮਰਦ ਦੀ ਹੋਂਦ ਦੇ ਦਰਦ ਨਾਲੋਂ ਛੋਟਾ ਜਾਂ ਵੱਡਾ ਨਹੀਂ ਹੁੰਦਾ, ਵੱਖਰਾ ਹੁੰਦਾ ਹੈ। ਔਰਤ-ਜ਼ਿੰਦਗੀ ਦੇ ਲੰਬੇ ਤੇ ਲਗਾਤਾਰ ਸਿਲਸਿਲੇ ਤੋਂ ਮਰਦ ਨਾਲੋਂ ਵਧ ਜਾਣੂ ਹੈ। ਏਸੇ ਲਈ ਉਹਦਾ ਦਰਦ ਵੱਖਰਾ ਹੈ। ਬੀਤਦੇ ਵੇਲੇ ਦੀ ਉਹਨੂੰ ਬਹੁਤ ਚੇਤਨਾ ਹੁੰਦੀ ਹੈ-ਉਹ ਜ਼ਿੰਦਗੀ ਨੂੰ ਹੱਥਾਂ ਨਾਲ ਛੋਹ ਕੇ ਪਕੜ ਕੇ ਵੇਖਦੀ ਹੈ, ਤੇ ਇਹ ਵੀ ਕਿ ਜ਼ਿੰਦਗੀ, ਉਹਦੀਆਂ ਉਂਗਲਾਂ ਵਿਚੋਂ ਬੇਵਸੋ ਕਿਰਦੀ ਜਾਂਦੀ ਹੈ...

**ਅੰ:** ਨੰਗੀ ਮੌਤ ਦੇ ਦੁਆਲੇ ਝੂਠ ਨਾ ਉਣਨ ਦੀ ਗੱਲ ਪਿੱਛੇ ਕਿਹੋ ਜਿਹਾ ਤਜ਼ੁਰਬਾ ਹੈ?

**ਰੂਕ:** ਮੈਂ ਕਿਸੇ ਮਜ਼ਹਬ ਵਿਚ ਯਕੀਨ ਨਹੀਂ ਕਰਦੀ। ਏਸੇ ਲਈ ਆਪਣੀ ਲਾਸ਼ ਨੂੰ ਕਿਸੇ ਲਾਰੇ ਨਾਲ ਕੱਜਣਾ ਨਹੀਂ ਲੋਚਦੀ। ਆਪਣੀ ਮੌਤ ਦਾ ਨੰਗੇਜ਼ ਮੇਰੇ ਲਈ ਸੱਚ ਹੈ। ਮੇਰੀ ਸਾਰੀ ਸ਼ਾਇਰੀ ਅਜਿਹੇ ਅੰਤ ਨੂੰ ਸਾਹਮਣੇ ਰੱਖ ਕੇ-ਜੀਊਣ ਦਾ ਯਤਨ ਹੈ। ਰੱਜ ਕੇ ਜੀਊਣ ਦਾ।

**ਅੰ:** ਰੂਕ! ਤੂੰ ਮੁਹੱਬਤ ਦੀ ਇੰਤਹਾ ਆਪਣੀ ਕਿਹੜੀ ਉਮਰ ਵਿਚ ਵੇਖੀ ਸੀ?

**ਰੂਕ:** ਮੈਨੂੰ ਆਪਣੀ ਉਮਰ ਦਾ ਕੋਈ ਵੀ ਉਹ ਵੇਲਾ ਚੇਤੇ ਨਹੀਂ, ਜਦੋਂ ਮੈਂ ਮੁਹੱਬਤ ਤੋਂ ਵਿਰਵੀ ਹੁੰਦੀ ਹਾਂ ਪਰ ਇਹ ਯਾਦ ਹੈ ਕਿ ਪਹਿਲੀ ਵਾਰ ਮੁਹੱਬਤ ਦਾ ਤਬਾਹਕੁਨ ਪਾਸਾ ਕਦੋਂ ਵੇਖਿਆ ਸੀ। ਮੁਹੱਬਤ ਦੀ ਸਖਤ ਦੀਵਾਨਗੀ- ਮੌਤ ਹੋ ਸਕਦੀ ਹੈ ਜਾਂ ਸ਼ਖਸੀਅਤ ਦੀ ਮੌਤ, ਇਹ ਭੇਤ ਮੈਂ ਉਨ੍ਹੀਆਂ ਵਰ੍ਹਿਆਂ ਦੀ ਉਮਰ ਵਿਚ ਜਾਣਿਆ ਸੀ, ਪਹਿਲੀ ਵਾਰ। ਉਸਤੋਂ ਬਾਅਦ ਏਸੇ ਸੱਚ ਨੂੰ ਸਾਬਤ ਕਰਨ ਵਾਲੇ ਹੋਰ ਤਜ਼ੁਰਬੇ ਹੋਏ। ਬਹੁਤ ਦਰਦਨਾਕ ਤਜ਼ੁਰਬੇ। ਚੰਨ ਨੂੰ ਪੁੱਠੇ ਪਾਸਿਉਂ ਵੇਖਣ ਵਾਲੇ। ਪਰ ਮੈਂ ਤੂਫ਼ਾਨਾਂ ਵਿਚੋਂ ਬਚ ਆਈ ਬੇੜੀ ਵਰਗੀ ਹਾਂ...

**ਅੰ:** ਰੂਕ! ਦੀਵਾਨਗੀ ਉਦੋਂ ਤਬਾਹ ਕਰਦੀ ਹੈ ਜਦੋਂ ਬੇੜੀ ਦਾ ਕੋਈ ਚੱਪੂ ਨਹੀਂ ਹੁੰਦਾ। ਇਸ਼ਕ ਦੀ ਬੇੜੀ ਦਾ ਯਾਤਰੂ ਵੀ ਇਕੱਲਾ ਹੁੰਦਾ ਹੈ ਪਰ ਮਹਿਬੂਬ ਤਾਂ ਬੇੜੀ ਦਾ ਬਾਦਬਾਂ ਹੁੰਦਾ ਹੈ-ਚੱਪੂ ਵੀ, ਜੋ ਉਹਨੂੰ ਕਿਨਾਰੇ ਤੇ ਲਾਂਦਾ ਹੈ...

**ਰੂਕ:** ਹਮੇਸ਼ਾ ਨਹੀਂ। ਕਦੇ ਉਹ ਕਿਨਾਰੇ ਦੀ ਥਾਂ ਬੇੜੀ ਨੂੰ ਡੂੰਘੀਆਂ ਛੱਲਾਂ ਵਿਚ ਲੈ ਜਾਂਦਾ ਹੈ-ਚੜ੍ਹੇ ਭਰੇ ਸਮੁੰਦਰ ਦੀਆਂ ਛੱਲਾਂ ਵਿਚ। ਸ਼ਾਇਦ ਇਹ ਪੂਰਬੀ ਦੇਸਾਂ ਦੀ ਮੁਹੱਬਤ ਦੀ ਦਾਸਤਾਨ ਨਹੀਂ, ਪਰ ਪੱਛਮੀ ਦੇਸਾਂ ਦੀ ਇਹੋ ਦਾਸਤਾਨ ਹੈ...

**ਅੰ:** ਹੁਣ ਇਹ ਦਾਸਤਾਨ ਪੂਰਬੀ ਦੇਸਾਂ ਦੀ ਵੀ ਹੈ, ਵਕਤ ਬਹੁਤ ਬਦਲ ਚੁੱਕਾ ਹੈ। ਅੱਛਾ ਇਹ ਦੱਸ! ਚੰਨ ਦਾ ਸਿੱਧਾ ਪਾਸਾ ਫੇਰ ਕਦੋਂ ਵੇਖਿਆ?

**ਰੂਕ:** ਦੋਵੇਂ ਪਾਸੇ ਹਮੇਸ਼ਾਂ ਵੇਖਦੀ ਰਹੀ ਹਾਂ-ਹੁਣ ਵੀ। ਕਿਸੇ ਪਲ ਚੰਨ ਦਾ ਪੁੱਠਾ ਪਾਸਾ, ਤੇ ਕਿਸੇ ਪਲ ਚੰਨ ਦਾ ਸਿੱਧਾ ਪਾਸਾ। ਮੇਰਾ ਖ਼ਿਆਲ ਹੈ ਵਧੀਆ ਸ਼ਾਇਰੀ, ਇਸ ਦੂਹਰੇ ਕਰਮ ਦੇ ਤਜ਼ੁਰਬੇ ਤੋਂ ਬਿਨਾ ਪੈਦਾ ਨਹੀਂ ਹੁੰਦੀ। ਇਹੋ ਸ਼ਾਇਰੀ ਦਾ ਸੁਖ ਹੈ, ਇਹੋ ਦੁੱਖ।

**ਅੰ:** ਰੂਕ ਤੂੰ ਯੂਨਾਨੀ ਔਰਤ ਹੋ ਕੇ ਆਪਣੇ ਲਈ ਯੂਨਾਨੀ ਮਰਦ ਨਹੀਂ ਚੁਣਿਆ, ਅੰਗ੍ਰੇਜ਼ ਮਰਦ ਚੁਣਿਆ ਹੈ, ਕੋਈ ਖਾਸ ਕਾਰਨ?

**ਰੂਕ:** ਬਹੁਤ ਖਾਸ ਕਾਰਨ ਹੈ। ਮੈਂ ਚੌਦਾਂ ਵਰ੍ਹਿਆਂ ਦੀ ਸਾਂ, ਜਦੋਂ ਸਹੁੰ ਖਾਧੀ ਸੀ ਕਿ ਮੈਂ ਕਿਸੇ ਯੂਨਾਨੀ ਮਰਦ ਨੂੰ ਇਸ਼ਕ ਨਹੀਂ ਕਰਾਂਗੀ...ਜਾਣ ਗਈ ਸਾਂ ਕਿ ਕੋਈ ਜ਼ਹੀਨ ਮਰਦ, ਜਹੀਨ ਯੂਨਾਨੀ ਔਰਤ ਨੂੰ ਬੀਵੀ ਦੇ ਤੌਰ 'ਤੇ ਬਰਦਾਸ਼ਤ ਨਹੀਂ ਕਰ ਸਕਦਾ। ਦੋ ਬੜੀਆਂ ਦੁਖਦਾਈ ਮਿਸਾਲਾਂ ਵੇਖੀਆਂ। ਇਕ ਬਹੁਤ ਪਿਆਰੀ ਮੇਰੀ ਦੋਸਤ ਸ਼ਾਇਰਾ ਨੇ ਆਪਣੇ ਸਮਕਾਲੀ ਸ਼ਾਇਰ ਨੂੰ ਇਸ਼ਕ ਕੀਤਾ, ਵਿਆਹ ਕੀਤਾ। ਉਹ ਮਰਦ ਨਾਲੋਂ ਕੁਝ ਬਹੁਤੀ ਜ਼ਹੀਨ ਸੀ, ਉਹ ਖੂਬੀ ਉਹਦਾ ਕਸੂਰ ਬਣ ਗਈ। ਅੱਜ ਉਹ ਉਦਾਸ ਔਰਤ, ਸਿਰਫ ਬੱਚੇ ਜੰਮਦੀ ਤੇ ਪਾਲਦੀ ਹੈ। ਇਹੋ ਜਿਹੀਆਂ ਹੋਰ ਵੀ ਮਿਸਾਲਾਂ ਹਨ, ਪਰ ਦੋ ਬਹੁਤ ਵੱਡੀਆਂ ਸ਼ਾਇਰ ਕੁੜੀਆਂ ਨੂੰ ਮੈਂ ਅੱਖੀਂ ਤਬਾਹ ਹੁੰਦਿਆਂ ਵੇਖਿਆ ਸੀ...

**ਅੰ:** ਰੂਕ! ਤੇਰਾ ਅੰਗ੍ਰੇਜ਼ ਖਾਵੰਦ ਪਿਆਰਾ ਤੇ ਮਿਹਰਬਾਨ ਮਰਦ ਹੈ?

**ਰੂਕ:** ਬਹੁਤ ਪਿਆਰਾ ਤੇ ਦੁਨੀਆਂ ਦਾ ਸਭ ਤੋਂ ਮਿਹਰਬਾਨ ਮਰਦ। ਅੱਜ ਮੇਰੇ ਵਿਆਹ ਨੂੰ ਸੋਲਾਂ ਵਰ੍ਹੇ ਹੋ ਗਏ ਹਨ...

**ਅੰ:** ਵੱਖੋ ਵੱਖ ਸੱਭਿਅਤਾ ਦੀ ਕਦੇ ਉਲਝਣ ਨਹੀਂ ਹੁੰਦੀ?

**ਰੂਕ:** ਨਹੀਂ-ਸਗੋਂ ਨਿੱਤ ਨਵਾਂ ਕੁਝ ਮੈਨੂੰ ਉਹਦੇ ਵਿਚੋਂ ਲੱਭਦਾ ਹੈ, ਤੇ ਨਿੱਤ ਨਵਾਂ ਉਹਨੂੰ ਮੇਰੇ ਵਿਚੋਂ। ਉਹ ਮੇਰੀ ਜ਼ਬਾਨ ਵੀ ਵਧੀਆ ਜਾਣਦਾ ਹੈ, ਤੇ ਮੈਂ ਉਹਦੀ ਜ਼ਬਾਨ ਅੰਗ੍ਰੇਜ਼ੀ ਸਿੱਖ ਲਈ ਹੋਈ ਹੈ। ਉਹ ਏਥਨਜ਼ ਵਿਚ ਲਾਇਬ੍ਰੇਰੀਅਨ ਹੈ-ਸੋ ਉਹਦਾ ਵਾਹ ਵੀ ਹਮੇਸ਼ਾਂ ਕਿਤਾਬਾਂ ਨਾਲ ਪੈਂਦਾ ਹੈ, ਤੇ ਮੈਂ ਅੰਗ੍ਰੇਜ਼ੀ, ਰੂਸੀ, ਫ਼ਰੈਂਚ ਤੋਂ ਕਦੇ ਆਪਣੀ ਜ਼ਬਾਨ ਵਿਚ ਤਰਜ਼ੁਮਾ ਕਰਦੀ ਹਾਂ, ਕਦੇ ਆਪਣੀ ਤੋਂ ਇਨ੍ਹਾਂ ਸਭ ਜਬਾਨਾਂ ਵਿਚ ਤਰਜੁਮਾ ਕਰਦੀ ਹਾਂ। ਏਸ ਲਈ ਘਰ ਵਿਚ ਵੀ ਮੈਂ ਤੇ ਉਹ ਕਿਤਾਬਾਂ ਨਾਲ ਜੀਊਂਦੇ ਜਾਗਦੇ ਹਾਂ। ਮੇਰਾ ਬੱਚਾ ਕੋਈ ਨਹੀਂ-ਪਰ ਕਿਤਾਬਾਂ ਦੀ ਸ਼ਕਲ ਵਿਚ ਮੇਰੇ ਗਿਆਰਾਂ ਬੱਚੇ ਹਨ। ਪੰਜ ਮੇਰੇ ਕਾਵਿ ਸੰਗ੍ਰਹਿ ਤੇ ਛੇ ਦੂਜੀਆਂ ਜ਼ਬਾਨਾਂ ਦੀ ਸ਼ਾਇਰੀ ਤੇ ਤਰਜ਼ੁਮਾ ਸੰਗ੍ਰਹਿ।

**ਅੰ:** ਰੂਕ! ਤੂੰ ਆਪਣੇ ਲਈ ਗ਼ੈਰ ਯੂਨਾਨੀ ਮਰਦ ਲੱਭ ਕੇ ਜ਼ਿੰਦਗੀ ਦਾ ਰਾਹ ਲੱਭ ਲਿਆ, ਪਰ ਤੇਰੇ ਮੁਲਕ ਵਿਚ ਜੋ ਹੋਰ ਜ਼ਹੀਨ ਸ਼ਾਇਰਾ ਹਨ ਉਹ ਕੀ ਸੋਚਦੀਆਂ ਹਨ?

**ਰੂਕ:** ਉਹ ਸੱਚੀ ਮੁੱਚੀ ਇਕ ਔਖੇ ਵੇਲੇ ਵਿਚੋਂ ਗੁਜ਼ਰ ਰਹੀਆਂ ਹਨ। ਸ਼ਾਇਰ ਵੀ ਰਹਿਣਾ, ਤੇ ਬੀਵੀ ਵੀ ਬਣਨਾ, ਇਹ ਦੋਵੇਂ ਗੱਲਾਂ ਇਕੋ ਛੱਤ ਹੇਠਾਂ ਨਹੀਂ ਪਲਦੀਆਂ। ਕਈਆਂ ਨੇ ਉੱਕਾ ਵਿਆਹ ਨਹੀਂ ਕੀਤੇ। ਜਿਨ੍ਹਾਂ ਨੇ ਕੀਤੇ ਹਨ-ਬਹੁਤੀਆਂ ਨੇ ਤਲਾਕ ਲੈ ਲਏ ਹਨ। ਜਿਨ੍ਹਾਂ ਨੇ ਤਲਾਕ ਨਹੀਂ ਲਏ, ਉਹ ਘਰ ਦੇ ਚੌਂਕੇ ਵਿਚ ਬਹਿ ਕੇ ਹਉਕੇ ਭਰ ਰਹੀਆਂ ਹਨ...ਤੈਨੂੰ ਹੁਣੇ ਜਹੇ ਦੀ ਇਕ ਗੱਲ ਸੁਣਾਵਾਂ-ਇਕ ਸ਼ਾਇਰਾ ਕੋਲੋਂ ਇਕ ਅਖ਼ਬਾਰ ਨੇ ਨਜ਼ਮ ਮੰਗੀ, ਉਹਨੇ ਡਰ ਕੇ ਜਵਾਬ ਦਿਤਾ ''ਪਹਿਲਾਂ ਮੇਰੇ ਖਾਵੰਦ ਕੋਲੋਂ ਇਜਾਜ਼ਤ ਲੈ ਲਵੋ'' ਉਹਨੂੰ ਪਤਾ ਸੀ ਕਿ ਜੇ ਉਹ ਖਾਵੰਦ ਦੀ ਇਜਾਜ਼ਤ ਤੋਂ ਬਿਨਾਂ ਨਜ਼ਮ ਛਪਣੀ ਦੇ ਦੇਵੇਗੀ ਤਾਂ ਘਰ ਵਿਚ ਲੜਾਈ ਪੈ ਜਾਏਗੀ।

**ਅੰ:** ਰੂਕ! ਸੁਕਰਾਤ, ਪਲੈਟੋ ਤੇ ਕਾਜ਼ਾਨ ਜਾਕਿਸ ਦੇ ਦੇਸ਼ ਵਿਚ ਇਹ ਵੀ ਹੋ ਸਕਦਾ ਹੈ-ਮੇਰੇ ਕੋਲੋਂ ਸੋਚਿਆ ਨਹੀਂ ਜਾਂਦਾ...

**ਰੂਕ:** ਅੰਮ੍ਰਿਤਾ! ਸਮੇਂ ਦਾ ਗੇੜ ਅਜੀਬ ਪੁੱਠਾ ਸਿੱਧਾ ਤੁਰਦਾ ਪਿਆ ਹੈ। ਰਹਿਣੀ ਬਹਿਣੀ ਵਲੋਂ ਅਸੀਂ ਅੱਗੇ ਨਾਲੋਂ ਬਹੁਤੇ ਪੱਛਮੀ ਹੋ ਗਏ ਹਾਂ। ਮਾਡਰਨਾਈਜੇਸ਼ਨ ਵਲੋਂ। ਪਰ ਸੰਸਕਾਰਾਂ ਵਲੋਂ ਬਿਲਕੁਲ ਨਹੀਂ ਬਦਲੇ। ਤਨ ਪੁਰਾਣਾ ਹੈ, ਪਰ ਤਨ ਦੇ ਵੇਸ ਨਵੇਂ ਹਨ।

**ਅੰ:** ਯੂਨਾਨ ਵਿਚ ਸ਼ਾਇਰ ਔਰਤਾਂ ਬਹੁਤ ਹਨ, ਪਰ ਕਹਾਣੀਕਾਰ ਜਾਂ ਨਾਵਲਕਾਰ ਵੀ ਹਨ?

**ਰੂਕ:** ਬਹੁਤ ਥੋੜ੍ਹੀਆਂ। ਕਹਾਣੀ ਹੁਣ ਨਹੀਂ ਲਿਖੀ ਜਾਂਦੀ। ਮਰਦ-ਲੇਖਕ ਵੀ ਨਹੀਂ ਲਿਖਦੇ। ਲੰਬੇ ਨਾਵਲ ਵੀ ਘੱਟ ਲਿਖੇ ਜਾਂਦੇ ਹਨ-ਅੱਜ ਕੱਲ੍ਹ ਸਿਰਫ਼ ਛੋਟੇ ਨਾਵਲ ਲਿਖੇ ਜਾਂਦੇ ਹਨ।

ਖਾਸ ਕਰ ਨਵੀਂ ਪੀੜ੍ਹੀ ਦੇ ਅਦੀਬ ਨਾਵਲ ਹੀ ਲਿਖਦੇ ਹਨ। ਕੁਝ ਔਰਤਾਂ ਹਨ-ਜੋ ਨਸਰ ਲਿਖਦੀਆਂ ਹਨ, ਪਰ ਘੱਟ। ਸਵੈ-ਜੀਵਨੀ ਵੀ ਅਕਸਰ ਨਹੀਂ ਲਿਖੀ ਜਾਂਦੀ। ਕੋਈ ਔਰਤ ਆਪਣੀ ਸਵੈਜੀਵਨੀ ਲਿਖੇ-ਇਹਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

> ***ਸ਼ਾਇਰ ਵੀ ਰਹਿਣਾ, ਤੇ ਬੀਵੀ ਵੀ ਬਣਨਾ, ਇਹ ਦੋਵੇਂ ਗੱਲਾਂ ਇਕੋ ਛੱਤ ਹੇਠਾਂ ਨਹੀਂ ਪਲਦੀਆਂ। ਕਈਆਂ ਨੇ ਉੱਕਾ ਵਿਆਹ ਨਹੀਂ ਕੀਤੇ। ਜਿਨ੍ਹਾਂ ਨੇ ਕੀਤੇ ਹਨ-ਬਹੁਤੀਆਂ ਨੇ ਤਲਾਕ ਲੈ ਲਏ ਹਨ। ਜਿਨ੍ਹਾਂ ਨੇ ਤਲਾਕ ਨਹੀਂ ਲਏ, ਉਹ ਘਰ ਦੇ ਚੌਂਕੇ ਵਿਚ ਬਹਿ ਕੇ ਹਉਕੇ ਭਰ ਰਹੀਆਂ ਹਨ...ਤੈਨੂੰ ਹੁਣੇ ਜਹੇ ਦੀ ਇਕ ਗੱਲ ਸੁਣਾਵਾਂ-ਇਕ ਸ਼ਾਇਰਾ ਕੋਲੋਂ ਇਕ ਅਖ਼ਬਾਰ ਨੇ ਨਜ਼ਮ ਮੰਗੀ, ਉਹਨੇ ਡਰ ਕੇ ਜਵਾਬ ਦਿਤਾ ''ਪਹਿਲਾਂ ਮੇਰੇ ਖਾਵੰਦ ਕੋਲੋਂ ਇਜਾਜ਼ਤ ਲੈ ਲਵੋ'' ਉਹਨੂੰ ਪਤਾ ਸੀ ਕਿ ਜੇ ਉਹ ਖਾਵੰਦ ਦੀ ਇਜਾਜ਼ਤ ਤੋਂ ਬਿਨਾਂ ਨਜ਼ਮ ਛਪਣੀ ਦੇ ਦੇਵੇਗੀ ਤਾਂ ਘਰ ਵਿਚ ਲੜਾਈ ਪੈ ਜਾਏਗੀ।***

## ਸਿਆਣਿਆਂ ਦਾ ਕਿਹਾ

(1) ਸਿੱਖ ਧਰਮ ਪੈਦਾ ਹੀ ਮਜਲੂਮਾਂ ਦੀ ਰਾਖੀ ਲਈ ਹੋਇਆ ਸੀ ਪਰ ਅੱਜ ਸਿੱਖ ਧਰਮ ਦੀ ਆਪਣੀ ਹੋਂਦ ਨੂੰ ਖਤਰਾ ਪੈਦਾ ਹੋ ਗਿਆ ਹੈ।

(2) ਕਾਂਗਰਸੀ ਲੀਡਰ ਕੌਮਪ੍ਰਸਤੀ ਦੇ ਬੁਰਕੇ ਵਿਚ ਲੁਕੇ ਫਿਰਕਾਪ੍ਰਸਤ ਹਨ।

(3) ਜਦੋਜਹਿਦ ਕਰਨ ਵਾਲੇ ਇਤਿਹਾਸ ਨੇ ਹਮੇਸ਼ਾ ਮਰਜੀਵੜਿਆਂ ਦੇ ਗਲ ਜਿੱਤ ਦੇ ਹਾਰ ਪਾਏ ਹਨ।

(4) ਰਾਜਸੀ ਤਾਕਤ ਤੋਂ ਬਿਨਾਂ ਕੋਈ ਧਰਮ ਕਾਇਮ ਨਹੀਂ ਰਹਿ ਸਕਦਾ।

(5) ਸਿੱਖਾਂ ਦੇ ਕੁਦਰਤੀ ਜੋਸ਼ੀਲੇ ਸੁਭਾ ਕਰਕੇ ਜਥੇਬੰਦੀਆਂ ਉਭਰਦੀਆਂ ਵੀ ਬਹੁਤ ਹਨ ਅਤੇ ਖਿਲਰਦੀਆਂ ਵੀ ਏਸੇ ਰਫਤਾਰ ਨਾਲ ਹਨ।

(6) ਏਕਤਾ ਸਾਰੀਆਂ ਪ੍ਰਾਪਤੀਆਂ ਦੀ ਮਾਂ ਹੈ।

(7) ਜੇ ਹਿੰਦੂ ਆਰੀਆ ਸਮਾਜੀਆਂ ਦੇ ਢਹੇ ਚੜ੍ਹਕੇ ਪੰਜਾਬੀ ਜ਼ਬਾਨ ਤੋਂ ਮੁਨਕਰ ਨਾ ਹੁੰਦੇ ਪੰਜਾਬ ਕਦੇ ਵੀ ਘੱਲੂਘਾਰਿਆਂ ਦੇ ਮੂੰਹ ਨਾ ਆਉਂਦਾ।

(8) ਜ਼ਿੰਦਗੀ ਵਿਚ ਹਰ ਪੱਖ ਤੋਂ ਦਸਵੰਧ ਕਢਣ ਵਾਲੀ ਅਤੇ ਕੁਰਬਾਨੀ ਦੇਣ ਵਾਲੀ ਸਿੱਖ ਕੌਮ ਭਾਵੇਂ ਕਿੰਨੀ ਛੋਟੀ ਹੈ ਪਰ ਇਹ ਰਹਿੰਦੀ ਦੁਨੀਆਂ ਤੱਕ ਮਰ ਨਹੀਂ ਸਕਦੀ।

(9) ਹਿੰਦ ਸਰਕਾਰ ਨੇ ਸਿੱਖ ਲੀਡਰਾਂ ਨੂੰ ਮੋਰਚਿਆਂ ਵਿਚ ਉਲਝਾ ਕੇ ਉਨ੍ਹਾਂ ਦੀ ਮੱਤ ਮਾਰ ਰੱਖੀ ਹੈ।

(10) ਨਿੱਤ ਨਵਾਂ ਮਹਿਸੂਸ ਕਰਨ ਦਾ ਨਾਮ ਹੈ ਜ਼ਿੰਦਗੀ।

(11) ਰਾਜਨੀਤੀ ਵਿਚ ਇਤਬਾਰ ਕਰਨ ਵਾਲਾ ਹਮੇਸ਼ਾ ਘਾਟੇ ਵਿਚ ਰਹਿੰਦਾ ਹੈ।

(12) ਮਿਹਨਤੀ ਸੁੱਚਜੇ ਹੱਥ ਕਰਾਮਾਤ ਕਰ ਸਕਦੇ ਹਨ।

(13) ਏਕੇ ਨਾਲ ਲਖ ਦੇ ਹੋ ਅਤੇ ਏਕੇ ਤੋਂ ਬਿਨ੍ਹਾਂ ਕਖ ਦੇ।

(14) ਨੁਕਤਾਚੀਨੀ ਅਕਸਰ ਉਹ ਕਰਦੇ ਹਨ ਜਿਨ੍ਹਾਂ ਸਿਰ ਕੋਈ ਜ਼ੁਮੇਵਾਰੀ ਨਹੀਂ ਹੁੰਦੀ।

(15) ਖਾੜਕੂ ਭਰਾਵੋ, ਤੁਸੀਂ ਆਪਣੀਆਂ ਧੜੇਬੰਦੀਆਂ ਖਤਮ ਕਰ ਲਵੋ ਤੁਹਾਡੇ ਸੁਫਨਿਆਂ ਦਾ ਖਾਲਿਸਤਾਨੀ ਸੰਘਰਸ਼ ਦਿਨਾਂ ਵਿਚ ਹੀ ਚੜ੍ਹਦੀ ਕਲਾ ਵਿਚ ਜਾਵੇਗਾ।

(16) ਹਿੰਦੂ ਅਤਿਵਾਦੀ ਸੰਗਠਨ ਹਮੇਸ਼ਾ ਚਾਹੁੰਦੇ ਹਨ ਕਿ ਉਹ ਆਪ ਸੱਚੇ ਰਹਿਣ ਅਤੇ ਸਿੱਖਾਂ ਹੱਥੋਂ ਸਿੱਖਾਂ ਨੂੰ ਮਰਵਾਉਂਦੇ ਰਹਿਣ।

(17) ਖਾਲਸਾ ਪੰਥ-ਕੁਰਬਾਨੀ ਕਰਨ ਵਾਲਿਆਂ ਨੂੰ ਕਦੇ ਨਹੀਂ ਭੁੱਲਦਾ ਅਤੇ ਗੱਦਾਰੀ ਕਰਨ ਵਾਲਿਆਂ ਨੂੰ ਕਦੇ ਮਾਫ ਨਹੀਂ ਕਰਦਾ।

(18) ਛੋਟੀਆਂ ਜਿੱਤਾਂ ਹੀ-ਵੱਡੀ ਜਿੱਤ ਦਾ ਮੁੱਢ ਬੰਨ੍ਹਦੀਆਂ ਹਨ।

(19) ਅਕਾਲ ਤਖਤ ਸਾਹਿਬ ਦਾ ਜਥੇਦਾਰ, ਸ੍ਰੋਮਣੀ ਅਕਾਲੀ ਦਲ ਦਾ ਪ੍ਰਧਾਨ, ਸ੍ਰੋਮਣੀ ਕਮੇਟੀ ਦਾ ਪ੍ਰਧਾਨ ਜਦੋਂ ਵੀ ਪੰਥ ਨੂੰ ਦਿਲੋਂ ਸਮਰਪਿਤ ਹੋ ਗਏ, ਉਦੋਂ ਹੀ ਖਾਲਿਸਤਾਨ ਦੁਨੀਆਂ ਦੇ ਨਕਸ਼ੇ ਤੇ ਰੂਪਵਾਨ ਹੋ ਜਾਵੇਗਾ।

(20) ਲੋੜ ਤੋਂ ਵੱਧ-ਖਾਣਾ-ਸੌਣਾ-ਹਸਣਾ-ਬੋਲਣਾ-ਮੁਸੀਬਤਾਂ ਦਾ ਕਾਰਨ ਹੈ।

(21) ਹਿੰਮਤ ਨਾਲ ਹੱਕ ਲੈਣੇ ਚਾਹੁੰਦਾ ਹੈਂ ਤਾਂ ਅਤਿਵਾਦੀ ਕਹਾਉਣਾ ਪਊ।

(22) ਜੇ ਅਜੇ ਵੀ ਸਿੱਖ ਨੇ ਸ਼ਾਂਤੀ ਦੇ ਮਾਰਗ ਦਾ ਪਾਂਧੀ ਬਣੇ ਰਹਿਣਾ ਹੈ ਤਾਂ ਹੋਰ ਜ਼ੁਲਮ ਸਹਿਣਾ ਪਊ।

(23) ਬਹਾਦਰ ਕਲਮ ਉਹੀ ਹੁੰਦੀ ਹੈ ਜੋ ਜਬਰ ਜ਼ੁਲਮ ਦੇ ਖਿਲਾਫ ਨਿਧੜਕ ਹੋ ਕੇ ਲਿਖਦੀ ਹੈ।

(24) ਖਾੜਕੂ ਵੀਰ ਹਥਿਆਰ ਉਠਾਉਣ ਤੋਂ ਪਹਿਲਾਂ ਗੁਰਸਿੱਖੀ ਮਾਰਗ ਵਿਚ ਪਰਪਕ ਹੋਣੇ ਚਾਹੀਦੇ ਹਨ।

(25) ਹਰ ਸਿੱਖ ਸੂਰਮਾ ਸ਼ਹੀਦ ਹੋਣ ਵੇਲੇ, ਪੁਰਾਣੇ ਇਤਿਹਾਸ ਨੂੰ ਦਹੁਰਾ ਰਿਹਾ ਹੁੰਦਾ ਹੈ।

(26) ਜੋ ਮਿਲ ਗਿਆ ਉਸ ਲਈ ਦੇਣ ਵਾਲੇ ਦਾ ਧੰਨਵਾਦ ਕਰੋ-ਜੋ ਅਜੇ ਨਹੀਂ ਮਿਲਿਆ ਉਸ ਨੂੰ ਪ੍ਰਾਪਤ ਕਰਨ ਲਈ ਯਤਨ ਯਾਰੀ ਰੱਖੋ।

(27) ਧਰਮ ਅਤੇ ਸਿਆਸਤ ਨੂੰ ਅੱਲਗ ਕਰਨ ਦੀਆਂ ਗੱਲਾਂ ਕਰਨ ਵਾਲੇ-ਧੁੱਪ ਅਤੇ ਛਾਂ ਨੂੰ ਅੱਲਗ ਕਰਨ ਦੀਆਂ ਗੱਲਾਂ ਕਰਦੇ ਹਨ।

(28) ਹਰ ਗੁਰੂ ਨਾਨਕ ਨਾਮ ਲੇਵਾ ਘਟੋ ਘਟ 15 ਮਿੰਟ ਹਰ ਰੋਜ਼ ਖਾਲਿਸਤਾਨ ਦੀ ਪ੍ਰਾਪਤੀ ਵਾਰੇ ਸੋਚੇ।

***ਪੇਸ਼ਕਾਰ-ਪਰਮਜੀਤ ਸਿੰਘ ਦਾਖਾ***

# ਵੇਖੋ ਕੇਹੋ ਜਿਹਾ ਤਰੀਕਾ ਖੁਸ਼ੀ ਮਨਾਉਣ ਦਾ

*(ਸਫਾ 14 ਦੀ ਬਾਕੀ)*

ਹੋਏ ਸਨ। ਇਨ੍ਹਾਂ ਸਭਨਾਂ ਦੀ ਲੋੜੋਂ ਵਧ ਨੇੜਤਾ ਇਹ ਮਹਿਸੂਸ ਕਰਵਾਉਂਦੀ ਸੀ ਜਿਵੇਂ ਇਹ ਕੋਠੀ ਵਾਲੇ ਬਾਈ ਕੋਲ ਆਪਣੇ ਮੁੰਡੇ ਜਾਂ ਕੁੜੀ ਨੂੰ ਬਾਹਰ ਕੱਢਣ ਦੀ ਸਿਫਾਰਸ਼ ਲਿਆਏ ਹੋਣ।

ਭੋਗ ਵਾਲੇ ਦਿਨ ਸਮੇਂ ਮੁਤਾਬਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਭੋਗ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਬਾਹਰ ਬਣਾਏ ਖੁੱਲ੍ਹੇ ਪੰਡਾਲ ਵਿਚ ਸਜਾਏ ਗਏ। ਦਿੱਤੇ ਹੋਏ ਸੱਦੇ ਮੁਤਾਬਕ ਮਹਿਮਾਨ ਆ ਰਹੇ ਸਨ। ਚਾਹ-ਪਾਣੀ ਲਈ ਵੱਖਰਾ ਟੈਂਟ ਸੀ। ਮਹਿਮਾਨਾਂ ਦੀ ਜ਼ਿਆਦਾ ਖਿੱਚ ਕੋਠੀ ਵਾਲੇ ਬਾਈ ਵਲ ਵੇਖੀ ਗਈ। ਪਤਾ ਨਹੀਂ ਕਿੰਨੇ ਪ੍ਰਕਾਰ ਦੀਆਂ ਮਠਿਆਈਆਂ ਤੇ ਹੋਰ ਚੀਜ਼ਾਂ ਬਣਾਈਆਂ ਹੋਈਆਂ ਸਨ। ਮਹਿਮਾਨ ਚਾਹ ਪਾਣੀ ਪੀ ਕੇ ਪੰਡਾਲ ਵਿਚ ਬੈਠੀ ਜਾਂਦੇ ਸਨ।

ਕੀਰਤਨ ਲਈ ਤਿੰਨ ਜੱਥੇ ਸੱਦੇ ਹੋਏ ਸਨ। ਸਮੇਂ ਮੁਤਾਬਕ ਪਹਿਲੇ ਦੋ ਜਥਿਆਂ ਨੇ ਬੜਾ ਰਸਭਿੰਨਾ ਕੀਰਤਨ ਸ਼ਰਵਣ ਕਰਵਾਇਆ। ਫਿਰ ਤੀਜੇ ਜਥੇ ਦੀ ਵਾਰੀ ਆਈ, ਇਹ ਇਕ ਮਸ਼ਹੂਰ ਕੀਰਤਨੀ ਜਥਾ ਸੀ। ਕੋਠੀ ਵਾਲੇ ਬਾਈ ਨੇ ਦੱਸਿਆ ਕਿ ਇਹ ਪੰਜਾਹ ਹਜ਼ਾਰ ਵਿਚ ਬੁੱਕ ਕੀਤਾ ਸੀ। ਪਹਿਲੇ ਜਥੇ ਪੰਜ-ਪੰਜ ਹਜ਼ਾਰ ਵਿਚ ਸਨ। ਧੰਨ ਗੁਰੂ ਕੇ ਕੀਰਤਨੀਏ। ਲਗਦਾ ਸੀ ਕਿ ਇਸ ਜਥੇ ਦਾ ਸਮਾਂ ਪੂਰਾ ਹੋ ਚੁੱਕਾ ਸੀ। ਜਥੇ ਦਾ ਮੁੱਖੀ ਵਾਜੇ ਉਪਰ ਪਏ ਆਪਣੇ ਮੋਬਾਇਲ ਫੋਨ 'ਤੇ ਆ ਰਹੀ ਕਾਲ ਨੂੰ ਮੁੜ-ਮੁੜ ਵੇਖ ਰਿਹਾ ਸੀ। ਸ਼ਾਇਦ ਉਨ੍ਹਾਂ ਨੇ ਅੱਗੇ ਕਿਤੇ ਹੋਰ ਕੀਰਤਨ ਕਰਨ ਜਾਣਾ ਹੋਵੇ, ਪਰ ਕੋਠੀ ਵਾਲਾ ਬਾਈ ਕਿਸੇ ਦੀ ਉਡੀਕ ਵਿਚ ਅੱਡੀਆਂ ਚੁੱਕ-ਚੁੱਕ ਕੇ ਕੰਧੋਂ ਪਾਰ ਵੇਖ ਰਿਹਾ ਸੀ। ਬਾਈ ਦੇ ਸਾਹ ਵਿਚ ਸਾਹ ਆਇਆ ਜਦੋਂ ਇਕ ਮੌਜੂਦਾ ਮੰਤਰੀ ਆਪਣੇ ਲਾਣੇ ਸਮੇਤ ਪਹੁੰਚ ਗਿਆ।

ਮੰਤਰੀ ਨੂੰ ਵੇਖ ਕੇ ਪੰਡਾਲ ਵਿਚ ਬੈਠੀ ਸਾਰੀ ਸੰਗਤ ਉਠ ਕੇ ਖੜੀ ਹੋ ਗਈ। ਕਿਸੇ ਨੇ ਇਹ ਨਹੀਂ ਸੋਚਿਆ/ਵੇਖਿਆ ਕਿ ਸਾਡੀ ਪਿੱਠ ਸ੍ਰੀ ਗੁਰੂ ਗ੍ਰੰਥ ਸਾਹਿਬ ਵਲ ਹੋ ਗਈ ਹੈ। ਉਹ ਸਾਰੇ ਤਾਂ ਮੰਤਰੀ ਨੂੰ ਵੇਖਣਾ ਚਾਹੁੰਦੇ ਸਨ। ਮੰਤਰੀ ਦੇ ਆਉਣ ਤੋਂ ਬਾਅਦ ਗੁਰੂ ਸੰਗਤ ਵਾਲਾ ਪੰਡਾਲ ਛਪਾਰ ਦੇ ਮੇਲੇ ਦੀ ਕਾਨਫਰੰਸ ਵਰਗਾ ਲੱਗਣ ਲੱਗਾ। ਸੀ.ਡੀ. ਵਿਚ ਕੋਠੀ ਵਾਲੇ ਬਾਈ ਨੇ ਗੁਰੂ ਗ੍ਰੰਥ ਸਾਹਿਬ ਤੋਂ ਵਧ ਆਓ ਭਗਤ ਮੰਤਰੀ ਦੀ ਕੀਤੀ। ਮੰਤਰੀ ਦੇ ਭਾਸ਼ਨ ਤੋਂ ਬਾਅਦ ਪਤਾ ਨਹੀਂ ਬਾਈ ਜੀ ਨੇ ਕਿੰਨੇ ਕੁ ਸਿਰੋਪੇ ਵੰਡੇ। ਸਿਰੋਪੇ ਦੀ ਬਖਸ਼ਿਸ਼ ਉਸ ਨੂੰ ਕੀਤੀ ਜਾਂਦੀ ਹੈ, ਜਿਸ ਨੇ ਗੁਰ ਮਰਿਆਦਾ ਵਿਚ ਰਹਿ ਕੇ ਕੌਮ ਦੀ ਸੇਵਾ ਕੀਤੀ ਹੋਵੇ ਪਰ ਇਥੇ ਸਿਰੋਪੇ ਨੂੰ ਸਿਰਫ ਸਵਾ ਮੀਟਰ ਕੱਪੜਾ ਹੀ ਸਮਝਿਆ ਗਿਆ। ਉਸ ਸਮੇਂ ਹੋਰ ਦੁੱਖ ਹੋਇਆ ਜਦੋਂ ਮੰਤਰੀ ਨਾਲ ਫੋਟੋਆਂ ਖਿਚਵਾਉਣ ਦਾ ਸਿਲਸਿਲਾ ਸ਼ੁਰੂ ਹੋਇਆ। ਪਤਾ ਨਹੀਂ ਸਾਨੂੰ ਕਦੋਂ ਸੋਝੀ ਆਵੇਗੀ, ਮੰਤਰੀਆਂ ਨਾਲ ਫੋਟੋਆਂ ਖਿਚਵਾ ਕੇ ਅਸੀਂ ਪਤਾ ਨਹੀਂ ਕੀ ਰੱਬ ਬਣ ਜਾਂਦੇ ਹਾਂ। ਖੈਰ...।

ਮੰਤਰੀ ਦੇ ਭਾਸ਼ਨ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਉਸੇ ਗੱਡੀ ਵਿਚ ਗੁਰਦੁਆਰੇ ਲਿਜਾਇਆ ਗਿਆ। ਹੁਣ ਡਰਾਈਵਰ ਸਣੇ ਅੱਠ ਬੰਦੇ ਸਨ। ਰੋਟੀ ਲਈ ਸੰਗਤ ਟੇਬਲਾਂ ਵਲ ਦੌੜ ਰਹੀ ਸੀ। ਹੱਥ ਵਿਚ ਚੁੱਕੀਆਂ ਪਲੇਟਾਂ ਇਕ ਦੂਜੇ ਦੇ ਮੋਢੇ ਵੱਜ ਰਹੀਆਂ ਸਨ। ਖੜ੍ਹ ਕੇ ਰੋਟੀ ਖਾਣ ਦਾ ਆਨੰਦ ਨਹੀਂ ਆਉਂਦਾ ਪਰ ਅਸੀਂ ਫੈਸ਼ਨ ਦੇ ਪੱਟੇ ਹਾਂ, ਵੇਖੋ-ਵੇਖੀ ਆਪ ਹੀ ਜ਼ਮਾਨਾ ਬਦਲਾਈ ਜਾਂਦੇ ਹਾਂ। ਲਗਦਾ ਸੀ ਕਿ ਕਿਸੇ ਨੇ ਰੱਜ ਕੇ ਰੋਟੀ ਨਹੀਂ ਖਾਧੀ ਹੋਵੇਗੀ। ਇਕ ਤਾਂ ਇਕੱਠ ਬਹੁਤ ਜ਼ਿਆਦਾ ਸੀ, ਦੂਜਾ ਇਕ ਦੂਜੇ ਤੋਂ ਪਹਿਲਾ ਰੋਟੀ ਖਾਣ ਦੀ ਕਾਹਲ ਲਗਦੀ ਸੀ।

ਹੁਣ ਸ਼ਾਮ ਪੈ ਚੁੱਕੀ ਸੀ। ਜਿਸ ਥਾਂ ਵਿਚ ਪੰਡਾਲ ਲਗਾਇਆ ਸੀ। ਉਸੇ ਪੰਡਾਲ ਵਿਚ ਹੁਣ ਗਾਉਣ ਵਾਲਿਆਂ ਆਪਣੀ ਸਟੇਜ ਬਣਾ ਲਈ ਸੀ। ਰੰਗਾਰੰਗ ਪ੍ਰੋਗਰਾਮ ਸ਼ੁਰੂ ਹੋਇਆ। ਸ਼ਰਾਬ ਦੇ ਗਲਾਸ ਭਰ-ਭਰ ਕੇ ਟਕਰਾਏ ਜਾਣ ਲੱਗੇ। ਕੁੱਕੜ ਦੀਆਂ ਲੱਤਾਂ ਚੱਬੀਆਂ ਜਾਣ ਲੱਗੀਆਂ। ਮੇਰੇ ਦਸਤਾਰਧਾਰੀ ਵੀਰ ਆਪਣੀ ਪੱਗ ਉਪਰ ਸ਼ਰਾਬ ਨਾਲ ਭਰੇ ਗਲਾਸ ਧਰਕੇ ਨੱਚ ਰਹੇ ਸਨ।

ਕੋਈ ਭਰੀ ਹੋਈ ਬੋਤਲ ਦਸਤਾਰ ਉਪਰ ਰੱਖ ਕੇ ਫੋਟੋ ਖਿਚਵਾ ਰਿਹਾ ਸੀ। ਕੋਠੀ ਵਾਲੇ ਬਾਈ ਦਾ ਦਿਲ ਜਿੱਤਣ ਲਈ ਦੋਸਤ-ਮਿੱਤਰ ਲੋੜੋਂ ਵਧ ਜ਼ੋਰ ਲਾ ਰਹੇ ਸਨ। ਬੀਬੀਆਂ ਦਾ ਗਿੱਧਾ ਨਹੀਂ, ਭੰਗੜਾ ਪੈ ਰਿਹਾ ਸੀ। ਬਿਲਕੁਲ ਨਹੀਂ ਸੀ ਲਗਦਾ ਕਿ ਇਸ ਕੋਠੀ ਵਿਚ ਤਿੰਨ ਦਿਨ 'ਧੁਰ ਕੀ ਬਾਣੀ' ਦੇ ਅਖੰਡ ਜਾਪ ਹੋਏ ਹੋਣਗੇ। ਚਾਰੇ ਪਾਸੇ ਇਨਸਾਨ ਨਹੀਂ, ਸ਼ੈਤਾਨ ਨੱਚ ਰਹੇ ਸਨ। ਰਾਤ ਦੇ ਬਾਰ੍ਹਾਂ ਵਜੇ ਤਕ ਡੀ.ਜੇ. ਦਾ ਖੌਰੂ ਪੈਂਦਾ ਰਿਹਾ। ਜਿੰਨਾ ਇਕੱਠ ਡੀ.ਜੇ. ਦੁਆਲੇ ਸੀ, ਓਨਾ ਇਕੱਠ ਗੁਰੂ ਗ੍ਰੰਥ ਸਾਹਿਬ ਦੇ ਚਲ ਰਹੇ ਅਖੰਡ ਪਾਠ ਦੁਆਲੇ ਕਿਉਂ ਨਹੀਂ ਜੁੜਿਆ। ਜਿੰਨੀਆਂ ਫੋਟੋਆਂ ਮੰਤਰੀ ਨਾਲ ਖਿਚਵਾਈਆਂ, ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੁਆਲੇ ਖੜ੍ਹ ਕੇ ਕਿਉਂ ਨਹੀਂ ਖਿਚਵਾਈਆਂ? ਜਿੰਨੀ ਨੇੜਤਾ ਕੋਠੀ ਵਾਲੇ ਬਾਈ ਨਾਲ ਵਿਖਾਈ ਗਈ, ਗੁਰੂ ਗ੍ਰੰਥ ਸਾਹਿਬ ਨਾਲ ਕਿਉਂ ਨਹੀਂ? ਮੈਨੂੰ ਇਨ੍ਹਾਂ ਸਵਾਲਾਂ ਦਾ ਅੱਜ ਤਕ ਉਤਰ ਨਹੀਂ ਮਿਲਿਆ।

ਪਰਵਾਸੀ ਵੀਰੋ! ਆਪਾਂ ਇੱਥੋਂ ਤਕ ਪਹੁੰਚਣ ਲਈ ਕਿੰਨੀਆਂ ਤੰਗੀਆਂ ਮੁਸ਼ਕਲਾਂ ਝੱਲੀਆਂ ਨੇ, ਜੇ ਵਾਹਿਗੁਰੂ ਨੇ ਖੜਨ ਜੋਗੇ ਕੀਤਾ ਹੈ ਤਾਂ ਉਸ ਵਾਹਿਗੁਰੂ ਦੇ ਭੈਅ ਵਿਚ ਰਹੀਏ। ਜੇ ਵਾਹਿਗੁਰੂ ਨੇ ਸੁੰਦਰ ਮਕਾਨ ਬਖਸ਼ੇ ਨੇ, ਉਸ ਦਾ ਮਨ ਨਾਲ ਭਿੱਜ ਕੇ ਸ਼ੁਕਰਾਨਾ ਕਰੀਏ। ਲੱਖਾਂ ਤੋਂ ਕੱਖ ਹੁੰਦਿਆਂ ਦੇਰ ਨਹੀਂ ਲਗਦੀ। ਜੇ ਸਾਨੂੰ ਪਰਮਾਤਮਾ ਅਖੰਡ ਪਾਠ ਕਰਵਾਉਣ ਦਾ ਸਮਾਂ ਬਖਸ਼ੇ ਤਾਂ ਤਿੰਨ ਦਿਨ ਨੰਗੇ ਪੈਰੀਂ, ਸਾਰੀ ਸੇਵਾ ਆਪਣੇ ਹੱਥੀਂ ਕਰੀਏ। ਘਰ ਵਿਚੋਂ ਮਾੜੀ ਸ਼ੈਅ ਖਤਮ ਕਰਕੇ, ਗੁਰੂਆਂ ਦੇ ਕਹਿਣ ਮੁਤਾਬਕ ਜ਼ਿੰਦਗੀ ਦੇ ਦਿਨ ਵਧੀਆ ਲੰਘਾਈਏ। ਨਹੀਂ ਤਾਂ ਵੱਡੇ-ਵੱਡੇ ਮਹਿਲਾਂ ਦੇ ਲੈਂਟਰਾਂ ਵਿਚ ਵੀ ਤਰੇੜਾਂ ਆ ਜਾਂਦੀਆਂ ਹਨ ਜਿਸ ਤਰ੍ਹਾਂ ਕੋਠੀ ਵਾਲੇ ਬਾਈ ਨਾਲ ਹੋਈ ਹੈ। ਫਿਰ ਪਛਤਾਇਆਂ ਕੁਝ ਨਹੀਂ ਬਣਦਾ ਜਦੋਂ ਚਿੜੀਆਂ ਖੇਤ ਚੁਗ ਜਾਂਦੀਆਂ ਹਨ। ਬਾਈ ਜੀ ਦਾ ਇਕਲੌਤਾ ਪੁੱਤ ਕਿਸੇ ਦਿਮਾਗੀ ਸੱਟ ਕਾਰਨ ਬੋਲਣੋਂ ਬੰਦ ਹੋ ਗਿਆ।

ਘਰੇ ਮਾਪਿਆਂ ਨੂੰ ਬੁਲਾ ਕੇ ਸਾਂਭੀਏ। ਵਧ ਤੋਂ ਵਧ ਮਰਿਆਦਾ ਵਿਚ ਰਹਿ ਕੇ ਗੁਰੂ ਜੀ ਦੇ ਗੁਣ ਗਾਈਏ। ਇਹ ਹਉਮੈ ਕੱਢ ਦਈਏ ਕਿ ਮੈਂ ਅਖੰਡ ਪਾਠ 'ਤੇ ਸੱਤ ਲੱਖ ਰੁਪਏ ਲਗਾ ਦਿੱਤੇ। ਗੁਰੂ ਜੀ ਤਾਂ ਅੰਤਰਜਾਮੀ ਨੇ, ਅਸੀਂ ਗ਼ਲਤੀਆਂ ਕਰਨੋਂ ਹਟੀਏ। ਰੱਬ ਰਾਖਾ।

# 'ਇੱਜ਼ਤ' ਖ਼ਾਤਰ ਕਤਲਾਂ ਦਾ ਸਿਲਸਿਲਾ ਕਿਧਰ ਲੈ ਜਾਵੇਗਾ ਸਮਾਜ ਨੂੰ?

ਸਵਰਨ ਸਿੰਘ ਟਹਿਣਾ*

ਹਰਿਆਣਾ ਵਿਚ 'ਇੱਜ਼ਤ' ਖ਼ਾਤਰ ਕਤਲਾਂ ਦਾ ਜਿਹੜਾ ਸਿਲਸਿਲਾ ਛਿੜਿਆ ਹੋਇਐ, ਉਹਨੇ ਭਾਰਤ ਦੇ ਸਾਰੇ ਸੂਬਿਆਂ ਦੇ ਸੂਝਵਾਨ ਲੋਕਾਂ ਨੂੰ ਮੱਥੇ 'ਤੇ ਹੱਥ ਰੱਖਣ ਲਈ ਮਜਬੂਰ ਕਰ ਦਿੱਤੈ। ਹਾਲੇ ਇੱਕ ਜੋੜੇ ਦੇ ਕਤਲ ਦੀਆਂ ਖ਼ਬਰਾਂ ਦੀ ਸਿਆਹੀ ਸੁੱਕੀ ਨਹੀਂ ਹੁੰਦੀ ਕਿ ਅਗਲੇ ਦਿਨ ਨਵੇਂ ਜੋੜੇ ਨੂੰ ਮਾਰ ਮੁਕਾਉਣ ਦੀਆਂ ਖ਼ਬਰਾਂ ਆ ਜਾਂਦੀਆਂ ਨੇ। ਗੁਆਂਢ ਵਿਚ ਹੁੰਦੇ ਚੰਗੇ-ਮੰਦੇ ਦਾ ਅਸਰ ਨਾਲ ਵਸਣ ਵਾਲਿਆਂ 'ਤੇ ਵੀ ਪੈਂਦੈ ਤੇ ਹਰਿਆਣੇ 'ਚ ਹੋ ਰਹੇ ਕਤਲਾਂ ਦੇ ਛਿੱਟੇ ਹੁਣ ਪੰਜਾਬ ਤੱਕ ਵੀ ਪਹੁੰਚਣ ਲੱਗ ਗਏ ਨੇ। ਪਿਛਲੇ ਦਿਨੀਂ ਅੰਮ੍ਰਿਤਸਰ ਵੱਲ ਦੇ ਮਾਪਿਆਂ ਨੇ ਆਪਣੀ ਧੀ ਨੂੰ ਕਿਸੇ ਬਹਾਨੇ ਬੈਲਜ਼ੀਅਮ ਤੋਂ ਸੱਦ ਕੇ ਜ਼ਹਿਰੀਲੀ ਚੀਜ਼ ਪਿਆ ਕੇ ਏਸ ਗੱਲੋਂ ਮਾਰ ਮੁਕਾਇਆ ਕਿ ਉਹ ਵਿਚਾਰੀ ਬੈਲਜ਼ੀਅਮ ਵਿਚ ਓਸ ਮੁੰਡੇ ਨਾਲ ਇਸ਼ਕ ਕਰਨ ਲੱਗ ਗਈ ਸੀ ਜਿਹੜਾ ਵੱਖਰੀ ਜ਼ਾਤ ਦਾ ਸੀ। ਮਾਪੇ ਨਹੀਂ ਸਨ ਚਾਹੁੰਦੇ ਕਿ ਉਨ੍ਹਾਂ ਦੀ ਧੀ ਹੋਰ ਜ਼ਾਤ ਵਾਲੇ ਮੁੰਡੇ ਨਾਲ ਜ਼ਿੰਦਗੀ ਭਰ ਦਾ ਸਾਥ ਨਿਭਾਵੇ। ਨੱਕ ਖ਼ਾਤਰ ਕੀਤੇ ਇਸ ਘਿਨੌਣੇ ਕਾਰੇ 'ਤੇ ਸਾਰੇ ਮੀਡੀਏ ਨੇ ਥੂਹ-ਥੂਹ ਕਰਕੇ ਕਲਯੁਗੀ ਮਾਪਿਆਂ ਦਾ ਚਿਹਰਾ ਬੇਨਕਾਬ ਕਰ ਦਿੱਤਾ।



ਸਵਰਨ ਸਿੰਘ ਟਹਿਣਾ

ਵੈਸੇ ਵੀ ਮਾਝੇ ਦਾ ਇਲਾਕਾ ਪਿਛਲੇ ਛੇ ਕੁ ਮਹੀਨਿਆਂ ਤੋਂ 'ਇੱਜ਼ਤ' ਖ਼ਾਤਰ ਕਤਲਾਂ ਕਰਕੇ ਹਰਿਆਣੇ ਦੇ ਜ਼ਿਲ੍ਹਿਆਂ ਦੀ ਪੈੜ 'ਚ ਪੈਰ ਧਰਦਾ ਜਾ ਰਿਹੈ। ਪਿੱਛੇ ਜਿਹੇ ਦੋ ਵਿਆਹੁਤਾ ਜੋੜਿਆਂ ਨੂੰ ਕੁੜੀ ਵਾਲਿਆਂ ਵਲੋਂ ਏਸ ਕਰਕੇ ਕਤਲ ਕਰ ਦਿੱਤਾ ਗਿਆ ਕਿ ਉਨ੍ਹਾਂ ਨੇ ਮਰਜ਼ੀ ਨਾਲ ਵਿਆਹ ਕਰਾਉਣ ਦੀ ਜ਼ੁਅੱਰਤ ਕੀਤੀ ਸੀ। ਇਨ੍ਹਾਂ ਵਿਚੋਂ ਇੱਕ ਮੁੰਡਾ ਉਹ ਵੀ ਸੀ, ਜਿਹੜਾ ਪਹਿਲਾਂ ਵਿਆਹਿਆ ਸੀ, ਉਸ ਦਾ ਆਪਣਾ ਸੱਤ-ਅੱਠ ਸਾਲ ਦਾ ਮੁੰਡਾ ਵੀ ਏ, ਪਰ ਉਸ ਨੂੰ ਆਪਣੇ ਸਾਂਢੂ ਦੀ ਕੁੜੀ ਨਾਲ ਇਸ਼ਕ ਹੋ ਗਿਆ। ਉਹ ਵਿਆਹ ਕਰਾ ਕੇ ਵੱਖਰੇ ਰਹਿਣ ਲੱਗ ਗਏ ਸਨ ਤੇ ਇੱਕ ਦਿਨ ਜਦੋਂ ਕੁੜੀ ਸਕੂਲ 'ਚੋਂ ਪੇਪਰ ਦੇ ਕੇ ਬਾਹਰ ਨਿਕਲੀ ਤਾਂ ਉਹਨੂੰ ਤੇ ਉਹਦੇ ਪਤੀ ਨੂੰ ਗੋਲੀਆਂ ਨਾਲ ਮਾਰ ਦਿਤਾ ਗਿਆ।

ਇੱਕ ਦੌਰ ਦੁੱਲੇ ਭੱਟੀ ਵਰਗੇ ਲੋਕਾਂ ਦਾ ਸੀ, ਜਿਹੜੇ ਖ਼ੂਨ ਦਾ ਰਿਸ਼ਤਾ ਨਾ ਹੁੰਦਿਆਂ ਵੀ ਸੁੰਦਰੀ ਤੇ ਮੁੰਦਰੀ ਵਰਗੀਆਂ ਲਾਚਾਰ ਕੁੜੀਆਂ ਦੀਆਂ ਇੱਜ਼ਤਾਂ ਦੇ ਰਾਖੇ ਬਣਦੇ ਸਨ। ਉਦੋਂ ਇਨਸਾਨੀਅਤ ਜਿਊਂਦੀ ਸੀ, ਖ਼ੂਨ ਦਾ ਲਾਲ ਰੰਗ ਚਿੱਟਾ ਨਹੀਂ ਸੀ ਹੋਇਆ, ਦੂਜੇ ਦੀ ਮੁਸੀਬਤ ਨੂੰ ਆਪਣੀ ਸਮਝਿਆ ਜਾਂਦਾ ਸੀ। ਪਰ ਅੱਜ ਜ਼ਮਾਨਾ ਬਦਲ ਗਿਐ। ਇੱਜ਼ਤਾਂ ਰੰਗ ਵਟਾਉਣ ਲੱਗੀਆਂ ਨੇ, ਏਸੇ ਕਰਕੇ ਇਨ੍ਹਾਂ ਦੀ ਰਾਖੀ ਲਈ ਮਰਿਆ ਘੱਟ ਜਾਂਦੈ ਤੇ ਮਾਰਿਆ ਵੱਧ ਜਾਂਦੈ। ਨੱਕ ਖਾਤਰ ਧੀ ਤੇ ਜਵਾਈ ਨੂੰ ਵੱਢਿਆ ਜਾਣ ਲੱਗੈ, ਪ੍ਰੇਮੀ ਸਮੇਤ ਕੁੜੀ ਦੇ ਟੋਟੇ ਕਰਕੇ ਉਨ੍ਹਾਂ ਨੂੰ ਨਹਿਰ 'ਚ ਰੋੜ੍ਹ ਦਿੱਤੈ ਜਾਂਦੈ, ਮੁੰਡੇ-ਕੁੜੀ ਦਾ ਕਤਲ ਕਰਕੇ ਲਾਸ਼ਾਂ ਇੱਕੋ ਰੱਸੇ ਨਾਲ ਕਿਸੇ ਦਰੱਖਤ 'ਤੇ ਟੰਗ ਦਿੱਤੀਆਂ ਜਾਂਦੀਆਂ ਨੇ ਤਾਂ ਜੋ ਦੇਖਣ ਵਾਲਿਆਂ ਨੂੰ ਪਤਾ ਲੱਗੇ ਕਿ 'ਇੱਜ਼ਤ' ਵੱਲ ਤੱਕਣ ਦਾ ਨਤੀਜਾ ਕਿਹੋ ਜਿਹਾ ਹੁੰਦੈ।

ਹਰਿਆਣੇ ਤੋਂ ਆਏ ਦਿਨ ਜੋ ਖ਼ਬਰਾਂ ਆ ਰਹੀਆਂ ਨੇ, ਉਨ੍ਹਾਂ ਬਾਰੇ ਪੜ੍ਹ-ਸੁਣ ਕੇ ਕਾਲਜੇ ਦਾ ਰੁੱਗ ਭਰਿਆ ਜਾਂਦੈ। ਨਿਆਣਿਆਂ ਦੀ ਗ਼ਲਤੀ ਸਿਆਣਿਆਂ ਨੂੰ ਬਰਦਾਸ਼ਤ ਨਹੀਂ। ਪ੍ਰੇਮ ਵਿਆਹ ਕਰਾਉਣ ਵਾਲਿਆਂ ਨੂੰ 'ਅਪਨਾਉਣ' ਦੀ ਥਾਂ 'ਦਫਨਾਉਣ' ਨੂੰ ਪਹਿਲ ਦਿੱਤੀ ਜਾਣ ਲੱਗੀ ਏ। ਖ਼ੂਨ ਨਾਲ ਹੱਥ ਰੰਗ ਕੇ ਦੱਸਿਆ ਜਾਣ ਲੱਗੈ ਕਿ ਸਾਡੀ 'ਗ਼ੈਰਤ' ਹਾਲੇ ਜਿਊਂਦੀ ਏ, ਜਿਗਰ ਦੇ ਟੋਟਿਆਂ ਦੇ ਟੋਟੇ ਕੀਤੇ ਜਾ ਸਕਦੇ ਨੇ, ਪਰ ਕਿਸੇ ਦੀ ਟਕੋਰ ਨਹੀਂ ਸਹੀ ਜਾ ਸਕਦੀ। ਇਸ ਘਟਨਾਕ੍ਰਮ 'ਤੇ ਜਨਾਬ ਦੀਪਕ ਜੈਤੋਈ ਦਾ ਸ਼ੇਅਰ ਚੇਤੇ ਆਉਣ ਲੱਗੈ:

ਇਸ਼ਕ ਦੀ ਬਾਤ ਸੁਣਾਉਂਦੇ ਵੀ
ਹਯਾ ਆਉਂਦੀ ਹੈ
ਹੁਸਨ ਦਾ ਜ਼ਿਕਰ ਚਲਾਉਂਦੇ ਵੀ
ਹਯਾ ਆਉਂਦੀ ਹੈ
ਅੱਜ ਦੇ ਇਨਸਾਨ ਦਾ ਕਿਰਦਾਰ ਹੈ
ਐਨਾ ਨੀਵਾਂ
ਅੱਜ ਤਾਂ ਇਨਸਾਨ ਕਹਾਉਂਦੇ ਵੀ
ਹਯਾ ਆਉਂਦੀ ਹੈ।

ਇਨਸਾਨ ਨੂੰ ਸਮਾਜ ਦਾ ਸਭ ਤੋਂ ਸੂਝਵਾਨ ਪ੍ਰਾਣੀ ਮੰਨਿਆ ਜਾਂਦੈ। ਇਨਸਾਨ ਤੇ ਪਸ਼ੂ 'ਚ ਸਭ ਤੋਂ ਵੱਡਾ ਵਖਰੇਵਾਂ ਇਹੀ ਹੈ ਕਿ ਇਨਸਾਨ ਕੋਲ ਸੋਚਣ ਦੀ ਤਾਕਤ ਵੱਧ ਹੈ ਤੇ ਪਸ਼ੂਆਂ ਕੋਲ ਜ਼ੋਰ ਜ਼ਿਆਦਾ ਏ, ਪਰ ਉਹ ਬੰਦੇ ਵਾਂਗ ਸੋਚ ਨਹੀਂ ਸਕਦੇ। ਫਿਰ ਅੱਜ ਜਦੋਂ 'ਇੱਜ਼ਤ' ਖ਼ਾਤਰ ਕਤਲ ਕਰਕੇ 'ਸ਼ਕਤੀ ਪ੍ਰਦਰਸ਼ਨ' ਕੀਤਾ ਜਾ ਰਿਹਾ ਹੋਵੇ ਤਾਂ ਬੰਦੇ ਤੇ ਪਸ਼ੂ ਵਿਚ ਭਲਾ ਕਿੰਨਾ ਕੁ ਫਰਕ ਰਹਿ ਜਾਂਦੈ?

ਪੰਦਰਾਂ ਕੁ ਸਾਲ ਪਹਿਲਾਂ ਸਾਡੇ ਲਾਗਲੇ ਪਿੰਡ 'ਚ ਮੁੰਡੇ-ਕੁੜੀ ਦਾ ਪ੍ਰੇਮ ਪ੍ਰਸੰਗ ਖੁੱਲ੍ਹਣ 'ਤੇ ਕੁੜੀ ਵਾਲਿਆਂ ਨੇ ਮੁੰਡੇ ਦੇ ਘਰ ਧਾਵਾ ਬੋਲ ਦਿੱਤਾ। ਮੁੰਡੇ ਦੀਆਂ ਭੈਣਾਂ ਦੀ ਖਿੱਚ ਧੂਹ ਸ਼ੁਰੂ ਹੋ ਗਈ ਸੀ ਕਿ ਅਸੀਂ ਬਦਨਾਕੀ ਦਾ ਬਦਲਾ ਇੱਜ਼ਤ ਲੁੱਟ ਲੈਣੈ। ਜਦੋਂ ਪਿੰਡ ਵਾਲਿਆਂ ਨੇ ਇੰਜ ਨਾ ਕਰਨ ਦਿੱਤਾ ਤਾਂ ਉਨ੍ਹਾਂ ਘਰ ਵਾਪਸ ਜਾ ਕੇ ਆਪਣੀ ਕੁੜੀ ਮਾਰਨੀ ਚਾਹੀ, ਪਰ ਉਥੇ ਵੀ ਮੋਹਤਬਰਾਂ ਨੇ ਸਿਆਣਪ ਤੋਂ ਕੰਮ ਲੈਂਦਿਆਂ ਕੁੜੀ ਨੂੰ ਦੂਰ ਦੀ ਰਿਸ਼ਤੇਦਾਰੀ 'ਚ ਭੇਜਣ ਦੀ ਰਾਇ ਦੇ ਦਿੱਤੀ ਤੇ ਮੁੰਡੇ ਨੂੰ ਪਿੰਡੋਂ ਦੂਰ ਜਾਣ ਦਾ ਫੁਰਮਾਨ ਜਾਰੀ ਕਰ ਦਿਤਾ। ਪੰਚਾਇਤ ਦੇ ਫੈਸਲੇ ਨਾਲ ਦੋਹੇਂ ਧਿਰਾਂ ਕਤਲੋਗਾਰਤ ਤੋਂ ਬਚ ਗਈਆਂ ਪਰ ਹੁਣ ਹਰਿਆਣੇ ਦੀਆਂ ਪੰਚਾਇਤਾਂ ਆਪੂੰ ਬਣਾਏ ਨਿਯਮਾਂ-ਕਾਨੂੰਨਾਂ ਮੁਤਾਬਕ ਕੁੜੀ-ਮੁੰਡੇ ਦੀ ਗੁਸਤਾਖ਼ੀ ਨਾਲ ਵੱਖਰੇ ਢੰਗ ਨਾਲ ਨਜਿੱਠ ਰਹੀਆਂ ਨੇ।

ਹਰਿਆਣੇ ਦੀਆਂ ਖਾਪ ਪੰਚਾਇਤਾਂ ਕਹਿੰਦੀਆਂ ਨੇ ਕਿ ਪੁਰਾਣੀਆਂ ਰਵਾਇਤਾਂ ਬਿਲਕੁਲ ਨਹੀਂ ਟੁੱਟਣੀਆਂ ਚਾਹੀਦੀਆਂ। ਇੱਕੋ ਪਿੰਡ ਵਿਚ ਜਾਂ ਇੱਕੋ ਗੋਤ ਵਿਚ ਵਿਆਹ ਹੋਣੇ ਸਮਾਜਕ ਅਸੂਲਾਂ ਦੇ ਖਿਲਾਫ ਨੇ, ਜਿਨ੍ਹਾਂ ਨੂੰ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਇਹੀ ਕਾਰਨ ਹੈ ਜਿਹੜੇ ਜੋੜਿਆਂ ਨੇ ਇੱਕੋ ਗੋਤ ਵਿਚ ਵਿਆਹ ਕਰਾਏ, ਉਨ੍ਹਾਂ ਦੇ ਜਾਂ ਤਾਂ ਕਤਲ ਹੋ ਗਏ, ਜਾਂ ਉਹ ਪਿੰਡ ਛੱਡ ਗਏ ਤੇ ਜਾਂ ਫਿਰ ਉਨ੍ਹਾਂ ਨੇ ਬਦਨਾਮੀ ਦੀ ਜ਼ਿੰਦਗੀ ਜਿਊਣ ਨਾਲੋਂ ਖ਼ੁਦਕੁਸ਼ੀ ਬੇਹਤਰ ਸਮਝੀ। ਅਜਿਹੇ ਮਾਮਲੇ ਵੀ ਸਾਹਮਣੇ ਆਏ, ਜਿਨ੍ਹਾਂ ਵਿਚ ਵਿਆਹੁਤਾ ਜੋੜੇ ਨੂੰ ਮੁੜ ਭੈਣ ਭਰਾਵਾਂ ਵਾਂਗ ਵਿਚਰਨ ਦਾ ਹੁਕਮ ਚਾੜ੍ਹਿਆ ਗਿਆ। ਬਿਹਾਰ ਦੀਆਂ ਕਈ ਪੰਚਾਇਤਾਂ ਵਲੋਂ ਤਾਂ ਕੁੜੀ ਦੇ ਭਰਾਵਾਂ ਨੂੰ ਮੁੰਡੇ ਦੀਆਂ ਭੈਣਾਂ ਨਾਲ ਸ਼ਰੇਆਮ ਜਬਰਜਿਨਾਹ ਕਰਨ ਦਾ ਹੁਕਮ ਚਾੜ੍ਹ ਕੇ ਹਿਸਾਬ-ਕਿਤਾਬ ਬਰਾਬਰ ਕਰਨ ਲਈ ਕਿਹਾ ਜਾਂਦੈ।

ਪਿਛਲੇ ਕੁੱਝ ਸਮੇਂ ਦੌਰਾਨ ਹਰਿਆਣੇ ਵਿਚ ਸੌ ਤੋਂ ਵੱਧ ਜੋੜੇ ਆਪਣੇ ਪਿੰਡਾਂ ਨੂੰ ਅਲਵਿਦਾ ਆਖ ਗਏ ਤੇ ਦਰਜਨਾਂ ਜੋੜਿਆਂ ਦਾ ਕਤਲ ਕੁੜੀ ਵਾਲਿਆਂ ਵਲੋਂ 'ਗ਼ੈਰਤ' ਖ਼ਾਤਰ ਕਰ ਦਿੱਤਾ ਗਿਐ। ਹੁਣ ਜਦੋਂ ਇਹ ਮਾਮਲਾ ਸਿਆਸੀ ਗਲਿਆਰਿਆਂ ਤੱਕ ਪਹੁੰਚ ਗਿਐ ਤਾਂ ਰਾਜਨੀਤੀ ਦੀਆਂ ਪੂਣੀਆਂ ਕੱਤਣੀਆਂ ਸ਼ੁਰੂ ਹੋ ਗਈਆਂ ਨੇ। ਹਰਿਆਣੇ ਦੀ ਲੀਡਰਸ਼ਿਪ ਵੋਟਾਂ ਲਈ ਅੰਦਰ ਖਾਤੇ ਪੰਚਾਇਤਾਂ ਦੀ ਵਕਾਲਤ ਕਰ ਰਹੀ ਏ, ਪਰ ਸੁਪਰੀਮ ਕੋਰਟ ਦੀ ਝਾੜ ਦਾ ਜਵਾਬ ਦਿੰਦਿਆਂ ਕਹਿ ਰਹੀ ਏ ਕਿ, 'ਸੂਬੇ ਅੰਦਰ ਕਾਨੂੰਨ ਨੂੰ ਆਪਣੇ ਹੱਥ ਲੈਣ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ...।'

ਗ਼ੈਰਤ ਖ਼ਾਤਰ ਹੁੰਦੇ ਕਤਲਾਂ ਦਾ ਮਾਮਲਾ ਸਭ ਤੋਂ ਪਹਿਲਾਂ ਉਦੋਂ ਭਖਿਆ ਸੀ, ਜਦੋਂ ਹਰਿਆਣੇ ਦੇ ਜ਼ਿਲ੍ਹਾ ਕੈਥਲ ਦੇ ਪਿੰਡ ਕਰੋੜਾ ਦੇ ਮਨੋਜ ਤੇ

## ਕੀ ਮੈਂ ਝੂਠ ਬੋਲਿਐ...?

ਬਬਲੀ ਨੇ ਘਰੋਂ ਭੱਜ ਕੇ ਹਾਈਕੋਰਟ 'ਚ ਪ੍ਰੇਮ ਵਿਆਹ ਕਰਵਾ ਲਿਆ ਸੀ। 15 ਜੂਨ 2007 ਨੂੰ ਦੋਹਾਂ ਨੂੰ ਕਰਨਾਲ ਦੇ ਪਿੰਡ ਬੁਟਣਾ ਕੋਲੋਂ ਅਗਵਾ ਕਰਕੇ ਕਤਲ ਕਰ ਦਿੱਤਾ ਗਿਆ। ਬਾਅਦ 'ਚ ਮਨੋਜ ਦੀ ਮਾਂ ਤੇ ਭੈਣ ਨੇ ਅਦਾਲਤ ਦਾ ਦਰਵਾਜ਼ਾ




ਖੜਕਾਇਆ ਤੇ 30 ਮਾਰਚ 2010 ਨੂੰ ਬਬਲੀ ਦੇ ਭਰਾ ਸਮੇਤ ਪੰਜ ਜਣਿਆਂ ਨੂੰ ਅਦਾਲਤ ਨੇ ਫਾਂਸੀ ਦਾ ਹੁਕਮ ਸੁਣਾ ਦਿੱਤਾ ਸੀ।

ਅਦਾਲਤ ਦੇ ਇਸ ਫੈਸਲੇ ਤੋਂ ਬਾਅਦ ਉਮੀਦ ਸੀ ਕਿ ਇੱਜ਼ਤ ਖ਼ਾਤਰ ਖ਼ੂਨ ਨਾਲ ਹੱਥ ਰੰਗਣ ਵਾਲਿਆਂ ਦੀ ਸੋਚ 'ਤੇ ਸੱਟ ਵੱਜੇਗੀ, ਪਰ ਹੋਇਆ ਇਸ ਦੇ ਬਿਲਕੁਲ ਉਲਟ। ਕਤਲਾਂ ਦੀ ਗਿਣਤੀ ਵਧਦੀ ਗਈ ਤੇ ਪਿਛਲੇ ਦਿਨੀਂ ਇਹ ਹਵਾ ਰਾਜਧਾਨੀ ਦਿੱਲੀ ਤੱਕ ਪਹੁੰਚ ਗਈ, ਜਿੱਥੇ ਅੰਤਰਜਾਤੀ ਵਿਆਹ ਕਰਾਉਣ ਵਾਲੇ ਕੁਲਦੀਪ ਤੇ ਮੋਨਿਕਾ ਨੂੰ ਮਾਰ ਮੁਕਾਇਆ ਗਿਆ। ਬਾਅਦ 'ਚ ਮੋਨਿਕਾ ਦੀ ਚਚੇਰੀ ਭੈਣ ਸ਼ੋਭਾ ਦੀ ਵੀ ਹੱਤਿਆ ਕਰ ਦਿੱਤੀ ਗਈ ਕਿਉਂਕਿ ਉਹਨੇ ਵੀ ਅੰਤਰਜਾਤੀ ਵਿਆਹ ਕਰਾਉਣ ਦੀ ਗੁਸਤਾਖ਼ੀ ਕੀਤੀ ਸੀ। ਤਿੰਨਾਂ ਕਤਲਾਂ ਦੇ ਦੋਸ਼ੀ ਮੋਨਿਕਾ ਦੇ ਭਰਾ ਹੁਣ ਪੁਲਿਸ ਦੀ ਗ੍ਰਿਫਤ 'ਚ ਹਨ, ਪਰ ਉਨ੍ਹਾਂ ਨੂੰ ਆਪਣੇ ਕੀਤੇ 'ਤੇ ਕੋਈ ਪਛਤਾਵਾ ਨਹੀਂ। ਉਨ੍ਹਾਂ ਦਾ ਕਹਿਣਾ ਹੈ ਕਿ 'ਪਰਿਵਾਰ ਦੀ ਇੱਜ਼ਤ ਲਈ ਅਸੀਂ ਇਹ ਸਭ ਕੀਤੈ...ਸਾਨੂੰ ਮਾਣ ਹੈ ਕਿ ਅਸੀਂ ਖ਼ਾਨਦਾਨ ਦੇ ਨੱਕ ਲਈ ਕੁੱਝ ਕਰ ਵਿਖਾਇਐ...।'

ਮਾਮਲਾ ਭਾਵੇਂ 30 ਮਾਰਚ 1999 ਨੂੰ ਭਿਵਾਨੀ ਜ਼ਿਲ੍ਹੇ ਦੇ ਦੇਸਰਾਜ ਅਤੇ ਨਿਰਮਲਾ ਦੀ ਹੱਤਿਆ ਦਾ ਹੋਵੇ, ਜਿਸ ਵਿਚ ਦੋਹਾਂ ਪੱਖਾਂ ਦੇ 27 ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ, 2009 ਨੂੰ ਜਨਮ ਅਸ਼ਟਮੀ ਵਾਲੇ ਦਿਨ ਭਿਵਾਨੀ 'ਚ ਮੁੰਡੇ-ਕੁੜੀ ਦੇ ਕਤਲ ਦਾ ਹੋਵੇ, ਜਿਨ੍ਹਾਂ ਦੇ ਕਤਲ ਦੇ ਸਬੂਤ ਨਾ ਮਿਲਣ ਕਰਕੇ ਪੁਲਿਸ ਨੂੰ ਫਾਈਲ ਬੰਦ ਕਰਨੀ ਪਈ ਜਾਂ ਭਿਵਾਨੀ ਦੇ ਹੀ ਪਿੰਡ ਨਿਮੜੀਵਾਲਾ ਦੀ ਮੋਨਿਕਾ ਤੇ ਟਿੰਕੂ ਦੇ ਇਸ਼ਕ ਦਾ ਹੋਵੇ, ਜਿਨ੍ਹਾਂ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ ਤੇ ਪੁਲਿਸ ਨੇ ਕੁੜੀ ਦੇ ਮਾਪਿਆਂ ਸਮੇਤ ਛੇ ਜਣਿਆਂ 'ਤੇ ਮੁਕੱਦਮਾ ਦਰਜ ਕੀਤੈ, ਇਨ੍ਹਾਂ ਸਾਰਿਆਂ ਦਾ ਕਾਰਨ ਇੱਕੋ ਹੈ ਪੰਚਾਇਤੀ ਨਿਯਮਾਂ ਦੀ ਹੁਕਮਅਦੂਲੀ, ਜਿਨ੍ਹਾਂ ਨੂੰ ਕਾਨੂੰਨ ਦੀਆਂ ਕਿਤਾਬਾਂ 'ਚ ਕੋਈ ਮਾਨਤਾ ਨਹੀਂ।

ਬੁੱਧੀਜੀਵੀ ਲੋਕ ਤੇ ਮੀਡੀਆ ਕਾਤਲਾਂ ਦੇ ਖਿਲਾਫ ਹੈ ਅਤੇ ਲੋਕਾਂ ਨੂੰ ਆਪਣੀ ਸੋਚ ਬਦਲਣ ਲਈ ਆਖ ਰਿਹੈ। ਖਾਪ ਪੰਚਾਇਤਾਂ ਦੇ ਰਵੱਈਏ ਦੀ ਵੀ ਖ਼ੂਬ ਆਲੋਚਨਾ ਹੋ ਰਹੀ ਏ ਕਿ ਉਨ੍ਹਾਂ ਨੂੰ ਆਪਣੇ ਦਾਇਰੇ 'ਚ ਰਹਿ ਕੇ ਕੰਮ ਕਰਨੇ ਚਾਹੀਦੇ ਨੇ, ਨਾ ਕਿ ਆਪਣੀਆਂ ਹੀ ਅਦਾਲਤਾਂ 'ਚ ਆਪੇ ਜੱਜ ਤੇ ਆਪੇ ਵਕੀਲ ਬਣਨਾ ਚਾਹੀਦੈ। ਰਿਪੋਰਟਾਂ 'ਚ ਆਖਿਆ ਜਾ ਰਿਹੈ ਕਿ ਬੰਦੇ ਦਾ ਗੋਤ 'ਇਨਸਾਨ' ਹੋਣਾ ਚਾਹੀਦੈ ਤੇ ਗੋਤਾਂ ਵਿਚਲੇ ਵਿਆਹਾਂ 'ਤੇ ਪਾਬੰਦੀ ਲਾਉਣੀ ਜਾਇਜ਼ ਨਹੀਂ। ਸਮਾਜ ਬਦਲ ਰਿਹੈ, ਸੰਸਾਰ ਪਿੰਡ ਵਰਗਾ ਬਣ ਚੁੱਕੈ, ਸੋ ਜਦੋਂ ਅਸੀਂ ਹਰ ਪੱਖੋਂ ਦੋ ਕਦਮ ਅੱਗੇ ਜਾ ਰਹੇ ਹਾਂ ਤਾਂ ਪੁਰਾਣੇ ਰੀਤੀ ਰਿਵਾਜ ਬਚਾਉਣ ਲਈ ਇੱਕ ਕਦਮ ਪਿਛਾਂਹ ਖਿੱਚਣਾ ਸਿਆਣੀ ਗੱਲ ਨਹੀਂ। ਵਿਚਾਰਵਾਨਾਂ ਦੀ ਇਹ ਗੱਲ ਬਿਲਕੁਲ ਸਹੀ ਜਾਪਦੀ ਹੈ। ਗੋਤਾਂ, ਜ਼ਾਤਾਂ ਦੇ ਬੰਧਨਾਂ ਤੋਂ ਸਮਾਜ ਨੂੰ ਮੁਕਤੀ ਮਿਲਣੀ ਚਾਹੀਦੀ ਹੈ। ਇਹ ਉਹ ਵੇਲ਼ਾ ਤਾਂ ਹੈ ਨਹੀਂ, ਜਦੋਂ ਵਿਆਹ ਧਰਨ ਤੋਂ ਪਹਿਲਾਂ ਮੁੰਡੇ-ਕੁੜੀ ਦੇ ਨਾਨਕਿਆਂ ਦੇ ਵੀ ਗੋਤ ਪੁੱਛੇ ਜਾਂਦੇ ਸਨ।

ਅਦਾਲਤਾਂ ਵਲੋਂ ਵਿਆਹੁਤਾ ਜੋੜਿਆਂ ਦੀ ਸੁਰੱਖਿਆ ਦੇ ਆਦੇਸ਼ ਦੇਣੇ ਵੀ ਬਿਲਕੁਲ ਜਾਇਜ਼ ਹਨ ਕਿ ਇਨ੍ਹਾਂ ਨੂੰ ਜ਼ਿੰਦਗੀ ਮਾਣਨ ਦੀ ਖੁੱਲ੍ਹ ਮਿਲਣੀ ਚਾਹੀਦੀ ਹੈ। ਅੰਤਰਜ਼ਾਤੀ ਵਿਆਹਾਂ ਦੀ ਸਜ਼ਾ ਨਹੀਂ ਹੋਣੀ ਚਾਹੀਦੀ, ਕਿਉਂਕਿ ਅੱਜ ਸਮਾਜ ਜ਼ਾਤ ਪਾਤ ਦੇ ਸੰਗਲਾਂ ਨੂੰ ਤੋੜਨ ਦੀਆਂ ਕੋਸ਼ਿਸ਼ਾਂ 'ਚ ਜੁਟਿਆ ਹੋਇਐ। ਸਿਰਫ 'ਗ਼ੈਰਤ' ਖ਼ਾਤਰ ਜਵਾਈ ਸਮੇਤ ਧੀ ਨੂੰ ਮਾਰ ਮੁਕਾਉਣਾ ਤੇ ਬਾਅਦ ਵਿਚ ਪੂਰੀ ਉਮਰ ਜੇਲ੍ਹ ਦੀ ਚੱਕੀ ਪੀਹਣੀ ਸਿਆਣਪ ਦੀ ਨਿਸ਼ਾਨੀ ਨਹੀਂ।

ਸ਼ਖ਼ਸੀ ਆਜ਼ਾਦੀ ਦੇ ਨਾਂ 'ਤੇ ਇੱਕੋ ਪਿੰਡ, ਇੱਕੋ ਗਲੀ ਦੇ ਮੁੰਡੇ-ਕੁੜੀ ਦੇ ਵਿਆਹ ਦੀ ਹਮਾਇਤ ਕਰਨੀ ਬਹੁਤਿਆਂ ਦੇ ਗ਼ਲ 'ਚੋਂ ਹੇਠਾਂ ਨਹੀਂ ਉਤਰ ਰਹੀ। ਜਿਹੜੇ ਲੋਕ ਆਖਦੇ ਨੇ ਕਿ ਸਮਾਜ ਬਦਲ ਚੁੱਕੈ ਤੇ ਹੁਣ ਹਰ ਬਾਲਗ ਆਪਣੀ ਮਰਜ਼ੀ ਮੁਤਾਬਕ ਜ਼ਿੰਦਗੀ ਜਿਊ ਸਕਦੈ, ਉਹ ਇੱਕ ਸਵਾਲ ਦਾ ਜਵਾਬ ਦੇਣ ਤੋਂ ਕੰਨੀ ਕਤਰਾ ਰਹੇ ਨੇ ਕਿ ਗੁਆਂਢ ਦੇ ਮੁੰਡੇ ਨੇ ਨਾਲ ਦੇ ਘਰ ਰਹਿਣ ਵਾਲੀ ਕੁੜੀ ਨਾਲ ਅਦਾਲਤੀ ਵਿਆਹ ਕਰਵਾ ਲਿਆ ਤੇ ਜਾਨੀ ਖ਼ਤਰੇ ਤੋਂ ਬਚਣ ਲਈ ਉਨ੍ਹਾਂ ਨੂੰ ਪੁਲਿਸ ਸੁਰੱਖਿਆ ਵੀ ਮਿਲ ਗਈ, ਪਰ ਕੀ ਅਦਾਲਤ ਕੁੜੀ ਦੇ ਉਨ੍ਹਾਂ ਮਾਪਿਆਂ ਦੀ ਜ਼ਿੰਦਗੀ ਦੇ ਬਚਾਅ ਲਈ ਵੀ ਵਚਨਬੱਧ ਹੈ, ਜਿਹੜੇ ਸਮਾਜ ਵਿਚ ਆਪਣਾ ਮਾਣ ਸਤਿਕਾਰ ਗੁਆਚਣ ਅਤੇ ਤਾਅਨਿਆਂ-ਮਿਹਣਿਆਂ ਤੋਂ ਦੁਖੀ ਹੋ ਕੇ ਰੋਜ਼ਾਨਾ ਮਰਨ ਦੀਆਂ ਸਕੀਮਾਂ ਘੜਦੇ ਨੇ।

ਸਿਰਫ ਇੱਕ ਪਿੰਡ ਦੀ ਉਦਾਹਰਣ ਦਿਆਂਗਾ। ਸਾਡੇ ਪਿੰਡੋਂ ਕੁੱਝ ਦੂਰੀ 'ਤੇ ਵਸਦੇ ਪਿੰਡ 'ਚ ਇੱਕ ਮੁੰਡਾ ਉਸ ਕੁੜੀ ਨੂੰ ਦੌੜਾ ਕੇ ਲੈ ਗਿਆ, ਜਿਸ ਦਾ ਘਰ ਉਨ੍ਹਾਂ ਦੇ ਘਰ ਤੋਂ ਤਿੰਨ ਕੁ ਘਰਾਂ ਦੀ ਵਿੱਥ 'ਤੇ ਸੀ। ਦੋ ਮਹੀਨਿਆਂ ਬਾਅਦ ਜੋੜੀ ਅਦਾਲਤੀ ਵਿਆਹ ਕਰਵਾ ਕੇ ਘਰ ਆ ਗਈ, ਪਰ ਕੁੜੀ ਦੇ ਮਾਪਿਆਂ ਨੂੰ ਕਈ ਵਾਰ ਖ਼ੁਦਕੁਸ਼ੀ ਕਰਨੋਂ ਮਸਾਂ ਬਚਾਇਆ ਗਿਆ ਕਿਉਂਕਿ ਨਿੱਤ ਹੀ ਉਨ੍ਹਾਂ ਨੂੰ ਲੋਕਾਂ ਦੀਆਂ ਟਕੋਰਾਂ ਸੁਣਨੀਆਂ ਪੈਂਦੀਆਂ ਕਿ ਥੋਡੀ ਕੁੜੀ ਨੂੰ ਤਾਂ ਮੌਜਾਂ ਨੇ, ਜਦੋਂ ਦਿਲ ਕੀਤਾ ਛਾਲ ਮਾਰ ਕੇ ਸਹੁਰੇ ਪਹੁੰਚ ਗਈ ਤੇ ਜਦੋਂ ਦਿਲ ਕੀਤਾ ਪੇਕੇ ਆ ਗਈ।

ਜੋ ਵਿਦਵਾਨ ਆਖਦੇ ਨੇ ਕਿ ਸਾਡਾ ਮੁਲਕ ਵੀ ਪੱਛਮ ਦੀਆਂ ਰੀਸਾਂ ਕਰ ਰਿਹੈ, ਜੇ ਉਥੇ ਹਰ ਕਿਸੇ ਨੂੰ ਮਰਜ਼ੀ ਕਰਨ ਦੀ ਆਜ਼ਾਦੀ ਏ ਤਾਂ ਇਥੇ ਕਿਉਂ ਨਹੀਂ? ਤਾਂ ਉਨ੍ਹਾਂ ਨੂੰ ਇਹ ਵੀ ਪਤਾ ਹੋਣਾ ਚਾਹੀਦੈ ਕਿ ਜੇ ਮਾੜੀ-ਮੋਟੀ ਸ਼ਰਮ ਤੇ ਸੰਸਕਾਰ ਬਚੇ ਨੇ ਤਾਂ ਸਿਰਫ ਭਾਰਤੀ ਲੋਕਾਂ ਦੇ ਬੋਝੇ 'ਚ ਨੇ। ਪੱਛਮੀ ਮੁਲਕਾਂ ਵਿਚ ਤਾਂ ਕਈ ਵਾਰ ਵਿਆਹ ਤੋਂ ਪਹਿਲਾਂ ਦੋ-ਦੋ ਨਿਆਣੇ ਹੋ ਜਾਂਦੇ ਨੇ। ਜਦੋਂ ਨਿਆਣਿਆਂ ਦੇ ਮਾਪੇ ਮੂੰਹ ਫੇਰ ਲੈਂਦੇ ਨੇ ਤਾਂ ਸਰਕਾਰ ਉਹ ਨਿਆਣੇ ਸੰਭਾਲ ਲੈਂਦੀ ਹੈ। ਵਿੱਦਿਆ ਦਾ ਖਰਚ ਆਪਣੇ ਮੋਢਿਆਂ 'ਤੇ ਚੁੱਕਦੀ ਏ ਤੇ ਬੇਰੁਜ਼ਗਾਰ ਮਾਪਿਆਂ ਨੂੰ ਭੱਤਾ ਦੇ ਕੇ ਨਿਰਾਸ਼ ਹੋਣੋਂ ਬਚਾਉਂਦੀ ਹੈ, ਪਰ ਸਾਡੇ ਭਾਰਤ ਵਿਚ ਭਲਾ ਇਹੋ ਜਿਹਾ ਕੁੱਝ ਕਿੱਥੇ ਹੈ? ਜੇ ਪੱਛਮ ਦੀਆਂ ਸਾਰੀਆਂ ਰੀਸਾਂ ਏਥੇ ਸ਼ੁਰੂ ਹੋ ਗਈਆਂ ਤਾਂ ਨਾ ਸਾਡੀਆਂ ਸਰਕਾਰਾਂ ਨੇ ਪੈਦਾ ਹੋਏ ਹਾਲਾਤ ਦੀ ਜ਼ਿੰਮੇਵਾਰੀ ਚੁੱਕਣੀ ਏ, ਨਾ ਅਦਾਲਤਾਂ ਨੇ ਤੇ ਨਾ ਹੀ ਸਾਡੇ ਸਮਾਜ ਨੇ। ਜੇ ਸਾਡੇ ਨਾਸਮਝ ਲੋਕਾਂ ਨੂੰ ਸ਼ਖ਼ਸੀ ਆਜ਼ਾਦੀ ਦੀ ਖੁੱਲ੍ਹ ਪੱਛਮ ਵਾਂਗ ਮਿਲ ਗਈ ਤਾਂ ਹੋ ਸਕਦੈ ਕੱਲ੍ਹ ਨੂੰ ਸਕੂਲਾਂ ਵਿਚ ਵੀ ਗਰਭ ਰੋਕੂ ਦਵਾਈਆਂ ਰੱਖਣੀਆਂ ਪੈਣ।

ਸਾਡਾ ਮਤ ਹੈ ਕਿ ਜਿਸ ਤਰ੍ਹਾਂ ਹਰਿਆਣੇ ਤੇ ਹੋਰ ਸੂਬਿਆਂ ਵਿਚ ਨੱਕ ਖ਼ਾਤਰ ਕਤਲਾਂ ਦੀ ਲੜੀ ਤੁਰੀ ਹੋਈ ਏ, ਉਹਨੂੰ ਠੱਲ੍ਹ ਪੈਣੀ ਚਾਹੀਦੀ ਏ। ਮਾਪਿਆਂ ਨੂੰ ਆਪਣੇ ਧੀਆਂ-ਪੁੱਤਾਂ ਨੂੰ ਪਾਰ ਬੁਲਾਉਣ ਦੀ ਥਾਂ ਉਨ੍ਹਾਂ ਨੂੰ ਅਪਨਾਉਣ ਨੂੰ ਪਹਿਲ ਦੇਣੀ ਚਾਹੀਦੀ ਏ। ਪਹਿਲਾਂ ਕਿਹਾ ਜਾਂਦਾ ਸੀ ਕਿ ਜੇ ਟੱਬਰ ਦੇ ਕਿਸੇ ਜੀਅ ਨੇ ਗ਼ਲਤੀ ਕਰ ਦਿੱਤੀ ਤਾਂ ਉਹਨੂੰ ਘਰੋਂ ਨਹੀਂ ਕੱਢਿਆ ਜਾ ਸਕਦਾ, ਪਰ ਅੱਜ ਅਸੀਂ ਗ਼ਲਤੀ ਕਰਨ ਵਾਲੇ ਨੂੰ ਦੁਨੀਆਂ ਤੋਂ ਹੀ ਕਿਉਂ ਕੱਢ ਰਹੇ ਹਾਂ। ਅਦਾਲਤਾਂ ਦੇ ਫੈਸਲਿਆਂ ਦਾ ਵੀ ਸਵਾਗਤ ਕਰਨਾ ਬਣਦਾ ਹੈ, ਜਿਹੜੀਆਂ ਪ੍ਰੇਮ ਵਿਆਹਾਂ ਨੂੰ ਜੁਰਮ ਮੰਨਣੋਂ ਇਨਕਾਰੀ ਹਨ। ਪਰ ਇਸ ਸਭ ਦੇ ਨਾਲ ਨਾਲ ਸਮਾਜ ਦੀ ਵੀ ਆਪਣੀ ਜ਼ਿੰਮੇਵਾਰੀ ਬਣਦੀ ਹੈ। ਕਾਨੂੰਨ ਦੀ ਆੜ ਵਿਚ ਮਨਆਈਆਂ ਕਰਨ ਨਾਲੋਂ ਸਾਨੂੰ ਆਪਣੀਆਂ ਕਦਰਾਂ-ਕੀਮਤਾਂ 'ਤੇ ਪਹਿਰਾ ਦੇਣਾ ਚਾਹੀਦੈ, ਜ਼ਿੰਮੇਵਾਰੀਆਂ ਵਿਸਾਰਨੀਆਂ ਨਹੀਂ ਚਾਹੀਦੀਆਂ। ਜੇ ਅਸੀਂ ਸ਼ਖ਼ਸੀ ਆਜ਼ਾਦੀ ਦਾ ਅਰਥ ਆਪਣੇ ਢੰਗ ਨਾਲ ਕੱਢਣਾ ਸ਼ੁਰੂ ਕਰ ਦਿੱਤਾ ਤਾਂ ਉਨ੍ਹਾਂ ਲੋਕਾਂ ਨੂੰ ਵੀ ਸਮਝਾਉਣੋਂ ਬੇਵੱਸ ਹੋ ਜਾਵਾਂਗੇ, ਜਿਹੜੇ ਆਪਣੀਆਂ ਨੇੜਲੀਆਂ ਰਿਸ਼ਤੇਦਾਰੀਆਂ 'ਚ ਹੀ ਇਸ਼ਕ ਦੀਆਂ ਪੀਂਘਾਂ ਝੂਟਣ ਲੱਗਦੇ ਨੇ ਤੇ ਬਾਅਦ 'ਚ ਖ਼ਬਰਾਂ ਛਪਦੀਆਂ ਨੇ, 'ਮਾਮੇ ਦੀ ਕੁੜੀ...ਭੂਆ ਦੀ ਧੀ...ਸਾਲੀ ਦੀ ਧੀ ਜਾਂ ਮਤਰੇਈ ਭੈਣ ਨੂੰ ਵਰਗਲਾ ਕੇ ਕਲਯੁਗੀ ਭਰਾ ਫਰਾਰ...।'

*ਫੋਨ:91-98141-78883



## ਕੋਸ਼ ਦੇ ਦੋਸ਼

(ਸਫਾ 28 ਦੀ ਬਾਕੀ)

ਪੇਸ਼ਾਵਰ ਲੋਕਾਂ ਤੋਂ ਡਰਦਿਆਂ ਸਾਰੇ ਪੋਲ ਖੋਲ੍ਹਣ ਦਾ ਹੌਸਲਾ ਨਹੀਂ ਕੀਤਾ। ਕੋਸ਼ਕਾਰੀ ਦੇ ਕੰਮ ਵਿਚ ਸਿਧੇ ਛਾਲ ਨਹੀਂ ਮਾਰਨੀ ਚਾਹੀਦੀ, ਪਹਿਲਾਂ ਇਸਦਾ ਕਾਰਜ ਖੇਤਰ ਮਿਥਿਆ ਜਾਣਾ ਚਾਹੀਦਾ ਹੈ ਤੇ ਇਸਦੇ ਬਹੁਤ ਚੌੜੇ ਹੋ ਚੁੱਕੇ ਸਿਧਾਂਤਕ ਆਧਾਰ ਤੋਂ ਜਾਣੂ ਹੋਣਾ ਚਾਹੀਦਾ ਹੈ।

ਬੇਸ਼ੁਮਾਰ ਸਾਵਧਾਨੀਆਂ ਵਰਤਣ ਦੇ ਬਾਵਜੂਦ ਅਸੀਂ ਵੀ ਕੁਝ ਗਲਤੀਆਂ ਜ਼ਰੂਰ ਕੀਤੀਆਂ। ਪਿਛੇ ਜਿਹੇ ਸੁਰਜੀਤ ਹਾਂਸ ਨੇ ਇਕ ਲੇਖ ਵਿਚ ਅੰਗਰੇਜ਼ੀ ਸ਼ਬਦ 'ਰੇਕ' ਦੀ ਸਾਡੇ ਵਲੋਂ ਕੀਤੀ ਲਾਪ੍ਰਵਾਹੀ ਵੱਲ ਧਿਆਨ ਦੁਆਇਆ ਹੈ ਜਿਥੇ ਅਸੀਂ ਤੰਗਲੀ ਅਤੇ ਕਰਾਹੀ ਨੂੰ ਇਕੋ ਰੱਸੇ ਬੰਨ੍ਹ ਦਿੱਤਾ ਹੈ। ਉਸਨੇ ਟਿੱਚਰ ਕੀਤੀ ਕਿ ਕੀ ਇਸ ਕੋਸ਼ ਨੂੰ ਤਿਆਰ ਕਰਨ ਵਾਲਿਆਂ ਵਿਚ ਕੋਈ ਜੱਟ ਕੋਸ਼ਕਾਰ ਨਹੀਂ ਸਨ ਜੋ ਇਸ ਕਿਸਾਨੀ ਸੰਦ ਬਾਰੇ ਐਡਾ ਟਪਲਾ ਖਾ ਗਏ। ਦਰਅਸਲ ਅਸੀਂ ਸਾਰੇ ਹੀ ਪੇਂਡੂ ਪਿਛੋਕੜ ਦੇ ਸਾਂ ਤੇ ਤੀਜਾ ਹਿੱਸਾ ਜੱਟ ਵੀ, ਪਰ ਮੈਂ ਏਹੀ ਸਾਬਤ ਕਰਨਾ ਚਾਹੁੰਦਾ ਹਾਂ ਕਿ ਗਲਤੀ ਕਿਸੇ ਨਾ ਕਿਸੇ ਪਾਸਿਓਂ ਘੁੰਮ ਘੰਮਾ ਕੇ ਆ ਹੀ ਜਾਂਦੀ ਹਾਂ।

# ਐਸ਼ਵਰਿਆ ਰਾਏ ਨਾਲ ਕਿਉਂ ਕੀਤੀ ਜਾਂਦੀ ਹੈ ਐਨੀ ਈਰਖਾ

-ਚੇਤਨ ਭਗਤ



ਮਣੀਰਤਨਮ ਦੀ ਹਾਲ ਹੀ ਵਿਚ ਰਿਲੀਜ਼ ਹੋਈ ਫ਼ਿਲਮ 'ਰਾਵਣ' ਅਤੇ ਉਸ 'ਤੇ ਆਈਆਂ ਪ੍ਰਤੀਕਿਰਿਆਵਾਂ ਬੀਤੇ ਹਫਤੇ ਸੁਰਖੀਆਂ ਵਿਚ ਰਹੀਆਂ। ਮੈਂ ਕੋਈ ਵਪਾਰਕ ਮਾਹਿਰ ਜਾਂ ਫ਼ਿਲਮ ਸਮੀਖਿਅਕ ਨਹੀਂ ਹਾਂ ਪਰ ਰਿਪੋਰਟ ਇਹ ਦਸਦੀ ਹੈ ਕਿ ਫ਼ਿਲਮ ਨੇ ਟਿਕਟ ਖਿੜਕੀ 'ਤੇ ਉਮੀਦ ਤੋਂ ਮਾੜਾ ਪ੍ਰਦਰਸ਼ਨ ਕੀਤਾ ਅਤੇ ਇਸ ਨੂੰ ਆਲੋਚਕਾਂ ਦੀ ਸ਼ਲਾਘਾ ਵੀ ਨਹੀਂ ਮਿਲੀ। ਇੰਜ ਨਹੀਂ ਹੈ ਕਿ ਇਹ ਪਹਿਲੀ ਵਾਰ ਹੋਇਆ ਹੈ। ਪਿਛਲੇ ਮਹੀਨੇ ਆਈ ਫ਼ਿਲਮ 'ਕਾਈਟਸ' ਦਾ ਵੀ ਇਹੀ ਹਾਲ ਹੋਇਆ ਸੀ। ਵੱਡੀ ਫ਼ਿਲਮ, ਵੱਡੇ ਸਿਤਾਰੇ, ਵੱਡੀਆਂ ਉਮੀਦਾਂ ਪਰ ਨਤੀਜਾ ਸਿਫਰ। ਜਨਤਾ ਦਾ ਫੈਸਲਾ ਆਖਰੀ ਹੁੰਦਾ ਹੈ, ਇਹ ਫ਼ਿਲਮ ਬਣਾਉਣ ਵਾਲਿਆਂ ਅਤੇ ਉਸ ਨਾਲ ਜੁੜੇ ਲੋਕਾਂ ਲਈ ਭਾਵੇਂ ਦਿਲ ਤੋੜ ਦੇਣ ਵਾਲਾ ਹੋਵੇ, ਸ਼ੋਅ ਬਿਜ਼ਨੈਸ ਦੀ ਇਹੀ ਕੌੜੀ ਸੱਚਾਈ ਹੈ।

ਪਰ 'ਰਾਵਣ' 'ਤੇ ਮੀਡੀਆ ਵਿਚ ਆਈਆਂ ਪ੍ਰਤੀਕਿਰਿਆਵਾਂ ਕੁਝ ਜ਼ਿਆਦਾ ਹੀ ਤਲਖ ਸਨ। ਇੰਜ ਵੀ ਲੱਗਿਆ ਜਿਵੇਂ ਫ਼ਿਲਮ ਦੀ ਅਸਫਲਤਾ ਤੋਂ ਉਨ੍ਹਾਂ ਨੂੰ ਖੁਸ਼ੀ ਹੋਈ ਹੋਵੇ। ਇਸ ਰਵੱਈਏ ਦੇ ਕਈ ਕਾਰਨ ਹੋ ਸਕਦੇ ਹਨ, ਪਰ ਜਿਸ 'ਤੇ ਸਭ ਤੋਂ ਜ਼ਿਆਦਾ ਧਿਆਨ ਜਾਂਦਾ ਹੈ, ਉਹ ਹੈ ਫ਼ਿਲਮ ਵਿਚ ਸ੍ਰੀਮਤੀ ਐਸ਼ਵਰਿਆ ਬੱਚਨ ਦੀ ਮੌਜੂਦਗੀ। ਵੱਖ-ਵੱਖ ਸਮਾਰੋਹਾਂ ਵਿਚ ਉਨ੍ਹਾਂ ਵਲੋਂ ਪਹਿਨੇ ਗਏ ਕੱਪੜਿਆਂ ਤੋਂ ਲੈ ਕੇ ਫ਼ਿਲਮ ਦੀ ਨਾਕਾਮਯਾਬੀ ਤਕ ਹਰ ਨੁਕਤੇ 'ਤੇ ਐਸ਼ਵਰਿਆ ਦੇ ਖਿਲਾਫ਼ ਖੂਬ ਜ਼ਹਿਰ ਉਗਲਿਆ ਗਿਆ।

ਐਸ਼ਵਰਿਆ ਦੇ ਪੂਰੇ ਕੈਰੀਅਰ ਦੌਰਾਨ ਮੀਡੀਆ ਵਿਚ ਉਸ ਨੂੰ 'ਪਲਾਸਟਿਕ', 'ਠੰਢੀ', 'ਭਾਵਨਾਰਹਿਤ' ਅਤੇ 'ਅਦਾਕਾਰੀ ਦੇ ਮਾਮਲੇ ਵਿਚ ਅਨਾੜੀ' ਦੱਸਿਆ ਜਾਂਦਾ ਰਿਹਾ ਹੈ। ਇਥੇ ਇਹ ਵੀ ਭੁਲਾ ਦਿੱਤਾ ਜਾਂਦਾ ਹੈ ਕਿ ਉਹ ਹਿੰਦੀ, ਅੰਗਰੇਜ਼ੀ, ਤਮਿਲ, ਤੇਲਗੂ ਅਤੇ ਬੰਗਾਲੀ ਦੀਆਂ 40 ਤੋਂ ਜ਼ਿਆਦਾ ਫ਼ਿਲਮਾਂ ਕਰ ਚੁੱਕੀ ਹੈ। ਉਹ ਕਿਸੇ ਫ਼ਿਲਮੀ ਘਰਾਣੇ ਤੋਂ ਨਹੀਂ ਆਈ ਅਤੇ ਨਾ ਹੀ ਫ਼ਿਲਮ ਉਦਯੋਗ ਵਿਚ ਉਸ ਦਾ ਕੋਈ ਗਾਡਫਾਦਰ ਸੀ। ਅੱਜ ਦੁਨੀਆਂ ਭਰ ਵਿਚ ਉਸ ਨੂੰ ਜਿੰਨਾ ਜਾਣਿਆ-ਪਛਾਣਿਆ ਜਾਂਦਾ ਹੈ, ਓਨਾ ਉਸ ਤੋਂ ਪਹਿਲਾਂ ਤਕਰੀਬਨ ਕਿਸੇ ਭਾਰਤੀ ਅਦਾਕਾਰਾ ਨੂੰ ਨਹੀਂ ਜਾਣਿਆ ਗਿਆ। ਜੇ ਉਹ ਟੀ. ਵੀ. 'ਤੇ ਆ ਰਹੀ ਹੈ ਤਾਂ ਲੋਕ ਚੈਨਲ ਨਹੀਂ ਬਦਲਦੇ। ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਵਿਆਹ ਤੋਂ ਬਾਅਦ ਵੀ ਉਸਦੀ ਪ੍ਰਸਿੱਧੀ ਵਿਚ ਕੋਈ ਕਮੀ ਨਹੀਂ ਆਈ। ਇਸ ਦੇ ਬਾਵਜੂਦ ਇੰਜ ਲਗਦਾ ਹੈ ਕਿ ਉਸਦੀ ਸਫਲਤਾ ਨੂੰ ਮਾਣ ਦੇਣਾ ਤਾਂ ਦੂਰ, ਉਸਨੂੰ ਸਵੀਕਾਰਨ ਵਿਚ ਵੀ ਲੋਕ ਕੰਜੂਸੀ ਵਰਤ ਰਹੇ ਹਨ। ਇੰਜ ਕਿਉਂ? ਆਖਰ ਕਿਉਂ ਅਸੀਂ ਆਪਣੇ ਸਭ ਤੋਂ ਸਫਲ ਲੋਕਾਂ ਤੋਂ ਖਫ਼ਾ ਰਹਿੰਦੇ ਹਾਂ? ਕਿਉਂ ਅਸੀਂ ਚਾਹੁੰਦੇ ਹਾਂ ਕਿ ਉਹ ਨਾਕਾਮਯਾਬ ਹੋਣ? ਇਸਦੇ ਪਿੱਛੇ ਇਕ ਹੀ ਕਰੂਪ ਸ਼ਬਦ ਹੈ-ਈਰਖਾ।

ਮੈਂ ਐਸ਼ਵਰਿਆ ਦਾ ਪ੍ਰਸ਼ੰਸਕ ਹਾਂ ਪਰ ਇਥੇ ਮੈਂ ਉਸਦੀ ਪੈਰਵੀ ਨਹੀਂ ਕਰ ਰਿਹਾ। ਉਹ ਇਕੱਲੀ ਨਹੀਂ ਹੈ, ਜਿਸਦੇ ਨਾਲ ਇਸ ਤਰ੍ਹਾਂ ਦਾ ਸਲੂਕ ਕੀਤਾ ਗਿਆ। ਐਸ਼ਵਰਿਆ ਨਾਲ ਈਰਖਾ ਮਹਿਜ ਇਕ ਛੋਟੀ ਜਿਹੀ ਉਦਾਹਰਣ ਹੋ ਸਕਦੀ ਹੈ ਪਰ ਇਹ ਇਕ ਵੱਡਾ ਮੁੱਦਾ ਹੈ। ਜੇ ਅਸੀਂ ਆਪਣੇ ਸਾਮੰਤੀ ਸਮਾਜ ਦੀਆਂ ਬੇੜੀਆਂ ਨੂੰ ਤੋੜ ਕੇ ਇਕ ਇਹੋ ਜਿਹਾ ਸਮਾਜ ਬਣਾਉਣਾ ਹੈ, ਜਿਸ ਵਿਚ ਕਾਬਲ ਲੋਕਾਂ ਦੀ ਕਦਰ ਹੋਵੇ ਤਾਂ ਸਾਨੂੰ ਇਸ ਨਾਲ ਜੂਝਣਾ ਹੀ ਪਵੇਗਾ। ਈਰਖਾ ਇਕ ਤਰ੍ਹਾਂ ਦੀ ਖਿਝ ਹੈ, ਇਹ ਉਦੋਂ ਪੈਦਾ ਹੁੰਦੀ ਹੈ, ਜਦੋਂ ਅਸੀਂ ਕਿਸੇ ਵਿਅਕਤੀ ਵਿਚ ਕੋਈ ਇਹੋ ਜਿਹੀ ਖੂਬੀ ਵੇਖਦੇ ਹਾਂ, ਜੋ ਸਾਡੇ ਵਿਚ ਨਹੀਂ ਹੈ। ਐਸ਼ਵਰਿਆ ਨਾਲ ਸਾਡੀ ਈਰਖਾ ਦੇ ਕਈ ਕਾਰਨ ਹੋ ਸਕਦੇ ਹਨ, ਉਸਦੀ ਖੂਬਸੂਰਤੀ, ਉਸਦੀ ਕਾਮਯਾਬੀ, ਜਿਸ ਨੇ ਉਸ ਨੂੰ ਸਾਧਾਰਨ ਲੜਕੀ ਤੋਂ ਦੁਨੀਆਂ ਦੀਆਂ ਸਭ ਤੋਂ ਮਸ਼ਹੂਰ ਸ਼ਖਸੀਅਤਾਂ ਵਿਚੋਂ ਇਕ ਬਣਾ ਦਿੱਤਾ। ਉਸਦੀ ਖੁਸ਼ਹਾਲੀ, ਉਸ ਨੂੰ ਮਿਲਣ ਵਾਲੇ ਮੌਕੇ ਜਾਂ ਇਹ ਭਰਮ ਕਿ ਉਸਦੀ ਜ਼ਿੰਦਗੀ ਸਾਡੇ ਸਾਰਿਆਂ ਤੋਂ ਜ਼ਿਆਦਾ ਖੁਸ਼ਹਾਲ ਹੈ। ਐਸ਼ਵਰਿਆ ਨੇ ਤੇਜ਼ੀ ਨਾਲ ਸਫਲਤਾ ਦੀਆਂ ਪੌੜੀਆਂ ਚੜ੍ਹੀਆਂ ਅਤੇ ਮਹੱਤਵਪੂਰਨ ਇਹ ਹੈ ਕਿ ਇਹ ਉਸਨੇ ਭਾਰਤੀ ਪਰੰਪਰਾ ਤੋਂ ਹਟ ਕੇ ਕੀਤਾ ਕਿਉਂਕਿ ਭਾਰਤ ਵਿਚ ਅਕਸਰ ਅਮੀਰਾਂ, ਮਸ਼ਹੂਰ ਲੋਕਾਂ ਜਾਂ ਤਾਕਤਵਰਾਂ ਦੇ ਬੱਚੇ ਹੀ ਅਮੀਰ, ਪ੍ਰਸਿੱਧ ਜਾਂ ਤਾਕਤਵਰ ਬਣਦੇ ਹਨ।

ਸਾਨੂੰ ਇਸ ਵਿਚ ਕੁਝ ਵੀ ਅਸੁਭਾਵਕ ਨਹੀਂ ਲਗਦਾ ਕਿ ਉਚੇ ਖਾਨਦਾਨ ਦੇ ਬੱਚੇ ਦੁਨੀਆਂ ਨੂੰ ਆਪਣੀ ਜਾਗੀਰ ਸਮਝਦੇ ਹਨ। ਸਿਤਾਰਿਆਂ, ਰਾਜਨੀਤਕ ਆਗੂਆਂ, ਕਾਰੋਬਾਰੀਆਂ ਦੇ ਬੱਚਿਆਂ ਨੂੰ ਸਮਾਜ ਵਿਚ ਖਾਸ ਹੈਸੀਅਤ ਹਾਸਲ ਹੁੰਦੀ ਹੈ ਜਦਕਿ ਆਮ ਆਦਮੀ ਦੇ ਬੱਚਿਆਂ ਨੂੰ ਨਾਕਾਬਲ ਸਮਝਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਜ਼ਿੰਦਗੀ ਵਿਚ ਆਪਣਾ ਮੁਕਾਮ ਹਾਸਲ ਕਰਨ ਲਈ ਕਈ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਮਰੀਕਾ ਵਿਚ ਇਕ ਆਮ ਲੜਕੀ ਬ੍ਰਿਟਨੀ ਸਪੀਅਰਸ ਸਿਰਫ ਆਪਣੀ ਕਾਬਲੀਅਤ ਦੇ ਦਮ 'ਤੇ ਛੋਟੀ ਉਮਰ ਵਿਚ ਹੀ ਕਾਮਯਾਬੀ ਦੀਆਂ ਬੁਲੰਦੀਆਂ ਨੂੰ ਛੂਹ ਲੈਂਦੀ ਹੈ। ਭਾਰਤ ਵਿਚ ਇਸ ਤਰ੍ਹਾਂ ਹੋਣਾ ਤਕਰੀਬਨ ਅਸੰਭਵ ਹੈ। ਅਸੀਂ ਪ੍ਰਤਿਭਾ ਨੂੰ ਸਵੀਕਾਰ ਨਹੀਂ ਕਰ ਸਕਦੇ। ਸਾਨੂੰ ਪ੍ਰਤਿਭਾਵਾਂ ਦਾ ਸਨਮਾਨ ਕਰਨਾ ਅਤੇ ਉਨ੍ਹਾਂ ਦੇ ਨਾਲ ਸਹਿਜ ਹੋਣਾ ਨਹੀਂ ਆਉਂਦਾ। ਸਦੀਆਂ ਤੋਂ ਚੱਲੀ ਆ ਰਹੀ ਜਾਤੀ ਅਤੇ ਵਰਗ ਆਧਾਰਤ ਸ਼ੋਸ਼ਣ ਵਾਲੀ ਸ਼ਾਸਨ ਵਿਵਸਥਾ ਨੇ ਸਾਨੂੰ ਅਜਿਹਾ ਬਣਾ ਦਿੱਤਾ ਹੈ। ਆਪਣੀ ਥਾਂ 'ਤੇ ਬਣੇ ਰਹੋ, ਸਮੇਂ-ਸਮੇਂ 'ਤੇ ਅੱਗੇ ਵਧਦੇ ਰਹੋ, ਪਰ ਕਦੀ ਲੰਬੀ ਛਾਲ ਨਾ ਲਾਓ। ਇਹ ਸਾਮੰਤੀ ਪ੍ਰਬੰਧ ਹੈ। ਇਹ ਗਲਤ ਹੈ ਪਰ ਇਹੀ ਹੁੰਦਾ ਹੈ ਕਿਉਂਕਿ ਇਸੇ ਨਾਲ ਇਕ ਜਟਿਲ ਸਮਾਜਿਕ ਵਿਵਸਥਾ ਵਿਚ ਸਥਾਪਤੀ ਦੀ ਹਾਲਤ ਆਉਂਦੀ ਹੈ। ਪਰ ਮੈਂ ਸੋਚਦਾ ਹਾਂ ਕਿ ਇਹ ਪ੍ਰਬੰਧ ਬਦਲਣਾ ਚਾਹੀਦਾ ਹੈ। ਜਿਨ੍ਹਾਂ ਦੇ ਢਿੱਡ ਪਹਿਲਾਂ ਹੀ ਭਰੇ ਹਨ, ਉਨ੍ਹਾਂ ਦੇ ਮੂੰਹ ਵਿਚ ਚਾਂਦੀ ਦਾ ਚਮਚਾ ਧੱਕ ਦੇਣਾ ਠੀਕ ਨਹੀਂ ਹੈ। ਇਸ ਨਾਲ ਵਿਅਕਤੀ ਜਾਂ ਸਮਾਜ ਦੀਆਂ ਪੂਰੀਆਂ ਸੰਭਾਵਨਾਵਾਂ ਦਾ ਵਿਕਾਸ ਨਹੀਂ ਹੁੰਦਾ।

ਈਰਖਾ ਵਿਚ ਫਸਿਆ ਵਿਅਕਤੀ ਖੁਸ਼ ਨਹੀਂ ਰਹਿ ਸਕਦਾ, ਨਾ ਹੀ ਉਹ ਜ਼ਿਆਦਾ ਪ੍ਰਾਪਤੀਆਂ ਕਰ ਸਕਦਾ ਹੈ। ਬਦਲਦੇ ਹੋਏ ਭਾਰਤ ਵਿਚ ਹੁਣ ਇਹ ਸੰਭਵ ਹੈ ਕਿ ਨੌਜਵਾਨ ਪੀੜ੍ਹੀ ਦੇ ਸਾਹਮਣੇ ਜ਼ਿਆਦਾ ਵੱਡੇ ਸੁਪਨੇ ਅਤੇ ਜ਼ਿਆਦਾ ਵੱਡੀਆਂ ਪ੍ਰਾਪਤੀਆਂ ਹੋਣ। ਇਹ ਉਹ ਲੋਕ ਹੋਣਗੇ, ਜੋ ਹਜ਼ਾਰਾਂ ਦੂਜਿਆਂ ਲੋਕਾਂ ਨੂੰ ਵੀ ਪ੍ਰੇਰਿਤ ਕਰ ਸਕਣਗੇ। ਜੇ ਅਸੀਂ ਇਹੀ ਚਾਹੁੰਦੇ ਰਹੇ ਕਿ ਆਪਣੇ ਦਮ 'ਤੇ ਅੱਗੇ ਵਧਣ ਵਾਲੇ ਸਫਲ ਭਾਰਤੀ ਨਾਕਾਮਯਾਬ ਹੋਣ ਤਾਂ ਇਸ ਦਾ ਇਹੀ ਮਤਲਬ ਹੋਵੇਗਾ ਕਿ ਅਸੀਂ ਆਉਣ ਵਾਲੀ ਪੀੜ੍ਹੀ ਨੂੰ ਮਹਾਨ ਪ੍ਰਾਪਤੀਆਂ ਹਾਸਲ ਕਰਦੇ ਹੋਏ ਦੇਖਣਾ ਨਹੀਂ ਚਾਹੁੰਦੇ। ਜੇ ਸਫਲ ਲੋਕ ਹੀ ਹੋਰ ਸਫਲ ਹੁੰਦੇ ਰਹਿਣਗੇ ਤਾਂ ਇਸ ਨਾਲ ਸਮਾਜ ਵਿਚ ਆਊਟਪੁਟ ਵਿਚ ਵੀ ਵਾਧਾ ਨਹੀਂ ਹੋ ਸਕੇਗਾ। ਜੇ ਅਮੀਰ ਆਦਮੀ ਹੀ ਹੋਰ ਅਮੀਰ ਹੁੰਦਾ ਚਲਾ ਜਾਵੇਗਾ ਤਾਂ ਫਿਰ ਆਮ ਆਦਮੀ ਦੇ ਲਈ ਜਗ੍ਹਾ ਕਿਥੇ ਬਚੇਗੀ? ਉਸ ਨੂੰ ਨਵੀਂ ਪਹਿਲ ਕਰਨ ਦੀ ਪ੍ਰੇਰਨਾ ਕਿਵੇਂ ਮਿਲੇਗੀ? ਜੇ ਅਸੀਂ ਨਵਾਂ ਭਾਰਤ ਚਾਹੁੰਦੇ ਹਾਂ ਤਾਂ ਸਾਨੂੰ ਇਕ ਸਮਾਜ ਦੇ ਰੂਪ ਵਿਚ ਈਰਖਾ ਤੋਂ ਛੁਟਕਾਰਾ ਪਾਉਣਾ ਹੋਵੇਗਾ। ਸਾਨੂੰ ਲੋਕਾਂ ਦੀ ਸਫਲਤਾ ਤੋਂ ਪ੍ਰੇਰਿਤ ਹੋਣਾ ਚਾਹੀਦਾ ਹੈ, ਦੁਖੀ ਨਹੀਂ। ਐਸ਼ਵਰਿਆ ਨਾਲ ਈਰਖਾ ਨਾ ਰੱਖੋ, ਉਸ ਤੋਂ ਪ੍ਰੇਰਿਤ ਹੋਵੋ। ਇਹ ਕੋਈ ਨਵਾਂ ਵਿਚਾਰ ਨਹੀਂ ਹੈ, ਬੁੱਧ ਧਰਮ ਵਿਚ 'ਮੁਦਿਤਾ' ਦੀ ਧਾਰਨਾ ਹੈ, ਜਿਸ ਦਾ ਮਤਲਬ ਹੈ ਦੂਸਰਿਆਂ ਦੀਆਂ ਸਫਲਤਾਵਾਂ ਵਿਚ ਖੁਸ਼ੀ ਪ੍ਰਾਪਤ ਕਰਨੀ। ਸਾਨੂੰ ਅੱਜ ਭਾਰਤ ਵਿਚ ਇਸ ਲਈ ਵੀ ਇਸ ਦੀ ਜ਼ਿਆਦਾ ਜ਼ਰੂਰਤ ਹੈ ਕਿਉਂਕਿ ਹੁਣ ਜ਼ਿਆਦਾ ਤੋਂ ਜ਼ਿਆਦਾ ਆਮ ਮੱਧ ਵਰਗੀ ਲੋਕ ਵੱਖ-ਵੱਖ ਖੇਤਰਾਂ ਵਿਚ ਅੱਗੇ ਵਧਦੇ ਨਜ਼ਰ ਆਉਣਗੇ। ਉਨ੍ਹਾਂ ਲਈ ਮਦਦ ਦਾ ਹੱਥ ਵਧਾਈਏ।

ਤੇਜ਼ੀ ਨਾਲ ਅੱਗੇ ਵਧਣ ਵਾਲੇ ਲੋਕ ਉਹ ਨਹੀਂ ਹਨ, ਜੋ ਪਰੰਪਰਾ ਤੋੜਦੇ ਹਨ। ਇਹ ਉਹ ਲੋਕ ਹਨ ਜੋ ਇਕ ਨਵਾਂ ਰਸਤਾ ਘੜਦੇ ਹਨ ਅਤੇ ਸਾਨੂੰ ਉਸਦਾ ਪਤਾ ਦਸਦੇ ਹਨ। ਕੀ ਤੁਸੀਂ ਵੀ ਇਸ ਰਸਤੇ 'ਤੇ ਹੋ?

## ਸਮਰਿਤੀ ਇਰਾਨੀ ਨੇ ਮੋੜੀਆਂ ਰਾਜਨੀਤੀ ਵਲ ਮੁਹਾਰਾਂ



ਪਿਛਲੇ ਕੁਝ ਸਮੇਂ ਤੋਂ ਸਮਰਿਤੀ ਇਰਾਨੀ ਛੋਟੇ ਪਰਦੇ ਨਾਲੋਂ ਵਧੇਰੇ ਰਾਜਨੀਤੀ 'ਤੇ ਧਿਆਨ ਦੇ ਰਹੀ ਸੀ ਅਤੇ ਤਾਜ਼ਾ ਖ਼ਬਰ ਮੁਤਾਬਕ ਉਹ ਛੋਟੇ ਪਰਦੇ ਤੋਂ ਪੂਰੀ ਤਰ੍ਹਾਂ ਕਿਨਾਰਾ ਕਰਨ ਵਾਲੀ ਹੈ। ਇਕ ਰਾਸ਼ਟਰੀ ਪਾਰਟੀ ਦੀ ਮਹਿਲਾ ਵਿੰਗ ਦੀ ਮੁਖੀ ਨਿਯੁਕਤ ਹੋਣ ਪਿਛੋਂ ਹੁਣ ਸਮਰਿਤੀ ਨੇ ਖ਼ੁਦ ਨੂੰ ਅਦਾਕਾਰੀ ਤੋਂ ਦੂਰ ਰੱਖ ਕੇ ਆਪਣੀ ਰਾਜਨੀਤਕ ਪਾਰੀ 'ਤੇ ਵਧੇਰੇ ਧਿਆਨ ਦੇਣ ਦਾ ਫੈਸਲਾ ਕਰ ਲਿਆ ਹੈ।

ਵਰਣਨਯੋਗ ਹੈ ਕਿ ਪਾਰਟੀ ਦੀ ਨੈਸ਼ਨਲ ਐਗਜ਼ੀਕਿਊਟਿਵ 'ਚ ਸ਼ਾਮਲ ਕਰਨ ਤੋਂ ਬਾਅਦ ਕੁਝ ਸਮੇਂ 'ਚ ਹੀ ਸਮਰਿਤੀ ਨੂੰ ਇਸ ਅਹਿਮ ਅਹੁਦੇ 'ਤੇ ਨਿਯੁਕਤ ਕਰ ਦਿੱਤਾ ਗਿਆ ਹੈ। ਸਮਰਿਤੀ ਦਾ ਕਹਿਣੈ, ''ਇੰਨੀ ਵੱਡੀ ਰਾਜਨੀਤਕ ਜ਼ਿੰਮੇਵਾਰੀ ਮਿਲਣ 'ਤੇ ਮੇਰੇ ਕੋਲ ਅਦਾਕਾਰੀ ਲਈ ਜ਼ਰਾ ਵੀ ਸਮਾਂ ਨਹੀਂ ਬਚਿਆ।'' ਰਾਜਨੀਤੀ 'ਚ ਪੂਰੀ ਤਰ੍ਹਾਂ ਪੈਰ ਰੱਖ ਦੇਣ 'ਤੇ ਉਸ ਤੋਂ ਉਸ ਦੀਆਂ ਲੋੜਾਂ ਬਾਰੇ ਪੁੱਛਣ 'ਤੇ ਸਮਰਿਤੀ ਨੇ ਕਿਹਾ, ''ਅਜੇ ਤਾਂ ਮੈਨੂੰ ਆਪਣੇ ਕੰਮ ਨੂੰ ਸਮਝਣ 'ਚ ਸਮਾਂ ਲੱਗੇਗਾ। ਅਜੇ ਮੈਂ ਇਸ ਬਾਰੇ ਕੁਝ ਨਹੀਂ ਕਹਿ ਸਕਦੀ। ਮੈਂ ਚਾਹੁੰਦੀ ਹਾਂ ਕਿ ਮੇਰਾ ਕੰਮ ਮੇਰੇ ਵਲੋਂ ਬੋਲੇ।''

## ਹੁਣ 'ਧੋਬੀ ਘਾਟ' 'ਚ ਕੁਝ ਵੱਖਰਾ ਕਰਨਗੇ ਆਮਿਰ



ਆਮਿਰ ਖ਼ਾਨ ਆਪਣੀਆਂ ਫ਼ਿਲਮਾਂ ਵਿਚ ਨਵੇਂ-ਨਵੇਂ ਪ੍ਰਯੋਗ ਕਰਨ ਲਈ ਜਾਣੇ ਜਾਂਦੇ ਹਨ। ਆਪਣੀ ਹੋਮ ਪ੍ਰੋਡਕਸ਼ਨ ਦੀਆਂ ਫ਼ਿਲਮਾਂ ਲਗਾਨ, ਗਜਨੀ ਅਤੇ ਜਾਨੇ ਤੂੰ ਯਾ ਜਾਨੇ ਨਾ ਵਿਚ ਉਨ੍ਹਾਂ ਵਲੋਂ ਕੀਤੇ ਗਏ ਨਵੇਂ ਪ੍ਰਯੋਗਾਂ ਨੇ ਉਨ੍ਹਾਂ ਨੂੰ ਕਾਮਯਾਬੀ ਦਿੱਤੀ ਅਤੇ ਹੁਣ ਉਹ ਆਪਣੀ ਪਤਨੀ ਦੇ ਨਿਰਦੇਸ਼ਨ ਵਿਚ ਬਣ ਰਹੀ ਫ਼ਿਲਮ 'ਧੋਬੀ ਘਾਟ' ਵਿਚ ਵੀ ਕੁਝ ਨਵਾਂ ਕਰਦੇ ਨਜ਼ਰ ਆਉਣਗੇ। ਇਹ ਨਵਾਂ ਕੀ ਹੋਵੇਗਾ, ਇਸ ਦਾ ਤਾਂ ਆਮਿਰ ਨੇ ਹੁਣ ਤਕ ਕੋਈ ਖੁਲਾਸਾ ਨਹੀਂ ਕੀਤਾ ਹੈ ਪ੍ਰੰਤੂ ਪਿਛਲੇ ਦਿਨੀਂ ਉਨ੍ਹਾਂ ਨੇ ਇਹ ਗੱਲ ਜ਼ਰੂਰ ਸਾਫ ਕਰ ਦਿੱਤੀ ਹੈ ਕਿ 'ਧੋਬੀ ਘਾਟ' ਵਿਚ ਮੁੱਖ ਭੂਮਿਕਾ ਉਨ੍ਹਾਂ ਦੀ ਹੀ ਹੈ। ਟਾਈਟਲ ਤੋਂ ਹੀ ਲੋਕ ਅੰਦਾਜ਼ਾ ਲਗਾ ਸਕਦੇ ਹਨ ਕਿ ਫ਼ਿਲਮ 'ਚ ਵਿਸ਼ੇਸ਼ ਚੀਜ਼ ਕੀ ਹੋਵੇਗੀ। ਇਸ ਫ਼ਿਲਮ ਵਿਚ ਉਨ੍ਹਾਂ ਦੇ ਨਾਲ ਸਮਿਤਾ ਪਾਟਿਲ ਅਤੇ ਰਾਜ ਬੱਬਰ ਦੇ ਬੇਟੇ ਪ੍ਰਤੀਕ ਬੱਬਰ ਵੀ ਪ੍ਰਮੁਖ ਭੂਮਿਕਾ ਵਿਚ ਨਜ਼ਰ ਆਉਣਗੇ। ਆਮਿਰ ਖ਼ਾਨ ਇਨ੍ਹੀਂ ਦਿਨੀਂ ਰਾਜ ਕੁਮਾਰ ਹੀਰਾਨੀ ਦੀ ਫ਼ਿਲਮ 'ਥ੍ਰੀ ਇਡੀਅਟਸ' ਨੂੰ ਮਿਲੀ ਸਫਲਤਾ ਦਾ ਜਸ਼ਨ ਮਨਾ ਰਹੇ ਹਨ।

1973 ਵਿਚ ਆਈ ਫ਼ਿਲਮ 'ਯਾਦੋਂ ਕੀ ਬਾਰਾਤ' ਤੋਂ ਬਤੌਰ ਬਾਲ ਕਲਾਕਾਰ ਬਾਲੀਵੁੱਡ ਵਿਚ ਆਪਣਾ ਸਫਰ ਸ਼ੁਰੂ ਕਰਨ ਵਾਲੇ ਆਮਿਰ ਨੇ ਹੁਣ ਤਕ ਬਹੁਤ ਸਫਲ ਫ਼ਿਲਮਾਂ ਕੀਤੀਆਂ ਹਨ। ਪੁਰਸਕਾਰਾਂ ਨੂੰ ਖੁਦ ਤੋਂ ਦੂਰ ਰੱਖਣ ਵਾਲੇ ਆਮਿਰ ਦਾ ਮੰਨਣਾ ਹੈ ਕਿ ਪੁਰਸਕਾਰਾਂ ਨੂੰ ਦਿੱਤੇ ਜਾਣ ਦਾ ਪੈਮਾਨਾ ਠੀਕ ਨਹੀਂ ਹੈ। ਆਮਿਰ ਨੇ 'ਜਾਨੇ ਤੂੰ ਯਾ ਜਾਨੇ ਨਾ' ਫ਼ਿਲਮ ਬਣਾ ਕੇ ਆਪਣੇ ਭਾਣਜੇ ਇਮਰਾਨ ਖ਼ਾਨ ਨੂੰ ਬਾਲੀਵੁੱਡ ਵਿਚ ਲਾਂਚ ਕੀਤਾ ਜੋ ਕਿ ਅੱਜ ਦੇ ਵਧੀਆ ਅਭਿਨੇਤਾਵਾਂ ਵਿਚ ਸ਼ੁਮਾਰ ਕੀਤੇ ਜਾ ਰਹੇ ਹਨ। ਆਮਿਰ ਦੀ ਜਦ ਬਤੌਰ ਹੀਰੋ ਪਹਿਲੀ ਫ਼ਿਲਮ ਪ੍ਰਦਰਸ਼ਤ ਹੋਈ ਸੀ ਤਾਂ ਉਸ ਸਮੇਂ ਉਸ ਦੀ ਉਮਰ ਕੇਵਲ 23 ਸਾਲ ਸੀ। ਇਸ ਤੋਂ ਬਾਅਦ 1990 ਵਿਚ ਆਮਿਰ ਦੀ ਮਾਧੁਰੀ ਦੀਕਸ਼ਿਤ ਦੇ ਨਾਲ 'ਦਿਲ' ਅਤੇ ਪੂਜਾ ਭੱਟ ਦੇ ਨਾਲ 'ਦਿਲ ਹੈ ਕਿ ਮਾਨਤਾ ਨਹੀਂ' ਫ਼ਿਲਮਾਂ ਆਈਆਂ। ਇਹ ਦੋਨੋਂ ਫ਼ਿਲਮਾਂ ਉਸ ਸਮੇਂ ਦੀਆਂ ਸੁਪਰਹਿੱਟ ਫ਼ਿਲਮਾਂ ਸਾਬਤ ਹੋਈਆਂ। ਆਮਿਰ ਖ਼ਾਨ ਨੇ ਫ਼ਿਲਮਾਂ ਦੀ ਸੰਖਿਆ 'ਤੇ ਧਿਆਨ ਨਾ ਦਿੰਦੇ ਹੋਏ ਫ਼ਿਲਮਾਂ ਦੀ ਗੁਣਵਤਾ 'ਤੇ ਧਿਆਨ ਦਿੱਤਾ ਅਤੇ ਸਾਲ ਵਿਚ ਭਾਵੇਂ ਇਕ ਹੀ ਫ਼ਿਲਮ ਕੀਤੀ ਪਰੰਤੂ ਉਸ ਨੂੰ ਪੂਰੀ ਮਿਹਨਤ ਨਾਲ ਕੀਤਾ ਅਤੇ ਆਪਣੇ ਖਾਤੇ ਵਿਚ ਜ਼ਿਆਦਾਤਰ ਸਫਲ ਫ਼ਿਲਮਾਂ ਰੱਖਣ ਵਿਚ ਆਮਿਰ ਖ਼ਾਨ ਸਫਲ ਰਹੇ।


ONE ENTERTAINMENT
&
TANDOORI NIGHTS
proudly present Gurdas Maan
jus punjabi
dish NETWORK
in association with
SURINDER S. RAHEJA, CPA
S.R. ASSOCIATES, INC
DAR Constitution Hall
1776 D Street, Washington, DC
www.OneLiveShows.com
Friday Sept. 3rd at 8:30 P.M.
SNAP
MOVING FORWARD WITH TECHNOLOGY
Sai Productions Ent. presents
S4 Realty
Gurdas Maan
SNACKS AVAILABLE BY BOLLYWOOD MASALA
Tickets: $35,$55,$75,$100, VIP & VVIP
Tickets are available at Selected Indo-Pak Stores
and TicketMaster.Com (No Service Charge)
202-459-4749
Vikram: 301-792-6662
Surinder S. Raheja: 703-629-6724
Anil: 301-706-2358
Ajay: 301-792-5112